ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 228
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 19 August, 2025) ਮੰਗਲਵਾਰ, 19 ਅਗਸਤ, 2025, 4 ਭਾਦੋਂ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਮੋਹਾਲੀ ਅਦਾਲਤ ਵੱਲੋਂ ਮਜੀਠੀਆ ਦੀ ਜ਼ਮਾਨਤ ਅਰਜ਼ੀ ਮੁੜ ਰੱਦ

ਮੋਹਾਲੀ , 18 ਅਗਸਤ (ਚੜ੍ਹਦੀਕਲਾ ਬਿਊਰੋ) : ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਅਤੇ ਸੀਨੀਅਰ ਆਗੂ ਬਿਕਰਮ ਮਜੀਠੀਆ ਦੀ ਜ਼ਮਾਨਤ ਅਰਜ਼ੀ 'ਤੇ ਵੱਡਾ ਫ਼ੈਸਲਾ ਆ ਗਿਆ ਹੈ। ਮੋਹਾਲੀ ਅਦਾਲਤ ਨੇ ਸਰਕਾਰੀ ਧਿਰ ਅਤੇ ਬਚਾਅ ਪੱਖ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅੱਜ ਮਜੀਠੀਆ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਬੀਤੀ ਸੁਣਵਾਈ ਦੌਰਾਨ ਅਦਾਲਤ ਨੇ ਮਜੀਠੀਆ ਦੀ ਜ਼ਮਾਨਤ ਪਟੀਸ਼ਨ ਸਬੰਧੀ ਫ਼ੈਸਲਾ ਰਾਖਵਾਂ ਰੱਖ ਲਿਆ ਸੀ।

# ਚੋਣ ਕਮਿਸ਼ਨ ਨੇ ਬਿਹਾਰ ਦੀ ਵੋਟਰ ਸੂਚੀ 'ਚੋਂ ਮਿਟਾਏ 65 ਲੱਖ ਨਾਮ ਜਨਤਕ ਕੀਤੇ



**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ/ਪਟਨਾ, 18 ਅਗਸਤ: ਅਧਿਕਾਰੀਆਂ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਸੋਮਵਾਰ ਨੂੰ ਉਨ੍ਹਾਂ 65 ਲੱਖ ਲੋਕਾਂ ਦੇ ਨਾਮ ਨਸ਼ਰ ਕਰ ਦਿੱਤੇ ਹਨ ਜਿਨ੍ਹਾਂ ਨੂੰ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ ਦੀ ਕਾਰਵਾਈ ਦੇ ਹਿੱਸੇ ਵਜੋਂ ਪ੍ਰਕਾਸ਼ਿਤ ਡਰਾਫਟ ਵੋਟਰ ਸੂਚੀਆਂ ਵਿੱਚੋਂ ਹਟਾ ਦਿੱਤਾ ਗਿਆ ਸੀ। ਇਹ ਕਾਰਵਾਈ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਪਿਛੋਕੜ ਵਿੱਚ ਕੀਤੀ ਗਈ ਹੈ। ਗ਼ੌਰਤਲਬ ਹੈ ਕਿ ਸੁਪਰੀਮ ਕੋਰਟ ਨੇ ਹਦਾਇਤ ਦਿੱਤੀ ਸੀ ਕਿ ਹਟਾਏ ਗਏ ਨਾਵਾਂ ਦੇ ਵੇਰਵੇ 19 ਅਗਸਤ ਤੱਕ ਜਨਤਕ ਕੀਤੇ ਜਾਣ ਅਤੇ 22 ਅਗਸਤ ਤੱਕ ਪਾਲਣਾ ਰਿਪੋਰਟ ਦਾਇਰ ਕੀਤੀ ਜਾਵੇ।ਚੋਣ ਕਮਿਸ਼ਨਰ ਪੋਲਿੰਗ ਬੂਥਾਂ 'ਤੇ 'ਏਐਸਡੀ' (ਗੈਰਹਾਜ਼ਰ, ਸ਼ਿਫਟਡ ਭਾਵ ਕਿਤੇ ਹੋਰ ਚਲੇ ਗਏ ਅਤੇ ਡੈੱਡ ਭਾਵ ਮ੍ਰਿਤਕ) ਵੋਟਰਾਂ ਦੇ (ਬਾਕੀ ਸਫਾ 2 'ਤੇ)

## ਵਿਰੋਧੀ ਧਿਰ ਵੱਲੋਂ ਮੁੱਖ ਚੋਣ ਕਮਿਸ਼ਨਰ ਨੂੰ ਹਟਾਉਣ ਬਾਰੇ ਚਰਚਾ ਲਈ ਮੀਟਿੰਗ

ਨਵੀਂ ਦਿੱਲੀ, 18 ਅਗਸਤ (ਚੜ੍ਹਦੀਕਲਾ ਬਿਊਰੋ) : ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵੱਲੋਂ ਪ੍ਰੈੱਸ ਕਾਨਫਰੰਸ ਕਰਕੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਹੋਰਾਂ ਨੂੰ, ਜੋ ਵੋਟ ਚੋਰੀ ਦੇ ਦੋਸ਼ ਲਗਾ ਰਹੇ ਹਨ, ਇੱਕ ਹਫ਼ਤੇ ਦੇ ਅੰਦਰ ਸਬੂਤ ਪੇਸ਼ ਕਰਨ ਜਾਂ ਮੁਆਫ਼ੀ ਮੰਗਣ ਲਈ ਕਹਿਣ ਤੋਂ ਇੱਕ ਦਿਨ ਬਾਅਦ ਇੰਡੀਆ ਬਲਾਕ ਨੇ ਸੋਮਵਾਰ ਨੂੰ ਇੱਥੇ ਕੁਮਾਰ ਨੂੰ ਹਟਾਉਣ ਬਾਰੇ ਚਰਚਾ ਕਰਨ ਲਈ ਮੀਟਿੰਗ ਕੀਤੀ ਹੈ।ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਦੇ ਚੈਂਬਰ ਵਿੱਚ ਹੋਈ ਮੀਟਿੰਗ ਵਿੱਚ ਇਸ ਮੁੱਦੇ 'ਤੇ ਚਰਚਾ ਕੀਤੀ ਗਈ ਅਤੇ (ਬਾਕੀ ਸਫਾ 2 'ਤੇ)

# ਪੰਜਾਬ 'ਚ ਬਣੇ ਹੜ੍ਹ ਵਰਗੇ ਹਾਲਾਤ, ਅਗਲੇ 3 ਦਿਨ ਮੀਂਹ ਦਾ ਅਲਰਟ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 18 ਅਗਸਤ : ਪਹਾੜੀ ਇਲਾਕਿਆਂ ਵਿੱਚ ਪੈ ਰਹੀ ਬਾਰਿਸ਼ ਕਰਕੇ ਮੈਦਾਨੀ ਇਲਾਕਿਆਂ ਵਿੱਚ ਹੜ ਵਰਗੇ ਹਾਲਾਤ ਬਣੇ ਹੋਏ ਹਨ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਪਾਣੀ ਆ ਚੁੱਕਾ ਹੈ ਜਿਸ ਕਰਕੇ ਕਈ-ਕਈ ਏਕੜ ਫਸਲ ਤਬਾਹ ਹੋ ਚੁੱਕੀ ਹੈ। ਤਰਨ ਤਾਰਨ, ਪਠਾਨਕੋਟ, ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਕਈ ਪਿੰਡਾਂ ਵਿੱਚ ਪਾਣੀ ਕਰਕੇ ਹਾਲਾਤ ਵਿਗੜ ਰਹੇ ਹਨ। ਕਈ ਥਾਂ ਬੰਨ੍ਹ ਟੁੱਟੇ ਹਨ, ਜਿਸ ਨੂੰ ਲੋਕ ਮਿੱਟੀ ਲਗਾ ਕੇ ਪੂਰਾ ਕਰ ਰਹੇ ਹਨ। ਪਠਾਨਕੋਟ ਦੀ ਜਲਾਲੀਆ ਨਦੀ ਵਿੱਚ ਪਾਣੀ ਦਾ ਪੱਧਰ ਵੱਧ ਚੁੱਕਾ ਹੈ। ਉੱਥੇ ਹੀ, ਭਾਰਤ-ਪਾਕਿ ਸਰਹੱਦ ਨਾਲ ਲੱਗਦੀ ਜੇਤਪੁਰ ਚੌਕੀ ਵਿੱਚ ਵੀ ਪਾਣੀ ਭਰ ਗਿਆ ਹੈ।

ਉੱਜ ਦਰਿਆ ਅਤੇ ਰਣਜੀਤ ਸਾਗਰ ਡੈਮ 'ਚੋਂ 150000 ਕਿਊਸਿਕ ਪਾਣੀ ਛੱਡਿਆ ਗਿਆ। ਜਿਸ ਕਰਕੇ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਕਰਕੇ ਦਰਿਆ ਦੇ ਨਾਲ ਲੱਗਦੇ ਪਿੰਡਾਂ ਨੂੰ ਸੂਚੇਤ ਰਹਿਣ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਰਾਵੀ ਦਰਿਆ ਨੇੜੇ ਵੱਸਦੇ ਗੁਜਰਾਂ ਦੇ ਡੇਰਿਆਂ ਨੂੰ ਖਾਲੀ ਕਰਵਾ ਦਿੱਤਾ ਗਿਆ ਹੈ। ਉੱਥੇ ਹੀ, ਰਾਵੀ ਦਰਿਆ ਵਿੱਚ ਵੀ ਪਾਣੀ ਦਾ ਦਬਾਅ ਵਧਣ ਕਰਕੇ 1 ਲੱਖ 25 ਹਜ਼ਾਰ ਕਿਊਸਿਕ ਪਾਣੀ ਛੱਡਿਆ ਗਿਆ ਹੈ।



**ਸਰਹੱਦੀ ਪਿੰਡਾਂ ਦੇ ਹਾਲ**

ਫਾਜ਼ਿਲਕਾ ਦੇ ਸਰਹੱਦੀ ਖੇਤਰ ਦੇ ਕਿਸਾਨਾਂ ਨੂੰ ਸਮੇਂ-ਸਮੇਂ ਉੱਤੇ ਕੁਦਰਤੀ ਆਫਤ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਇਸ ਵਾਰ ਫਿਰ ਸਤਲੁਜ ਦਰਿਆ ਦੇ ਅੰਦਰ ਪਾਣੀ ਵਧਣ ਕਾਰਨ ਕਿਸਾਨਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪੈ ਰਹੀ ਹੈ। ਇਸ ਸਬੰਧੀ ਫਾਜ਼ਿਲਕਾ ਦੇ ਸਰਹੱਦੀ ਖੇਤਰ ਪਿੰਡ ਮੁਹਾਰ ਜਮਸ਼ੇਰ ਅਤੇ ਮੁਹਾਰ ਸੋਨਾ ਇਲਾਕੇ ਦੇ ਕਿਸਾਨਾਂ ਦੇ ਨਾਲ ਗੱਲਬਾਤ ਕੀਤੀ ਤਾਂ ਕਿਸਾਨਾਂ ਨੇ ਕਿਹਾ ਕਿ ਇਕ ਵਾਰ ਮੁੜ ਸਾਡੇ ਇਲਾਕੇ ਦੇ ਅੰਦਰ ਹੜ੍ਹਾਂ ਨੇ ਦਸਤਕ ਦਿੱਤੀ ਹੈ ਜਿਸ ਦੇ ਚੱਲਦੇ ਸਾਡੇ ਇਲਾਕੇ ਸੈਂਕੜੇ ਏਕੜ ਫਸਲਾਂ ਤਬਾਹ ਹੋ ਗਈਆਂ ਹਨ। ਉਹਨਾਂ ਕਿਹਾ ਕਿ ਹਾਲੇ ਤੱਕ ਤਾਂ 2023 ਦੇ ਅੰਦਰ ਆਏ ਹੜ੍ਹਾਂ ਦਾ ਸੰਤਾਪ ਅਸੀਂ ਭੋਗ ਰਹੇ ਹਾਂ ਤਾਂ ਇਸ ਵਾਰ ਫਿਰ ਹੜ੍ਹਾਂ ਨੇ ਦਸਤਕ ਦਿੱਤੀ ਹੈ।

ਕਿਸਾਨਾਂ ਨੇ ਕਿਹਾ ਕਿ ਸਰਕਾਰ ਸਾਨੂੰ ਜੇਸੀਬੀ ਮਸ਼ੀਨਾਂ ਮੁਹਈਆ ਕਰਵਾਏ, ਤਾਂ ਜੋ ਬੰਨ੍ਹ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ ਜਿਸ ਦੇ ਚੱਲਦੇ ਹੜ੍ਹਾਂ ਦਾ ਪਾਣੀ ਪਿਛਲੇ ਪਿੰਡਾਂ ਨੂੰ ਮਾਰ ਨਾ ਦੇਵੇ ਅਤੇ ਪਿਛਲੀਆਂ ਫਸਲਾਂ ਬਚ ਸਕਣ। (ਬਾਕੀ ਸਫਾ 2 'ਤੇ)

## ਪੰਜਾਬ 'ਚ ਹੜ੍ਹਾਂ ਕਾਰਨ ਤਬਾਹੀ ! ਡਿਪਟੀ ਕਮਿਸ਼ਨਰਾਂ ਨੂੰ ਸਖ਼ਤ ਹੁਕਮ ਜਾਰੀ

ਚੰਡੀਗੜ੍ਹ, 18 ਅਗਸਤ (ਚੜ੍ਹਦੀਕਲਾ ਬਿਊਰੋ) : ਪਿਛਲੇ ਕਈ ਦਿਨਾਂ ਤੋਂ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕਿਆਂ 'ਚ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਪੰਜਾਬ ਦੇ ਡੈਮਾਂ 'ਚ ਪਾਣੀ ਦਾ ਪੱਧਰ ਵੱਧਣ ਦੇ ਮੱਦੇਨਜ਼ਰ ਜਲ ਸੋਮਿਆਂ ਬਾਰੇ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਪ੍ਰਭਾਵਿਤ ਜ਼ਿਲ੍ਹਿਆਂ 'ਚ ਸਥਿਤੀ ਦਾ ਵਿਸਥਾਰਤ ਜਾਇਜ਼ਾ ਲੈਣ ਲਈ ਸਬੰਧਤ ਡਿਪਟੀ ਕਮਿਸ਼ਨਰਾਂ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਤੁਰੰਤ ਰਾਹਤ ਪ੍ਰਬੰਧ ਕਰਨ ਦੇ ਸਖ਼ਤ ਹੁਕਮ ਦਿੱਤੇ।ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫ਼ਰੰਸ ਦੌਰਾਨ ਉਨ੍ਹਾਂ (ਬਾਕੀ ਸਫਾ 2 'ਤੇ)

# ਚੋਣ ਕਮਿਸ਼ਨ ਪਹਿਲਾਂ ਸੁਪਰੀਮ ਕੋਰਟ 'ਚ ਹਲਫ਼ਨਾਮਾ ਦੇਵੇ ਕਿ ਵੋਟਰ ਸੂਚੀ ਸਾਫ਼ ਹੈ: ਕਾਂਗਰਸ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 18 ਅਗਸਤ:ਕਾਂਗਰਸ ਨੇ ਸੋਮਵਾਰ ਨੂੰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਪਹਿਲਾਂ ਚੋਣ ਸੰਸਥਾ ਸੁਪਰੀਮ ਕੋਰਟ ਵਿੱਚ ਇੱਕ ਹਲਫ਼ਨਾਮਾ ਦਾਖਲ ਕਰੇ ਕਿ ਉਸ ਦੀ ਵੋਟਰ ਸੂਚੀ ਸਾਫ਼ ਹੈ ਅਤੇ ਫਿਰ ਉਹ ਵੀ ਇੱਕ ਹਲਫ਼ਨਾਮਾ ਦੇਵੇਗੀ ਕਿ ਮੌਜੂਦਾ ਸੂਚੀ ਵਿੱਚ ਬੇਨਿਯਮੀਆਂ ਹਨ।




ਵਿਰੋਧੀ ਪਾਰਟੀ ਨੇ ਇਹ ਵੀ ਦੋਸ਼ ਲਗਾਇਆ ਕਿ ਗਿਆਨੇਸ਼ ਕੁਮਾਰ ਆਪਣੀ ਨਵੀਂ ਦਿੱਲੀ ਵਿੱਚ ਹੋਈ ਪ੍ਰੈੱਸ ਕਾਨਫਰੰਸ ਦੌਰਾਨ ਇੱਕ 'ਭਾਜਪਾ ਬੁਲਾਰੇ' ਵਰਗੇ ਲੱਗ ਰਹੇ ਸਨ।

ਇਸ ਤੋਂ ਪਹਿਲਾਂ ਮੁੱਖ ਚੋਣ ਕਮਿਸ਼ਨਰ ਨੇ ਰਾਹੁਲ ਗਾਂਧੀ ਨੂੰ ਹਸਤਾਖ਼ਰ ਕੀਤਾ ਹਲਫ਼ਨਾਮਾ ਜਮ੍ਹਾਂ ਕਰਾਉਣ ਲਈ ਸੱਤ ਦਿਨਾਂ ਦਾ ਅਲਟੀਮੇਟਮ ਦੇਣ ਲਈ ਕਿਹਾ ਸੀ, ਨਹੀਂ ਤਾਂ ਉਸਦੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਅਵੈਧ ਮੰਨਿਆ ਜਾਵੇਗਾ।

ਆਗੂਆਂ ਨੇ ਕਿਹਾ, "ਉਸਨੇ (ਗਿਆਨੇਸ਼ ਕੁਮਾਰ) ਇੱਕ ਹਲਫ਼ਨਾਮਾ ਦੇਣ ਦੀ ਧਮਕੀ ਦਿੱਤੀ। ਉਹ ਧਮਕੀਆਂ ਤੋਂ ਡਰਦਾ ਹੋਵੇਗਾ (ਬਾਕੀ ਸਫਾ 2 'ਤੇ)

# ਰੌਲੇ-ਰੱਪੇ ਕਾਰਨ ਸੰਸਦ ਪੂਰੇ ਦਿਨ ਲਈ ਮੁਲਤਵੀ

## ਰਾਜ ਸਭਾ 'ਚ ਵਿਰੋਧੀ ਧਿਰ ਵੱਲੋਂ ਵਾਕਆਊਟ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 18 ਅਗਸਤ: ਬਿਹਾਰ ਵਿੱਚ ਵੋਟਰ ਸੂਚੀ ਦੀ ਸੁਧਾਈ ਅਤੇ ਹੋਰ ਮੁੱਦਿਆਂ 'ਤੇ ਚਰਚਾ ਦੀ ਮੰਗ ਨੂੰ ਲੈ ਕੇ ਵਿਰੋਧੀ ਪਾਰਟੀਆਂ ਦੇ ਜਾਰੀ ਪ੍ਰਦਰਸ਼ਨਾਂ ਕਾਰਨ ਲੋਕ ਸਭਾ ਨੂੰ ਪੂਰੇ ਦਿਨ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਉਧਰ ਰਾਜ ਸਭਾ ਵਿੱਚ ਵਿਰੋਧੀ ਧਿਰ ਵੱਲੋਂ ਵਾਕਆਊਟ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਦੋਵੇਂ ਸਦਨਾਂ ਦੀ ਕਾਰਵਾਈ ਪਹਿਲਾਂ 12 ਵਜੇ ਫਿਰ 2 ਵਜੇ ਤੱਕ ਮੁਲਤਵੀ ਕੀਤੀ ਗਈ ਸੀ। ਜਿਵੇਂ ਹੀ ਸੰਸਦ ਦੁਪਹਿਰ ਨੂੰ ਮੁੜ ਜੁੜੀ, ਵਿਰੋਧੀ ਮੈਂਬਰ 'ਵੋਟ ਚੋਰ, ਗੱਦੀ ਛੋੜ' ਦੇ ਨਾਅਰੇ ਲਗਾਉਂਦੇ ਹੋਏ ਆਸਣ ਦੇ ਅੱਗੇ ਆ ਗਏ।

ਲੋਕ ਸਭਾ ਵਿਚ ਭਾਜਪਾ ਮੈਂਬਰ ਸੰਧਿਆ ਰਾਏ, ਜੋ ਪ੍ਰਧਾਨਗੀ ਕਰ ਰਹੇ ਸਨ, ਨੇ ਸੰਸਦੀ ਕਾਗਜ਼ਾਤ ਪੇਸ਼ ਕਰਨ ਅਤੇ ਜਨ ਵਿਸ਼ਵਾਸ (ਵਿਵਸਥਾਵਾਂ ਵਿੱਚ ਸੋਧ) ਬਿੱਲ ਅਤੇ ਭਾਰਤੀ ਪ੍ਰਬੰਧਨ ਸੰਸਥਾਨ (ਸੋਧ) ਬਿੱਲ ਪੇਸ਼ ਕਰਨ ਦੀ ਇਜਾਜ਼ਤ ਦਿੱਤੀ। ਰੌਲੇ-ਰੱਪੇ ਦੌਰਾਨ ਦੇ ਵਿਚਕਾਰ ਜਨ ਵਿਸ਼ਵਾਸ (ਵਿਵਸਥਾਵਾਂ ਵਿੱਚ ਸੋਧ) ਬਿੱਲ ਨੂੰ ਇੱਕ ਸਿਲੈਕਟ ਕਮੇਟੀ ਕੋਲ ਭੇਜਣ ਦਾ ਮਤਾ ਵੀ ਲੋਕ ਸਭਾ ਵੱਲੋਂ ਪਾਸ ਕਰ ਦਿੱਤਾ ਗਿਆ।



ਜਿਵੇਂ ਹੀ ਪ੍ਰਦਰਸ਼ਨ ਜਾਰੀ ਰਿਹਾ, ਪ੍ਰਧਾਨਗੀ ਕਰ ਰਹੇ ਮੈਂਬਰ ਨੇ ਕਾਰਵਾਈ ਨੂੰ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤਾ। ਇਸ ਤੋਂ ਪਹਿਲਾਂ, ਜਦੋਂ ਸਦਨ ਸਵੇਰੇ 11 ਵਜੇ ਜੁੜਿਆ ਤਾਂ ਕਾਂਗਰਸ ਸਮੇਤ ਵਿਰੋਧੀ ਸੰਸਦ ਮੈਂਬਰ ਖੜ੍ਹੇ ਹੋ ਗਏ, ਨਾਅਰੇਬਾਜ਼ੀ ਕਰਦੇ ਹੋਏ ਅਤੇ ਬਿਹਾਰ ਵਿੱਚ ਐੱਸਆਈਆਰ 'ਤੇ ਚਰਚਾ ਦੀ ਮੰਗ ਵਾਲੇ ਪੋਸਟਰ ਦਿਖਾ ਰਹੇ ਸਨ।

ਸ਼ੁਰੂ ਵਿੱਚ ਸਪੀਕਰ ਓਮ ਬਿਰਲਾ ਨੇ ਰੌਲੇ ਦੇ ਵਿਚਕਾਰ ਕਈ ਕੇਂਦਰੀ ਮੰਤਰਾਲਿਆਂ ਅਤੇ ਵਿਭਾਗਾਂ ਨਾਲ ਸਬੰਧਤ ਛੇ ਪ੍ਰਸ਼ਨ ਪੁੱਛਣ ਦੀ ਇਜਾਜ਼ਤ ਦੇ ਕੇ ਸਦਨ ਦਾ ਕੰਮ - ਪ੍ਰਸ਼ਨ ਕਾਲ - ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ। ਲਗਭਗ 15 ਮਿੰਟ ਦੀ ਕਾਰਵਾਈ ਤੋਂ ਬਾਅਦ ਸਪੀਕਰ ਨੇ ਪ੍ਰਦਰਸ਼ਨਕਾਰੀ ਮੈਂਬਰਾਂ ਨੂੰ ਆਪਣੀਆਂ ਸੀਟਾਂ 'ਤੇ ਵਾਪਸ ਜਾਣ ਲਈ ਕਿਹਾ ਅਤੇ ਚੇਤਾਵਨੀ ਦਿੱਤੀ ਕਿ ਜੇ ਉਹ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਉਹ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਮਜਬੂਰ ਹੋਣਗੇ।

**ਰਾਜ ਸਭਾ ਵਿੱਚ ਵਿਰੋਧੀ ਧਿਰ ਵੱਲੋਂ ਵਾਕਆਊਟ**

ਜਿਵੇਂ ਹੀ ਸਦਨ ਦੁਪਹਿਰ 2 ਵਜੇ ਮੁੜ ਜੁੜਿਆ, ਬੀ.ਜੇ.ਡੀ. ਦੇ ਸਸਮਿਤ ਪਾਤਰਾ ਜੋ ਪ੍ਰਧਾਨਗੀ ਕਰ ਰਹੇ ਸਨ, ਨੇ ਵਿਧਾਇਕਾਂ ਨੂੰ ਸੂਚਿਤ ਕੀਤਾ ਕਿ ਬਿਜ਼ਨਸ ਐਡਵਾਈਜ਼ਰੀ ਕਮੇਟੀ ਨੇ ਇੰਡੀਅਨ ਪੋਰਟਸ ਬਿੱਲ, 2025 'ਤੇ ਚਰਚਾ ਲਈ ਤਿੰਨ ਘੰਟੇ ਅਤੇ ਮਾਈਨਜ਼ ਐਂਡ ਮਿਨਰਲਜ਼ (ਵਿਕਾਸ ਅਤੇ ਨਿਯਮ) ਸੋਧ ਬਿੱਲ, 2025 'ਤੇ ਇੱਕ ਘੰਟਾ ਅਲਾਟ ਕਰਨ ਦਾ ਫੈਸਲਾ ਕੀਤਾ ਹੈ।ਪਾਤਰਾ ਨੇ ਫਿਰ ਕੇਂਦਰੀ ਪੋਰਟਸ, ਸ਼ਿਪਿੰਗ ਅਤੇ ਜਲ ਮਾਰਗ ਮੰਤਰੀ ਸਰਬਾਨੰਦ ਸੋਨੋਵਾਲ ਨੂੰ ਇੰਡੀਅਨ ਪੋਰਟਸ ਬਿੱਲ, 2025 ਪੇਸ਼ ਕਰਨ ਲਈ ਕਿਹਾ ਅਤੇ ਸੋਨੋਵਾਲ ਨੇ ਰੌਲੇ ਰੱਪੇ ਵਿਚਕਾਰ (ਬਾਕੀ ਸਫਾ 2 'ਤੇ)

*1158 ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨ ਦਾ ਮਾਮਲਾ*

# ਪੰਜਾਬ ਸਰਕਾਰ ਦੀ ਬੇਨਤੀ 'ਤੇ ਸੁਪਰੀਮ ਕੋਰਟ ਵੱਲੋਂ ਸੇਵਾਵਾਂ ਜਾਰੀ ਰੱਖਣ ਦੇ ਹੁਕਮ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 18 ਅਗਸਤ :ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬਰੇਰੀਅਨਾਂ ਦੀ ਨਿਯੁਕਤੀ ਮਾਮਲੇ ਵਿੱਚ ਵੱਡੀ ਰਾਹਤ ਦਿੱਤੀ ਹੈ। ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਸਹਾਇਕ ਪ੍ਰੋਫੈਸਰਾਂ ਤੇ ਲਾਇਬਰੇਰੀਅਨਾਂ ਦੀ ਨਵੀਂ ਭਰਤੀ ਹੋਣ ਤੱਕ ਇਨ੍ਹਾਂ ਪ੍ਰੋਫੈਸਰਾਂ ਅਤੇ ਲਾਇਬਰੇਰੀਅਨਾਂ ਦੀ ਨੌਕਰੀ ਨੂੰ ਜਾਰੀ ਰੱਖਣ ਦੀ ਬੇਨਤੀ ਕੀਤੀ ਸੀ।

ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਦੀ ਬੇਨਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਜਾਣਕਾਰੀ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੋਸ਼ਲ ਮੀਡੀਆ 'ਤੇ ਆਪਣੇ ਐਕਸ ਅਕਾਊਂਟ ਉਤੇ ਸਾਂਝੀ ਕੀਤੀ ਹੈ।

ਗ਼ੌਰਤਲਬ ਹੈ ਕਿ ਸੁਪਰੀਮ ਕੋਰਟ ਨੇ ਜੁਲਾਈ 2025 ਵਿੱਚ ਪੰਜਾਬ ਸਰਕਾਰ ਨੂੰ ਵੱਡਾ ਝਟਕਾ ਦਿੰਦਿਆਂ



1158 ਸਹਾਇਕ ਪ੍ਰੋਫੈਸਰਾਂ ਤੇ ਲਾਇਬਰੇਰੀਅਨਾਂ ਦੀ ਭਰਤੀ ਨੂੰ ਰੱਦ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਵੱਲੋਂ ਸਾਲ 2024 ਵਿੱਚ ਇਸ ਨਿਯੁਕਤੀ ਨੂੰ ਸਹੀ ਠਹਿਰਾਇਆ ਗਿਆ ਸੀ ਪਰ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਉਲਟਾ ਦਿੱਤਾ ਸੀ। (ਬਾਕੀ ਸਫਾ 2 'ਤੇ)

# ਜਦੋਂ ਵੀ ਭਾਰਤੀ ਪ੍ਰੰਪਰਾ 'ਚ ਮੰਥਨ ਹੁੰਦਾ ਸੀ ਤਾਂ ਉਸ 'ਚੋਂ ਅੰਮ੍ਰਿਤ ਨਿਕਲਦਾ ਸੀ: ਯੋਗੀ

## ਮੁੱਖ ਮੰਤਰੀ ਵੱਲੋਂ ਉੱਤਰ ਪ੍ਰਦੇਸ਼ ਇੰਸਟੀਚਿਊਟ ਆਫ਼ ਫੋਰੈਂਸਿਕ ਸਾਇੰਸਜ਼ ਦੇ ਤਿੰਨ-ਰੋਜ਼ਾ ਅੰਤਰਰਾਸ਼ਟਰੀ ਸੰਮੇਲਨ ਦਾ ਉਦਘਾਟਨ

**ਅੰਮ੍ਰਿਤਪਾਲ ਸਿੰਘ**

================

ਲਖਨਊ, 18 ਅਗਸਤ: ਜਦੋਂ ਵੀ ਭਾਰਤੀ ਪ੍ਰੰਪਰਾ ਵਿੱਚ ਵਿਚਾਰ-ਵਟਾਂਦਰਾ ਹੋਇਆ ਹੈ, ਤਾਂ ਇਸ ਵਿੱਚੋਂ ਕੁਝ ਨਾ ਕੁਝ ਅੰਮ੍ਰਿਤ ਜ਼ਰੂਰ ਨਿਕਲਿਆ ਹੈ। ਇਹ ਵੈਦਿਕ ਸਮੇਂ ਤੋਂ ਚੱਲੀ ਆ ਰਹੀ ਪ੍ਰੰਪਰਾ ਹੈ ਅਤੇ ਇਨ੍ਹਾਂ ਪ੍ਰੰਪਰਾਵਾਂ ਦੇ ਨਤੀਜੇ ਵਜੋਂ, ਅਸੀਂ ਦੇਸ਼ ਦੇ ਚਾਰ ਪ੍ਰਮੁੱਖ ਕੁੰਭ ਸਥਾਨਾਂ 'ਤੇ ਘਟਨਾਵਾਂ ਦੇਖਦੇ ਹਾਂ। ਇਹ ਘਟਨਾਵਾਂ ਭਾਰਤ ਦੀ ਪੁਰਾਣੀ ਗਿਆਨ ਪ੍ਰੰਪਰਾ ਨੂੰ ਜ਼ਿੰਦਾ ਰੱਖਦੀਆਂ ਹਨ। ਇਹ ਸਮਾਜ ਵਿੱਚ ਏਕਤਾ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਮਾਧਿਅਮ ਬਣ ਜਾਂਦੀਆਂ ਹਨ। ਇਸ ਪ੍ਰੰਪਰਾ ਦੇ ਤਹਿਤ, ਲਖਨਊ ਵਿੱਚ ਤਿੰਨ ਦਿਨਾਂ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਗੱਲਾਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸੋਮਵਾਰ ਨੂੰ ਉੱਤਰ ਪ੍ਰਦੇਸ਼ ਇੰਸਟੀਚਿਊਟ ਆਫ਼ ਫੋਰੈਂਸਿਕ ਸਾਇੰਸਜ਼ ਦੇ ਤੀਜੇ ਸਥਾਪਨਾ ਦਿਵਸ 'ਤੇ ਸਾਈਬਰ ਯੁੱਧ ਦੇ ਪਹਿਲੂ, ਬਹੁਪੱਖੀ ਕਾਨੂੰਨੀ ਢਾਂਚਾ, ਫੋਰੈਂਸਿਕ ਅਤੇ ਰਣਨੀਤੀ ਪ੍ਰਤੀਕਿਰਿਆ ਦੇ ਵਿਸ਼ੇ 'ਤੇ ਆਯੋਜਿਤ ਤਿੰਨ ਦਿਨਾਂ ਅੰਤਰਰਾਸ਼ਟਰੀ ਸੰਮੇਲਨ ਦੇ ਉਦਘਾਟਨ ਮੌਕੇ ਕਹੀਆਂ। ਇਸ ਤੋਂ ਪਹਿਲਾਂ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਪਦਮ ਸ਼੍ਰੀ ਡਾ. ਲਾਲਜੀ ਸਿੰਘ ਐਡਵਾਂਸਡ ਡੀਐਨਏ ਡਾਇਗਨੌਸਟਿਕ ਸੈਂਟਰ, ਏਆਈ, ਡਰੋਨ ਅਤੇ ਰੋਬੋਟਿਕਸ ਲੈਬ, ਅਟਲ ਲਾਇਬ੍ਰੇਰੀ ਦਾ (ਬਾਕੀ ਸਫਾ 2 'ਤੇ)




# ਕੈਬਨਿਟ ਮੰਤਰੀ ਸੰਜੀਵ ਅਰੋੜਾ ਬਣੇ ਸੂਬੇ ਦੇ ਨਵੇਂ ਬਿਜਲੀ ਮੰਤਰੀ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 18 ਅਗਸਤ :ਪੰਜਾਬ ਕੈਬਨਿਟ ਵਿਚ ਵੱਡਾ ਫੇਰ-ਬਦਲ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਅੱਜ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਤੋਂ ਊਰਜਾ ਵਿਭਾਗ ਵਾਪਸ ਲੈ ਲਿਆ ਹੈ। ਆਮ ਰਾਜ ਪ੍ਰਬੰਧ ਵਿਭਾਗ ਵੱਲੋਂ ਜਾਰੀ ਨੋਟੀਫ਼ਿਕੇਸ਼ਨ ਮੁਤਾਬਿਕ ਇਹ ਵਿਭਾਗ ਵੀ ਹੁਣ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਹਵਾਲੇ ਕਰ ਦਿੱਤਾ ਗਿਆ ਹੈ।



ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਕੋਲ ਹੁਣ ਲੋਕ ਨਿਰਮਾਣ ਵਿਭਾਗ ਰਹੇਗਾ ਜਦੋਂ ਕਿ ਸੰਜੀਵ ਅਰੋੜਾ ਹੁਣ ਉਦਯੋਗ ਤੇ ਵਣਜ, ਨਿਵੇਸ਼ ਹੁਲਾਰਾ, ਪਰਵਾਸੀ ਭਾਰਤੀ ਮਾਮਲੇ ਤੋਂ ਇਲਾਵਾ ਊਰਜਾ ਵਿਭਾਗ ਦਾ ਕੰਮ-ਕਾਜ ਵੀ ਦੇਖਣਗੇ। ਇਸ ਤਰ੍ਹਾਂ 'ਆਪ' ਸਰਕਾਰ ਵੱਲੋਂ ਸੰਜੀਵ ਅਰੋੜਾ ਨੂੰ ਮਜ਼ਬੂਤ ਕੀਤਾ ਗਿਆ ਹੈ। ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਸੰਜੀਵ ਅਰੋੜਾ ਨੇ ਜਿੱਤ ਹਾਸਲ ਕੀਤੀ ਸੀ। ਪਹਿਲਾਂ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਬਣਾਏ ਜਾਣ ਦੇ ਚਰਚੇ ਵੀ ਚੱਲੇ ਸਨ। ਇਸ ਤਰ੍ਹਾਂ ਪੰਜਾਬ ਸਰਕਾਰ ਨੇ ਅੱਜ ਮੰਤਰੀ ਮੰਡਲ ਵਿਚ ਮਾਮੂਲੀ ਫੇਰ-ਬਦਲ ਕਰਦਿਆਂ ਅਰੋੜਾ ਨੂੰ ਹੋਰ ਤਾਕਤਵਰ ਬਣਾਇਆ ਹੈ।

# ਮੋਦੀ ਤੇ ਰੂਸੀ ਰਾਸ਼ਟਰਪਤੀ ਪੁਤਿਨ ਵਿਚਕਾਰ ਫ਼ੋਨ 'ਤੇ ਗੱਲਬਾਤ

## ਦੋਵੇਂ ਆਗੂਆਂ ਨੇ ਰੂਸ-ਯੂਕ੍ਰੇਨ ਸੰਘਰਸ਼ ਦੇ ਸੰਭਾਵੀ ਹੱਲ ਬਾਰੇ ਮੁੜ ਕੀਤੀ ਚਰਚਾ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 18 ਅਗਸਤ: ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫੋਨ 'ਤੇ ਗੱਲਬਾਤ ਕੀਤੀ ਅਤੇ ਅਲਾਸਕਾ ਵਿਖੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਹੋਈ ਆਪਣੀ ਮੀਟਿੰਗ ਦਾ ਮੁਲਾਂਕਣ ਸਾਂਝਾ ਕੀਤਾ।



ਪੁਤਿਨ ਅਤੇ ਟਰੰਪ ਨੇ 15 ਅਗਸਤ ਨੂੰ ਚੱਲ ਰਹੀ ਰੂਸ-ਯੂਕਰੇਨ ਜੰਗ ਦੇ ਸੰਭਾਵੀ ਹੱਲ ਬਾਰੇ ਚਰਚਾ ਕੀਤੀ ਸੀ। ਇਹ ਪਿਛਲੇ 10 ਦਿਨਾਂ ਵਿੱਚ ਮੋਦੀ ਅਤੇ ਪੁਤਿਨ ਦੀ ਦੂਜੀ ਗੱਲਬਾਤ ਸੀ।

ਮੋਦੀ ਨੇ ਆਪਣੇ ਵੱਲੋਂ ਜੰਗ ਦੇ ਪੁਰਅਮਨ ਹੱਲ ਲਈ ਭਾਰਤ ਦੀ ਨਿਰੰਤਰ ਸਥਿਤੀ 'ਤੇ ਜ਼ੋਰ ਦਿੱਤਾ, ਜੋ ਕਿ ਕੂਟਨੀਤੀ ਅਤੇ ਗੱਲਬਾਤ ਰਾਹੀਂ ਹੋਣਾ ਚਾਹੀਦਾ ਹੈ। ਉਨ੍ਹਾਂ ਦੁਹਰਾਇਆ ਕਿ ਭਾਰਤ ਇਸ ਸਬੰਧ ਵਿੱਚ ਸਾਰੇ ਯਤਨਾਂ ਦਾ ਸਮਰਥਨ ਕਰਦਾ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਸੋਮਵਾਰ ਨੂੰ ਮਿਲਣ ਵਾਲੇ ਹਨ ਅਤੇ ਸੰਭਾਵੀ ਸ਼ਾਂਤੀ ਸਮਝੌਤੇ ਦੇ ਵੇਰਵਿਆਂ 'ਤੇ ਚਰਚਾ ਕਰਨਗੇ। ਯੂਰਪੀ ਦੇਸ਼ਾਂ ਦੇ ਸਿਖਰਲੇ ਨੇਤਾਵਾਂ ਦੇ ਵੀ ਇਸ ਵਿੱਚ ਸ਼ਾਮਲ ਹੋਣ ਦੀ ਉਮੀਦ ਹੈ। ਮੋਦੀ ਅਤੇ ਪੁਤਿਨ ਨੇ ਭਾਰਤ ਅਤੇ ਰੂਸ ਵਿਚਕਾਰ 'ਵਿਸ਼ੇਸ਼ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਸਾਂਝੇਦਾਰੀ' ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਦੁਵੱਲੀ ਸਹਿਯੋਗ ਦੇ ਕਈ ਮੁੱਦਿਆਂ 'ਤੇ ਵੀ ਚਰਚਾ ਕੀਤੀ। ਇਹ ਦੂਜੀ ਵਾਰ ਸੀ ਜਦੋਂ ਦੋਵਾਂ ਨੇ ਦੁਵੱਲੇ ਸਬੰਧਾਂ 'ਤੇ ਜ਼ੋਰ ਦਿੱਤਾ। ਮੋਦੀ-ਪੁਤਿਨ ਦੀ 'ਸਬੰਧਾਂ ਨੂੰ ਗੂੜ੍ਹਾ ਕਰਨ' ਦੀ ਗੱਲਬਾਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ 'ਤੇ ਟੈਰਿਫ ਲਗਾਉਣ ਦੇ ਦੌਰਾਨ ਆਈ ਹੈ। ਟਰੰਪ ਨੇ ਭਾਰਤ 'ਤੇ ਵਾਧੂ 25 ਫੀਸਦੀ ਟੈਰਿਫ ਲਗਾਇਆ ਸੀ, ਜਿਸ ਨਾਲ ਅਮਰੀਕਾ ਵਿੱਚ ਦਰਾਮਦ ਕੀਤੇ ਜਾਣ (ਬਾਕੀ ਸਫਾ 2 'ਤੇ)

## ਬੀਜਾਪੁਰ 'ਚ ਆਈ.ਈ.ਡੀ. ਧਮਾਕੇ ਦੌਰਾਨ ਇੱਕ ਸਿਪਾਹੀ ਸ਼ਹੀਦ, 3 ਜ਼ਖ਼ਮੀ

ਬੀਜਾਪੁਰ, 18 ਅਗਸਤ (ਚੜ੍ਹਦੀਕਲਾ ਬਿਊਰੋ) : ਛੱਤੀਸਗੜ੍ਹ ਦੇ ਬੀਜਾਪੁਰ ਵਿੱਚ ਨਕਸਲੀਆਂ ਵੱਲੋਂ ਲਗਾਏ ਗਏ ਪ੍ਰੈਸ਼ਰ ਆਈ.ਈ.ਡੀ. ਦੀ ਲਪੇਟ ਵਿਚ ਆਉਣ ਨਾਲ ਇੱਕ ਡੀ.ਆਰ.ਜੀ. ਜਵਾਨ ਸ਼ਹੀਦ ਹੋ ਗਿਆ। ਜਦੋਂ ਕਿ 3 ਜਵਾਨ ਜ਼ਖ਼ਮੀ ਹੋ ਗਏ ਹਨ। ਐਤਵਾਰ ਸਵੇਰੇ, ਡੀ.ਆਰ.ਜੀ. ਟੀਮ ਨਕਸਲ ਵਿਰੋਧੀ ਕਾਰਵਾਈ 'ਤੇ ਸਰਚ ਆਪ੍ਰੇਸ਼ਨ ਲਈ ਨਿਕਲੀ ਸੀ। ਇਸ ਦੌਰਾਨ, ਬਲਾਸਟ 'ਤੇ ਪੈਰ ਰੱਖਦੇ ਸਮੇਂ ਹੀ ਡੀ.ਆਰ.ਜੀ. ਜਵਾਨ ਦਿਨੇਸ਼ ਨਾਗ ਧਮਾਕੇ ਵਿੱਚ ਸ਼ਹੀਦ ਹੋ ਗਏ। ਇਹ ਘਟਨਾ ਭੋਪਾਲਪਟਨਮ ਥਾਣਾ ਖੇਤਰ ਵਿੱਚ ਵਾਪਰੀ। ਜਾਣਕਾਰੀ ਅਨੁਸਾਰ, 17 ਅਗਸਤ ਨੂੰ, ਡੀ.ਆਰ.ਜੀ. ਟੀਮ ਬੀਜਾਪੁਰ ਦੇ ਨੈਸ਼ਨਲ ਪਾਰਕ ਖੇਤਰ ਵਿੱਚ ਨਕਸਲ ਵਿਰੋਧੀ ਕਾਰਵਾਈ 'ਤੇ ਗਈ ਸੀ। ਤਲਾਸ਼ੀ ਦੌਰਾਨ, 18 ਅਗਸਤ ਦੀ (ਬਾਕੀ ਸਫਾ 2 'ਤੇ)

# ਸੁਖਬੀਰ ਸਿੰਘ ਬਾਦਲ ਝੂਠੀਆਂ ਪ੍ਰਾਪਤੀਆਂ ਗਿਣਾਉਣ ਦੀ ਥਾਂ ਬਰਗਾੜੀ ਘਟਨਾ ਤੇ ਨਸ਼ਿਆਂ ਨਾਲ ਹੋਈਆਂ ਮੌਤਾਂ ਦੀ ਜ਼ਿੰਮੇਵਾਰੀ ਲੈਣ: ਮਾਨ

## ਚਮਕੌਰ ਸਾਹਿਬ ਦੇ ਕਮਿਊਨਿਟੀ ਹੈਲਥ ਸੈਂਟਰ ਨੂੰ ਸਬ-ਡਿਵੀਜ਼ਨਲ ਹਸਪਤਾਲ ਵਜੋਂ ਅਪਗ੍ਰੇਡ ਕੀਤਾ

**ਅਵਤਾਰ ਸਿੰਘ ਭੰਗੂ**

================

ਸ੍ਰੀ ਚਮਕੌਰ ਸਾਹਿਬ 18 ਅਗਸਤ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅਕਾਲੀ ਲੀਡਰ ਸੁਖਬੀਰ ਸਿੰਘ ਬਾਦਲ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਝੂਠੀਆਂ ਪ੍ਰਾਪਤੀਆਂ ਦੇ ਸੋਹਲੇ ਗਾਉਣ ਦੀ ਬਜਾਏ ਲੋਕਾਂ ਸਾਹਮਣੇ ਸਪੱਸ਼ਟ ਕਰਨ ਕਿ ਉਨ੍ਹਾਂ ਦੀ ਸਰਕਾਰ ਦੌਰਾਨ ਬਰਗਾੜੀ ਘਟਨਾ ਅਤੇ ਨਸ਼ਿਆਂ ਨਾਲ ਹੋਈਆਂ ਹਜ਼ਾਰਾਂ ਨੌਜਵਾਨਾਂ ਦੀਆਂ ਮੌਤਾਂ ਦੀ ਜ਼ਿੰਮੇਵਾਰੀ ਕੌਣ ਲਵੇਗਾ। ਅੱਜ ਇੱਥੇ ਚਮਕੌਰ ਸਾਹਿਬ ਵਿਧਾਨ ਸਭਾ ਹਲਕੇ ਵਿੱਚ ਵੱਖ-ਵੱਖ ਵਿਕਾਸ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਬਾਦਲ ਅਕਸਰ ਹੀ ਦਮਗਜੇ ਮਾਰਦੇ ਹਨ ਕਿ ਉਨ੍ਹਾਂ ਦੀ ਸਰਕਾਰ ਦੌਰਾਨ ਵੱਡੇ ਪੱਧਰ 'ਤੇ ਵਿਕਾਸ ਹੋਇਆ ਹੈ ਪਰ ਜਦੋਂ ਬਰਗਾੜੀ ਘਟਨਾ ਵਿੱਚ ਬੇਕਸੂਰ ਲੋਕਾਂ 'ਤੇ ਗੋਲੀਆਂ ਚਲਾਉਣ ਜਾਂ ਨਸ਼ਿਆਂ ਦੀ ਅਲਾਮਤ ਦਾ ਮਸਲਾ ਉਠਦਾ ਹੈ ਤਾਂ ਉਹ ਚੁੱਪ ਵੱਟ ਲੈਂਦੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਨੇ ਸਾਡੇ ਨੌਜਵਾਨਾਂ ਦੀ ਨਸਲਕੁਸ਼ੀ ਕੀਤੀ ਹੈ ਜਿਸ ਨਾਲ ਅਕਾਲੀਆਂ ਦੇ ਬਦਅਮਨੀ ਵਾਲੇ ਲੰਮੇ ਸ਼ਾਸਨ ਦੀ ਅਸਲ ਤਸਵੀਰ ਸਾਹਮਣੇ ਆਉਂਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਲੀਡਰ ਸੁਖਬੀਰ ਸਿੰਘ ਬਾਦਲ 'ਤੇ ਚੁਟਕੀ ਲੈਂਦਿਆਂ ਕਿਹਾ, ਸੱਤਾ ਵਿੱਚ ਹੁੰਦਿਆਂ ਤਾਂ ਬਾਦਲਾਂ ਨੇ ਆਪਣਾ ਕਾਰੋਬਾਰ ਹੀ ਵਧਾਇਆ ਹੈ ਜਦਕਿ ਸੂਬੇ ਅਤੇ ਲੋਕਾਂ ਨੂੰ ਉਨ੍ਹਾਂ ਦੇ ਰਹਿਮੋ-ਕਰਮ ਉਤੇ ਛੱਡ ਦਿੱਤਾ ਗਿਆ ਸੀ। ਸਾਲ 2007 ਤੋਂ 2017 ਤੱਕ ਦਾ ਸਮਾਂ ਸੂਬੇ ਦਾ ਸਭ ਤੋਂ ਕਾਲਾ ਦੌਰ ਸੀ ਜਦੋਂ ਟਰਾਂਸਪੋਰਟ, ਕੇਬਲ, ਰੇਤਾ, ਨਸ਼ਾ ਅਤੇ ਹੋਰ ਮਾਫੀਏ ਦੀ ਇਜਾਰੇਦਾਰੀ ਸੀ। ਮੁੱਖ ਮੰਤਰੀ ਨੇ (ਬਾਕੀ ਸਫਾ 2 'ਤੇ)




## ਏ.ਆਈ. ਵੀਡੀਓ ਦਾ ਸੋਸ਼ਲ ਮੀਡੀਆ 'ਤੇ ਹਰਿਮੰਦਰ ਸਾਹਿਬ ਨੂੰ ਢਹਿਆ ਦਿਖਾਣਾ ਮੰਦਭਾਗਾ :ਗਿ. ਰਘਬੀਰ ਸਿੰਘ

ਅੰਮ੍ਰਿਤਸਰ, 18 ਅਗਸਤ (ਬਬਲੂ ਮਹਾਜਨ) : ਗਿਆਨੀ ਹਰਪ੍ਰੀਤ ਸਿੰਘ ਦੀ ਸਿਆਸੀ ਮੈਦਾਨ 'ਚ ਐਂਟਰੀ ਨੂੰ ਲੈ ਕੇ ਕਾਫ਼ੀ ਚਰਚਾ ਬਣੀ ਹੋਈ ਹੈ । ਇਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਤੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਸਿਆਸਤ 'ਚ ਐਂਟਰੀ ਦੇ ਫੈਸਲੇ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਰਾਮਦਾਸ ਜੀ ਦੇ ਦਰ ਦੀ ਸੇਵਾ ਤੋਂ ਵੱਡੀ ਕੋਈ ਹੋਰ ਸੇਵਾ ਨਹੀਂ ਹੈ ਅਤੇ ਇਸ ਦਰ ਨੂੰ ਛੱਡ ਕੇ ਕਿਸੇ ਹੋਰ ਦੀ ਚਾਕਰੀ 'ਚ ਜਾਣਾ ਸਹੀ ਨਹੀਂ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਦੇ ਦਰ ਦੀ ਮਹੱਤਤਾ ਬੇਮਿਸਾਲ ਹੈ ਅਤੇ ਗੁਰੂ ਦੇ ਦਰ ਨੂੰ ਛੱਡ ਕੇ ਸਿਆਸਤ 'ਚ ਜਾਣ ਬਾਰੇ ਸੋਚਿਆ ਵੀ ਨਹੀਂ ਜਾ (ਬਾਕੀ ਸਫਾ 2 'ਤੇ)



## ਡਾ. ਅਜਨਾਲਾ ਦੇ ਗ੍ਰਹਿ ਵਿਖੇ ਪੁੱਜੇ ਗਿ. ਹਰਪ੍ਰੀਤ ਸਿੰਘ ਨੇ ਗਿ. ਰਘਬੀਰ ਸਿੰਘ ਦੇ ਬਿਆਨ 'ਤੇ ਕਿਹਾ

# 'ਮੈਂ ਕੋਈ ਰੇਹੜੀ, ਫੜੀ, ਹੋਟਲ ਜਾਂ ਰੇਤਾ ਬਜਰੀ ਦਾ ਕਾਰੋਬਾਰ ਨਹੀਂ ਕੀਤਾ'



**ਬਬਲੂ ਮਹਾਜਨ**

================

ਅੰਮ੍ਰਿਤਸਰ, 18 ਅਗਸਤ : ਸਾਬਕਾ ਮੈਂਬਰ ਪਾਰਲੀਮੈਂਟ ਡਾ. ਰਤਨ ਸਿੰਘ ਅਜਨਾਲਾ ਦੇ ਗ੍ਰਹਿ ਵਿਖੇ ਸ਼੍ਰੋਮਣੀ ਅਕਾਲ ਦਲ ਮੁਤਵਾਜ਼ੀ ਵੱਲੋਂ ਸਮਾਗਮ ਰੱਖਿਆ ਗਿਆ। ਜਿਸ ਵਿਚ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ, ਬੀਬੀ ਜਗੀਰ ਕੌਰ ਸੁੱਚਾ ਸਿੰਘ ਛੋਟੇਪੁਰ ਆਦਿ ਨੇ ਸ਼ਮੂਲੀਅਤ ਕਰਦਿਆਂ ਵਰਕਰਾਂ ਨੂੰ ਸੰਬੋਧਨ ਕੀਤਾ ਅਤੇ ਪਾਰਟੀ ਦੇ ਮੈਂਬਰ ਬਣਨ ਲਈ ਧੰਨਵਾਦ ਕੀਤਾ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਸਮੇਤ ਆਗੂਆਂ ਨੂੰ (ਬਾਕੀ ਸਫਾ 2 'ਤੇ)

# ਸੰਸਦ ਨੇ ਭਾਰਤੀ ਬੰਦਰਗਾਹ ਬਿੱਲ-2025 ਨੂੰ ਦਿੱਤੀ ਪ੍ਰਵਾਨਗੀ

ਨਵੀਂ ਦਿੱਲੀ, 18 ਅਗਸਤ (ਚ.ਨ.ਸ.) : ਸੰਸਦ ਨੇ ਸੋਮਵਾਰ ਨੂੰ ਭਾਰਤੀ ਬੰਦਰਗਾਹ ਬਿੱਲ-2025 ਨੂੰ ਪ੍ਰਵਾਨਗੀ ਦਿੱਤੀ, ਜਿਸ 'ਚ ਬੰਦਰਗਾਹ ਖੇਤਰ ਨਾਲ ਸਬੰਧਤ ਮਹੱਤਵਪੂਰਨ ਪ੍ਰਬੰਧ ਹਨ ਅਤੇ ਕੇਂਦਰੀ ਬੰਦਰਗਾਹ ਆਵਾਜਾਈ ਤੇ ਜਲ ਮਾਰਗ ਮੰਤਰੀ ਸਰਬਾਨੰਦ ਸੋਨੋਵਾਲ ਨੇ ਕਿਹਾ ਕਿ ਇਹ ਪ੍ਰਸਤਾਵਿਤ ਕਾਨੂੰਨ ਭਾਰਤ ਨੂੰ ਵਿਕਸਤ ਦੇਸ਼ ਬਣਾਉਣ ਦੇ ਟੀਚੇ ਨੂੰ ਪ੍ਰਾਪਤ ਕਰਨ 'ਚ ਬੰਦਰਗਾਹ ਖੇਤਰ ਦੇ ਯੋਗਦਾਨ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ।



ਰਾਜ ਸਭਾ 'ਚ ਇਸ ਬਿੱਲ 'ਤੇ ਚਰਚਾ 'ਤੇ ਮੰਤਰੀ ਸੋਨੋਵਾਲ ਦੇ ਜਵਾਬ ਤੋਂ ਬਾਅਦ, ਇਸ ਨੂੰ ਆਵਾਜ਼ੀ ਵੋਟ ਨਾਲ ਪਾਸ ਕੀਤਾ ਗਿਆ। ਚਰਚਾ ਦੌਰਾਨ ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਦੇ ਮੈਂਬਰ ਉੱਚ ਸਦਨ ਵਿੱਚ ਮੌਜੂਦ ਨਹੀਂ ਸਨ। ਲੋਕ ਸਭਾ ਪਹਿਲਾਂ ਹੀ ਇਸ ਬਿੱਲ ਨੂੰ ਪਾਸ ਕਰ ਚੁੱਕੀ ਹੈ। ਬਿੱਲ ਪਾਸ ਹੋਣ ਤੋਂ ਬਾਅਦ ਸਦਨ ਦੀ ਮੀਟਿੰਗ ਸ਼ਾਮ 4.15 ਵਜੇ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਇਸ ਬਿੱਲ 'ਤੇ ਚਰਚਾ ਸ਼ੁਰੂ ਹੋਣ ਸਮੇਂ ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਵੋਟਰ ਸੂਚੀ ਦੇ ਵਿਸ਼ੇਸ਼ ਤੀਬਰ ਸੋਧ ਦੇ ਮੁੱਦੇ 'ਤੇ ਚਰਚਾ ਕਰਨ ਦੀ ਇਜਾਜ਼ਤ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਸਦਨ ਤੋਂ ਵਾਕਆਊਟ ਕਰ ਦਿੱਤਾ। ਇਹ ਬਿੱਲ 28 ਮਾਰਚ ਨੂੰ ਬਜਟ ਸੈਸ਼ਨ ਦੌਰਾਨ ਪੇਸ਼ ਕੀਤਾ ਗਿਆ ਸੀ, ਜਿਸ ਵਿੱਚ ਬੰਦਰਗਾਹਾਂ ਨਾਲ ਸਬੰਧਤ ਕਾਨੂੰਨ ਨੂੰ ਇਕਜੁੱਟ ਕਰਨ, ਏਕੀਕ੍ਰਿਤ ਬੰਦਰਗਾਹ ਵਿਕਾਸ ਨੂੰ ਉਤਸ਼ਾਹਿਤ ਕਰਨ, ਵਪਾਰ ਵਿੱਚ ਆਸਾਨੀ ਅਤੇ ਭਾਰਤ ਦੇ ਤੱਟਵਰਤੀ ਖੇਤਰ ਦੀ ਵੱਧ ਤੋਂ ਵੱਧ ਵਰਤੋਂ ਨੂੰ ਯਕੀਨੀ ਬਣਾਉਣ ਦੇ ਉਪਬੰਧ ਹਨ। ਇਹ ਬਿੱਲ 1908 ਦੇ ਐਕਟ ਨੂੰ ਬਦਲਣ ਲਈ ਲਿਆਂਦਾ ਗਿਆ ਹੈ ਅਤੇ ਇਸ ਦੇ ਤਹਿਤ ਇੱਕ ਮੈਰੀਟਾਈਮ ਸਟੇਟ ਡਿਵੈਲਪਮੈਂਟ ਕੌਂਸਲ ਦੀ ਸਥਾਪਨਾ ਕੀਤੀ ਜਾਵੇਗੀ। ਕੇਂਦਰੀ ਕੈਬਨਿਟ ਨੇ ਫਰਵਰੀ ਵਿੱਚ ਇਸ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ। ਬਿੱਲ 'ਤੇ ਸਦਨ ਵਿੱਚ ਹੋਈ ਚਰਚਾ ਦਾ ਜਵਾਬ ਦਿੰਦੇ ਹੋਏ ਸੋਨੋਵਾਲ ਨੇ ਕਿਹਾ ਕਿ ਭਾਰਤੀ ਬੰਦਰਗਾਹ ਬਿੱਲ, 2025 ਭਾਰਤ ਦੇ ਸਮੁੰਦਰੀ ਖੇਤਰ ਨੂੰ ਮੁੜ ਸਥਾਪਿਤ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਨੇ ਇਸਨੂੰ ਦੇਸ਼ ਦੀ ਆਰਥਿਕਤਾ ਦੇ ਵਿਕਾਸ ਵਿੱਚ ਮਹੱਤਵਪੂਰਨ ਦੱਸਿਆ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਸਮੁੰਦਰੀ ਖੇਤਰ ਨਾਲ ਸਬੰਧਤ ਕਾਨੂੰਨਾਂ 'ਚ ਵਿਆਪਕ ਸੁਧਾਰ ਲਿਆਉਣ ਲਈ ਪਿਛਲੇ 11 ਸਾਲਾਂ ਵਿੱਚ 11 ਕਾਨੂੰਨ ਬਣਾਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ, ਸਾਰੀਆਂ ਸਬੰਧਤ ਧਿਰਾਂ ਨਾਲ ਵਿਆਪਕ ਵਿਚਾਰ-ਵਟਾਂਦਰਾ ਕੀਤਾ ਗਿਆ ਸੀ। ਸੋਨੋਵਾਲ ਨੇ ਬਿੱਲ ਬਾਰੇ ਕਿਹਾ,ਪ੍ਰਸਤਾਵਿਤ ਕਾਨੂੰਨ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਰਾ ਨੂੰ ਯਕੀਨੀ ਬਣਾਏਗਾ, ਜਿਸ ਨਾਲ ਸਾਡੀਆਂ ਘਰੇਲੂ ਤਰਜੀਹਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਧੀਨ ਕਾਨੂੰਨ ਬਣਾਉਣ ਦੀ ਲੋੜੀਂਦੀ ਸ਼ਕਤੀ ਮਿਲੇਗੀ। ਇਸਦਾ ਉਦੇਸ਼ ਬੰਦਰਗਾਹਾਂ ਦੇ ਵਿਕਾਸ ਨੂੰ ਏਕੀਕ੍ਰਿਤ ਕਰਨਾ ਹੈ ਤਾਂ ਜੋ ਭਾਰਤ ਦੇ ਸਮੁੰਦਰੀ ਤੱਟਾਂ ਦੀ ਬਿਹਤਰ ਵਰਤੋਂ ਕੀਤੀ ਜਾ ਸਕੇ। ਬਿੱਲ ਦੇ ਉਦੇਸ਼ ਅਤੇ ਕਾਰਨ ਦੱਸਦੇ ਹਨ ਕਿ ਇਹ ਇੱਕ ਪ੍ਰਮੁੱਖ ਬੰਦਰਗਾਹ ਜਾਂ ਕਿਸੇ ਹੋਰ ਬੰਦਰਗਾਹ ਨੂੰ ਨੋਟੀਫਿਕੇਸ਼ਨ ਦੁਆਰਾ ਮੈਗਾ ਪੋਰਟ ਵਜੋਂ ਸ਼੍ਰੇਣੀਬੱਧ ਕਰਨ ਦੀ ਵਿਵਸਥਾ ਕਰਦਾ ਹੈ।ਬਿੱਲ ਇੱਕ ਨਵੀਂ ਨਿਆਂਇਕ ਵਿਧੀ ਦੀ ਸਿਰਜਣਾ ਦੀ ਵਿਵਸਥਾ ਕਰਦਾ ਹੈ, ਜਿਸ ਲਈ ਹਰੇਕ ਰਾਜ ਸਰਕਾਰ ਨੂੰ ਰਾਜ ਦੇ ਅੰਦਰ ਪ੍ਰਮੁੱਖ ਬੰਦਰਗਾਹਾਂ, ਬੰਦਰਗਾਹ ਉਪਭੋਗਤਾਵਾਂ ਅਤੇ ਬੰਦਰਗਾਹ ਸੇਵਾ ਪ੍ਰਦਾਤਾਵਾਂ ਤੋਂ ਇਲਾਵਾ ਹੋਰ ਬੰਦਰਗਾਹਾਂ ਵਿਚਕਾਰ ਪੈਦਾ ਹੋਣ ਵਾਲੇ ਕਿਸੇ ਵੀ ਵਿਵਾਦ ਦਾ ਨਿਪਟਾਰਾ ਕਰਨ ਲਈ ਇੱਕ ਵਿਵਾਦ ਨਿਪਟਾਰਾ ਕਮੇਟੀ ਦਾ ਗਠਨ ਕਰਨ ਦੀ ਲੋੜ ਹੋਵੇਗੀ। ਇਹ ਬੰਦਰਗਾਹਾਂ ਦੀ ਸੁਰੱਖਿਆ ਤੇ ਸੁਰੱਖਿਆ ਨਾਲ ਸਬੰਧਤ ਸ਼ਕਤੀਆਂ ਨੂੰ ਵਧਾਉਣ ਦਾ ਵੀ ਪ੍ਰਸਤਾਵ ਰੱਖਦਾ ਹੈ।

## ਹਾਈ ਕੋਰਟ ਨੇ ਪੰਜਾਬ ਵਿੱਚ ਕਾਨੂੰਨ ਵਿਵਸਥਾ 'ਤੇ ਸਰਕਾਰ ਤੋਂ ਮੰਗੀ ਰਿਪੋਰਟ

ਚੰਡੀਗੜ੍ਹ,18ਅਗਸਤ (ਚ.ਨ.ਸ.) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ।ਸੁਣਵਾਈ ਦੌਰਾਨ, ਅਦਾਲਤ ਨੇ ਸਰਕਾਰੀ ਵਕੀਲ ਅਤੇ ਬਾਅਦ ਵਿੱਚ ਏ.ਜੀ.ਟੀ.ਐਫ.ਅਧਿਕਾਰੀ ਗੁਰਮੀਤ ਚੌਹਾਨ ਤੋਂ ਸਿੱਧੇ ਤੌਰ 'ਤੇ ਪੁੱਛਿਆ ਕਿ ਕੀ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ ਜਾਂ ਵਿਗੜਿਆ ਹੈ। ਅਦਾਲਤ ਨੇ ਕਿਹਾ ਕਿ ਉਸੇ ਹਾਈ ਕੋਰਟ ਦੇ ਕਈ ਸਿੰਗਲ ਬੈਂਚ ਸਮੇਂ-ਸਮੇਂ 'ਤੇ ਰਾਜ ਸਰਕਾਰ ਨੂੰ ਚੇਤਾਵਨੀ ਦਿੰਦੇ ਰਹੇ ਹਨ। ਅਬੋਹਰ ਵਿੱਚ ਇੱਕ ਵਪਾਰੀ ਕਤਲ ਕੇਸ ਦਾ ਹਵਾਲਾ ਦਿੰਦੇ ਹੋਏ,ਅਦਾਲਤ ਨੇ ਕਿਹਾ ਕਿ ਉਸ ਦੇ ਸ਼ੂਟਰਾਂ ਨੂੰ ਅੱਜ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਇਸ ਨੂੰ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਸੁਣਵਾਈ ਦੌਰਾਨ, ਅਦਾਲਤ ਨੇ ਸਰਕਾਰੀ ਵਕੀਲ ਅਤੇ ਬਾਅਦ ਵਿੱਚ ਏ.ਜੀ.ਟੀ.ਐਫ. ਅਧਿਕਾਰੀ ਗੁਰਮੀਤ ਚੌਹਾਨ ਤੋਂ ਸਿੱਧੇ ਤੌਰ 'ਤੇ ਪੁੱਛਿਆ ਕਿ ਕੀ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ ਜਾਂ ਵਿਗੜਿਆ ਹੈ।

# ਰੇਲਵੇ ਦਾ ਵੱਡਾ ਕਾਰਨਾਮਾ, ਪਹਿਲੀ ਵਾਰ ਪਟੜੀਆਂ ਵਿਚਾਲੇ ਲਗਾਏ ਸੋਲਰ ਪੈਨਲ

ਨਵੀਂ ਦਿੱਲੀ, 18 ਅਗਸਤ (ਚ.ਨ.ਸ.): ਭਾਰਤੀ ਰੇਲਵੇ ਨਾ ਸਿਰਫ਼ ਯਾਤਰੀਆਂ ਦੀ ਸੁਰੱਖਿਆ ਅਤੇ ਸਹੂਲਤ ਲਈ ਲਗਾਤਾਰ ਕਦਮ ਚੁੱਕ ਰਿਹਾ ਹੈ, ਸਗੋਂ ਬਿਜਲੀ ਬਚਾਉਣ ਅਤੇ ਵਾਤਾਵਰਣ ਦੀ ਰੱਖਿਆ ਲਈ ਵੀ ਨਵੇਂ ਤਰੀਕੇ ਅਪਣਾ ਰਿਹਾ ਹੈ। ਇਸ ਕ੍ਰਮ ਵਿੱਚ, ਰੇਲਵੇ ਨੇ ਇੱਕ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। ਰੇਲਵੇ ਮੰਤਰਾਲੇ ਵੱਲੋਂ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਹੈ ਕਿ ਬਨਾਰਸ ਲੋਕੋਮੋਟਿਵ ਵਰਕਸ ਨੇ ਰੇਲਵੇ ਪਟੜੀਆਂ ਦੇ ਵਿਚਕਾਰ ਭਾਰਤ ਦਾ ਪਹਿਲਾ 70 ਮੀਟਰ ਲੰਬਾ ਹਟਾਉਣਯੋਗ ਸੋਲਰ ਪੈਨਲ ਸਿਸਟਮ (ਸੋਲਰ ਪੈਨਲ ਸਿਸਟਮ ਆਨ ਟ੍ਰੈਕ) ਸਥਾਪਤ ਕੀਤਾ ਹੈ।70 ਮੀਟਰ ਟਰੈਕ 'ਤੇ 28 ਸੋਲਰ ਪੈਨਲ: ਭਾਰਤੀ ਰੇਲਵੇ ਨੇ ਰੇਲਵੇ ਮੰਤਰਾਲੇ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ (ਪਹਿਲਾਂ ਟਵਿੱਟਰ) 'ਤੇ ਇੱਕ ਪੋਸਟ ਰਾਹੀਂ ਇਸ ਇਤਿਹਾਸਕ ਪ੍ਰਾਪਤੀ ਬਾਰੇ ਜਾਣਕਾਰੀ ਦਿੱਤੀ ਹੈ। ਪੋਸਟ ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਵਾਰਾਣਸੀ ਦੇ ਬਨਾਰਸ ਲੋਕੋਮੋਟਿਵ ਵਰਕਸ ਨੇ ਰੇਲਵੇ ਪਟੜੀਆਂ ਦੇ ਵਿਚਕਾਰ ਭਾਰਤ ਦਾ ਪਹਿਲਾ 70



ਮੀਟਰ ਲੰਬਾ ਹਟਾਉਣਯੋਗ ਸੋਲਰ ਪੈਨਲ ਸਿਸਟਮ ਸਥਾਪਤ ਕੀਤਾ ਹੈ। ਇਸ ਵਿੱਚ 28 ਸੋਲਰ ਪੈਨਲ ਸਥਾਪਤ ਹਨ, ਜਿਨ੍ਹਾਂ ਦੀ ਸਮਰੱਥਾ 15 ਕਿਲੋਵਾਟ ਪੀਕ ਹੈ। ਬਿਜਲੀ ਦੀ ਬੱਚਤ ਅਤੇ ਵਾਤਾਵਰਣ ਸੁਰੱਖਿਆ: ਭਾਰਤੀ ਰੇਲਵੇ ਦੇ ਇਸ ਕਦਮ ਨੂੰ ਰੇਲਵੇ ਮੰਤਰਾਲੇ ਨੇ ਹਰੇ ਅਤੇ ਟਿਕਾਊ ਭਵਿੱਖ ਵੱਲ ਇੱਕ ਮੀਲ ਪੱਥਰ ਦੱਸਿਆ ਹੈ। ਇਸ ਸਬੰਧ ਵਿੱਚ ਜਾਰੀ ਕੀਤੀ ਗਈ ਰਿਪੋਰਟ ਦੇ ਅਨੁਸਾਰ, ਰੇਲਵੇ ਦੀ ਇਹ ਪਹਿਲ ਨਾ ਸਿਰਫ਼ ਬਿਜਲੀ ਦੀ ਬਚਤ ਕਰੇਗੀ ਅਤੇ ਊਰਜਾ ਦੀ ਲਾਗਤ ਘਟਾਏਗੀ, ਸਗੋਂ ਵਾਤਾਵਰਣ ਸੁਰੱਖਿਆ ਵਿੱਚ ਵੀ ਮਦਦਗਾਰ ਸਾਬਤ ਹੋਵੇਗੀ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਰੇਲਵੇ ਪਟੜੀਆਂ ਦੇ ਵਿਚਕਾਰ ਲਗਾਏ ਗਏ ਇਨ੍ਹਾਂ ਸੋਲਰ ਪੈਨਲਾਂ ਨੂੰ ਆਸਾਨੀ ਨਾਲ ਹਟਾ ਕੇ ਦੁਬਾਰਾ ਸਥਾਪਿਤ ਕੀਤਾ ਜਾ ਸਕਦਾ ਹੈ। ਦਰਅਸਲ, ਰੇਲਵੇ ਪਟੜੀ 'ਤੇ ਅਕਸਰ ਰੱਖ-ਰਖਾਅ ਦਾ ਕੰਮ ਹੁੰਦਾ ਹੈ, ਅਜਿਹੀ ਸਥਿਤੀ ਵਿੱਚ, ਇਨ੍ਹਾਂ ਹਟਾਉਣਯੋਗ ਸੋਲਰ ਪੈਨਲਾਂ ਨੂੰ ਉੱਥੇ ਕੰਮ ਕਰਨ ਵਾਲੇ ਕਰਮਚਾਰੀਆਂ ਦੁਆਰਾ ਆਸਾਨੀ ਨਾਲ ਬਾਹਰ ਕੱਢਿਆ ਜਾ ਸਕਦਾ ਹੈ ਅਤੇ ਕੰਮ ਖਤਮ ਹੋਣ ਤੋਂ ਬਾਅਦ ਵਾਪਸ ਪਟੜੀ 'ਤੇ ਲਗਾਇਆ ਜਾ ਸਕਦਾ ਹੈ। ਰੇਲਵੇ ਮੰਤਰਾਲੇ ਨੇ ਤਸਵੀਰਾਂ ਸਾਂਝੀਆਂ ਕੀਤੀਆਂ: ਰੇਲਵੇ ਮੰਤਰਾਲੇ ਦੁਆਰਾ ਪਟੜੀ 'ਤੇ ਸੋਲਰ ਪੈਨਲ ਸਿਸਟਮ ਲਗਾਉਣ ਬਾਰੇ ਸਾਂਝੀ ਕੀਤੀ ਗਈ ਜਾਣਕਾਰੀ ਦੇ ਨਾਲ, ਇਸ ਦੀਆਂ ਕਈ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਗਈਆਂ ਹਨ, ਜਿਸ ਵਿੱਚ ਇਹ ਦੇਖਿਆ ਜਾ ਸਕਦਾ ਹੈ ਕਿ ਬਨਾਰਸ ਲੋਕੋਮੋਟਿਵ ਵਰਕਸ ਨੇ ਰੇਲਵੇ ਪਟੜੀਆਂ ਦੇ ਵਿਚਕਾਰ ਪੱਥਰਾਂ 'ਤੇ ਸੋਲਰ ਪੈਨਲ ਲਗਾਏ ਹਨ। ਇੱਕ ਹੋਰ ਤਸਵੀਰ ਵਿੱਚ, ਇੱਕ ਰੇਲ ਇੰਜਣ ਉਨ੍ਹਾਂ ਦੇ ਉੱਪਰੋਂ ਲੰਘਦਾ ਦਿਖਾਈ ਦੇ ਰਿਹਾ ਹੈ। ਰੇਲਵੇ ਦਾ ਇਹ ਕਦਮ ਯਕੀਨੀ ਤੌਰ 'ਤੇ ਦੂਜੇ ਖੇਤਰਾਂ ਨੂੰ ਗਰੀਨ ਅਤੇ ਕਲੀਨ ਊਰਜਾ ਵੱਲ ਵਧਣ ਲਈ ਪ੍ਰੇਰਿਤ ਕਰ ਰਿਹਾ ਹੈ।

## ਪੰਜਾਬ 'ਚ ਬਣੇ ਹੜ੍ਹ ਵਰਗੇ ਹਾਲਾਤ,

ਇਸ ਮੌਕੇ ਪ੍ਰਸ਼ਾਸਨ ਅਤੇ ਵਿਧਾਇਕ ਨਰਿੰਦਰ ਪਾਲ ਸਿੰਘ ਸਮਨਾ ਦੇ ਨਾਲ ਫੋਨ ਉੱਤੇ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕੀ ਪ੍ਰਸ਼ਾਸਨ ਅਤੇ ਸਰਕਾਰ ਦੇ ਵੱਲੋਂ ਲਗਾਤਾਰ ਰਾਹਤ ਕਾਰਜ ਲਈ ਸਾਧਨ ਮੁਹੱਈਆ ਕਰਵਾਏ ਜਾ ਰਹੇ ਹਨ।

ਪੰਜਾਬ ਵਿੱਚ ਕਈ ਥਾਂ ਮੀਂਹ ਪੈ ਰਿਹਾ ਹੈ। ਇਸ ਦੇ ਨਾਲ ਹੀ, ਗੁਆਂਢੀ ਸੂਬਿਆਂ ਹਿਮਾਚਲ ਪ੍ਰਦੇਸ਼ ਵਿੱਚ ਮੀਂਹ ਪੈਣ ਕਰਕੇ, ਪੰਜਾਬ ਦੇ ਨਾਲ ਲੱਗਦੇ ਕਈ ਇਲਾਕਿਆਂ ਵਿੱਚ ਹੜ੍ਹ ਵਰਗੇ ਹਾਲਾਤ ਬਣੇ ਹੋਏ ਹਨ। ਕਈ ਡੈਮਾਂ ਵਿੱਚ ਪਾਣੀ ਦਾ ਪੱਧਰ ਵੱਧ ਚੁੱਕਾ ਹੈ। ਉੱਥੇ ਹੀ ਕਈ ਜ਼ਿਲ੍ਹਿਆਂ ਵਿੱਚ ਜ਼ਿਆਦਾ ਮੀਂਹ ਪੈਣ ਕਰਕੇ ਪਾਣੀ ਨਿਕਾਸੀ ਨਾ ਹੋਣ ਕਰਕੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਅੱਜ ਦੇ ਮੌਸਮ ਦੇ ਗੱਲ ਕਰੀਏ, ਤਾਂ ਅੱਜ ਵੀ ਪੰਜਾਬ ਦੇ 13 ਜ਼ਿਲ੍ਹਿਆਂ ਵਿੱਚ ਹਲਕੇ ਤੋਂ ਦਰਮਿਆਨੀ ਮੀਂਹ ਦਾ ਅਲਰਟ ਹੈ।ਪਿਛਲੇ 24 ਘੰਟਿਆਂ ਵਿੱਚ (ਐਤਵਾਰ) ਤਾਪਮਾਨ ਵਿੱਚ -2.1 ਡਿਗਰੀ ਸੈਲਸੀਅਸ ਗਿਰਾਵਟ ਦਰਜ ਕੀਤੀ ਗਈ। ਇਹ ਤਾਪਮਾਨ ਸੂਬੇ ਵਿੱਚ ਆਮ ਤਾਪਮਾਨ ਤੋਂ ਘੱਟ ਹੈ। ਮੌਸਮ ਵਿਭਾਗ ਵਲੋਂ, ਬਠਿੰਡਾ ਵਿੱਚ ਵੱਧ ਤੋਂ ਵੱਧ ਤਾਪਮਾਨ 1.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ।

ਮੌਸਮ ਵਿਭਾਗ ਵੱਲੋਂ ਅੱਜ (ਸੋਮਵਾਰ) ਪੰਜਾਬ ਦੇ 13 ਜ਼ਿਲ੍ਹਿਆਂ ਵਿੱਚ ਹਲਕੇ ਤੋਂ ਦਰਮਿਆਨੀ ਮੀਂਹ ਦਾ ਅਲਰਟ ਜਾਰੀ ਕੀਤਾ ਗਿਆ ਹੈ। ਪਠਾਨਕੋਟ, ਹੁਸ਼ਿਆਰਪੁਰ ਅਤੇ ਰੂਪਨਗਰ ਵਿੱਚ ਦਰਮਿਆਨੀ ਮੀਂਹ ਦਾ ਅਲਰਟ ਹੈ। ਇਸ ਤੋਂ ਇਲਾਵਾ, ਗੁਰਦਾਸਪੁਰ, ਕਪੂਰਥਲਾ, ਜਲੰਧਰ, ਲੁਧਿਆਣਾ, ਨਵਾਂਸ਼ਹਿਰ, ਐਸਏਐਸ ਨਗਰ (ਮੋਹਾਲੀ), ਫਤਹਿਗੜ੍ਹ ਸਾਹਿਬ, ਪਟਿਆਲਾ ਅਤੇ ਸੰਗਰੂਰ ਵਿੱਚ ਹਲਕੀ ਬਾਰਿਸ਼ ਦਾ ਅਲਰਟ ਹੈ।

**ਪੌਂਗ ਡੈਮ ਵਿਚ ਵਧਿਆ ਪਾਣੀ ਦਾ ਪੱਧਰ**

ਇਥੇ ਇਹ ਵੀ ਦੱਸ ਦੇਈਏ ਕਿ ਦਰਅਸਲ ਪੌਂਗ ਡੈਮ ਦੀ ਮਹਾਰਾਣਾ ਪ੍ਰਤਾਪ ਸਾਗਰ ਝੀਲ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ ਹੈ। ਖ਼ਤਰੇ ਦੇ ਨਿਸ਼ਾਨ ਤੋਂ 2 ਫੁੱਟ ਉੱਪਰ ਪਾਣੀ ਦਾ ਪੱਧਰ ਪਹੁੰਚ ਗਿਆ ਹੈ। ਡੈਮ ਦੇ ਪਾਣੀ ਦਾ ਪੱਧਰ 1382.20 ਫੁੱਟ 'ਤੇ ਪਹੁੰਚ ਗਿਆ ਹੈ। ਦੱਸਣਯੋਗ ਹੈ ਕਿ ਹਿਮਾਚਲ 'ਚ ਭਾਰੀ ਮੀਂਹ ਕਾਰਨ ਡੈਮ ਦੇ ਪਾਣੀ ਦਾ ਪੱਧਰ ਲਗਾਤਾਰ ਵੱਧਦਾ ਜਾ ਰਿਹਾ ਹੈ। ਇਸ ਕਾਰਨ ਤਲਵਾੜਾ ਸਥਿਤ ਸ਼ਾਹ ਨਹਿਰ ਬਰਾਜ ਦੇ 52 ਗੇਟਾਂ 'ਚੋਂ 40 ਫਲੱਡ ਗੇਟ ਖੋਲ੍ਹ ਦਿੱਤੇ ਗਏ ਹਨ ਅਤੇ ਬਿਆਸ ਦਰਿਆ 'ਚ ਭਾਰੀ ਮਾਤਰਾ 'ਚ ਪਾਣੀ ਛੱਡਿਆ ਜਾ ਰਿਹਾ ਹੈ। ਇਸ ਸਮੇਂ ਬਿਆਸ ਦਰਿਆ ਪੂਰੇ ਉਫ਼ਾਨ 'ਤੇ ਹੈ ਅਤੇ ਹਿਮਾਚਲ ਅਤੇ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਲੋਕਾਂ ਦਾ ਜਨ-ਜੀਵਨ ਪ੍ਰਭਾਵਿਤ ਹੋ ਰਿਹਾ ਹੈ ਅਤੇ ਹੇਠਲੇ ਪਿੰਡਾਂ ਲਈ ਵੱਡਾ ਖ਼ਤਰਾ ਬਣਿਆ ਹੋਇਆ ਹੈ।

ਇਸ ਦੇ ਨਾਲ ਹੀ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1663.34 ਫੁੱਟ ਤੱਕ ਪਹੁੰਚ ਗਿਆ ਹੈ, ਜੋਕਿ 1680 ਫੁੱਟ ਦੇ ਖ਼ਤਰੇ ਦੇ ਨਿਸ਼ਾਨ ਤੋਂ ਥੋੜ੍ਹਾ ਹੇਠਾਂ ਹੈ। ਰਣਜੀਤ ਸਾਗਰ ਡੈਮ ਦੀ ਗੱਲ ਕਰੀਏ ਤਾਂ ਇਥੇ ਪਾਣੀ ਦਾ ਪੱਧਰ 1712.7 ਫੁੱਟ ਦਰਜ ਕੀਤਾ ਗਿਆ, ਜੋਕਿ 1730 ਫੁੱਟ ਦੇ ਖ਼ਤਰੇ ਦੇ ਨਿਸ਼ਾਨ ਤੋਂ ਥੋੜ੍ਹਾ ਹੇਠਾਂ ਹੈ। ਇਸ ਦੇ ਨਾਲ ਹੀ ਸੁਖਨਾ ਝੀਲ ਦੇ ਗੇਟ ਵੀ ਖੋਲ੍ਹ ਦਿੱਤੇ ਗਏ ਹਨ, ਜਿਸ ਕਾਰਨ ਘੱਗਰ ਵਿੱਚ ਪਾਣੀ ਵਧਣ ਦਾ ਖ਼ਤਰਾ ਹੈ। ਇਸਦਾ ਪ੍ਰਭਾਵ ਪਟਿਆਲਾ ਵਿੱਚ ਵੀ ਵੇਖਿਆ ਜਾ ਸਕਦਾ ਹੈ।

ਜੰਮੂ-ਕਸ਼ਮੀਰ ਵਿੱਚ ਮੀਂਹ ਤੋਂ ਬਾਅਦ ਰਾਵੀ ਦਰਿਆ ਦਾ ਪਾਣੀ ਦਾ ਪੱਧਰ ਵਧ ਗਿਆ ਹੈ। ਪਠਾਨਕੋਟ ਦੀਆਂ ਕਈ ਚੌਕੀਆਂ ਅਤੇ ਸਰਹੱਦੀ ਖੇਤਰ ਪਾਣੀ ਵਿੱਚ ਡੁੱਬ ਗਏ ਹਨ। ਪਠਾਨਕੋਟ ਦੇ ਕੁਝ ਪਿੰਡਾਂ ਵਿੱਚ ਪਾਣੀ ਦਾ ਪੱਧਰ 3 ਫੁੱਟ ਤੱਕ ਵੱਧ ਗਿਆ ਹੈ। ਦੂਜੇ ਪਾਸੇ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਕਾਰਨ ਬਿਆਸ ਆਪਣੇ ਭਿਆਨਕ ਰੂਪ ਵਿੱਚ ਹੈ। ਹੁਸ਼ਿਆਰਪੁਰ, ਕਪੂਰਥਲਾ, ਸੁਲਤਾਨਪੁਰ ਲੋਧੀ ਅਤੇ ਤਰਨਤਾਰਨ ਹੜ੍ਹਾਂ ਦੀ ਲਪੇਟ ਵਿੱਚ ਹਨ। ਇਸ ਦੇ ਨਾਲ ਹੀ ਸਤਲੁਜ ਕਾਰਨ ਫਾਜ਼ਿਲਕਾ ਵਿੱਚ ਮੁਸ਼ਕਿਲਾਂ ਵਧ ਗਈਆਂ ਹਨ। ਤਰਨਤਾਰਨ ਦੇ ਹਰੀਕੇ ਹੈੱਡਾਂ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਕਈ ਪਿੰਡ ਹੜ੍ਹਾਂ ਦੀ ਲਪੇਟ ਵਿੱਚ ਆ ਗਏ ਹਨ।

## ਪੰਜਾਬ 'ਚ ਹੜ੍ਹਾਂ ਕਾਰਨ ਤਬਾਹੀ !

ਦੱਸਿਆ ਕਿ ਕਪੂਰਥਲਾ, ਹੁਸ਼ਿਆਰਪੁਰ, ਗੁਰਦਾਸਪੁਰ, ਫ਼ਾਜ਼ਿਲਕਾ ਅਤੇ ਫ਼ਿਰੋਜ਼ਪੁਰ ਆਦਿ ਜ਼ਿਲ੍ਹਿਆਂ 'ਚੋਂ ਲੰਘਦੇ ਦਰਿਆਵਾਂ ਦੇ ਬੰਨ੍ਹਾਂ ਦੇ ਅੰਦਰਲੇ ਪਾਸੇ ਵਾਲੇ ਇਲਾਕਿਆਂ 'ਚ ਹੜ੍ਹ ਵਰਗੇ ਹਾਲਾਤ ਪੈਦਾ ਹੋ ਗਏ ਹਨ ਕਿਉਂਕਿ ਦਰਿਆਵਾਂ 'ਚ ਪਾਣੀ ਦਾ ਪੱਧਰ ਵੱਧ ਰਿਹਾ ਹੈ ਤੇ ਹੜ੍ਹ ਵਾਲੇ ਖੇਤਰਾਂ 'ਚ ਕਿਸਾਨਾਂ ਵੱਲੋਂ ਬਣਾਏ ਗਏ ਅਸਥਾਈ ਬੰਨ੍ਹਾਂ 'ਚ ਪਾੜ ਪਾ ਦਿੱਤੇ ਹਨ।

ਉਨ੍ਹਾਂ ਦੱਸਿਆ ਕਿ ਕਪੂਰਥਲਾ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਜ਼ਿਲ੍ਹਿਆਂ ਦਾ ਕਰੀਬ 14,200 ਏਕੜ ਰਕਬਾ ਹੜ੍ਹ ਦੇ ਪਾਣੀ ਨਾਲ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ 'ਚੋਂ ਜ਼ਿਲ੍ਹਾ ਕਪੂਰਥਲਾ ਦੇ ਰਕਬੇ 'ਚ ਵਸੋਂ ਪ੍ਰਭਾਵਿਤ ਹੋਈ ਹੈ ਜਦਕਿ ਫ਼ਾਜ਼ਿਲਕਾ ਤੇ ਫ਼ਿਰੋਜ਼ਪੁਰ ਦਾ ਪ੍ਰਭਾਵਿਤ ਰਕਬਾ ਖੇਤੀਬਾੜੀ ਅਧੀਨ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੀ ਹਰ ਸੰਭਵ ਸਹਾਇਤਾ ਲਈ ਮੌਜੂਦ ਹੈ।

ਉਨ੍ਹਾਂ ਦੱਸਿਆ ਕਿ ਫੀਲਡ 'ਚ 4 ਸੁਪਰਡੈਂਟਿੰਗ ਇੰਜੀਨੀਅਰ, 10 ਐਕਸੀਅਨ, 20 ਐੱਸ. ਡੀ. ਓਜ਼. ਤੇ 200 ਫੀਲਡ ਸਟਾਫ਼ (ਸਮੇਤ ਜੇ. ਈਜ਼) ਨਿਰੰਤਰ 24 ਘੰਟੇ ਨਿਗਰਾਨੀ ਕਰ ਰਹੇ ਹਨ। ਸਮੁੱਚੇ ਸੰਵੇਦਨਸ਼ੀਲ ਖੇਤਰ ਨੂੰ ਸੈਕਟਰਾਂ 'ਚ ਵੰਡਿਆ ਗਿਆ ਹੈ ਤਾਂ ਜੋ ਤੁਰੰਤ ਕਾਰਵਾਈ ਅਮਲ ਵਿਚ ਲਿਆਂਦੀ ਜਾ ਸਕੇ।

ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਪ੍ਰਭਾਵਿਤ ਖੇਤਰਾਂ 'ਚ ਤੁਰੰਤ ਰਾਹਤ ਕੈਂਪ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਬੇਘਰ ਹੋਏ ਲੋਕਾਂ ਨੂੰ ਆਸਰਾ, ਭੋਜਨ ਅਤੇ ਡਾਕਟਰੀ ਸਹੂਲਤਾਂ ਦਿੱਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਬਣਾਏ ਬੰਨ੍ਹ ਸੁਰੱਖਿਅਤ ਹਨ ਤੇ ਇਨ੍ਹਾਂ ਬੰਨ੍ਹਾਂ ਤੋਂ ਪਾਣੀ ਦਾ ਕੋਈ ਓਵਰਫਲੋਅ ਨਹੀਂ ਹੋਇਆ। ਇਨ੍ਹਾਂ ਬੰਨ੍ਹਾਂ 'ਤੇ ਰੋਸਟਰ ਆਧਾਰਤ ਮਜ਼ਬੂਤ ਟੀਮਾਂ ਵੱਲੋਂ 24 ਘੰਟੇ ਸਖ਼ਤ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਪਸ਼ੂਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ ਵਿਸ਼ੇਸ਼ ਇੰਤਜ਼ਾਮ ਕਰਨ ਦੇ ਨਿਰਦੇਸ਼ ਦਿੱਤੇ, ਜਿਸ 'ਚ ਵੱਖਰੇ ਸ਼ੈਲਟਰ ਬਣਾਉਣਾ, ਚਾਰਾ ਤੇ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣਾ ਤੇ ਪ੍ਰਭਾਵਿਤ ਖੇਤਰਾਂ 'ਚ ਵੈਟਰਨਰੀ ਟੀਮਾਂ ਦੀ ਤਾਇਨਾਤੀ ਕਰਨਾ ਸ਼ਾਮਲ ਹੈ।

## ਚੋਣ ਕਮਿਸ਼ਨ ਨੇ ਬਿਹਾਰ ਦੀ ਵੋਟਰ

ਨਾਮ ਪ੍ਰਕਾਸ਼ਿਤ ਕਰ ਰਿਹਾ ਹੈ ਅਤੇ ਅਧਿਕਾਰੀਆਂ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਅਜਿਹਾ ਔਨਲਾਈਨ ਕਰਨ ਦੀ ਸੰਭਾਵਨਾ ਹੈ। ਬਿਹਾਰ ਦੇ ਮੁੱਖ ਚੋਣ ਅਧਿਕਾਰੀ (ਸੀਈਓ) ਦੇ ਅਨੁਸਾਰ ਰੋਹਤਾਸ, ਬੇਗੂਸਰਾਏ, ਅਰਵਾਲ ਅਤੇ ਹੋਰ ਥਾਵਾਂ 'ਤੇ ਪੋਲਿੰਗ ਬੂਥਾਂ 'ਤੇ 'ਏਐਸਡੀ' ਸੂਚੀਆਂ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ।

## ਵਿਰੋਧੀ ਧਿਰ ਵੱਲੋਂ ਮੁੱਖ ਚੋਣ ਕਮਿਸ਼ਨਰ ਨੂੰ ਹਟਾਉਣ ਬਾਰੇ

ਉਪ-ਰਾਸ਼ਟਰਪਤੀ ਚੋਣ ਦੇ ਉਮੀਦਵਾਰ ਬਾਰੇ ਅਜੇ ਕੋਈ ਗੱਲਬਾਤ ਨਹੀਂ ਹੋਈ। ਮੁੱਖ ਚੋਣ ਕਮਿਸ਼ਨਰ ਨੂੰ 'ਸਾਬਤ ਹੋਏ ਦੁਰਵਿਹਾਰ ਜਾਂ ਅਯੋਗਤਾ' ਦੇ ਆਧਾਰ 'ਤੇ ਹਟਾਇਆ ਜਾ ਸਕਦਾ ਹੈ।

ਉਸ ਨੂੰ ਰਾਸ਼ਟਰਪਤੀ ਸੰਸਦ ਦੇ ਦੋਵਾਂ ਸਦਨਾਂ ਵੱਲੋਂ ਪਾਸ ਕੀਤੇ ਮਤੇ ਦੇ ਆਧਾਰ 'ਤੇ ਹਟਾ ਸਕਦਾ ਹੈ। ਪਰ ਵੋਟਿੰਗ ਵਿੱਚ ਦੋ ਤਿਹਾਈ ਮੈਂਬਰ ਸ਼ਾਮਲ ਹੋਣ ਅਤੇ ਕੁੱਲ ਮੈਂਬਰਾਂ ਵਿੱਚੋਂ 50 ਫੀਸਦੀ ਤੋਂ ਵੱਧ ਦਾ ਸਮਰਥਨ ਪ੍ਰਾਪਤ ਹੋਵੇ। ਸੰਵਿਧਾਨ ਸੀਈਸੀ ਨੂੰ ਹਟਾਉਣ ਲਈ 'ਮਹਾਂਦੋਸ਼' ਸ਼ਬਦ ਦੀ ਵਰਤੋਂ ਨਹੀਂ ਕਰਦਾ।

ਵਿਰੋਧੀ ਧਿਰ ਦੇ ਨੇਤਾਵਾਂ ਨੇ ਕਿਹਾ ਕਿ ਕੁਮਾਰ ਨੂੰ ਹਟਾਉਣ ਦਾ ਪ੍ਰਸਤਾਵ ਸ਼ੁਰੂਆਤੀ ਪੜਾਅ 'ਤੇ ਹੈ। ਆਗੂ ਇਸ ਤੱਥ ਤੋਂ ਜਾਣੂੰ ਹਨ ਕਿ ਉਨ੍ਹਾਂ ਕੋਲ ਲੋੜੀਂਦੇ ਅੰਕੜੇ ਨਹੀਂ ਹਨ।

## ਚੋਣ ਕਮਿਸ਼ਨ ਪਹਿਲਾਂ ਸੁਪਰੀਮ ਕੋਰਟ 'ਚ

ਪਰ ਅਸੀਂ ਨਹੀਂ ਡਰਦੇ। ਉਹ ਆਪਣੇ ਖੁਦ ਦੇ ਡੇਟਾ 'ਤੇ ਵਿਸ਼ਵਾਸ ਨਹੀਂ ਕਰਦੇ।"

ਘਨੱਈਆ ਕੁਮਾਰ ਨੇ ਦੋਸ਼ ਲਗਾਇਆ ਕਿ ਭਾਜਪਾ 'ਵੋਟ ਚੋਰੀ' ਅਤੇ 'ਸੰਵਿਧਾਨ ਚੋਰੀ ਕਰਨਾ' ਚਾਹੁੰਦੀ ਹੈ। ਉਨ੍ਹਾਂ ਨੇ ਕਿਹਾ, "ਅਸੀਂ ਪੜ੍ਹਨਯੋਗ ਫਾਰਮੈਟ ਮੰਗਿਆ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਚੋਣ ਕਮਿਸ਼ਨ ਕਹਿੰਦਾ ਰਿਹਾ ਕਿ ਕੋਈ ਸਮੱਸਿਆ ਨਹੀਂ ਹੈ ਪਰ ਹੁਣ ਉਹ ਕਹਿ ਰਹੇ ਹਨ ਕਿ 'ਅਸੀਂ ਵੋਟਰ ਸੂਚੀ ਵਿੱਚਲੇ ਮੁੱਦਿਆਂ ਨੂੰ ਠੀਕ ਕਰਨ ਲਈ ਐਸ.ਆਈ.ਆਰ. ਕਰ ਰਹੇ ਹਾਂ'।"

ਕੁਮਾਰ ਨੇ ਕਿਹਾ, ''ਚੋਣ ਕਮਿਸ਼ਨ ਖੁਦ ਕਹਿ ਰਿਹਾ ਹੈ ਕਿ ਵੋਟਰ ਸੂਚੀ ਵਿੱਚ ਕੁਝ ਗਲਤ ਹੈ, ਜਿਸਦਾ ਮਤਲਬ ਹੈ ਕਿ ਉਹ ਪਹਿਲਾਂ ਝੂਠ ਬੋਲ ਰਿਹਾ ਸੀ।"

ਇਹ ਪੁੱਛੇ ਜਾਣ 'ਤੇ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦਾ ਹਲਫ਼ਨਾਮਾ ਦੇਣਾ ਚਾਹੀਦਾ ਹੈ, ਕੁਮਾਰ ਨੇ ਕਿਹਾ ਕਿ ਚੋਣ ਕਮਿਸ਼ਨ ਦਾ ਕਾਗਜ਼ ਇੱਕ ਵੋਟਰ ਸੂਚੀ ਹੈ ਅਤੇ ਇਸ ਨੂੰ ਮਸ਼ੀਨ-ਪੜ੍ਹਨਯੋਗ ਫਾਰਮੈਟ ਵਿੱਚ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਸੁਪਰੀਮ ਕੋਰਟ ਵਿੱਚ ਇੱਕ ਹਲਫ਼ਨਾਮਾ ਦਿਓ ਕਿ ਤੁਹਾਡੀ ਵੋਟਰ ਸੂਚੀ ਸਾਫ਼ ਹੈ ਅਤੇ ਫਿਰ ਅਸੀਂ ਵੀ ਇੱਕ ਹਲਫ਼ਨਾਮਾ ਦੇਵਾਂਗੇ ਕਿ ਮੌਜੂਦਾ ਵੋਟਰ ਸੂਚੀ ਵਿੱਚ ਬੇਨਿਯਮੀਆਂ ਹਨ।"

## ਰੌਲੇ-ਰੱਪੇ ਕਾਰਨ ਸੰਸਦ ਪੂਰੇ ਦਿਨ

ਬਿੱਲ ਪੇਸ਼ ਕੀਤਾ। ਇਸ ਦੌਰਾਨ, ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਖੜ੍ਹੇ ਹੋਏ ਅਤੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ 'ਤੇ ਚਰਚਾ ਦੀ ਮੰਗ ਕੀਤੀ। ਉਨ੍ਹਾਂ ਨਾਲ ਹੋਰ ਵਿਰੋਧੀ ਮੈਂਬਰ ਵੀ ਇਸ ਮੁੱਦੇ 'ਤੇ ਚਰਚਾ ਦੀ ਮੰਗ ਕਰ ਰਹੇ ਸਨ। ਹਾਲਾਂਕਿ, ਚੇਅਰ ਨੇ ਇਸ ਮਾਮਲੇ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ, ਜਿਸ ਨਾਲ ਵਿਰੋਧੀ ਮੈਂਬਰਾਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਨੇ ਚਰਚਾ ਦੀ ਮੰਗ ਕਰਦੇ ਹੋਏ ਨਾਅਰੇਬਾਜ਼ੀ ਕੀਤੀ ਅਤੇ ਸਦਨ ਵਿੱਚੋਂ ਵਾਕਆਊਟ ਕੀਤਾ।

ਇਸ ਤੋਂ ਪਹਿਲਾਂ, ਰਾਜ ਸਭਾ ਦੀ ਕਾਰਵਾਈ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ ਸੀ ਜਦੋਂ ਸਦਨ ਸਵੇਰੇ 11 ਵਜੇ ਇਕੱਠਾ ਹੋਇਆ ਸੀ ਸਦਨ ਦੀ ਕਾਰਵਾਈ ਸਵੇਰੇ 11 ਵਜੇ ਸ਼ੁਰੂ ਹੁੰਦੇ ਹੀ ਉਪ ਸਭਾਪਤੀ ਹਰਿਵੰਸ਼ ਨੇ ਮਨੀਪੁਰ ਦੇ ਸਾਬਕਾ ਰਾਜਪਾਲ ਲਾ ਗਣੇਸ਼ਨ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਸ ਤੋਂ ਬਾਅਦ ਸਦਨ ਦੀ ਮੇਜ਼ 'ਤੇ ਸੂਚੀਬੱਧ ਕਾਗਜ਼ਾਤ ਅਤੇ ਰਿਪੋਰਟਾਂ ਰੱਖੀਆਂ ਗਈਆਂ। ਉਪ ਸਭਾਪਤੀ ਨੇ ਕਿਹਾ ਕਿ ਚਾਰ ਵਿਸ਼ਿਆਂ 'ਤੇ ਨਿਯਮ 267 ਦੇ ਤਹਿਤ 19 ਨੋਟਿਸ ਪ੍ਰਾਪਤ ਹੋਏ ਹਨ।

ਉਨ੍ਹਾਂ ਨੇ ਕਿਹਾ ਕਿ 11 ਨੋਟਿਸਾਂ ਵਿੱਚ 'ਸਹੀ ਸ਼ਬਦਾਂ ਵਿੱਚ ਤਿਆਰ ਕੀਤਾ ਗਿਆ ਮਤਾ' ਸ਼ਾਮਲ ਨਹੀਂ ਹੈ, 10 ਨੋਟਿਸਾਂ ਵਿੱਚ ਮਿਤੀ ਦਾ ਜ਼ਿਕਰ ਨਹੀਂ ਹੈ, 11 ਨੋਟਿਸਾਂ ਵਿੱਚ ਉਹ ਨਿਯਮ ਸ਼ਾਮਲ ਨਹੀਂ ਹਨ ਜਿਨ੍ਹਾਂ ਤਹਿਤ ਮੈਂਬਰ ਕੰਮ ਰੋਕੂ ਮਤਾ ਚਾਹੁੰਦੇ ਹਨ, ਅਤੇ 13 ਨੋਟਿਸ 'ਅਦਾਲਤੀ ਮਾਮਲੇ' ਉੱਤੇ ਚਰਚਾ ਦੀ ਮੰਗ ਕਰਦੇ ਹਨ।

ਉਪ ਸਭਾਪਤੀ ਨੇ ਕਿਹਾ, "ਕਿਉਂਕਿ ਅੱਜ ਪ੍ਰਾਪਤ ਹੋਏ ਇਹਨਾਂ ਵਿੱਚੋਂ ਕੋਈ ਵੀ ਨੋਟਿਸ ਨਿਯਮਾਂ ਦੀਆਂ ਜ਼ਰੂਰਤਾਂ ਦੀ ਪਾਲਣਾ ਨਹੀਂ ਕਰਦਾ, ਮੈਂ ਕਿਸੇ ਵੀ ਨੋਟਿਸ ਨੂੰ ਸਵੀਕਾਰ ਨਹੀਂ ਕਰ ਰਿਹਾ" ਅਤੇ ਫਿਰ ਸੂਚੀਬੱਧ ਸਿਫਰ ਕਾਲ ਨੂੰ ਲੈਣ ਦੀ ਕੋਸ਼ਿਸ਼ ਕੀਤੀ।

ਵਿਰੋਧੀ ਸੰਸਦ ਮੈਂਬਰ, ਜੋ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੁਧਾਈ ਦੇ ਮੁੱਦੇ 'ਤੇ ਚਰਚਾ ਦੀ ਮੰਗ ਕਰ ਰਹੇ ਸਨ, ਚੇਅਰ ਦੁਆਰਾ ਵੱਖ-ਵੱਖ ਮੁੱਦਿਆਂ 'ਤੇ ਉਨ੍ਹਾਂ ਦੇ 19 ਮੁਲਤਵੀ ਨੋਟਿਸਾਂ ਨੂੰ ਰੱਦ ਕੀਤੇ ਜਾਣ ਦੇ ਵਿਰੋਧ ਵਿੱਚ ਖੜ੍ਹੇ ਹੋ ਗਏ। ਉਪ ਸਭਾਪਤੀ ਨੇ ਪ੍ਰਦਰਸ਼ਨਕਾਰੀ ਮੈਂਬਰਾਂ ਨੂੰ ਸਦਨ ਨੂੰ ਕੰਮ ਕਰਨ ਦੇਣ ਦੀ ਅਪੀਲ ਕੀਤੀ। ਹਾਲਾਂਕਿ, ਵਿਰੋਧੀ ਦੇ ਚਲਦਿਆਂ ਕਾਰਵਾਈ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ।

## ਪੰਜਾਬ ਸਰਕਾਰ ਦੀ ਬੇਨਤੀ 'ਤੇ

ਹੁਣ ਸਿਖਰਲੀ ਅਦਾਲਤ ਨੇ ਨਵੀਂ ਭਰਤੀ ਤੱਕ ਇਨ੍ਹਾਂ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਅਹੁਦੇ ਉਤੇ ਕੰਮ ਕਰਦੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ।

## ਮੋਦੀ ਤੇ ਰੂਸੀ ਰਾਸ਼ਟਰਪਤੀ ਪੁਤਿਨ

ਵਾਲੇ ਭਾਰਤੀ ਸਾਮਾਨ 'ਤੇ ਟੈਰਿਫ 50 ਫੀਸਦ ਹੋ ਗਿਆ।

ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ, ਭਾਰਤ ਨੇ ਲਗਾਤਾਰ ਯੂਕਰੇਨ ਸੰਘਰਸ਼ ਦੇ ਸ਼ਾਂਤੀਪੂਰਨ ਹੱਲ ਦੀ ਮੰਗ ਕੀਤੀ ਹੈ ਅਤੇ ਇਸ ਸਬੰਧ ਵਿੱਚ ਭਾਰਤ ਸਾਰੇ ਯਤਨਾਂ ਦਾ ਸਮਰਥਨ ਕਰਦਾ ਹੈ।ਮੈਂ ਆਉਣ ਵਾਲੇ ਦਿਨਾਂ ਵਿੱਚ ਸਾਡੀ ਨਿਰੰਤਰ ਗੱਲਬਾਤ ਦੀ ਉਮੀਦ ਕਰਦਾ ਹਾਂ।

8 ਅਗਸਤ ਨੂੰ ਜਦੋਂ ਮੋਦੀ ਅਤੇ ਪੁਤਿਨ ਨੇ ਗੱਲਬਾਤ ਕੀਤੀ ਸੀ ਤਾਂ ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਸਾਂਝੇਦਾਰੀ ਨੂੰ 'ਹੋਰ ਮਜ਼ਬੂਤ' ਕਰਨ ਦੀ ਵਚਨਬੱਧਤਾ ਦੀ ਮੁੜ ਪੁਸ਼ਟੀ ਸੀ।

ਪੁਤਿਨ ਦੀ ਇਸ ਸਾਲ ਦੇ ਅੰਤ ਵਿੱਚ ਭਾਰਤ ਦੀ ਯਾਤਰਾ ਦੀ ਯੋਜਨਾ ਹੈ, ਜੋ ਕਿ ਦੋਵਾਂ ਦੇਸ਼ਾਂ ਦੇ ਸਿਖਰਲੇ ਨੇਤਾਵਾਂ ਵਿਚਕਾਰ 23ਵੀਂ ਸਾਲਾਨਾ ਸਿਖਰ ਮੀਟਿੰਗ ਹੋਵੇਗੀ।

## ਬੀਜਾਪੁਰ 'ਚ ਆਈ.ਈ.ਡੀ. ਧਮਾਕੇ

ਸਵੇਰ ਨੂੰ ਭੋਪਾਲਪਟਨਮ ਖੇਤਰ ਦੇ ਉਲੂਰ ਜੰਗਲ ਵਿੱਚ ਇੱਕ ਆਈ.ਈ.ਡੀ. ਧਮਾਕਾ ਹੋਇਆ। ਇਸ ਧਮਾਕੇ ਵਿਚ 3 ਜਵਾਨ ਜ਼ਖ਼ਮੀ ਹੋਏ ਹਨ। ਜ਼ਖ਼ਮੀ ਜਵਾਨਾਂ ਦੀ ਹਾਲਤ ਆਮ ਅਤੇ ਖ਼ਤਰੇ ਤੋਂ ਬਾਹਰ ਹੈ। ਮੁੱਢਲੇ ਇਲਾਜ ਤੋਂ ਬਾਅਦ, ਉਨ੍ਹਾਂ ਨੂੰ ਬਿਹਤਰ ਇਲਾਜ ਲਈ ਜਗਦਲਪੁਰ ਰੈਫ਼ਰ ਕੀਤਾ ਜਾ ਸਕਦਾ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਬਾਅਦ ਵਿੱਚ ਵਿਸਥਾਰ ਵਿੱਚ ਜਾਣਕਾਰੀ ਦੇਣਗੇ।

## ਸੁਖਬੀਰ ਸਿੰਘ ਬਾਦਲ ਝੂਠੀਆਂ ਪ੍ਰਾਪਤੀਆਂ

ਕਿਹਾ ਕਿ ਇਹ ਸੱਚ ਕਿਸੇ ਤੋਂ ਲੁਕਿਆ-ਛਿਪਿਆ ਨਹੀਂ ਕਿ ਅਕਾਲੀ ਦੇ ਸ਼ਾਸਨ ਦੌਰਾਨ ਨਸ਼ੇ ਦੇ ਸੌਦਾਗਰਾਂ ਨੂੰ ਸਰਪ੍ਰਸਤੀ ਦਿੱਤੀ ਜਾਂਦੀ ਸੀ, ਜਿਸ ਕਰਕੇ ਨਸ਼ਿਆਂ ਦੀ ਅਲਾਮਤ ਨੇ ਸੂਬੇ ਵਿੱਚ ਪੈਰ ਪਸਾਰ ਲਏ ਸਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ 'ਜਰਨੈਲਾਂ' ਨਾਲ ਕੋਈ ਲਿਹਾਜ਼ ਨਹੀਂ ਵਰਤੇਗੀ ਜਿਨ੍ਹਾਂ ਨੇ ਨਸ਼ਿਆਂ ਦਾ ਕਹਿਰ ਢਾਹ ਕੇ ਸਾਡੇ ਨੌਜਵਾਨਾਂ ਦੀ ਨਸਲਕੁਸ਼ੀ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲੀਡਰ ਜਿੱਥੇ ਨਸ਼ੇ ਦਾ ਧੰਦਾ ਕਰਨ ਵਾਲਿਆਂ ਦੀ ਪੁਸ਼ਤਪਨਾਹੀ ਕਰਦੇ ਸਨ, ਉੱਥੇ ਆਪਣੇ ਸਰਕਾਰੀ ਵਾਹਨਾਂ ਵਿੱਚ ਨਸ਼ਾ ਵੇਚਦੇ ਜਾਂ ਸਪਲਾਈ ਕਰਦੇ ਸਨ।ਮੁੱਖ ਮੰਤਰੀ ਨੇ ਕਿਹਾ ਕਿ ਗੈਰ-ਕਾਨੂੰਨੀ ਹੱਥਕੰਡੇ ਵਰਤ ਕੇ ਸਰਮਾਇਆ ਇਕੱਠਾ ਕਰਨ ਵਾਲੇ ਲੀਡਰ ਹੁਣ ਜੇਲ੍ਹ ਵਿੱਚ ਸਹੂਲਤਾਂ ਭਾਲ ਰਹੇ ਹਨ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਨਸ਼ਿਆਂ ਨਾਲ ਨੌਜਵਾਨਾਂ ਦੇ ਘਰਾਂ ਵਿੱਚ ਸੱਥਰ ਵਿਛਾਉਣ ਵਾਲੇ ਜੇਲ੍ਹ ਵਿੱਚ ਵਿਸ਼ੇਸ਼ ਸਹੂਲਤ ਦੇ ਹੱਕਦਾਰ ਨਹੀਂ ਕਿਉਂਕਿ ਉਹ ਆਪਣੇ ਪਾਪਾਂ ਦੀ ਸਜ਼ਾ ਭੁਗਤ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਡੂੰਘਾਈ ਨਾਲ ਕੀਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਨ੍ਹਾਂ ਲੀਡਰਾਂ ਨੇ ਨਸ਼ੇ ਦੇ ਕਾਰੋਬਾਰ ਰਾਹੀਂ ਵੱਡੇ ਪੱਧਰ 'ਤੇ ਪੈਸਾ ਇਕੱਠਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਜੁਰਮ ਲਈ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਨਸ਼ਿਆਂ ਦੇ ਦੋਸ਼ਾਂ ਹੇਠ ਨਾਭਾ ਜੇਲ੍ਹ ਵਿੱਚ ਬੰਦ ਸਾਬਕਾ ਅਕਾਲੀ ਲੀਡਰ ਦਾ ਪੱਖ ਪੂਰਨ ਵਾਲੇ ਰਵਾਇਤੀ ਪਾਰਟੀਆਂ ਦੇ ਲੀਡਰ ਉਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਕਾਂਗਰਸੀ ਲੀਡਰ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ, ਭਾਜਪਾ ਲੀਡਰ ਕੈਪਟਨ ਅਮਰਿੰਦਰ ਸਿੰਘ ਅਤੇ ਰਵਨੀਤ ਸਿੰਘ ਬਿੱਟੂ ਨੇ ਖੁੱਲ੍ਹ ਕੇ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਇਸ ਨਾਲ ਰਵਾਇਤੀ ਪਾਰਟੀਆਂ ਦੀ ਆਪਸੀ ਮਿਲੀਭੁਗਤ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਜਦੋਂ ਇਹ ਸੱਤਾ ਵਿੱਚ ਹੁੰਦੇ ਸਨ ਤਾਂ ਇਕ-ਦੂਜੇ ਦੀਆਂ ਨਾਕਾਮੀਆਂ ਉਤੇ ਪਰਦਾ ਪਾ ਲੈਂਦੇ ਸਨ। ਭਗਵੰਤ ਸਿੰਘ ਮਾਨ ਨੇ ਇਨ੍ਹਾਂ ਲੀਡਰਾਂ ਨੂੰ ਮੁੜ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਸਪੱਸ਼ਟ ਕਰਨ ਕਿ ਉਹ ਨਸ਼ਾ ਤਸਕਰਾਂ ਦੇ ਹੱਕ ਵਿੱਚ ਜਾਂ ਖਿਲਾਫ ਹਨ। ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਸਰਕਾਰੀ ਖਜ਼ਾਨੇ ਦੀ ਅੰਨ੍ਹੇਵਾਹ ਲੁੱਟ ਕੀਤੀ ਹੈ ਜਿਸ ਕਰਕੇ ਪੰਜਾਬੀਆਂ ਨੇ ਇਨ੍ਹਾਂ ਨੂੰ ਬਾਹਰ ਦਾ ਰਸਤਾ ਵਿਖਾਇਆ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਚਰਨਜੀਤ ਸਿੰਘ ਚੰਨੀ, ਸਾਬਕਾ ਅਕਾਲੀ ਲੀਡਰ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਹੋਰ ਵੱਡੇ ਲੀਡਰਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਇਹ ਲੀਡਰ ਬੁਖਲਾਹਟ ਵਿੱਚ ਆ ਕੇ ਸੱਤਾ ਲਈ ਤਰਲੋਮੱਛੀ ਹੋ ਰਹੇ ਹਨ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਹੁਣ ਤੱਕ 55,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਵਿੱਚੋਂ ਇੱਕ ਵੀ ਨਿਯੁਕਤੀ ਨੂੰ ਹੁਣ ਤੱਕ ਕਿਸੇ ਵੀ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਸਰਕਾਰ ਲਈ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਪੂਰੀ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਾਰਦਰਸ਼ੀ ਭਰਤੀ ਨੇ ਨੌਜਵਾਨਾਂ ਦਾ ਸੂਬਾ ਸਰਕਾਰ ਦੇ ਕੰਮਕਾਜ ਵਿੱਚ ਵਿਸ਼ਵਾਸ ਵਧਾਇਆ ਹੈ ਜਿਸ ਕਾਰਨ ਨੌਜਵਾਨਾਂ ਨੇ ਵਿਦੇਸ਼ ਜਾਣ ਦਾ ਵਿਚਾਰ ਤਿਆਗ ਦਿੱਤਾ ਹੈ ਅਤੇ ਇੱਥੇ ਸਰਕਾਰੀ ਨੌਕਰੀਆਂ ਲਈ ਤਿਆਰੀ ਕਰ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ 90 ਫੀਸਦੀ ਘਰਾਂ ਨੂੰ ਜ਼ੀਰੋ ਬਿਜਲੀ ਬਿੱਲ ਆ ਰਹੇ ਹਨ, ਜਿਸ ਨਾਲ ਲੋਕਾਂ ਨੂੰ ਵੱਡੀ ਆਰਥਿਕ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਲਈ ਨਿਰਵਿਘਨ ਬਿਜਲੀ ਮਿਲ ਰਹੀ ਹੈ ਜਿਸ ਕਾਰਨ ਉਨ੍ਹਾਂ ਨੂੰ ਕੋਈ ਸਮੱਸਿਆ ਨਹੀਂ ਆ ਰਹੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਮਾਜ ਦੇ ਹਰ ਵਰਗ ਦੇ ਹਿੱਤ ਦਾ ਧਿਆਨ ਰੱਖਿਆ ਹੈ ਜਿਸ ਕਾਰਨ ਪੰਜਾਬ ਅੱਗੇ ਵਧ ਰਿਹਾ ਹੈ।ਸੜਕ ਸੁਰੱਖਿਆ ਫੋਰਸ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਫੋਰਸ ਦੇ ਗਠਨ ਤੋਂ ਲੈ ਕੇ ਹੁਣ ਤੱਕ ਸੈਂਕੜੇ ਜਾਨਾਂ ਬਚਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਵਜੋਂ ਉਨ੍ਹਾਂ ਦੇ ਕਾਰਜਕਾਲ ਦੌਰਾਨ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ ਹਰ ਸਾਲ 5,000 ਤੋਂ ਵੱਧ ਜਾਨਾਂ ਜਾਂਦੀਆਂ ਸਨ। ਉਨ੍ਹਾਂ ਕਿਹਾ ਕਿ ਐਸ.ਐਸ.ਐਫ. ਦੇ ਗਠਨ ਨਾਲ ਅਜਿਹੀਆਂ ਮੌਤਾਂ ਵਿੱਚ 48 ਫੀਸਦੀ ਦੀ ਕਮੀ ਆਈ ਹੈ, ਜੋ ਕਿ ਦੂਜੇ ਸੂਬਿਆਂ ਲਈ ਵੀ ਮਿਸਾਲ ਕਾਇਮ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਫੋਰਸ ਵਿੱਚ ਵਿਸ਼ੇਸ਼ ਤੌਰ 'ਤੇ ਭਰਤੀ ਤੇ ਸਿਖਲਾਈ ਪ੍ਰਾਪਤ ਜਵਾਨ ਸ਼ਾਮਲ ਹਨ, ਜਿਨ੍ਹਾਂ ਵਿੱਚ ਮਹਿਲਾਵਾਂ ਵੀ ਸ਼ਾਮਲ ਹਨ। ਇਹ ਫੋਰਸ 144 ਆਧੁਨਿਕ ਵਾਹਨਾਂ ਨਾਲ ਲੈਸ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਫੋਰਸ ਬਹੁਤ ਵਧੀਆ ਕੰਮ ਕਰ ਰਹੀ ਹੈ ਅਤੇ ਕਈ ਸੂਬਿਆਂ ਅਤੇ ਭਾਰਤ ਸਰਕਾਰ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਸਰਕਾਰੀ ਸਕੂਲਾਂ ਨੂੰ 'ਸਕੂਲ ਆਫ਼ ਐਮੀਨੈਂਸ' ਵਜੋਂ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬ ਨੇ ਭਾਰਤ ਸਰਕਾਰ ਦੁਆਰਾ ਕਰਵਾਏ ਗਏ ਨੈਸ਼ਨਲ ਅਚੀਵਮੈਂਟ ਸਰਵੇ ਵਿੱਚ ਕੇਰਲਾ ਨੂੰ ਪਛਾੜ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ 848 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕੀਤੀ ਹੈ, ਜਦੋਂ ਕਿ 265 ਵਿਦਿਆਰਥੀਆਂ ਨੇ ਜੇ.ਈ.ਈ. ਮੇਨਜ਼ ਅਤੇ 45 ਨੇ ਜੇ.ਈ.ਈ. ਐਡਵਾਂਸਡ ਪ੍ਰੀਖਿਆ ਪਾਸ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੋਈ ਵੀ ਨੀਲਾ ਜਾਂ ਪੀਲਾ ਕਾਰਡ ਸੂਬੇ ਵਿੱਚੋਂ ਗਰੀਬੀ ਜਾਂ ਹੋਰ ਸਮਾਜਿਕ ਬੁਰਾਈਆਂ ਖ਼ਤਮ ਨਹੀਂ ਕਰ ਸਕਦਾ, ਸਿਰਫ਼ ਸਿੱਖਿਆ ਹੀ ਉਹ ਹਥਿਆਰ ਹੈ, ਜੋ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕ ਕੇ ਗਰੀਬੀ ਵਿੱਚੋਂ ਕੱਢ ਸਕਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਚਮਕੌਰ ਸਾਹਿਬ ਹਸਪਤਾਲ ਵਿੱਚ ਬਿਸਤਰਿਆਂ ਦੀ ਗਿਣਤੀ 30 ਤੋਂ ਵਧਾ ਕੇ 50 ਕਰ ਦਿੱਤੀ ਹੈ ਅਤੇ ਇਸ ਦਾ ਦਰਜਾ ਕਮਿਊਨਿਟੀ ਹੈਲਥ ਸੈਂਟਰ ਤੋਂ ਸਬ-ਡਿਵੀਜ਼ਨਲ ਹਸਪਤਾਲ ਵਿੱਚ ਅਪਗ੍ਰੇਡ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਹਸਪਤਾਲ ਵਿੱਚ ਮਾਹਿਰ ਡਾਕਟਰਾਂ ਦੀ ਗਿਣਤੀ ਪੰਜ ਤੋਂ ਵਧਾ ਕੇ 10 ਕਰ ਦਿੱਤੀ ਗਈ ਹੈ ਤਾਂ ਜੋ ਲੋਕ ਮਾਹਿਰ ਡਾਕਟਰਾਂ ਤੋਂ ਇਲਾਜ ਕਰਵਾ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਇਸ ਹਸਪਤਾਲ ਵਿੱਚ ਸਿਰਫ਼ ਦੋ ਮੈਡੀਕਲ ਅਫ਼ਸਰ (ਜਨਰਲ) ਹੁੰਦੇ ਸਨ, ਪਰ ਹੁਣ ਇੱਥੇ ਚਾਰ ਮੈਡੀਕਲ ਅਫ਼ਸਰ (ਜਨਰਲ) ਹੋਣਗੇ।ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਹਸਪਤਾਲ ਵਿੱਚ ਸਿਰਫ਼ ਇਕ ਅਪਰੇਸ਼ਨ ਥੀਏਟਰ ਸੀ।ਪਰ ਹੁਣ ਇਕ ਹੋਰ ਅਪਰੇਸ਼ਨ ਥੀਏਟਰ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜ ਆਮ ਆਦਮੀ ਕਲੀਨਿਕ ਅਤੇ 20 ਆਯੁਸ਼ਮਾਨ ਅਰੋਗਿਆ ਕੇਂਦਰ ਚਮਕੌਰ ਸਾਹਿਬ ਹਸਪਤਾਲ ਨਾਲ ਜੁੜੇ ਹੋਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਸਟੈਮ ਮੋਬਾਈਲ ਬੱਸ ਨੂੰ ਵੀ ਹਰੀ ਝੰਡੀ ਦਿਖਾਈ ਗਈ, ਜੋ ਸਕੂਲਾਂ ਵਿੱਚ ਜਾਵੇਗੀ ਅਤੇ ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ ਵਿੱਚ ਵਿਦਿਆਰਥੀਆਂ ਦੇ ਸੰਕਲਪਾਂ ਨੂੰ ਸਪੱਸ਼ਟ ਕਰਨ ਵਿੱਚ ਮਦਦ ਕਰੇਗੀ।ਮੁੱਖ ਮੰਤਰੀ ਨੇ ਕਿਹਾ ਕਿ ਆਧੁਨਿਕ ਸਹੂਲਤਾਂ ਨਾਲ ਲੈਸ ਇਹ ਬੱਸ ਬੱਚਿਆਂ ਦੀ ਸਿੱਖਣ ਵਿੱਚ ਦਿਲਚਸਪੀ ਵਧਾਏਗੀ ਅਤੇ ਛੇਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀ ਵਿਗਿਆਨ ਅਤੇ ਗਣਿਤ ਬਾਰੇ ਵਿਚਾਰ-ਵਟਾਂਦਰਾ ਸੈਸ਼ਨਾਂ ਵਿੱਚ ਆਪਣੀ ਕਾਬਲੀਅਤ ਸਾਬਤ ਕਰਨਗੇ। ਉਨ੍ਹਾਂ ਕਿਹਾ ਕਿ ਇਸ ਰਾਹੀਂ ਵਿਦਿਆਰਥੀ ਪ੍ਰਯੋਗ ਵੀ ਕਰ ਸਕਣਗੇ, ਜਿਸ ਨਾਲ ਉਨ੍ਹਾਂ ਵਿੱਚ ਜਗਿਆਸਾ ਪੈਦਾ ਹੋਵੇਗੀ। ਭਗਵੰਤ ਸਿੰਘ ਮਾਨ ਨੇ ਸਟੇਡੀਅਮ ਵਿੱਚ ਉਭਰਦੇ ਖਿਡਾਰੀਆਂ ਨੂੰ ਖੇਡ ਕਿੱਟਾਂ ਵੀ ਵੰਡੀਆਂ। ਉਨ੍ਹਾਂ ਮੋਰਿੰਡਾ ਦੇ ਕਮਿਊਨਿਟੀ ਹੈਲਥ ਸੈਂਟਰ ਦੇ ਨਵੀਨੀਕਰਨ ਦੀ ਵੀ ਸ਼ੁਰੂਆਤ ਕੀਤੀ।ਇਸ ਮੌਕੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਤੇ ਹੋਰ ਵੀ ਹਾਜ਼ਰ ਸਨ।

## ਏ. ਆਈ. ਵੀਡੀਓ ਵੀ ਸੋਸ਼ਲ ਮੀਡੀਆ 'ਤੇ

ਸਕਦਾ।ਉਨ੍ਹਾਂ ਕਿਹਾ ਕਿ ਇਕ ਜਥੇਦਾਰ ਦੀ ਪਦਵੀ ਪ੍ਰਧਾਨਗੀ ਦੀ ਪਦਵੀ ਨਾਲੋਂ ਬਹੁਤ ਵੱਡੀ ਹੈ। ਜਿਸ ਨੂੰ ਮਾਨਤਾ ਦਿੰਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਨੂੰ ਇਹ ਕਦਮ ਨਹੀਂ ਚੁੱਕਣਾ ਚਾਹੀਦਾ ਸੀ। ਇੱਥੇ ਦੱਸ ਦੇਈਏ ਕਿ ਗਿਆਨੀ ਹਰਪ੍ਰੀਤ ਸਿੰਘ ਸ਼੍ਰੋਮਣੀ ਅਕਾਲੀ ਦਲ (ਬਾਗੀ) ਦੇ ਪ੍ਰਧਾਨ ਨਵੇਂ ਪ੍ਰਧਾਨ ਬਣੇ ਹਨ।ਇਸ ਦੇ ਨਾਲ ਹੀ ਗਿਆਨੀ ਰਘਬੀਰ ਸਿੰਘ ਨੇ ਲਾਲ ਕਿਲ੍ਹੇ 'ਤੇ ਹੋ ਰਹੇ ਸਮਾਗਮ 'ਚ ਵਿਸ਼ੇਸ਼ ਸੱਦੇ 'ਤੇ ਗਏ ਅੰਮ੍ਰਿਤਧਾਰੀ ਗੁਰਸਿੱਖ ਸਰਪੰਚ ਗੁਰਧਿਆਨ ਸਿੰਘ ਨੂੰ ਕਿਰਪਾਨ ਕਾਰਨ ਦਾਖਲ ਹੋਣ ਤੋਂ ਰੋਕਣ 'ਤੇ ਵੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਅਫਸੋਸ ਦੀ ਗੱਲ ਹੈ ਕਿ ਆਜ਼ਾਦੀ ਤੋਂ ਬਾਅਦ ਵੀ ਸਿੱਖਾਂ ਨਾਲ ਅਜਿਹਾ ਵਿਤਕਰਾ ਹੋ ਰਿਹਾ ਹੈ। ਉਨ੍ਹਾਂ ਨੂੰ ਲਾਲ ਕਿਲ੍ਹੇ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਉਨ੍ਹਾਂ ਨੇ ਕਿਰਪਾਨ ਪਹਿਨੀ ਹੋਈ ਸੀ, ਜੋ ਕਿ ਸਾਡਾ ਧਾਰਮਿਕ ਚਿੰਨ੍ਹ ਹੈ। ਅਸੀਂ ਹਮੇਸ਼ਾ ਕਹਿੰਦੇ ਰਹੇ ਹਾਂ ਕਿ ਸਿੱਖਾਂ ਨਾਲ ਇਹ ਵਿਤਕਰਾ ਆਜ਼ਾਦੀ ਤੋਂ ਬਾਅਦ ਵੀ ਜਾਰੀ ਹੈ।ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਗੁਰੂਆਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਬਾਰੇ ਸੋਸ਼ਲ ਮੀਡੀਆ 'ਤੇ ਵੱਡੀ ਗਿਣਤੀ ਵਿੱਚ ਏ. ਆਈ. ਵੀਡੀਓ ਅਤੇ ਫੋਟੋਆਂ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ। ਹਾਲ ਹੀ ਵਿੱਚ ਇਕ ਏ.ਆਈ. ਵੀਡੀਓ ਵੀ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਕੀਤੀ ਗਈ ਸੀ, ਜਿਸ ਵਿੱਚ ਹਰਿਮੰਦਰ ਸਾਹਿਬ ਨੂੰ ਢਾਹਿਆ ਦਿਖਾਇਆ ਗਿਆ ਸੀ, ਜੋ ਕਿ ਬਹੁਤ ਮੰਦਭਾਗਾ ਹੈ। ਇਸ ਲਈ, ਅਸੀਂ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਨੂੰ ਇੱਕ ਸ਼ਿਕਾਇਤ ਵੀ ਦਰਜ ਕਰਵਾਈ ਹੈ, ਜਿਸ ਵਿੱਚ ਅਜਿਹੇ ਏ. ਆਈ ਵੀਡੀਓ ਬਣਾਉਣ ਵਾਲਿਆਂ ਵਿਰੁੱਧ ਢੁਕਵੀਂ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਅੱਗੇ ਬੋਲਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੁਆਰਾ ਸਿਰ ਢੱਕਣ ਲਈ ਰੁਮਾਲ, ਹਰਿਮੰਦਰ ਸਾਹਿਬ ਦੇ ਸਾਰੇ ਦਰਵਾਜ਼ਿਆਂ 'ਤੇ ਉਪਲੱਬਧ ਕਰਵਾਏ ਗਏ ਹਨ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਖੰਡੇ ਦੇ ਚਿੰਨ੍ਹ ਵਾਲੇ ਰੁਮਾਲ ਨਾ ਬਣਾਉਣ ਕਿਉਂਕਿ ਮੱਥਾ ਟੇਕਣ ਤੋਂ ਬਾਅਦ ਲੋਕ ਅਕਸਰ ਇਨ੍ਹਾਂ ਰੁਮਾਲਾਂ ਨੂੰ ਸੜਕਾਂ 'ਤੇ ਸੁੱਟ ਦਿੰਦੇ ਹਨ, ਜੋ ਸਿੱਖ ਧਾਰਮਿਕ ਚਿੰਨ੍ਹ ਦਾ ਨਿਰਾਦਰ ਕਰਦਾ ਹੈ।

## 'ਮੈਂ ਕੋਈ ਰੇਹੜੀ, ਫੜ੍ਹੀ, ਹੋਟਲ ਜਾਂ ਰੇਤਾ

ਡਾ. ਰਤਨ ਸਿੰਘ ਅਜਨਾਲਾ ਨੇ ਸਨਮਾਨਿਤ ਵੀ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਡਾ. ਰਤਨ ਸਿੰਘ ਅਜਨਾਲਾ ਨੇ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਬੜਾ ਸਹਿਯੋਗ ਦਿੱਤਾ ਹੈ। 200 ਦੇ ਕਰੀਬ ਪਰਚੀਆਂ ਭਰੀਆਂ ਅਤੇ 2 ਹਜਾਰ ਦੇ ਕਰੀਬ ਮੈਂਬਰ ਬਣਾਏ ਹਨ। ਪਾਰਟੀ ਲਈ ਜੋ ਕੰਮ ਕੀਤਾ ਅਸੀਂ ਦਿਲ ਦੀਆਂ ਗਹਿਰਾਈਆਂ ਵਿੱਚੋਂ ਇਹਨਾਂ ਦਾ ਧੰਨਵਾਦ ਕਰਨ ਲਈ ਇਹਨਾਂ ਦੇ ਗ੍ਰਹਿ ਵਿਖੇ ਪਹੁੰਚੇ ਹਾਂ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੱਲੋਂ ਗੁਰੂ ਦੀ ਸੇਵਾ ਛੱਡ ਕੇ ਰਾਜਨੀਤੀ ਵਿਚ ਸ਼ਾਮਲ ਹੋਣ 'ਤੇ ਉਨ੍ਹਾਂ ਕਿਹਾ ਕਿ ਉਹਨਾਂ ਦਾ ਕਹਿਣਾ ਬਿਲਕੁਲ ਸਹੀ ਹੈ ਗੁਰੂ ਦੀ ਸੇਵਾ ਬਹੁਤ ਵੱਡੀ ਹੁੰਦੀ ਹੈ। ਵਿਅਕਤੀ ਦੀ ਸੇਵਾ ਵੱਡੀ ਨਹੀਂ ਹੁੰਦੀ, ਜੇ ਵਿਅਕਤੀ ਦੀ ਸੇਵਾ ਨੂੰ ਮੈਂ ਤਰਜੀਹ ਦਿੰਦਾ 'ਤੇ ਸ਼ਾਇਦ ਜਥੇਦਾਰੀ ਦੀ ਸੇਵਾ ਮੈਂ ਅੱਜ ਵੀ ਕਰਦਾ ਹੁੰਦਾ। ਮੈਂ ਕੋਈ ਗੁਰੂ ਦੀ ਸੇਵਾ ਛੱਡ ਕੇ ਹੋਟਲ, ਰੇਹੜੀ, ਫੜ੍ਹੀ ਜਾਂ ਰੇਤਾ ਬਜਰੀ ਦਾ ਕਾਰੋਬਾਰ ਸ਼ੁਰੂ ਨਹੀਂ ਕਰ ਲਿਆ, ਪੰਥ ਦੀ ਸੇਵਾ ਉੱਥੇ ਕਰਦੇ ਸੀ ਅਤੇ ਪੰਥ ਦੀ ਸੇਵਾ ਕੌਮ ਦੀ ਸੇਵਾ ਇੱਥੇ ਕਰਨੀ ਹੈ। ਮੈਂ ਨਾ ਕੋਈ ਮੈਂਬਰ, ਐਮਸੀ, ਪੰਚਾਇਤ ਮੈਂਬਰ ਬਣਨਾ ਜਾਂ ਮੁੱਖ ਮੰਤਰੀ ਬਣਨਾ ਸੇਵਾ ਕਰਨੀ ਹੈ ਜਿੰਨੀ ਅਕਾਲ ਪੁਰਖ ਨੇ ਸੇਵਾ ਲਿਖੀ ਉਹ ਕਰਨੀ ਹੈ। ਏਆਈ ਤਕਨੀਕ ਨਾਲ ਹੋ ਰਹੀ ਗਲਤ ਵਰਤੋਂ 'ਤੇ ਉਨ੍ਹਾਂ ਕਿਹਾ ਕਿ ਭਵਿੱਖ ਵਿਚ ਇਹ ਸਾਡੇ ਸਮਾਜਿਕ ਤਾਣੇ-ਬਾਣੇ, ਰਿਸ਼ਤਿਆਂ ਲਈ ਬਹੁਤ ਖਤਰਨਾਕ ਹੈ। ਜਿਸ ਕਿਸਮ ਦੀ ਏਆਈ ਦੀ ਵਰਤੋਂ ਗਲਤ ਅਨਸਰ ਗਲਤ ਢੰਗ ਨਾਲ ਕਰ ਰਹੇ ਹਨ, ਇਹ ਭਾਈਚਾਰਿਆਂ ਵਿੱਚ ਕੁੜੱਤਣ ਪੈਦਾ ਕਰੇਗੀ, ਫਿਰਕੂ ਸੋਚ ਪੈਦਾ ਕਰੇਗੀ। ਇਸ 'ਤੇ ਰੋਕ ਲਗਾਉਂਣ ਲਈ ਸਰਕਾਰਾਂ ਨੂੰ ਨਵੇਂ ਢੰਗ ਦੇ ਨਵੇਂ ਕਾਨੂੰਨ ਬਣਾਉਂਣੇ ਚਾਹੀਦੇ ਹਨ। ਪਰ ਹੈਰਾਨੀ ਹੈ ਕਿ ਇਸ ਤਰ੍ਹਾਂ ਦਾ ਕੋਈ ਵੀ ਕਾਨੂੰਨ ਭਾਰਤ ਸਰਕਾਰ ਜਾਂ ਸਟੇਟ ਸਰਕਾਰਾਂ ਨਹੀਂ ਲੈ ਕੇ ਆ ਰਹੀਆਂ। ਸਰਕਾਰ ਨੂੰ ਇਸ ਮਾਮਲੇ 'ਚ ਸਖ਼ਤ ਤੋਂ ਸਖ਼ਤ ਕਾਨੂੰਨ ਪਹਿਲਾਂ ਬਣਾਉਂਣੇ ਚਾਹੀਦੇ ਹਨ, ਫਿਰ ਉਹਨਾਂ ਕਾਨੂੰਨਾਂ ਤਹਿਤ ਇਹਨਾਂ 'ਤੇ ਕਾਰਵਾਈ ਕਰਨੀ ਚਾਹੀਦੀ ਹੈ। ਤਰਨ ਤਾਰਨ ਜ਼ਿਮਨੀ ਚੋਣ ਬਾਰੇ ਉਨ੍ਹਾਂ ਕਿਹਾ ਕਿ ਪਹਿਲਾਂ ਪਾਰਟੀ ਤਾਂ ਢਾਂਚਾ ਬਣ ਜਾਵੇ, ਪਾਰਟੀ ਪਲੇਟਫਾਰਮ 'ਤੇ ਫੈਂਸਲਾ ਹੋਵੇਗਾ, ਉਹ ਕੰਮ ਨਹੀਂ ਹੋਵੇਗਾ ਕਿ ਪ੍ਰਧਾਨ ਨੇ ਫੈਂਸਲਾ ਕਰ ਦਿੱਤਾ 'ਤੇ ਪਾਰਟੀ ਨੇ ਸਿਰ ਝੁਕਾ ਕੇ ਮੰਨ ਲਿਆ। ਉਨ੍ਹਾਂ ਕਿਹਾ ਕਿ ਪਾਰਟੀ ਦੀ ਮਜਬੂਤੀ ਲਈ ਘਰ-ਘਰ ਜਾਵਾਂਗੇ ਜਿਹੜੇ ਪਰਿਵਾਰਾਂ ਨੂੰ ਅਣਗੌਲਿਆ ਕਰਕੇ ਘਰ ਬਿਠਾ ਦਿੱਤਾ। ਜਿਨ੍ਹਾਂ ਦੇ ਪੁਰਖਿਆਂ ਨੇ ਕੁਰਬਾਨੀਆਂ ਦਿੱਤੀ, ਆਪਣੀਆਂ ਜ਼ਮੀਨਾਂ ਕੁਰਕ ਕਰਵਾਈਆਂ, ਜੇਲਾਂ ਵਿਚ ਬੰਦ ਹੋਏ ਤੇ ਅਕਾਲੀ ਦਲ ਨੂੰ ਖੜ੍ਹਾ ਕੀਤਾ ਉਹ ਪਰਿਵਾਰ ਅਕਾਲੀ ਦਲ 'ਚੋਂ ਮੱਖਣ 'ਚੋਂ ਵਾਲ ਵਾਂਗ ਬਾਹਰ ਕੱਢ ਦਿੱਤੇ,ਉਹਨਾਂ ਪਰਿਵਾਰਾਂ ਨੂੰ ਵੀ ਨਾਲ ਜੋੜਾਂਗੇ, ਵਿਸ਼ਵ ਭਰ ਦੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਾਂਗੇ।

## ਜਦੋਂ ਵੀ ਭਾਰਤੀ ਪ੍ਰੰਪਰਾ 'ਚ ਮੰਥਨ

ਉਦਘਾਟਨ ਕੀਤਾ। ਇਸ ਦੇ ਨਾਲ ਹੀ, ਵਿਦਿਆਰਥੀਆਂ ਨੂੰ ਸਮਾਰਟ ਟੈਬਲੇਟ ਵੰਡੇ ਗਏ। ਇਸ ਤੋਂ ਇਲਾਵਾ, 75 ਮੋਬਾਈਲ ਫੋਰੈਂਸਿਕ ਵੈਨਾਂ ਨੂੰ ਹਰੀ ਝੰਡੀ ਦਿਖਾਈ ਗਈ।

ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ ਕਿ ਭਾਰਤੀ ਸੱਭਿਆਚਾਰ ਨੇ ਹਮੇਸ਼ਾ ਗਿਆਨ ਲਈ ਸਾਰੇ ਰਸਤੇ ਖੋਲ੍ਹਣ ਦਾ ਸਮਰਥਨ ਕੀਤਾ ਹੈ। ਭਾਰਤੀ ਸੱਭਿਆਚਾਰ ਦਾ ਮੰਨਣਾ ਹੈ ਕਿ ਸਮੇਂ ਦੇ ਨਾਲ ਆਪਣੇ ਆਪ ਨੂੰ ਵਿਕਸਤ ਕਰਨਾ ਅਤੇ ਤਿਆਰ ਕਰਨਾ ਜ਼ਰੂਰੀ ਹੈ। ਸਾਲ 2017 ਤੋਂ ਪਹਿਲਾਂ, ਅਪਰਾਧੀਆਂ ਨੂੰ ਫੜਨ ਵਿੱਚ ਕਈ ਸਾਲ ਲੱਗਦੇ ਸਨ, ਪਰ ਹੁਣ ਅਪਰਾਧੀ 24 ਤੋਂ 48 ਘੰਟਿਆਂ ਦੇ ਅੰਦਰ ਫੜੇ ਜਾਂਦੇ ਹਨ। ਇਸ ਬਦਲਾਅ ਦਾ ਮੁੱਖ ਕਾਰਨ ਤਕਨਾਲੋਜੀ ਅਤੇ ਫੋਰੈਂਸਿਕ ਗਿਆਨ ਦੀ ਬਿਹਤਰ ਵਰਤੋਂ ਹੈ। ਸੀਐਮ ਯੋਗੀ ਨੇ ਕਿਹਾ ਕਿ ਸਾਲ 2017 ਤੋਂ ਪਹਿਲਾਂ, ਰਾਜ ਵਿੱਚ ਸਿਰਫ਼ ਚਾਰ ਫੋਰੈਂਸਿਕ ਲੈਬ ਸਨ, ਜਿਨ੍ਹਾਂ ਦੀ ਹਾਲਤ ਵੀ ਚੰਗੀ ਨਹੀਂ ਸੀ। ਇਸ ਵੇਲੇ, ਹੁਣ ਤੱਕ 12 ਨਵੀਆਂ ਲੈਬਾਂ ਤਿਆਰ ਕੀਤੀਆਂ ਗਈਆਂ ਹਨ ਅਤੇ ਛੇ ਹੋਰ ਨਿਰਮਾਣ ਅਧੀਨ ਹਨ। 75 ਜ਼ਿਲ੍ਹਿਆਂ ਵਿੱਚ ਫੋਰੈਂਸਿਕ ਸਬੂਤ ਇਕੱਠੇ ਕਰਨ ਲਈ ਮੋਬਾਈਲ ਫੋਰੈਂਸਿਕ ਯੂਨਿਟ ਉਪਲਬਧ ਕਰਵਾਏ ਜਾ ਰਹੇ ਹਨ। ਰਾਜ ਵਿੱਚ ਸਾਈਬਰ ਅਪਰਾਧਾਂ ਨਾਲ ਨਜਿੱਠਣ ਲਈ ਸਾਰੇ 75 ਜ਼ਿਲ੍ਹਿਆਂ ਵਿੱਚ ਸਾਈਬਰ ਪੁਲਿਸ ਸਟੇਸ਼ਨ ਸਥਾਪਤ ਕੀਤੇ ਗਏ ਹਨ, ਅਤੇ 1587 ਥਾਣਿਆਂ ਵਿੱਚ ਸਾਈਬਰ ਹੈਲਪ ਡੈਸਕ ਵੀ ਸਥਾਪਤ ਕੀਤੇ ਗਏ ਹਨ। ਇੱਥੇ ਮਾਸਟਰ ਟ੍ਰੇਨਰਾਂ ਰਾਹੀਂ ਇਨ੍ਹਾਂ ਮਾਮਲਿਆਂ ਦਾ ਹੱਲ ਕੀਤਾ ਜਾ ਰਿਹਾ ਹੈ। ਰਾਜ ਨੂੰ ਜਲਦੀ ਹੀ ਇੱਕ ਸਾਈਬਰ ਹੈੱਡਕੁਆਰਟਰ ਮਿਲੇਗਾ, ਯੂਪੀ ਪੁਲਿਸ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ ਕਿ ਸਾਲ 2017 ਤੋਂ ਰਾਜ ਵਿੱਚ ਹਰ ਅਪਰਾਧ ਵਿੱਚ ਫੋਰੈਂਸਿਕ ਸਬੂਤ ਲਾਜ਼ਮੀ ਕਰ ਦਿੱਤੇ ਗਏ ਹਨ। ਜੁਲਾਈ 2024 ਤੋਂ, 7 ਸਾਲ ਤੋਂ ਵੱਧ ਉਮਰ ਦੇ ਸਾਰੇ ਅਪਰਾਧਾਂ ਵਿੱਚ ਫੋਰੈਂਸਿਕ ਸਬੂਤ ਪ੍ਰਾਪਤ ਕਰਨਾ ਲਾਜ਼ਮੀ ਹੈ। ਇਸ ਦੇ ਨਾਲ ਹੀ, ਯੂਪੀ ਪੁਲਿਸ ਨੇ ਸਾਈਬਰ ਅਪਰਾਧਾਂ ਲਈ ਸਖ਼ਤ ਕਦਮ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਾਈਬਰ ਅਪਰਾਧ ਨੂੰ ਰੋਕਣ ਲਈ ਸਾਈਬਰ ਹੈੱਡਕੁਆਰਟਰ ਦੀ ਸਥਾਪਨਾ ਵੱਲ ਕਦਮ ਚੁੱਕੇ ਗਏ ਹਨ। ਮਹਾਂਕੁੰਭ ਦੇ ਆਯੋਜਨ ਵਿੱਚ ਤਕਨਾਲੋਜੀ ਦੀ ਵੀ ਬਹੁਤ ਵਧੀਆ ਵਰਤੋਂ ਕੀਤੀ ਗਈ, ਜਿਸਦੀ ਸਫਲਤਾ ਨੇ ਇਸਨੂੰ ਇੱਕ ਨਵੀਂ ਉਚਾਈ 'ਤੇ ਪਹੁੰਚਾਇਆ। ਉਨ੍ਹਾਂ ਕਿਹਾ ਕਿ ਹੁਣ ਉੱਤਰ ਪ੍ਰਦੇਸ਼ ਪੁਲਿਸ ਨੇ ਆਪਣੀ ਕਾਰਜਸ਼ੈਲੀ ਵਿੱਚ ਸੁਧਾਰ ਕੀਤਾ ਹੈ ਅਤੇ ਕਿਸੇ ਵੀ ਅਪਰਾਧੀ ਨੂੰ ਕਾਨੂੰਨ ਤੋਂ ਬਚਣ ਦਾ ਕੋਈ ਮੌਕਾ ਨਹੀਂ ਮਿਲਦਾ। ਇਹ ਪੁਲਿਸ ਫੋਰਸ ਦੀ ਸਖ਼ਤ ਮਿਹਨਤ ਅਤੇ ਸਮਾਰਟ ਤਕਨੀਕੀ ਉਪਾਵਾਂ ਦਾ ਨਤੀਜਾ ਹੈ। ਮੁੱਖ ਮੰਤਰੀ ਨੇ ਉੱਤਰ ਪ੍ਰਦੇਸ਼ ਪੁਲਿਸ ਫੋਰਸ ਨੂੰ ਆਧੁਨਿਕ ਤਕਨਾਲੋਜੀਆਂ ਨਾਲ ਆਪਣੇ ਆਪ ਨੂੰ ਅਪਡੇਟ ਕਰਨ ਲਈ ਉਤਸ਼ਾਹਿਤ ਕੀਤਾ, ਤਾਂ ਜੋ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸੁਰੱਖਿਅਤ ਅਤੇ ਤਕਨੀਕੀ ਤੌਰ 'ਤੇ ਸਮਰੱਥ ਸਮਾਜ ਸਿਰਜ ਸਕਣ। ਸਰਕਾਰ ਦਾ ਇਹ ਯਤਨ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਯੂਪੀ ਪੁਲਿਸ ਦੀ ਫੋਰਸ ਨੂੰ ਆਧੁਨਿਕ ਬਣਾਇਆ ਜਾਵੇ, ਜੋ ਲਗਾਤਾਰ ਜਾਰੀ ਰਹੇਗਾ। ਇਸ ਦੇ ਨਾਲ ਹੀ, ਉੱਤਰ ਪ੍ਰਦੇਸ਼ ਪੁਲਿਸ ਨੂੰ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਪਵੇਗਾ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮਾਣ ਨਾਲ ਯਾਦ ਕਰ ਸਕਣ। ਉਨ੍ਹਾਂ ਕਿਹਾ ਕਿ ਇਹ ਸੈਮੀਨਾਰ ਸਮਾਜ ਨੂੰ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਲਈ ਤਿਆਰ ਕਰੇਗਾ ਅਤੇ ਭਵਿੱਖ ਵਿੱਚ ਉੱਤਰ ਪ੍ਰਦੇਸ਼ ਪੁਲਿਸ ਨੂੰ ਹੋਰ ਵੀ ਬਿਹਤਰ ਬਣਾਏਗਾ।

ਇਸ ਮੌਕੇ ਡੀਜੀਪੀ ਰਾਜੀਵ ਕ੍ਰਿਸ਼ਨਾ, ਪ੍ਰਮੁੱਖ ਸਕੱਤਰ ਗ੍ਰਹਿ ਸੰਜੇ ਪ੍ਰਸਾਦ, ਪ੍ਰਮੁੱਖ ਸਕੱਤਰ ਆਈਟੀ ਅਤੇ ਇਲੈਕਟ੍ਰਾਨਿਕਸ ਅਨੁਰਾਗ ਯਾਦਵ, ਭਾਰਤ ਸਰਕਾਰ ਦੇ ਵਧੀਕ ਸਕੱਤਰ ਆਈਟੀ ਅਭਿਸ਼ੇਕ ਸਿੰਘ, ਏਡੀਜੀ ਟੈਕਨੀਕਲ ਨਵੀਨ ਅਰੋੜਾ, ਉੱਤਰ ਪ੍ਰਦੇਸ਼ ਸਟੇਟ ਇੰਸਟੀਚਿਊਟ ਆਫ਼ ਫੋਰੈਂਸਿਕ ਸਾਇੰਸਜ਼ ਦੇ ਡਾਇਰੈਕਟਰ ਜੀਕੇ ਗੋਸਵਾਮੀ ਆਦਿ ਮੌਜੂਦ ਸਨ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਪੰਜਾਬ ਸਰਕਾਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਵੱਡੇ ਪੱਧਰ 'ਤੇ ਮਨਾਏਗੀ : ਸੌਂਦ

ਚੰਡੀਗੜ੍ਹ, 18 ਅਗਸਤ (ਚ.ਨ.ਸ.): ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਪੰਜਾਬ ਭਰ ਵਿੱਚ ਵੱਡੇ ਪੱਧਰ 'ਤੇ ਮਨਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਯਾਦਗਾਰੀ ਸਮਾਗਮ ਕਰਕੇ ਮਨਾਉਣ ਦੇ ਲਏ ਅਹਿਮ ਫੈਸਲੇ ਤਹਿਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਬਕਾਲਾ ਅਤੇ ਪਟਿਆਲਾ ਵਿਖੇ ਪ੍ਰਸ਼ਾਸ਼ਨਿਕ ਅਤੇ ਹੋਰ ਅਹਿਮ ਸਖਸ਼ੀਅਤਾਂ ਨਾਲ ਮੀਟਿੰਗਾਂ ਮੁਕੰਮਲ ਕਰ ਲਈਆਂ ਹਨ।



ਜ਼ਿਕਰਯੋਗ ਹੈ ਕਿ ਇਨ੍ਹਾਂ ਸਮਾਗਮਾਂ ਦੀ ਯੋਜਨਾਬੰਦੀ ਅਤੇ ਪ੍ਰਬੰਧਾਂ ਲਈ ਪੰਜਾਬ ਸਰਕਾਰ ਨੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਨੂੰ ਨੋਡਲ ਵਿਭਾਗ ਵਜੋਂ ਨਾਮਜ਼ਦ ਕੀਤਾ ਹੈ। ਤਰੁਨਪ੍ਰੀਤ ਸਿੰਘ ਸੌਂਦ ਤੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਸਬੰਧਤ ਜ਼ਿਲ੍ਹਿਆਂ ਦੇ ਵਿਧਾਇਕਾਂ, ਅਧਿਕਾਰੀਆਂ, ਕੌਂਸਲਰਾਂ, ਵਪਾਰਕ ਪ੍ਰਤੀਨਿਧੀਆਂ ਅਤੇ ਹੋਰ ਪਤਵੰਤਿਆਂ ਨਾਲ ਅਹਿਮ ਬੈਠਕਾਂ ਕੀਤੀਆਂ ਹਨ। ਸੌਂਦ ਨੇ ਦੱਸਿਆ ਕਿ 350ਵਾਂ ਸ਼ਹੀਦੀ ਦਿਹਾੜਾ 19 ਨਵੰਬਰ ਤੋਂ 25 ਨਵੰਬਰ 2025 ਤੱਕ ਰਾਜ ਪੱਧਰੀ ਸਮਾਗਮ ਕਰਵਾ ਕੇ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ 'ਚ 135 ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਪ੍ਰਾਪਤ ਹਨ, ਜਿਨ੍ਹਾਂ 'ਚੋਂ ਸਭ ਤੋਂ ਵਧੇਰੇ 35 ਅਸਥਾਨ ਪਟਿਆਲਾ ਜ਼ਿਲ੍ਹੇ ਅੰਦਰ ਸਥਿਤ ਹਨ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਵਰਗੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਨਹੀਂ ਮਿਲਦੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਵੱਡੇ ਪ੍ਰੋਗਰਾਮ ਉਲੀਕ ਰਹੀ ਹੈ।

ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿਚਲੇ ਗੁਰੂ ਸਾਹਿਬ ਨਾਲ ਸਬੰਧਤ ਸਾਰੇ ਪਵਿੱਤਰ ਅਸਥਾਨਾਂ ਵਿਖੇ ਰਾਜ ਪੱਧਰੀ ਸਮਾਗਮ ਕਰਵਾਉਣ ਤੋਂ ਇਲਾਵਾ ਇਨ੍ਹਾਂ ਪਿੰਡਾਂ ਤੇ ਸ਼ਹਿਰਾਂ ਦਾ ਵਿਕਾਸ ਵੀ ਵੱਡੇ ਪੱਧਰ 'ਤੇ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਚਾਰ ਸਥਾਨਾਂ ਤੋਂ ਯਾਤਰਾਵਾਂ ਸ੍ਰੀ ਆਨੰਦਪੁਰ ਸਾਹਿਬ ਪੁੱਜਣਗੀਆਂ, ਜੋ ਸੂਬੇ ਦੇ ਲਗਭਗ ਸਾਰੇ ਜ਼ਿਲਿ੍ਆਂ ਅਤੇ ਪ੍ਰਮੁੱਖ ਸ਼ਹਿਰਾਂ ਤੋਂ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੀਆਂ।

**- ਸਮਾਗਮਾਂ ਦੀ ਯੋਜਨਾਬੰਦੀ ਅਤੇ ਪ੍ਰਬੰਧਾਂ ਲਈ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਨੂੰ ਨੋਡਲ ਵਿਭਾਗ ਵਜੋਂ ਕੀਤਾ ਗਿਐ ਨਾਮਜ਼ਦ**
**- ਸੌਂਦ ਨੇ ਸਮਾਗਮਾਂ ਦੀ ਕਾਮਯਾਬੀ ਲਈ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਬਕਾਲਾ ਤੇ ਪਟਿਆਲਾ ਵਿਖੇ ਮੀਟਿੰਗਾਂ ਕੀਤੀਆਂ**

ਉਨ੍ਹਾਂ ਦੱਸਿਆ ਕਿ ਵਿਰਾਸਤ-ਏ-ਖਾਲਸਾ ਵਿਖੇ 23 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ, ਜਿਸ ਵਿਚ ਦੇਸ਼ ਵਿਦੇਸ਼ ਤੋਂ ਪ੍ਰਮੁੱਖ ਹਸਤੀਆਂ, ਧਾਰਮਿਕ ਸਖਸ਼ੀਅਤਾਂ ਹਾਜ਼ਰੀ ਲਗਵਾਉਣਗੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਉਣ ਵਾਲੀ ਸੰਗਤ ਦੇ ਰਹਿਣ ਲਈ ਟੈਂਟ ਸਿਟੀ ਅਤੇ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਆਉਣ ਜਾਣ ਵਾਸਤੇ ਈ-ਰਿਕਸ਼ਾ ਦੇ ਪ੍ਰਬੰਧ ਹੋਣਗੇ। ਇਸ ਤੋਂ ਇਲਾਵਾ ਪੰਜਾਬ ਦੇ ਚਾਰ ਵੱਡੇ ਸ਼ਹਿਰਾਂ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਬਕਾਲਾ ਤੇ ਪਟਿਆਲਾ ਨੂੰ ਪੂਰੀ ਤਰ੍ਹਾਂ ਲਾਈਟਾਂ ਨਾਲ ਸਜਾਇਆ ਜਾਵੇਗਾ।

# ਬਜ਼ੁਰਗਾਂ ਦੀ ਇੱਜ਼ਤ ਤੇ ਸੁਰੱਖਿਆ ਸਰਕਾਰ ਦੀ ਪਹਿਲੀ ਤਰਜੀਹ : ਡਾ. ਬਲਜੀਤ ਕੌਰ

## ਸੀਨੀਅਰ ਸਿਟੀਜ਼ਨ ਐਕਟ-2007 ਤਹਿਤ ਮਾਮਲੇ ਦਾ ਤੁਰੰਤ ਤੇ ਇਨਸਾਫ਼ਪੂਰਨ ਨਿਪਟਾਰਾ

ਚੰਡੀਗੜ੍ਹ, 18 ਅਗਸਤ (ਅੰਮ੍ਰਿਤਪਾਲ ਸਿੰਘ): ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਬਜ਼ੁਰਗਾਂ ਦੀ ਭਲਾਈ ਅਤੇ ਸੰਪਤੀ ਦੀ ਰੱਖਿਆ ਲਈ ਮਾਪਿਆਂ ਅਤੇ ਬਜ਼ੁਰਗ ਨਾਗਰਿਕਾਂ ਦੀ ਦੇਖਭਾਲ ਅਤੇ ਭਲਾਈ ਸਬੰਧੀ ਐਕਟ, 2007 ਲਾਗੂ ਕੀਤਾ ਗਿਆ ਹੈ। ਜੇਕਰ ਕੋਈ ਵੀ ਵਿਅਕਤੀ ਬਜ਼ੁਰਗਾਂ ਪ੍ਰਤੀ ਦੁਰਵਿਹਾਰ ਜਾਂ ਮਾਰਕੁਟਾਈ ਕਰਦਾ ਹੈ ਜਾਂ ਬੱਚੇ ਆਪਣੇ ਮਾਤਾ-ਪਿਤਾ ਭਾਵ ਬਜ਼ੁਰਗਾਂ ਦੀ ਜਾਇਦਾਦ ਹੜੱਪਣ ਦੀ ਕੋਸ਼ਿਸ਼ ਕਰਦੇ ਹਨ ਤਾਂ ਅਜਿਹੇ ਦੋਸ਼ੀਆਂ ਖ਼ਿਲਾਫ਼ ਇਸ ਐਕਟ ਤਹਿਤ ਕਾਨੂੰਨੀ ਕਾਰਵਾਈ ਅਤੇ ਸਜ਼ਾ ਦਾ ਉਪਬੰਧ ਹੈ, ਤਾਂ ਜੋ ਬਜ਼ੁਰਗਾਂ ਦਾ ਸਨਮਾਨ ਅਤੇ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਖੰਨਾ ਸ਼ਹਿਰ ਦੇ ਰਹਿਣ ਵਾਲੇ ਸੀਨੀਅਰ ਸਿਟੀਜ਼ਨ ਅਵਿਨਾਸ਼ ਚੰਦਰ ਖੰਨਾ ਵੱਲੋਂ ਆਪਣੇ ਪੁੱਤਰ ਅਤੇ ਨੂੰਹ ਵਿਰੁੱਧ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਨੂੰ ਦਿੱਤੀ ਗਈ ਸ਼ਿਕਾਇਤ ਤੇ ਤੁਰੰਤ ਨੋਟਿਸ ਲੈਂਦਿਆਂ ਅਤੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਤੁਰੰਤ ਵਿਭਾਗੀ ਅਧਿਕਾਰੀਆਂ ਨੂੰ ਕਾਰਵਾਈ ਲਈ ਨਿਰਦੇਸ਼ ਦਿੱਤੇ। ਉਨ੍ਹਾਂ ਦੇ ਹੁਕਮਾਂ ਅਧੀਨ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਤੇ ਉਪ ਮੰਡਲ ਮੈਜਿਸਟ੍ਰੇਟ ਖੰਨਾ ਨੇ ਸਾਂਝੀ ਕੋਸ਼ਿਸ਼ ਨਾਲ ਮਾਮਲੇ ਦਾ ਨਿਪਟਾਰਾ ਕੀਤਾ।



ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਲੁਧਿਆਣਾ ਨੇ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਪੀੜਤ ਪਰਿਵਾਰ ਦੇ ਘਰ ਪਹੁੰਚ ਕੇ ਦੋਹਾਂ ਧਿਰਾਂ ਨੂੰ ਸੁਣਿਆ। ਪੁੱਤਰ ਅਤੇ ਨੂੰਹ ਨੂੰ ਸੀਨੀਅਰ ਸਿਟੀਜ਼ਨ ਐਕਟ 2007 ਦੀਆਂ ਕਾਨੂੰਨੀ ਸ਼ਰਤਾਂ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਨੇ ਆਪਣੀ ਗਲਤੀ ਸਵੀਕਾਰ ਕਰਦੇ ਹੋਏ ਮਾਫ਼ੀ ਮੰਗੀ ਅਤੇ ਭਵਿੱਖ ਵਿੱਚ ਮਾਤਾ-ਪਿਤਾ ਨਾਲ ਸਨਮਾਨ ਪੂਰਵਕ ਵਰਤਾਰਾ ਕਰਨ ਦਾ ਭਰੋਸਾ ਦਿੱਤਾ। ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਬਜ਼ੁਰਗਾਂ ਦੀ ਰੱਖਿਆ ਲਈ ਵਚਨਬੱਧ ਹੈ। ਸਾਡੇ ਬਜ਼ੁਰਗ ਸਾਡਾ ਮਾਣ ਹਨ। ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਕੋਈ ਦੁਰਵਿਵਹਾਰ ਕਰਨ ਵਾਲੇ ਨੂੰ ਕਿਸੇ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ।

ਇਸ ਤਰ੍ਹਾਂ ਮਾਮਲੇ ਦਾ ਤਤਕਾਲ, ਸੰਵੇਦਨਸ਼ੀਲ ਤੇ ਕਾਨੂੰਨੀ ਅਧਾਰ 'ਤੇ ਨਿਪਟਾਰਾ ਕੀਤਾ ਗਿਆ ਜੋ ਕਿ ਬਜ਼ੁਰਗਾਂ ਦੇ ਅਧਿਕਾਰਾਂ ਦੀ ਰਾਖੀ ਵੱਲ ਇਕ ਮਹੱਤਵਪੂਰਨ ਕਦਮ ਹੈ। ਡਾ. ਬਲਜੀਤ ਕੌਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਕੋਈ ਵੀ ਨਾਗਰਿਕ ਬਜ਼ੁਰਗਾਂ ਨਾਲ ਦੁਰਵਿਹਾਰ ਜਾਂ ਉਨ੍ਹਾਂ ਦੀ ਸੰਪਤੀ ਹੜੱਪਣ ਦੀ ਕੋਸ਼ਿਸ਼ ਕਰਦਾ ਹੈ ਤਾਂ ਪੰਜਾਬ ਸਰਕਾਰ ਵੱਲੋਂ ਮਾਪਿਆਂ ਤੇ ਬਜ਼ੁਰਗ ਨਾਗਰਿਕਾਂ ਦੀ ਦੇਖਭਾਲ ਅਤੇ ਭਲਾਈ ਸਬੰਧੀ ਐਕਟ, 2007 ਤਹਿਤ ਬਣਦੀ ਕਾਰਵਾਈ ਯਕੀਨੀ ਤੌਰ 'ਤੇ ਕੀਤੀ

# ਪੰਜਾਬ ਸਰਕਾਰ ਵੱਲੋਂ ਉਦਯੋਗ ਜਗਤ ਨੂੰ ਸਸ਼ਕਤ ਬਣਾਉਣ ਲਈ "ਰਾਈਜ਼ਿੰਗ ਪੰਜਾਬ ਸਜੈਸ਼ਨਜ਼ ਟੂ ਸੌਲੂਸ਼ਨਜ਼" ਲੜੀ ਦੀ ਸ਼ੁਰੂਆਤ

ਚੰਡੀਗੜ੍ਹ, 18 ਅਗਸਤ (ਚ.ਨ.ਸ.): ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਉਦਯੋਗ ਕ੍ਰਾਂਤੀ ਦ੍ਰਿਸ਼ਟੀਕੋਣ ਤਹਿਤ ਰਾਈਜ਼ਿੰਗ ਪੰਜਾਬ-ਸਜੈਸ਼ਨਜ਼ ਟੂ ਸੌਲੂਸ਼ਨਜ਼ "ਥੀਮ ਵਾਲੇ ਸਮਾਗਮਾਂ ਦੀ ਇੱਕ ਵਿਸ਼ੇਸ਼ ਲੜੀ ਦਾ ਐਲਾਨ ਕੀਤਾ। ਇਸ ਪਹਿਲਕਦਮੀ ਦੀ ਅਗਵਾਈ ਉਦਯੋਗ ਤੇ ਵਣਜ-ਕਮ-ਨਿਵੇਸ਼ ਪ੍ਰਮੋਸ਼ਨ ਮੰਤਰੀ ਸੰਜੀਵ ਅਰੋੜਾ ਕਰ ਰਹੇ ਹਨ। ਇਹ ਸਮਾਗਮ ਰਾਜ ਦੀਆਂ ਨਵੀਆਂ ਉਦਯੋਗ-ਅਨੁਕੂਲ ਨੀਤੀਆਂ ਬਾਰੇ ਜਾਗਰੂਕਤਾ ਫੈਲਾਉਣ ਤੇ ਸਰਕਾਰ ਤੇ ਉਦਯੋਗ ਜਗਤ ਦੇ ਆਗੂਆਂ ਵਿਚਕਾਰ ਗੱਲਬਾਤ ਲਈ ਸਿੱਧਾ ਪਲੇਟਫਾਰਮ ਪ੍ਰਦਾਨ ਕਰਨ ਲਈ ਤਿਆਰ ਕੀਤੇ ਗਏ ਹਨ। ਇਸ ਸੰਦਰਭ ਵਿੱਚ, ਉਦਯੋਗ ਕ੍ਰਾਂਤੀ ਅਧੀਨ "ਰਾਈਜ਼ਿੰਗ ਪੰਜਾਬ-ਸਜੈਸ਼ਨਜ਼ ਟੂ ਸੌਲੂਸ਼ਨਜ਼ " ਥੀਮ ਵਾਲਾ ਪਹਿਲਾ ਸਮਾਗਮ 19 ਅਗਸਤ, 2025 ਨੂੰ ਅੰਮ੍ਰਿਤਸਰ ਵਿਖੇ ਆਯੋਜਿਤ ਕੀਤਾ ਜਾਵੇਗਾ।

**ਉਦਯੋਗ ਕ੍ਰਾਂਤੀ ਅਧੀਨ "ਰਾਈਜ਼ਿੰਗ ਪੰਜਾਬ-ਸਜੈਸ਼ਨਜ਼ ਟੂ ਸੌਲੂਸ਼ਨਜ਼ " ਥੀਮ ਵਾਲਾ ਪਹਿਲਾ ਸਮਾਗਮ ਅੱਜ ਅੰਮ੍ਰਿਤਸਰ ਵਿਖੇ**

ਮੁੱਖ ਖੇਤਰ: ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਇਹ ਸਮਾਗਮ ਉਦਯੋਗ ਤੇ ਵਣਜ ਵਿਭਾਗ, ਪੀਐਸਆਈਈਸੀ, ਅਤੇ ਨਿਵੇਸ਼ ਪ੍ਰਮੋਸ਼ਨ ਵਿਭਾਗ ਦੇ ਮੁੱਖ ਸੁਧਾਰਾਂ ਨੂੰ ਉਜਾਗਰ ਕਰਨਗੇ। ਭਾਈਵਾਲਾਂ ਨੂੰ ਕਲੱਬਿੰਗ/ਡੀ-ਕਲੱਬਿੰਗ ਨੀਤੀ, ਪਲਾਟ ਫਰੈਗਮੈਂਟੇਸ਼ਨ ਨੀਤੀ, ਰੱਦ ਕੀਤੇ ਪਲਾਟਾਂ ਦੀ ਬਹਾਲੀ ਸਬੰਧੀ ਨੀਤੀ (ਅਪੀਲੇਟ ਅਥਾਰਟੀ ਰਾਹੀਂ), ਲੀਜ਼ਹੋਲਡ ਟੂ ਫ੍ਰੀਹੋਲਡ ਨੀਤੀ ਤੇ ਬਕਾਇਆਂ ਲਈ ਇੱਕ ਮੁਸ਼ਤ ਨਿਪਟਾਰਾ (ਓਟੀਐਸ) ਸਕੀਮ ਤੋਂ ਕਿਵੇਂ ਲਾਭ ਉਠਾਉਣਾ ਹੈ, ਇਸ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਜਾਵੇਗੀ।

ਇਸ ਪਹਿਲਕਦਮੀ ਬਾਰੇ ਬੋਲਦਿਆਂ ਉਦਯੋਗ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਰਾਈਜ਼ਿੰਗ ਪੰਜਾਬ ਸਿਰਫ ਨੀਤੀਆਂ ਬਾਰੇ ਨਹੀਂ ਹੈ - ਇਹ ਸਾਡੇ ਉਦਯੋਗਾਂ ਦੀ ਆਵਾਜ ਬਣਨ, ਉਨਾਂ ਦੀਆਂ ਜ਼ਰੂਰਤਾਂ ਨੂੰ ਸੁਣਨ ਅਤੇ ਜ਼ਮੀਨੀ ਪੱਧਰ ਤੇ ਉਹਨਾਂ ਦੇ ਅਸਲ ਹੱਲ ਲੱਭਣ ਬਾਰੇ ਹੈ। ਸਾਡਾ ਉਦੇਸ਼ ਪੰਜਾਬ ਨੂੰ ਨਿਵੇਸ਼ਕਾਂ ਅਤੇ ਉੱਦਮੀਆਂ ਲਈ ਮੌਕਿਆਂ ਦਾ ਕੇਂਦਰ ਬਣਾਉਣਾ ਹੈ, ਅਸੀਂ ਪੰਜਾਬ ਵਿੱਚ ਉਦਯੋਗ ਕ੍ਰਾਂਤੀ ਲਿਆ ਰਹੇ ਹਾਂ।

ਪੰਜਾਬ ਦੇ ਵਿਕਾਸ ਨੂੰ ਸਸ਼ਕਤ ਬਣਾਉਣਾ: ਰਾਈਜ਼ਿੰਗ ਪੰਜਾਬ ਸਮਾਗਮ ਪੰਜਾਬ ਦੇ ਉਦਯੋਗਿਕ ਵਾਤਾਵਰਣ ਪ੍ਰਣਾਲੀ ਵਿੱਚ ਕ੍ਰਾਂਤੀ ਲਿਆਉਣ, ਕਾਰੋਬਾਰਾਂ ਵਿੱਚ ਵਿਸਥਾਰ, ਨਵੀਨਤਾ ਅਤੇ ਰੁਜ਼ਗਾਰ ਪੈਦਾ ਕਰਨ ਲਈ ਸਸ਼ਕਤ ਬਣਾਉਣ ਵਿੱਚ ਅਗਲੇਰਾ ਕਦਮ ਹੈ। ਉਨਾਂ ਅੱਗੇ ਕਿਹਾ ਕਿ ਇਸ ਨਾਲ, ਪੰਜਾਬ ਸਰਕਾਰ ਇੱਕ ਪ੍ਰਗਤੀਸ਼ੀਲ, ਨਿਵੇਸ਼-ਅਨੁਕੂਲ ਅਤੇ ਵਿਕਾਸ-ਅਧਾਰਤ ਅਰਥਵਿਵਸਥਾ ਬਣਾਉਣ ਦੇ ਆਪਣੇ ਵਾਅਦੇ ਦੀ ਪੁਸ਼ਟੀ ਕਰਦੀ ਹੈ।

# ਨਾਮੀ ਨਸ਼ਾ ਤਸਕਰ ਸਤਪ੍ਰੀਤ ਸੱਤਾ ਵਿਰੁੱਧ ਬਲੂ ਕਾਰਨਰ ਨੋਟਿਸ ਜਾਰੀ



ਚੰਡੀਗੜ੍ਹ, 18 ਅਗਸਤ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦਰਮਿਆਨ ਕੌਮਾਂਤਰੀ ਨਸ਼ਾ ਗਠਜੋੜ ਨੂੰ ਵੱਡਾ ਝਟਕਾ ਦਿੰਦਿਆਂ ਵਿਸ਼ੇਸ਼ ਜਾਂਚ ਟੀਮ ਦੇ ਸੁਚੱਜੇ ਯਤਨਾਂ ਉਪਰੰਤ ਕੈਨੇਡਾ-ਅਧਾਰਤ ਨਸ਼ਾ ਤਸਕਰ ਸਤਪ੍ਰੀਤ ਸਿੰਘ ਬਿਆੜਾ ਉਰਫ ਸੱਤਾ ਵਿਰੁੱਧ ਬਲੂ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਨਸ਼ਿਆਂ ਦੇ ਵਪਾਰ ਵਿੱਚ ਉਸਦੀ ਸ਼ਮੂਲੀਅਤ ਤੋਂ ਬਾਅਦ ਸਤਪ੍ਰੀਤ ਸਿੰਘ ਉਰਫ ਸੱਤਾ ਵਾਸੀ ਪਿੰਡ ਬੰਗਾ, ਨਵਾਂਸ਼ਹਿਰ ਨੂੰ ਸਾਲ 2021 ਵਿੱਚ ਬਿਕਰਮ ਸਿੰਘ ਮਜੀਠੀਆ ਵਿਰੁੱਧ ਦਰਜ ਐਨਡੀਪੀਐਸ ਐਕਟ ਦੇ ਕੇਸ ਵਿੱਚ ਸਹਿ-ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਸੀ| ਜ਼ਿਕਰਯੋਗ ਹੈ ਕਿ ਇਸ ਸਬੰਧੀ ਕੇਸ ਥਾਣਾ ਪੰਜਾਬ ਸਟੇਟ ਕ੍ਰਾਈਮ, ਐਸਏਐਸ ਨਗਰ ਵਿਖੇ ਐਨਡੀਪੀਐਸ ਐਕਟ ਦੀ ਧਾਰਾ 25, 27ਏ ਅਤੇ 29 ਤਹਿਤ ਐਫਆਈਆਰ ਨੰਬਰ 02 ਮਿਤੀ 20/12/21 ਨੂੰ ਦਰਜ ਕੀਤਾ ਗਿਆ ਸੀ|

ਜਾਂਚ ਵਿੱਚ ਪਾਇਆ ਗਿਆ ਕਿ ਜਦੋਂ ਕੌਮਾਂਤਰੀ ਨਾਮੀ ਭੋਲਾ ਡਰੱਗ ਰੈਕੇਟ ਪੰਜਾਬ ਵਿੱਚ ਸਰਗਰਮ ਸੀ, ਉਸ ਸਮੇਂ ਦੋਸ਼ੀ ਸਤਪ੍ਰੀਤ ਸੱਤਾ 2007 ਤੋਂ 2013 ਦਰਮਿਆਨ ਨਿਯਮਿਤ ਤੌਰ 'ਤੇ ਭਾਰਤ ਆਉਂਦਾ ਰਿਹਾ| ਦੋਸ਼ੀ 6000 ਕਰੋੜ ਰੁਪਏ ਦੇ ਅੰਤਰਰਾਸ਼ਟਰੀ ਡਰੱਗ ਰੈਕੇਟ ਨਾਲ ਜੁੜਿਆ ਹੋਇਆ ਸੀ ਅਤੇ ਉਸ ਸਮੇਂ ਦੇ ਵੱਖ-ਵੱਖ ਸਿਆਸੀ ਵਿਅਕਤੀਆਂ ਨਾਲ ਉਸਦੇ ਨੇੜਲੇ ਸਬੰਧ ਸਨ। ਪੰਜਾਬ ਪੁਲਿਸ ਦੇ ਬੁਲਾਰੇ ਨੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਦੀ ਬੇਨਤੀ ਉਪਰੰਤ ਸਮਰੱਥ ਅਥਾਰਟੀ ਨੇ ਸਤਪ੍ਰੀਤ ਸੱਤਾ ਵਿਰੁੱਧ ਬਲੂ ਕਾਰਨਰ ਨੋਟਿਸ ਜਾਰੀ ਕੀਤਾ ਹੈ।

## ਬਲੂ ਕਾਰਨਰ ਨੋਟਿਸ ਕੀ ਹੁੰਦੈ?

ਇੰਟਰਪੋਲ ਦੁਆਰਾ ਜਾਰੀ ਕੀਤਾ ਗਿਆ ਬਲੂ ਕਾਰਨਰ ਨੋਟਿਸ ਅਪਰਾਧਿਕ ਜਾਂਚ ਦੌਰਾਨ ਕਿਸੇ ਵਿਅਕਤੀ ਦੀ ਪਛਾਣ, ਸਥਾਨ ਜਾਂ ਗਤੀਵਿਧੀਆਂ ਬਾਰੇ ਹੋਰ ਜਾਣਕਾਰੀ ਇਕੱਠਾ ਕਰਨ ਲਈ ਅਧਿਕਾਰਤ ਕਰਦਾ ਹੈ।

# ਸੂਬੇ ਦੀ ਤਰੱਕੀ ਵਿੱਚ ਔਰਤਾਂ ਦਾ ਯੋਗਦਾਨ ਵਡਮੁੱਲਾ : ਕੁਲਵੰਤ ਸਿੰਘ

ਮੋਹਾਲੀ, 18 ਅਗਸਤ (ਹਰਦੀਪ ਕੌਰ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਫਿਰ ਤੋਂ ਇੱਕ ਤੰਦਰੁਸਤ ਪੰਜਾਬ ਸਿਰਜਣ ਦੇ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਅਤੇ ਸਰਕਾਰ ਦੀਆਂ ਇਹਨਾਂ ਕੋਸ਼ਿਸ਼ਾਂ ਨੂੰ ਪੰਜਾਬ ਦੇ ਲੋਕਾਂ ਵੱਲੋਂ ਦਿੱਤੇ ਜਾ ਰਹੇ ਹੁੰਗਾਰੇ ਦੇ ਚਲਦਿਆਂ ਹੀ ਸੰਭਵ ਹੋ ਰਿਹਾ ਰਿਹਾ ਹੈ, ਇਹ ਗੱਲ ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਹੀ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਵਧੇਰੇ ਮਜਬੂਤ ਕਰਨ ਦੇ ਲਈ ਔਰਤਾਂ ਦਾ ਯੋਗਦਾਨ ਹਮੇਸ਼ਾ ਵਡਮੁੱਲਾ ਰਿਹਾ ਹੈ , ਅਤੇ ਪਾਰਟੀ ਪ੍ਰਤੀ ਸਮਰਪਿਤ ਔਰਤ ਨੇਤਾਵਾਂ ਦੀ ਤਰਫੋਂ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਅਤੇ ਲੋਕ ਪੱਖੀ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ, ਉਹਨਾਂ ਕਿਹਾ ਕਿ ਮੋਹਾਲੀ ਵਿਧਾਨ ਸਭਾ ਹਲਕੇ ਸਮੇਤ ਪੰਜਾਬ ਭਰ ਦੇ ਵਿੱਚ ਜਿੱਥੇ ਵੱਖ-ਵੱਖ ਵਰਗਾਂ ਦੀ ਭਲਾਈ ਦੇ ਲਈ ਸਕੀਮਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ, ਉੱਥੇ ਵਿਕਾਸ ਦੇ ਕੰਮ ਵੀ ਲਗਾਤਾਰ ਹੋ ਰਹੇ ਹਨ, ਪੱਤਰਕਾਰਾਂ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਭਰ ਦੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਖੋਲੇ ਗਏ ਮੁਹੱਲਾ ਕਲੀਨਿਕਾਂ ਦੇ ਵਿੱਚੋਂ ਵਿੱਚ ਰੋਜ਼ਾਨਾ ਵੱਡੀ ਗਿਣਤੀ ਦੇ ਵਿੱਚ ਮਰੀਜ਼ ਫਾਇਦਾ ਉਠਾ ਰਹੇ ਹਨ, ਅਤੇ ਲੋਕਾਂ ਨੂੰ ਆਪਣੇ ਇਲਾਜ ਦੇ ਲਈ ਦੂਰ-ਦੁਰਾਡੇ ਨਹੀਂ ਜਾਣਾ ਪੈਂਦਾ ਬਲਕਿ ਮਰੀਜ਼ ਹੁਣ ਨੇੜੇ ਲੱਗਦੇ ਮੁਹੱਲਾ ਕਲੀਨਿਕ ਦੇ ਵਿੱਚ ਆਪਣਾ ਇਲਾਜ ਕਰਵਾ ਸਕਦੇ ਹਨ, ਉਹਨਾਂ ਕਿਹਾ ਕਿ ਇਹਨਾਂ ਮੁਹੱਲਾ ਕਲੀਨਿਕਾਂ ਦੇ ਵਿੱਚ ਮੁਫਲੀ ਜਾਂਚ ਤੋਂ ਇਲਾਵਾ ਟੈਸਟ ਤੇ ਮਰੀਜ਼ ਨੂੰ ਲੋੜੀਂਦੀਆਂ ਦਵਾਈਆਂ ਵੀ ਮੁਫਤ ਤਕਸੀਮ ਕੀਤੀਆਂ ਜਾਂਦੀਆਂ ਹਨ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇੱਕ ਤੰਦਰੁਸਤ ਪੰਜਾਬ ਦੇ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਕੁਲਵੰਤ ਸਿੰਘ ਆਮ ਆਦਮੀ ਪਾਰਟੀ ਦੇ ਜਿਲਾ ਕੋਆਰਡੀਨੇਟਰ ਮਹਿਲਾ ਵਿੰਗ ਕਸ਼ਮੀਰ ਕੌਰ ਮਹਿਲਾ ਵਿੰਗ ਪ੍ਰਧਾਨ ਆਮ ਆਦਮੀ ਪਾਰਟੀ -ਰਮਨਪ੍ਰੀਤ ਕੌਰ ਕੁੰਬੜਾ ਕੌਂਸਲਰ , ਅਤੇ ਪਾਰਟੀ ਦੇ ਹੋਰ ਨਵੀਆਂ ਚੁਣੀਆਂ ਗਈਆਂ ਅਹੁਦੇਦਾਰਾਂ ਨੂੰ ਸਨਮਾਨਿਤ ਕਰ ਰਹੇ ਸਨ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਮੈਡਮ ਕਸ਼ਮੀਰ ਕੌਰ ਮੋਹਾਲੀ, ਕੌਂਸਲਰ ਰਮਨਪ੍ਰੀਤ ਕੌਰ ਕੁੰਬੜਾ ਅਤੇ ਹੋਰ ਅੱਜ ਵਿਧਾਇਕ ਕੁਲਵੰਤ ਸਿੰਘ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਨ ਦੇ ਲਈ ਸੈਕਟਰ -79 ਵਿਖੇ ਸਥਿਤ ਆਮ ਆਦਮੀ ਪਾਰਟੀ ਦੇ ਦਫਤਰ ਵਿਖੇ ਪੁੱਜੇ ਹੋਏ ਸਨ, ਕਸ਼ਮੀਰ ਕੌਰ ਅਤੇ ਮੈਡਮ ਰਮਨਪ੍ਰੀਤ ਕੌਰ ਕੁੰਬੜਾ ਨੇ ਕਿਹਾ ਕਿ ਉਹ ਵਿਧਾਇਕ ਕੁਲਵੰਤ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਮਜਬੂਤੀ ਲਈ ਮੋਹਾਲੀ ਜ਼ਿਲ੍ਹੇ ਵਿੱਚ ਕੰਮ ਕਰਨਗੇ, ਉਹਨਾਂ ਕਿਹਾ ਕਿ ਅਗਲੇ ਹਫਤੇ ਤੋਂ ਜ਼ਿਲ੍ਹਾ ਪੱਧਰ ਤੇ ਮੀਟਿੰਗਾਂ ਦਾ ਸਿਲਸਿਲਾ ਵੀ ਸ਼ੁਰੂ ਕੀਤਾ ਜਾ ਰਿਹਾ ਹੈ , ਇਸ ਮੌਕੇ ਤੇ ਮੈਡਮ ਰਮਨਪ੍ਰੀਤ ਕੌਰ ਕੁੰਬੜਾ ਕੌਂਸਲਰ ਮੈਡਮ ਕਸ਼ਮੀਰ ਕੌਰ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ- ਕੁੱਲਦੀਪ ਸਿੰਘ ਸਮਾਣਾ, ਸਾਬਕਾ ਕੌਂਸਲਰ- ਗੁਰਮੁਖ ਸਿੰਘ ਸੋਹਲ, ਰੇਖਾ ਰਾਣੀ ਕਮਲਜੀਤ ਕੌਰ, ਮੈਡਮ ਬੱਬਰ, ਬਲਜੀਤ ਸਿੰਘ ਹੈਪੀ ਵੀ ਹਾਜ਼ਰ ਸਨ

**ਕਸ਼ਮੀਰ ਕੌਰ, ਰਮਨਪ੍ਰੀਤ ਕੌਰ ਕੁੰਬੜਾ ਅਤੇ ਮਹਿਲਾ ਵਿੰਗ ਦੀਆਂ ਹੋਰਨਾਂ ਆਗੂਆਂ ਦਾ ਸਨਮਾਨ**



# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਤਿੰਨ ਕਰਮਚਾਰੀ ਯੂਨੀਅਨਾਂ ਨਾਲ ਮੀਟਿੰਗਾਂ

ਚੰਡੀਗੜ੍ਹ, 18 ਅਗਸਤ (ਚ.ਨ.ਸ.): ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਜੋ ਸਰਕਾਰੀ ਮੁਲਾਜ਼ਮਾਂ ਦੇ ਮਸਲਿਆਂ ਅਤੇ ਮੰਗਾਂ ਦੇ ਹੱਲ ਲਈ ਬਣਾਈ ਗਈ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਅੱਜ ਇਥੇ ਪਾਵਰਕਾਮ ਐਂਡ ਟ੍ਰਾਂਸਕੋ ਕੰਟਰੈਕਚੂਅਲ ਇੰਪਲਾਈਜ਼ ਯੂਨੀਅਨ, ਪੰਜਾਬ ਆਯੁਰਵੈਦਿਕ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ ਤੇ ਹੋਮਿਓਪੈਥਿਕ ਮੈਡੀਕਲ ਅਫਸਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਉਨ੍ਹਾਂ ਦੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕਰਨ ਲਈ ਮੀਟਿੰਗਾਂ ਕੀਤੀਆਂ। ਪੀ.ਐਸ.ਪੀ.ਸੀ.ਐਲ ਗੈਸਟ ਹਾਊਸ ਵਿਖੇ ਪਾਵਰਕਾਮ ਐਂਡ ਟ੍ਰਾਂਸਕੋ ਕੰਟਰੈਕਟੂਅਲ ਇੰਪਲਾਈਜ਼ ਯੂਨੀਅਨ ਨਾਲ ਹੋਈ ਮੀਟਿੰਗ ਦੌਰਾਨ, ਵਿੱਤ ਮੰਤਰੀ ਚੀਮਾ ਨਾਲ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਅਤੇ ਪੀ.ਐਸ.ਪੀ.ਸੀ.ਐਲ ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਏ.ਕੇ. ਸਿਨਹਾ ਸ਼ਾਮਲ ਹੋਏ। ਵਿੱਤ ਮੰਤਰੀ ਨੂੰ ਯੂਨੀਅਨ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਵਿਭਾਗ ਵੱਲੋਂ ਹੁਣ ਤੱਕ ਕੀਤੀਆਂ ਗਈਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੱਤੀ ਗਈ।



ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਇਨ੍ਹਾਂ ਮੰਗਾਂ ਸੰਬੰਧੀ ਇੱਕ ਪ੍ਰਸਤਾਵ ਤਿਆਰ ਕਰਨ ਅਤੇ ਅੱਗੇ ਦੀ ਕਾਰਵਾਈ ਨੂੰ ਸੁਚਾਰੂ ਬਣਾਉਣ ਲਈ ਵਿੱਤ ਅਤੇ ਪ੍ਰਸੋਨਲ ਵਿਭਾਗਾਂ ਨਾਲ ਇਸ 'ਤੇ ਚਰਚਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਯੂਨੀਅਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਵਚਨਬੱਧ ਹੈ। ਯੂਨੀਅਨ ਦੀ ਨੁਮਾਇੰਦਗੀ ਸੂਬਾ ਪ੍ਰਧਾਨ ਬਲਿਹਾਰ ਸਿੰਘ, ਜਨਰਲ ਸਕੱਤਰ ਟੇਕ ਚੰਦ ਅਤੇ ਪ੍ਰੈਸ ਸਕੱਤਰ ਇੰਦਰਪ੍ਰੀਤ ਸਿੰਘ ਨੇ ਕੀਤੀ। ਇਸ ਤੋਂ ਪਹਿਲਾਂ, ਸਿਵਲ ਸਕੱਤਰੇਤ ਵਿੱਚ ਆਪਣੇ ਦਫ਼ਤਰ ਵਿਖੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੰਜਾਬ ਆਯੁਰਵੈਦਿਕ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ ਅਤੇ ਹੋਮਿਓਪੈਥਿਕ ਮੈਡੀਕਲ ਅਫਸਰਜ਼ ਐਸੋਸੀਏਸ਼ਨ ਨਾਲ ਵੱਖ-ਵੱਖ ਮੀਟਿੰਗਾਂ ਕੀਤੀਆਂ। ਉਨ੍ਹਾਂ ਨੇ ਯੂਨੀਅਨਾਂ ਦੀਆਂ ਮੰਗਾਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਅਤੇ ਦੋਵਾਂ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਜਾਇਜ਼ ਮੰਗਾਂ ਦੇ ਜਲਦੀ ਹੱਲ ਲਈ ਪ੍ਰਸਤਾਵ ਤਿਆਰ ਕਰਨ ਅਤੇ ਉਨ੍ਹਾਂ ਨੂੰ ਵਿੱਤ ਵਿਭਾਗ ਨੂੰ ਸੌਂਪਣ। ਯੂਨੀਅਨ ਆਗੂਆਂ ਨੇ ਵਿੱਤ ਮੰਤਰੀ ਦਾ ਉਨ੍ਹਾਂ ਦੀਆਂ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕਰਨ ਲਈ ਧੰਨਵਾਦ ਕੀਤਾ।

ਇਸ ਮੌਕੇ ਆਯੁਰਵੈਦਿਕ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ ਦੇ ਹਾਜ਼ਰੀਨ ਵਿੱਚ ਸਰਪ੍ਰਸਤ ਡਾ. ਸੰਜੀਵ ਗੋਇਲ, ਪ੍ਰਧਾਨ ਡਾ. ਅਮਨਪ੍ਰੀਤ ਸਿੰਘ ਅਤੇ ਜਨਰਲ ਸਕੱਤਰ ਡਾ. ਰਾਜੀਵ ਮਹਿਤਾ ਸ਼ਾਮਲ ਸਨ। ਹੋਮਿਓਪੈਥਿਕ ਮੈਡੀਕਲ ਅਫਸਰਜ਼ ਐਸੋਸੀਏਸ਼ਨ ਦੀ ਨੁਮਾਇੰਦਗੀ ਸਰਪ੍ਰਸਤ ਡਾ. ਰਾਜੀਵ, ਪ੍ਰਧਾਨ ਡਾ. ਬਲਵਿੰਦਰ ਕੁਮਾਰ, ਜਨਰਲ ਸਕੱਤਰ ਡਾ. ਹਰਿੰਦਰ ਪਾਲ ਸਿੰਘ ਅਤੇ ਉਪ ਪ੍ਰਧਾਨ ਡਾ. ਰਿਚਾ ਨੇ ਕੀਤੀ।

# ਪਿੰਡ ਸਰੰਗੜਾ ਦੇ ਗਾਲ਼ੀ-ਗਲੋਚ ਮਾਮਲੇ 'ਚ ਐਸ.ਸੀ. ਕਮਿਸ਼ਨ ਵੱਲੋਂ ਐਸ.ਐਸ.ਪੀ. ਤੋਂ ਰਿਪੋਰਟ ਤਲਬ

ਚੰਡੀਗੜ੍ਹ, 18 ਅਗਸਤ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਅੰਮ੍ਰਿਤਸਰ ਦੇ ਹਲਕਾ ਰਾਜਾਸਾਂਸੀ ਅਧੀਨ ਆਉਂਦੇ ਪਿੰਡ ਸਰੰਗੜਾ, ਰਾਮਤੀਰਥ ਮਾਰਗ ਦੇ ਇੱਕ ਅਨੁਸੂਚਿਤ ਜਾਤੀ ਵਿਅਕਤੀ ਨਾਲ ਗਾਲੀ-ਗਲੋਚ ਕਰਨ ਦੇ ਮਾਮਲੇ ਦਾ ਸੂ-ਮੋਟੋ ਨੋਟਿਸ ਲੈਂਦਿਆਂ ਐਸ.ਐਸ. ਪੀ. ਅੰਮ੍ਰਿਤਸਰ ਤੋਂ ਰਿਪੋਰਟ ਤਲਬ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਇਹ ਮਾਮਲਾ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ, ਜਿਸ ਵਿੱਚ ਇੱਕ ਵਿਅਕਤੀ ਅਨੁਸੂਚਿਤ ਜਾਤੀ ਵਰਗ ਦੇ ਮਜ਼੍ਹਬੀ ਸਿੱਖ/ਵਾਲਮੀਕਿ ਪਰਿਵਾਰ ਨੂੰ ਜਾਤੀ ਸੂਚਕ ਗਾਲਾਂ ਕੱਢ ਰਿਹਾ ਹੈ, ਜਿਸ 'ਤੇ ਕਮਿਸ਼ਨ ਵੱਲੋਂ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ| ਉਹਨਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਸੂਬੇ ਦੇ ਅਨਸੂਚਿਤ ਜਾਤੀ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਸੂਬੇ ਵਿੱਚ ਸੰਵਿਧਾਨਿਕ ਕਾਨੂੰਨਾਂ ਤੋਂ ਉਲਟ ਜਾਤੀਵਾਦ ਫੈਲਾਉਣ ਵਾਲੇ ਅਨਸਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

# ਈ.ਟੀ.ਓ. ਵੱਲੋਂ ਵੱਖ-ਵੱਖ ਯੂਨੀਅਨਾਂ ਨਾਲ ਮੁਲਾਕਾਤ

ਚੰਡੀਗੜ੍ਹ, 18 ਅਗਸਤ (ਚ.ਨ.ਸ.): ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਅੱਜ ਇੱਥੇ ਪੀ.ਐਸ.ਪੀ.ਸੀ.ਐ ਲ . / ਪੀ . ਐ ਸ . ਟੀ.ਸੀ.ਐਲ ਦੀਆਂ ਵੱਖ-ਵੱਖ ਯੂਨੀਅਨਾਂ ਨਾਲ ਮੁਲਾਕਾਤ ਕੀਤੀ ਗਈ। ਇਸ ਮੁਲਾਕਾਤ ਦੌਰਾਨ ਯੂਨੀਅਨ ਆਗੂਆਂ ਨੇ ਆਪਣੀਆਂ ਮੰਗਾਂ ਸਬੰਧੀ ਬਿਜਲੀ ਮੰਤਰੀ ਨੂੰ ਜਾਣੂ ਕਰਵਾਇਆ। ਯੂਨੀਅਨ ਆਗੂਆਂ ਨੇ ਇਸ ਮੌਕੇ ਮੁੱਖ ਮੰਤਰੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬੀਤੇ ਦਿਨੀਂ ਤਨਖ਼ਾਹਾਂ ਵਿੱਚ ਕੀਤੇ ਗਏ 10 ਫ਼ੀਸਦੀ ਵਾਧੇ ਲਈ ਸੂਬਾ ਸਰਕਾਰ ਧੰਨਵਾਦ ਵੀ ਕੀਤਾ ਗਿਆ।



ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਮੁਲਾਜ਼ਮਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਉਹਨਾਂ ਦੀਆਂ ਸਾਰੀਆਂ ਮੰਗਾਂ ਦਾ ਨਿਪਟਾਰਾ ਜਲਦ ਕਰ ਦਿੱਤਾ ਜਾਵੇਗਾ।

ਇਸ ਮੌਕੇ ਪੀ.ਐਸ.ਪੀ.ਸੀ.ਐਲ. ਦੇ ਸੀ.ਐਮ.ਡੀ. ਅਜੋਏ ਕੁਮਾਰ ਸਿਨਹਾ ਵੀ ਹਾਜ਼ਰ ਸਨ।




## ਸੰਪਾਦਕੀ

# ਚੋਣ ਕਮਿਸ਼ਨ ਸਾਹਮਣੇ ਚੁਣੌਤੀ

ਕਾਫ਼ੀ ਸਮੇਂ ਤੋਂ ਦੇਸ਼ ਵਿੱਚ ਆਜ਼ਾਦ, ਸਾਫ਼ ਅਤੇ ਪਾਰਦਰਸ਼ੀ ਚੋਣਾਂ ਲਈ ਆਵਾਜ਼ਾਂ ਉਠਾਈਆਂ ਜਾ ਰਹੀਆਂ ਹਨ। ਕਈ ਵਾਰ ਸ਼ੱਕ ਉਠਾਏ ਗਏ ਹਨ, ਖਾਸ ਕਰਕੇ ਈਵੀਐਮ ਰਾਹੀਂ ਵੋਟਿੰਗ ਅਤੇ ਵੋਟਾਂ ਦੀ ਗਿਣਤੀ ਬਾਰੇ। ਦੋਸ਼ ਸਾਹਮਣੇ ਆਏ ਹਨ ਕਿ ਨਤੀਜਿਆਂ ਨੂੰ ਤਕਨੀਕੀ ਖਾਮੀਆਂ ਜਾਂ ਵੋਟਾਂ ਦੀ ਗਿਣਤੀ ਵਿੱਚ ਹੇਰਾਫੇਰੀ ਕਰਕੇ ਪ੍ਰਭਾਵਿਤ ਕੀਤਾ ਗਿਆ ਹੈ। ਹੁਣ ਬਿਹਾਰ ਵਿੱਚ ਵੋਟਰ ਸੂਚੀ ਨੂੰ ਲੈ ਕੇ ਕਈ ਸਵਾਲ ਉੱਠੇ ਹਨ।ਲੋਕਤੰਤਰ ਵਿੱਚ, ਚੋਣਾਂ ਸਿਰਫ਼ ਸਰਕਾਰ ਚਲਾਉਣ ਲਈ ਜਾਇਜ਼ਤਾ ਪ੍ਰਾਪਤ ਕਰਨ ਬਾਰੇ ਨਹੀਂ ਹੁੰਦੀਆਂ, ਸਗੋਂ ਇਹ ਉਸ ਨੀਂਹ ਦਾ ਮੁੱਖ ਥੰਮ੍ਹ ਹੁੰਦਾ ਹੈ, ਜਿਸ 'ਤੇ ਦੇਸ਼ ਜਾਂ ਰਾਜ ਦਾ ਪੂਰਾ ਸਿਸਟਮ ਨਿਰਭਰ ਕਰਦਾ ਹੈ। ਚੋਣ ਕਮਿਸ਼ਨ ਇਸ ਪ੍ਰਕਿਰਿਆ ਨੂੰ ਸੁਤੰਤਰ ਅਤੇ ਨਿਰਪੱਖ ਢੰਗ ਨਾਲ ਚਲਾਉਣ ਲਈ ਜ਼ਿੰਮੇਵਾਰ ਹੈ। ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀ ਦੇ ਵਿਸ਼ੇਸ਼ ਤੀਬਰ ਸੋਧ ਬਾਰੇ ਉਠਾਏ ਗਏ ਸਵਾਲਾਂ ਦਾ ਜਵਾਬ ਚੋਣ ਕਮਿਸ਼ਨ ਕੋਲ ਜ਼ਰੂਰ ਹੈ। ਪਰ ਸਵਾਲ ਇਹ ਹੈ ਕਿ ਕੀ ਆਮ ਜਨਤਾ, ਸਮਾਜਿਕ ਸੰਗਠਨ ਅਤੇ ਸਬੰਧਤ ਰਾਜਨੀਤਿਕ ਪਾਰਟੀਆਂ ਕਮਿਸ਼ਨ ਦੇ ਜਵਾਬ ਤੋਂ ਸੰਤੁਸ਼ਟ ਹਨ? ਇਹ ਸਪੱਸ਼ਟ ਹੈ ਕਿ ਅਜਿਹਾ ਨਹੀਂ ਹੋਇਆ ਅਤੇ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ। ਹੁਣ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਵੋਟਰ ਸੂਚੀ ਦੇ ਵਿਸ਼ੇਸ਼ ਤੀਬਰ ਸੋਧ ਅਧੀਨ ਡਰਾਫਟ ਵੋਟਰ ਸੂਚੀ ਵਿੱਚੋਂ ਹਟਾਏ ਗਏ ਪੈਂਹਠ ਲੱਖ ਨਾਵਾਂ ਨੂੰ ਕਾਰਨਾਂ ਸਮੇਤ ਜਨਤਕ ਕਰਨ ਦਾ ਨਿਰਦੇਸ਼ ਦਿੱਤਾ ਹੈ। ਚੋਣ ਕਮਿਸ਼ਨ ਦਾ ਦਾਅਵਾ ਹੈ ਕਿ ਮ੍ਰਿਤਕ ਅਤੇ ਸਥਾਈ ਤੌਰ 'ਤੇ ਤਬਦੀਲ ਕੀਤੇ ਗਏ ਵੋਟਰਾਂ ਅਤੇ ਬਿਹਾਰ ਵਿੱਚ ਕਈ ਥਾਵਾਂ 'ਤੇ ਰਜਿਸਟਰਡ ਵੋਟਰਾਂ ਦੀ ਸੂਚੀ ਪਹਿਲਾਂ ਹੀ ਸਬੰਧਤ ਰਾਜਨੀਤਿਕ ਪਾਰਟੀਆਂ ਨਾਲ ਸਾਂਝੀ ਕੀਤੀ ਜਾ ਰਹੀ ਹੈ। ਹਾਲਾਂਕਿ, ਵਿਰੋਧੀ ਪਾਰਟੀਆਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਅਧੂਰੀ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ। ਸਵਾਲ ਇਹ ਵੀ ਹੈ ਕਿ ਜੇਕਰ ਕਿਸੇ ਵੋਟਰ ਦਾ ਨਾਮ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਹੈ ਅਤੇ ਇਸ ਦੇ ਪਿੱਛੇ ਕੀ ਕਾਰਨ ਹਨ, ਤਾਂ ਸਬੰਧਤ ਵਿਅਕਤੀ ਇਸ ਬਾਰੇ ਜਾਣਕਾਰੀ ਕਿਵੇਂ ਪ੍ਰਾਪਤ ਕਰੇਗਾ? ਕੀ ਹਰ ਵਿਅਕਤੀ ਲਈ ਆਪਣੇ ਪੱਧਰ 'ਤੇ ਪੁਸ਼ਟੀ ਕਰਨਾ ਸੰਭਵ ਹੈ ਕਿ ਉਸਦਾ ਨਾਮ ਸੂਚੀ ਵਿੱਚ ਦਰਜ ਹੈ ਜਾਂ ਨਹੀਂ? ਇਸ ਪਹਿਲੂ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਪਰੀਮ ਕੋਰਟ ਨੇ ਬਿਹਾਰ ਵਿੱਚ ਡਰਾਫਟ ਸੂਚੀ ਵਿੱਚੋਂ ਹਟਾਏ ਗਏ ਨਾਵਾਂ ਦੀ ਸੂਚੀ ਪੰਚਾਇਤ ਪੱਧਰ ਦੇ ਦਫ਼ਤਰ ਅਤੇ ਜ਼ਿਲ੍ਹਾ ਪੱਧਰ ਦੇ ਚੋਣ ਅਧਿਕਾਰੀ ਦੇ ਦਫ਼ਤਰ ਵਿੱਚ ਪ੍ਰਦਰਸ਼ਿਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਨਾਮ ਹਟਾਉਣ ਦੇ ਕਾਰਨਾਂ ਦਾ ਪੂਰਾ ਵੇਰਵਾ ਦੇਣ ਲਈ ਵੀ ਕਿਹਾ ਗਿਆ ਹੈ। ਸਪੱਸ਼ਟ ਤੌਰ 'ਤੇ ਇਸ ਨਾਲ ਉਨ੍ਹਾਂ ਵੋਟਰਾਂ ਲਈ ਆਪਣਾ ਦਾਅਵਾ ਕਰਨਾ ਆਸਾਨ ਹੋ ਜਾਵੇਗਾ, ਜੋ ਵੋਟ ਪਾਉਣ ਦੇ ਯੋਗ ਹੋਣ ਦੇ ਬਾਵਜੂਦ ਕਿਸੇ ਕਾਰਨ ਕਰਕੇ ਸੂਚੀ ਵਿੱਚੋਂ ਬਾਹਰ ਹੋ ਗਏ ਹਨ। ਸੁਪਰੀਮ ਕੋਰਟ ਨੇ ਆਪਣੇ ਨਿਰਦੇਸ਼ ਵਿੱਚ ਇਹ ਵੀ ਕਿਹਾ ਹੈ ਕਿ ਜਿਨ੍ਹਾਂ ਨੂੰ ਨਾਮ ਹਟਾਉਣ ਵਿੱਚ ਸਮੱਸਿਆ ਹੈ, ਉਹ ਆਪਣੇ ਆਧਾਰ ਕਾਰਡ ਨਾਲ ਚੋਣ ਅਧਿਕਾਰੀਆਂ ਦੇ ਸਾਹਮਣੇ ਆਪਣਾ ਦਾਅਵਾ ਪੇਸ਼ ਕਰ ਸਕਦੇ ਹਨ। ਇਸ ਤੋਂ ਪਹਿਲਾਂ, ਚੋਣ ਕਮਿਸ਼ਨ ਆਧਾਰ ਨੂੰ ਨਾਗਰਿਕਤਾ ਦੇ ਸਰਟੀਫਿਕੇਟ ਵਜੋਂ ਸਵੀਕਾਰ ਕਰਨ ਨਾਲ ਸਹਿਮਤ ਨਹੀਂ ਸੀ। ਬਿਹਾਰ ਵਿੱਚ ਇੱਕ ਵਿਸ਼ੇਸ਼ ਗਹਿਰਾਈ ਨਾਲ ਸਮੀਖਿਆ ਤੋਂ ਬਾਅਦ, ਕਮਿਸ਼ਨ ਨੇ ਇਹ ਸਿੱਟਾ ਕੱਢਿਆ ਹੈ ਕਿ 22.34 ਲੱਖ ਲੋਕ ਜੋ ਪਹਿਲਾਂ ਹੀ ਰਜਿਸਟਰਡ ਸਨ, ਦੀ ਮੌਤ ਹੋ ਗਈ ਹੈ, 36.28 ਲੱਖ ਸਥਾਈ ਤੌਰ 'ਤੇ ਕਿਸੇ ਹੋਰ ਜਗ੍ਹਾ ਚਲੇ ਗਏ ਹਨ ਅਤੇ ਉਨ੍ਹਾਂ ਦੇ ਪਤੇ ਹੁਣ ਪਤਾ ਨਹੀਂ ਹਨ ਅਤੇ ਲਗਭਗ ਸੱਤ ਲੱਖ ਵੋਟਰ ਇੱਕ ਤੋਂ ਵੱਧ ਥਾਵਾਂ 'ਤੇ ਰਜਿਸਟਰਡ ਸਨ। ਹਾਲਾਂਕਿ, ਇਹ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਸਥਾਈ ਤੌਰ 'ਤੇ ਤਬਦੀਲ ਹੋਏ ਲੋਕਾਂ ਦੀ ਗਿਣਤੀ ਦੀ ਪੁਸ਼ਟੀ ਕਰਨ ਦਾ ਠੋਸ ਆਧਾਰ ਕੀ ਸੀ। ਨਾਲ ਹੀ, ਇਹ ਸਵਾਲ ਜੋ ਜਵਾਬ ਨਹੀਂ ਮਿਲਦਾ, ਉਹ ਇਹ ਹੈ ਕਿ ਜੇਕਰ ਕੋਈ ਵਿਅਕਤੀ ਸ਼ਿਫਟ ਹੁੰਦਾ ਹੈ, ਤਾਂ ਕੀ ਉਸ ਰਾਜ ਵਿੱਚ ਉਸਦਾ ਵੋਟ ਪਾਉਣ ਦਾ ਅਧਿਕਾਰ ਵੀ ਖਤਮ ਹੋ ਜਾਂਦਾ ਹੈ? ਇਹ ਸੱਚ ਹੈ ਕਿ ਇੱਕ ਤੋਂ ਵੱਧ ਥਾਵਾਂ 'ਤੇ ਵੋਟਰਾਂ ਦੇ ਰਜਿਸਟਰਡ ਹੋਣ ਦੀ ਸਮੱਸਿਆ ਨਾ ਸਿਰਫ਼ ਬਿਹਾਰ ਵਿੱਚ ਸਗੋਂ ਕਈ ਰਾਜਾਂ ਵਿੱਚ ਪੈਦਾ ਹੋਈ ਹੈ। ਪਰ, ਜੇਕਰ ਚੋਣ ਕਮਿਸ਼ਨ ਪਹਿਲ ਕਰਦਾ ਹੈ, ਤਾਂ ਹਰ ਚੀਜ਼ ਡਿਜੀਟਲ ਹੋਣ ਦੇ ਯੁੱਗ ਵਿੱਚ, ਅਜਿਹੀਆਂ ਸਮੱਸਿਆਵਾਂ ਨਾਲ ਆਸਾਨੀ ਨਾਲ ਨਜਿੱਠਿਆ ਜਾ ਸਕਦਾ ਹੈ। ਚੋਣ ਕਮਿਸ਼ਨ ਇੱਕ ਖੁਦਮੁਖਤਿਆਰ, ਨਿਰਪੱਖ ਅਤੇ ਪਾਰਦਰਸ਼ੀ ਕੰਮ ਕਰਨ ਵਾਲੀ ਸੰਸਥਾ ਹੈ, ਪਰ ਇਹ ਸ਼ਬਦ ਸਿਰਫ਼ ਕਾਗਜ਼ਾਂ 'ਤੇ ਸੁਰੱਖਿਅਤ ਕਰਨ ਲਈ ਨਹੀਂ ਹਨ, ਲੋਕਤੰਤਰ ਦੀ ਸਫਲਤਾ ਉਦੋਂ ਹੀ ਯਕੀਨੀ ਬਣਦੀ ਹੈ ਜਦੋਂ ਉਨ੍ਹਾਂ ਦੀ ਕੀਮਤ ਅਤੇ ਮਹੱਤਤਾ ਜ਼ਮੀਨ 'ਤੇ ਦਿਖਾਈ ਦਿੰਦੀ ਹੈ।

-ਜਗਜੀਤ ਸਿੰਘ ਦਰਦੀ

# ਪੰਜਾਬ ਵਿੱਚ ਸਿਆਸੀ ਹਲਚਲ ਤੇ ਬਦਲਦੀ ਰਾਜਨੀਤਿਕ ਸਥਿਤੀ ਅਤੇ ਭਵਿੱਖੀ ਸੰਭਾਵਨਾਵਾਂ

## ਪੰਜਾਬ ਮੰਤਰੀ ਮੰਡਲ ਵਿੱਚ ਵਿਭਾਗਾਂ ਦੇ ਫੇਰ ਬਦਲ ਦੇ ਰਾਜਨੀਤਿਕ ਅਰਥ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ ਦੀ ਰਾਜਨੀਤੀ ਵਿੱਚ ਜਿਸ ਤਰ੍ਹਾਂ ਦੀ ਰਾਜਨੀਤਿਕ ਹਲਚਲ ਹੋ ਰਹੀ ਹੈ ਅਤੇ ਜਿਸ ਤਰ੍ਹਾਂ ਰਾਜਨੀਤਿਕ ਪਾਰਟੀਆਂ ਦੀ ਬਿਆਨਬਾਜ਼ੀ ਹੋ ਰਹੀ ਹੈ ਅਤੇ ਇਸ ਵਿੱਚ ਨਵਾਂ ਰਾਜਨੀਤਿਕ ਚਿਹਰਾ ਕਿਹੜਾ ਹੋਵੇਗਾ ਅਤੇ ਕੇਂਦਰ ਵਿੱਚ ਪੰਜਾਬ ਦੀ ਤਰੱਕੀ ਦਾ ਏਜੰਡਾ ਕਿਹੜੀ ਪਾਰਟੀ ਆਉਣ ਵਾਲੀਆਂ ਚੋਣਾਂ ਵਿੱਚ ਲੈ ਕੇ ਜਾਵੇਗੀ।

ਹੁਣ ਇਹ ਸਭ ਕੁੱਝ ਹੈਡਲਾਈਨਜ਼ ਦੇ ਵਿੱਚ ਹੈ ਪ੍ਰੰਤੂ ਸਭ ਤੋਂ ਵੱਡੀ ਗੱਲ ਹੈ ਕਿ ਪੰਜਾਬ ਵਿੱਚ ਸੱਤਾ ਜੋ ਆਪ ਪਾਰਟੀ ਦੇ ਹੱਥ ਵਿੱਚ ਹੈ, ਉਸਦੇ ਅੰਦਰ ਵੀ ਸਭ ਕੁੱਝ ਠੀਕ ਨਹੀਂ ਹੈ। ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੇ ਇਸ ਦੇ ਸੁਪਰੀਮੋ ਕੇਜਰੀਵਾਲ ਦੇ ਵਿਰੁੱਧ ਇੱਕ ਤਰ੍ਹਾਂ ਸਿੱਧਾ ਮੋਰਚਾ ਖੋਲ੍ਹਿਆ ਹੋਇਆ ਹੈ। ਉਹ ਭਾਵੇਂ ਕਾਂਗਰਸ ਹੋਵੇ, ਭਾਵੇਂ ਅਕਾਲੀ ਦਲ ਤੇ ਭਾਵੇਂ ਹੋਰ ਪਾਰਟੀਆਂ ਸਭ ਦਾ ਇੱਕ ਨਿਸ਼ਾਨਾ ਦਿੱਲੀ ਵਾਲੇ ਲੋਕਾਂ ਨੂੰ ਪੰਜਾਬ ਦੇ ਪ੍ਰੋਕਸੀ ਰਾਜ ਕਰਨ ਦਾ ਮੌਕਾ ਅਤੇ ਸਾਰੀਆਂ ਸਹੂਲਤਾਂ ਦਿੱਲੀ ਵਾਲਿਆਂ ਨੂੰ ਦੇਣ ਦੀ ਗੱਲ 'ਤੇ ਹੈ ਪ੍ਰੰਤੂ ਭਗਵੰਤ ਸਿੰਘ ਮਾਨ ਇੱਕੋ ਇੱਕ ਉਸ ਤਰ੍ਹਾਂ ਦੇ ਪੰਜਾਬੀ ਮੁੱਖ ਮੰਤਰੀ ਹਨ, ਜੋ ਜ਼ਮੀਨ ਤੋਂ ਉੱਠੇ ਹੋਏ ਹਨ ਅਤੇ ਜ਼ਮੀਨ ਦੀ ਗੱਲ ਅਤੇ ਜ਼ਮੀਨ ਦੇ ਲੋਕਾਂ ਦਾ ਦੁੱਖ ਦਰਦ ਜਾਣਦੇ ਹਨ ਪਰੰਤੂ ਉਹਨਾਂ ਬਾਰੇ ਜਿਸ ਤਰ੍ਹਾਂ ਦਾ ਪ੍ਰਚਾਰ ਪ੍ਰਸਾਰ ਅਤੇ ਦਿੱਲੀ ਦੀ ਆਪ ਪਾਰਟੀ ਦਾ ਪ੍ਰਭਾਵ ਪੈ ਰਿਹਾ ਹੈ, ਉਸ ਤੋਂ ਉਹਨਾਂ ਦੀ ਇੱਕ ਦਲੇਰਾਨਾ ਤੇ ਇਮਾਨਦਾਰ ਮੁੱਖ ਮੰਤਰੀ ਦੀ ਪ੍ਰਭਾਵਸ਼ਾਲੀ ਅਧਾਰ 'ਤੇ ਅਰਥ ਪੈਣਾ ਸ਼ੁਰੂ ਹੋ ਗਿਆ ਹੈ ਤੇ ਅੱਜ ਦੇ ਮੰਤਰੀ ਮੰਡਲ ਦੇ ਬਦਲਾਵ ਨੂੰ ਬਿਜਲੀ ਵਰਗਾ ਮੋਟਾ ਮਹਿਕਮਾ ਨਵੇਂ ਮੰਤਰੀ ਸੰਜੀਵ ਅਰੋੜਾ ਨੂੰ ਦੇਣਾ ਇਹ ਦੱਸਦਾ ਹੈ ਕਿ ਪੰਜਾਬ ਦੀ ਆਪ ਲੀਡਰਸ਼ਿਪ ਵਿੱਚ ਦਿੱਲੀ ਦਾ ਦਖ਼ਲ ਕੀ ਹੈ ਅਤੇ ਅੰਦਰ ਖ਼ਾਤੇ ਸਭ ਕੁੱਝ ਠੀਕ ਨਹੀਂ ਹੈ।

ਇਸ ਬਾਰੇ ਸੋਚਦੇ ਹਾਂ ਤਾਂ ਦੇਖ ਸਕਦੇ ਹਾਂ ਕਿ ਪੰਜਾਬ, ਜੋ ਕਿ ਭਾਰਤ ਦੇ ਉੱਤਰੀ ਰਾਜਾਂ ਵਿੱਚ ਇੱਕ ਮਹੱਤਵਪੂਰਨ ਰਾਜ ਹੈ, ਵਿੱਚ ਰਾਜਨੀਤਿਕ ਮਾਹੌਲ ਪਲ ਪਲ ਵਿਗੜਦਾ ਜਾ ਰਿਹਾ ਹੈ। ਰਾਜਨੀਤਿਕ ਪਾਰਟੀਆਂ ਵਿੱਚ ਵਧਦੀ ਵੰਡ, ਨੀਤੀਆਂ ਨੂੰ ਲੈ ਕੇ ਵਿਰੋਧ, ਕਿਸਾਨ ਅੰਦੋਲਨ ਅਤੇ ਸਰਕਾਰੀ ਫੈਸਲਿਆਂ ਨੂੰ ਲੈ ਕੇ ਵਿਵਾਦਾਂ ਨੇ ਰਾਜ ਨੂੰ ਇੱਕ ਅਸਥਿਰ ਸਥਿਤੀ ਵਿੱਚ ਧੱਕ ਦਿੱਤਾ ਹੈ।

ਅੱਜ ਪੰਜਾਬ ਦੀਆਂ ਮੁੱਖ ਰਾਜਨੀਤਿਕ ਪਾਰਟੀਆਂ, ਅਰਵਿੰਦ ਕੇਜਰੀਵਾਲ ਨੂੰ ਲੈ ਕੇ ਵਿਰੋਧ, ਹਾਲ ਹੀ ਵਿੱਚ ਹੋਏ ਕੈਬਨਿਟ ਰੱਦੋਬਦਲ ਅਤੇ ਰਾਜ ਦੀ ਭਵਿੱਖੀ ਰਾਜਨੀਤਿਕ ਸਥਿਤੀ ਬਾਰੇ ਵਿਚਾਰ ਨਾਲ ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਦੀ ਵਿਭਿੰਨਤਾ ਅਤੇ ਵਿਗੜਦੇ ਹਾਲਾਤ ਸਾਹਮਣੇ ਹੈ।

ਪੰਜਾਬ ਦੀ ਰਾਜਨੀਤੀ ਹੋਰਨਾਂ ਰਾਜਾਂ ਨਾਲੋਂ ਵੱਖਰੀ ਹੈ, ਜਿੱਥੇ ਵੱਖ-ਵੱਖ ਪਾਰਟੀਆਂ ਦੀ ਮੌਜੂਦਗੀ ਇੱਕ ਵਿਭਿੰਨ ਰਾਜਨੀਤਿਕ ਲੈਂਡਸਕੇਪ ਬਣਾਉਂਦੀ ਹੈ। ਮੁੱਖ ਪਾਰਟੀਆਂ ਵਿੱਚ ਆਮ ਆਦਮੀ ਪਾਰਟੀ (ਆਪ), ਇੰਡੀਅਨ ਨੈਸ਼ਨਲ ਕਾਂਗਰਸ, ਭਾਰਤੀ ਜਨਤਾ ਪਾਰਟੀ (ਭਾਜਪਾ), ਸ਼੍ਰੋਮਣੀ ਅਕਾਲੀ ਦਲ (ਐੱਸਏਡੀ) ਦੇ ਨਵੇਂ ਅਤੇ ਪੁਰਾਣੇ ਧੜੇ, ਬਹੁਜਨ ਸਮਾਜ ਪਾਰਟੀ (ਬੀਐੱਸਪੀ) ਅਤੇ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਿਸਟ) - ਸੀਪੀਐੱਮ ਸ਼ਾਮਲ ਹਨ। ਇਹਨਾਂ ਪਾਰਟੀਆਂ ਵਿੱਚ ਵਧਦੀ ਵੰਡ ਅਤੇ ਵਿਰੋਧ ਨੇ ਰਾਜ ਨੂੰ ਅਸਥਿਰ ਬਣਾ ਦਿੱਤਾ ਹੈ।ਹੁਣ ਉਦਾਹਰਣ ਵਜੋਂ, ਸ਼੍ਰੋਮਣੀ ਅਕਾਲੀ ਦਲ ਵਿੱਚ ਧੜੇਬੰਦੀ ਸਪੱਸ਼ਟ ਹੈ। ਇੱਕ ਧੜਾ ਸੁਖਬੀਰ ਸਿੰਘ ਬਾਦਲ ਦੇ ਲੀਡਰਸ਼ਿਪ ਵਿੱਚ ਹੈ, ਜਦਕਿ ਦੂਜੇ ਧੜੇ ਵਿੱਚ ਵੱਖਰੇ ਨੇਤਾ ਸ਼ਾਮਲ ਹਨ ਜੋ ਪਾਰਟੀ ਨੂੰ ਮਜ਼ਬੂਤ ਕਰਨ ਲਈ ਨਵੀਂ ਰਣਨੀਤੀ ਅਪਣਾ ਰਹੇ ਹਨ। ਇਸ ਤੋਂ ਇਲਾਵਾ, ਬੀਐੱਸਪੀ ਦਲਿਤ ਵੋਟ ਬੈਂਕ ਨੂੰ ਟਾਰਗੈਟ ਕਰਦੀ ਹੈ, ਪਰ ਇਸ ਦੀ ਮੌਜੂਦਗੀ ਸੀਮਤ ਹੈ। ਵਿਸ਼ੇਸ਼ ਤੌਰ 'ਤੇ, ਸੀਪੀਐੱਮ ਦੀ ਮੌਜੂਦਗੀ ਪੰਜਾਬ ਨੂੰ ਹੋਰਨਾਂ ਰਾਜਾਂ ਨਾਲੋਂ ਵੱਖਰਾ ਬਣਾਉਂਦੀ ਹੈ। ਸੀਪੀਐੱਮ ਪੰਜਾਬ ਵਿੱਚ ਕਿਸਾਨ ਅਤੇ ਮਜ਼ਦੂਰ ਵਰਗ ਨੂੰ ਲੈ ਕੇ ਸਰਗਰਮ ਹੈ ਅਤੇ ਹਾਲ ਹੀ ਵਿੱਚ ਇਸ ਨੇ ਵੱਡੀਆਂ ਪਾਰਟੀਆਂ ਨੂੰ ਧਾਰਮਿਕ ਭਾਵਨਾਵਾਂ ਨੂੰ ਖਰਾਬ ਕਰਨ ਦੇ ਦੋਸ਼ ਲਗਾਏ ਹਨ।

ਹੁਣ ਰਾਜ ਵਿੱਚ ਇੱਕ ਲਹਿਰ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਜਨਤਾ ਨੂੰ ਇਹਨਾਂ ਮੁੱਦਿਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸੀਪੀਐੱਮ ਨੇ ਰਾਜਾਂ ਵਿੱਚ ਵਿਸਥਾਰ ਲਈ ਯੋਜਨਾਵਾਂ ਬਣਾਈਆਂ ਹਨ, ਜਿਸ ਨਾਲ ਪੰਜਾਬ ਵਿੱਚ ਵਾਮਪੰਥੀ ਰਾਜਨੀਤੀ ਨੂੰ ਨਵੀਂ ਊਰਜਾ ਮਿਲ ਸਕਦੀ ਹੈ।ਹਾਲ ਹੀ ਦੇ ਸਮੇਂ ਵਿੱਚ, ਰਾਜ ਵਿੱਚ ਸਰਕਾਰੀ ਨੀਤੀਆਂ ਨੂੰ ਲੈ ਕੇ ਵੱਡੇ ਵਿਵਾਦ ਹੋਏ ਹਨ। ਉਦਾਹਰਣ ਵਜੋਂ, ਆਪ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਪਾਲਿਸੀ 2025 ਨੂੰ ਵਾਪਸ ਲੈ ਲਿਆ ਗਿਆ ਹੈ, ਜਿਸ ਨੂੰ ਕਿਸਾਨਾਂ ਅਤੇ ਵਿਰੋਧੀ ਪਾਰਟੀਆਂ ਨੇ ਤਿੱਖਾ ਵਿਰੋਧ ਕੀਤਾ ਸੀ। ਇਸ ਪਾਲਿਸੀ ਨਾਲ ਸਰਕਾਰ ਨੂੰ 65,000 ਏਕੜ ਜ਼ਮੀਨ ਹਾਸਲ ਕਰਨੀ ਸੀ, ਪਰ ਕਿਸਾਨਾਂ ਦੇ ਅੰਦੋਲਨ ਅਤੇ ਹਾਈ ਕੋਰਟ ਦੇ ਸਟੇਅ ਆਰਡਰ ਤੋਂ ਬਾਅਦ ਇਸ ਨੂੰ ਵਾਪਸ ਲੈਣਾ ਪਿਆ। ਇਸ ਨੇ ਆਪ ਸਰਕਾਰ ਨੂੰ ਵੱਡੀ ਸ਼ਰਮਿੰਦਗੀ ਵਿੱਚ ਪਾ ਦਿੱਤਾ ਅਤੇ ਵਿਰੋਧੀ ਪਾਰਟੀਆਂ ਨੂੰ ਹਮਲੇ ਕਰਨ ਦਾ ਮੌਕਾ ਦਿੱਤਾ। ਇਸ ਤੋਂ ਇਲਾਵਾ ਅੰਮ੍ਰਿਤਸਰ ਵਿੱਚ ਇੱਕ ਮੰਦਿਰ ਵਿੱਚ ਧਮਾਕੇ ਵਰਗੀਆਂ ਘਟਨਾਵਾਂ ਨੇ ਸਥਿਤੀ ਨੂੰ ਹੋਰ ਵਿਗਾੜ ਦਿੱਤਾ ਹੈ, ਜਿੱਥੇ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਇਸ ਨੂੰ ਰਾਜਨੀਤਿਕ ਅਸਥਿਰਤਾ ਨਾਲ ਜੋੜਿਆ ਹੈ।

**ਦਿੱਲੀ ਨੂੰ ਲੈ ਕੇ ਵਿਰੋਧ ਅਤੇ ਆਪ ਸਰਕਾਰ ਦੀਆਂ ਚੁਣੌਤੀਆਂ:**

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਪਰ ਵਿਰੋਧੀ ਪਾਰਟੀਆਂ ਨੇ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਹੈ ਕਿ ਉਹ ਪੰਜਾਬ ਵਿੱਚ ਪ੍ਰੌਕਸੀ ਸੀਐੱਮ ਵਜੋਂ ਕੰਮ ਕਰ ਰਹੇ ਹਨ ਅਤੇ ਬਾਹਰੀ ਲੋਕ ਰਾਜ ਨੂੰ ਚਲਾ ਰਹੇ ਹਨ। ਭਾਜਪਾ ਨੇਤਾ ਸੁਨੀਲ ਜਾਖੜ ਨੇ ਇਸ ਨੂੰ ਤਿੱਖੀ ਆਲੋਚਨਾ ਕੀਤੀ ਹੈ। ਕਾਂਗਰਸ ਅਤੇ ਹੋਰ ਪਾਰਟੀਆਂ ਨੇ ਵੀ ਕੇਜਰੀਵਾਲ ਨੂੰ ਨਿਸ਼ਾਨੇ 'ਤੇ ਲਿਆ ਹੈ, ਜਿੱਥੇ ਉਹਨਾਂ ਨੂੰ ਬੀਜੇਪੀ ਨਾਲ ਗੁਪਤ ਸਮਝੌਤੇ ਦੇ ਦੋਸ਼ ਲਗਾਏ ਜਾ ਰਹੇ ਹਨ।

ਉਧਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹਨਾਂ ਅਫਵਾਹਾਂ ਨੂੰ ਖਾਰਜ ਕੀਤਾ ਹੈ ਕਿ ਕੇਜਰੀਵਾਲ ਪੰਜਾਬ ਦੇ ਅਗਲੇ ਸੀਐੱਮ ਬਣਨਾ ਚਾਹੁੰਦੇ ਹਨ, ਪਰ ਵਿਰੋਧ ਜਾਰੀ ਹੈ। ਇਸ ਤੋਂ ਇਲਾਵਾ, ਆਪ ਨੂੰ 2027 ਵਿਧਾਨ ਸਭਾ ਚੋਣਾਂ ਵਿੱਚ ਸੱਤਾ ਬਰਕਰਾਰ ਰੱਖਣ ਲਈ ਨਵੀਆਂ ਰਣਨੀਤੀਆਂ ਅਪਨਾਉਣੀਆਂ ਪੈ ਰਹੀਆਂ ਹਨ, ਜਿਸ ਵਿੱਚ ਭਾਜਪਾ ਅਤੇ ਅਕਾਲੀ ਦਲ ਵਿਚਕਾਰ ਸੰਭਾਵਿਤ ਗਠਜੋੜ ਵੀ ਇੱਕ ਚਿੰਤਾ ਹੈ।

ਹੁਣ ਹਾਲ ਹੀ ਵਿੱਚ ਹੋਇਆ ਕੈਬਨਿਟ ਰੱਦੋਬਦਲ ਅਤੇ ਸੰਜੀਵ ਅਰੋੜਾ ਨੂੰ ਬਿਜਲੀ ਵਿਭਾਗ ਦੇਣਾ ਮਹੱਤਵਪੂਰਨ ਖਬਰ ਹੈ। ਹਾਲ ਹੀ ਵਿੱਚ, ਪੰਜਾਬ ਸਰਕਾਰ ਵਿੱਚ ਇੱਕ ਵੱਡਾ ਰੱਦੋਬਦਲ ਹੋਇਆ ਹੈ। ਸੰਜੀਵ ਅਰੋੜਾ, ਜੋ ਕਿ ਆਪ ਦੇ ਰਾਜ ਸਭਾ ਮੈਂਬਰ ਰਹੇ ਹਨ ਅਤੇ ਲੁਧਿਆਣਾ ਵੈਸਟ ਬਾਈਪੋਲ ਵਿੱਚ ਜਿੱਤ ਕੇ ਵਿਧਾਇਕ ਬਣੇ ਹਨ, ਨੂੰ ਕੈਬਨਿਟ ਵਿੱਚ ਸ਼ਾਮਲ ਕੀਤਾ ਗਿਆ ਸੀ। ਹੁਣ ਉਹਨਾਂ ਨੂੰ ਬਿਜਲੀ ਵਿਭਾਗ ਦੀ ਜ਼ਿੰਮੇਵਾਰੀ ਵੀ ਦਿੱਤੀ ਗਈ ਹੈ, ਜੋ ਕਿ ਪਹਿਲਾਂ ਹਰਭਜਨ ਸਿੰਘ ਈਟੀਓ ਕੋਲ ਸੀ। ਅਰੋੜਾ ਕੋਲ ਪਹਿਲਾਂ ਹੀ ਉਦਯੋਗ ਅਤੇ ਵਣਜ, ਨਿਵੇਸ਼ ਪ੍ਰਮੋਸ਼ਨ ਅਤੇ ਐੱਨਆਰਆਈ ਅਫੇਅਰਜ਼ ਵਿਭਾਗ ਹਨ। ਈਟੀਓ ਨੂੰ ਹੁਣ ਸਿਰਫ ਪਬਲਿਕ ਵਰਕਸ ਡਿਪਾਰਟਮੈਂਟ ਹੀ ਬਚਿਆ ਹੈ। ਇਹ ਬਦਲਾਅ ਗਵਰਨਰ ਨੂੰ ਮੁੱਖ ਮੰਤਰੀ ਦੀ ਸਲਾਹ ਨਾਲ ਕੀਤਾ ਗਿਆ ਹੈ ਅਤੇ ਇਸ ਬਾਰੇ ਮਹੀਨਿਆਂ ਤੋਂ ਅਟਕਲਾਂ ਲੱਗ ਰਹੀਆਂ ਸਨ। ਇਸ ਰੱਦੋਬਦਲ ਨੂੰ ਆਪ ਸਰਕਾਰ ਦੀ ਨੀਤੀਆਂ ਨੂੰ ਮਜ਼ਬੂਤ ਕਰਨ ਵਾਲਾ ਕਦਮ ਮੰਨਿਆ ਜਾ ਰਿਹਾ ਹੈ, ਖਾਸ ਕਰਕੇ ਬਿਜਲੀ ਵਿਭਾਗ ਵਿੱਚ ਸੁਧਾਰਾਂ ਨੂੰ ਲੈ ਕੇ। ਪਰ ਵਿਰੋਧੀ ਪਾਰਟੀਆਂ ਇਸ ਨੂੰ ਅੰਦਰੂਨੀ ਅਸਥਿਰਤਾ ਵਜੋਂ ਵੇਖ ਰਹੀਆਂ ਹਨ।

ਪੰਜਾਬ ਦੀ ਅਗਲੀ ਰਾਜਨੀਤਿਕ ਸਥਿਤੀ, ਸੰਭਾਵਨਾਵਾਂ ਅਤੇ ਚੁਣੌਤੀਆਂ ਵਿੱਚ ਇਹਨਾਂ ਸਾਰੇ ਵਿਕਾਸ ਨੂੰ ਵੇਖਦੇ ਹੋਏ, ਪੰਜਾਬ ਦੀ ਭਵਿੱਖੀ ਰਾਜਨੀਤਿਕ ਸਥਿਤੀ ਅਸਥਿਰ ਲੱਗ ਰਹੀ ਹੈ।

ਆਪ ਸਰਕਾਰ ਨੂੰ ਕਿਸਾਨਾਂ ਦੇ ਵਿਰੋਧ, ਨੀਤੀ ਵਾਪਸੀਆਂ ਅਤੇ ਵਿਰੋਧੀ ਪਾਰਟੀਆਂ ਦੇ ਹਮਲਿਆਂ ਨਾਲ ਨਜਿੱਠਣਾ ਪੈ ਰਿਹਾ ਹੈ। ਸੁਪਰੀਮ ਕੋਰਟ ਵਿੱਚ ਪੰਜਾਬ ਸਰਕਾਰ ਦੇ ਕੁਝ ਬਿੱਲਾਂ ਨੂੰ ਲੈ ਕੇ ਵਿਵਾਦ ਵੀ ਜਾਰੀ ਹੈ, ਜਿਸ ਵਿੱਚ ਸਿੱਖ ਗੁਰਦੁਆਰਾ ਐਕਟ ਨੂੰ ਲੈ ਕੇ ਬਿੱਲ ਸ਼ਾਮਲ ਹਨ। ਇਸ ਤੋਂ ਇਲਾਵਾ ਲੋਕਲ ਗਵਰਨਮੈਂਟ ਐਕਟ 2025 ਨੂੰ ਲੈ ਕੇ ਵੀ ਚਰਚਾ ਹੈ, ਜੋ ਕਿ ਵਿਕੇਂਦਰੀਕਰਨ ਨੂੰ ਵਧਾਉਣ ਦਾ ਦਾਅਵਾ ਕਰਦਾ ਹੈ ਪਰ ਆਲੋਚਕ ਇਸ ਨੂੰ ਪਿੱਛੇ ਵੱਲ ਕਦਮ ਮੰਨਦੇ ਹਨ।

ਭਵਿੱਖ ਵਿੱਚ 2027 ਚੋਣਾਂ ਨੂੰ ਲੈ ਕੇ ਗਠਜੋੜਾਂ ਦੀ ਸੰਭਾਵਨਾ ਹੈ, ਜਿਵੇਂ ਕਿ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਅਲਾਇੰਸ, ਜੋ ਕਿ ਪੰਜਾਬ ਦੀ ਰਾਜਨੀਤੀ ਨੂੰ ਬਦਲ ਸਕਦਾ ਹੈ।

ਉਧਰ ਸੀਪੀਐੱਮ ਵਰਗੀਆਂ ਪਾਰਟੀਆਂ ਨੂੰ ਵੀ ਵੱਧਦੀ ਭੂਮਿਕਾ ਨਿਭਾਉਣ ਦੀ ਉਮੀਦ ਹੈ, ਖਾਸ ਕਰਕੇ ਕਿਸਾਨ ਅਤੇ ਮਜ਼ਦੂਰ ਮੁੱਦਿਆਂ 'ਤੇ। ਕੁੱਲ ਮਿਲਾ ਕੇ, ਪੰਜਾਬ ਨੂੰ ਸਥਿਰਤਾ ਲਈ ਸਹਿਮਤੀ ਅਤੇ ਵਿਕਾਸਮੁਖੀ ਨੀਤੀਆਂ ਦੀ ਲੋੜ ਹੈ, ਨਹੀਂ ਤਾਂ ਵਿਗੜਦੇ ਹਾਲਾਤ ਹੋਰ ਗੰਭੀਰ ਹੋ ਸਕਦੇ ਹਨ। ਇਸ ਰਾਜਨੀਤਿਕ ਟੁੱਟ ਤੋਂ ਅਗਲੀ ਸਰਕਾਰ ਹੰਗ ਸਰਕਾਰ ਦੀ ਰਾਜਨੀਤੀ 'ਤੇ ਅਧਾਰਿਤ ਹੋਵੇਗੀ।

# ਭਾਰਤੀ ਚੋਣ ਕਮਿਸ਼ਨ: ਪਾਣੀ ਸਿਰ ਤੋਂ ਦੀ ਲੰਘਿਆ !



ਕਮਲਜੀਤ ਸਿੰਘ ਬਨਵੈਤ
98147 34035

ਕਾਂਗਰਸ ਦੇ ਸੀਨੀਅਰ ਨੇਤਾ ਅਤੇ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਇਲਜ਼ਾਮ ਲਾਇਆ ਹੈ ਕਿ ਭਾਰਤੀ ਜਨਤਾ ਪਾਰਟੀ, ਭਾਰਤੀ ਚੋਣ ਕਮਿਸ਼ਨ ਦੀ ਮਦਦ ਨਾਲ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਸੁਧਾਈ ਰਾਹੀਂ ਵੋਟਾਂ ਚੋਰੀ ਕਰਨ ਦੀ ਸਾਜਿਸ਼ ਕਰ ਰਹੀ ਹੈ। ਉਹ ਕਹਿੰਦੇ ਹਨ ਕਿ ਗਰੀਬਾਂ ਕੋਲ ਸਿਰਫ ਉਨ੍ਹਾਂ ਦੀ ਵੋਟ ਦੀ ਤਾਕਤ ਹੀ ਹੈ ਅਤੇ ਉਹ ਵੀ ਚੋਰੀ ਕੀਤੀ ਜਾ ਰਹੀ ਹੈ। ਰਾਹੁਲ ਗਾਂਧੀ ਬਿਹਾਰ ਦੀ ਇਸ ਮੁਹਿੰਮ ਨੂੰ ਲੋਕਤੰਤਰ ਦੇ ਵੱਡੇ ਘੋਲ ਵਜੋਂ ਪੇਸ਼ ਕਰਨ ਲਈ ਤੁਰ ਪਏ ਹਨ। ਰਾਹੁਲ ਗਾਂਧੀ ਦੀ ਵੋਟ ਅਧਿਕਾਰ ਯਾਤਰਾ ਨੇ ਬਿਹਾਰ ਦੇ ਭੱਖੇ ਹੋਏ ਸਿਆਸੀ ਮਾਹੌਲ ਵਿੱਚ ਇੱਕ ਨਵੀਂ ਬਹਿਸ ਹੀ ਨਹੀਂ ਛੇੜੀ ਸਗੋਂ ਭਾਰਤੀ ਚੋਣ ਕਮਿਸ਼ਨ ਵੀ ਸਵਾਲਾਂ ਵਿੱਚ ਘਿਰ ਕੇ ਰਹਿ ਗਿਆ ਹੈ ਅਤੇ ਉਸ ਉੱਤੇ ਭਾਜਪਾ ਦਾ ਸਾਥ ਦੇਣ ਦਾ ਇਲਜ਼ਾਮ ਵੀ ਲੱਗਾ ਹੈ।

ਪਾਣੀ ਸਿਰ ਉੱਤੋਂ ਦੀ ਲੰਘ ਗਿਆ ਤਾਂ ਰਾਹੁਲ ਦੀ ਯਾਤਰਾ ਵਿੱਚ ਵਿਰੋਧੀ ਪਾਰਟੀਆਂ ਦੇ ਇੰਡੀਆ ਗਠਜੋੜ ਦੇ ਆਗੂਆਂ ਲਾਲੂ ਪ੍ਰਸਾਦ ਯਾਦਵ, ਤੇਜਸਵੀ ਯਾਦਵ ਅਤੇ ਮਲਿਕ ਅਰਜਨ ਖੜਗੇ ਦੀ ਮੌਜੂਦਗੀ ਦੇ ਵੱਡੇ ਅਰਥ ਹਨ ਕਿ ਆਉਣ ਵਾਲੀਆਂ ਚੋਣਾਂ ਦੇ ਕਰੜੇ ਮੁਕਾਬਲੇ ਤੋਂ ਪਹਿਲਾਂ ਇਹ ਮਸਲਾ ਵਿਰੋਧੀ ਧਿਰ ਦੇ ਏਕੇ ਵੱਲ ਹੀ ਇਸ਼ਾਰਾ ਨਹੀਂ ਕਰਦਾ ਸਗੋਂ ਭਾਰਤੀ ਜਨਤਾ ਪਾਰਟੀ ਲਈ ਮੁਸ਼ਕਲਾਂ ਵੀ ਖੜੀਆਂ ਕਰੇਗਾ। ਲੋਕ ਸਭਾ ਚੋਣਾਂ ਤੋਂ ਪਹਿਲਾਂ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਅਤੇ ਭਾਰਤ ਜੋੜੋ ਨਿਆਏ ਯਾਤਰਾ ਨੂੰ ਤਕੜਾ ਬੂਰ ਪਿਆ ਸੀ।

ਰਾਹੁਲ ਗਾਂਧੀ ਵੱਲੋਂ ਲਾਏ ਜਾਂਦੇ ਇਲਜ਼ਾਮਾਂ ਨੇ ਭਾਰਤੀ ਚੋਣ ਕਮਿਸ਼ਨ ਨੂੰ ਆਪਣਾ ਪੱਖ ਸਪੱਸ਼ਟ ਕਰਨ ਲਈ ਮਜਬੂਰ ਕੀਤਾ ਹੈ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਵਿਸ਼ੇਸ਼ ਵਿਆਪਕ ਸੁਧਾਈ ਦਾ ਮਕਸਦ ਵੋਟਰ ਸੂਚੀ ਵਿਚਲੀਆਂ ਸਾਰੀਆਂ ਤਰੁੱਟੀਆਂ ਨੂੰ ਦੂਰ ਕਰਨਾ ਹੈ ਅਤੇ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਕੁਝ ਪਾਰਟੀਆਂ ਇਸ ਬਾਰੇ ਗ਼ਲਤ ਸੂਚਨਾ ਫੈਲਾ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਕੁਝ ਪਾਰਟੀਆਂ ਕਮਿਸ਼ਨ ਦੇ ਮੋਢੇ 'ਤੇ ਰੱਖ ਕੇ ਬੰਦੂਕ ਚਲਾ ਰਹੀਆਂ ਹਨ।। ਉਨ੍ਹਾਂ ਨੇ ਕਿਹਾ ਕਿ ਜਿਹੜੀ ਸੂਚੀ ਦਿਖਾਈ ਜਾ ਰਹੀ ਹੈ ਉਹ ਕਮਿਸ਼ਨ ਦੀ ਨਹੀਂ ਹੈ। ਅਜਿਹੇ ਲੋਕ ਜਾਂ ਤਾਂ ਸੱਤ ਦਿਨਾਂ ਅੰਦਰ ਇਹਨਾਂ ਦੋਸ਼ਾਂ 'ਤੇ ਹਲਫ਼ਨਾਮਾ ਦੇਣ ਜਾਂ ਫਿਰ ਦੇਸ਼ ਤੋਂ ਮੁਆਫ਼ੀ ਮੰਗਣ, ਕੋਈ ਤੀਜਾ ਬਦਲ ਨਹੀਂ ਹੈ। ਉਹ ਨਾਲ ਹੀ ਧਮਕੀ ਦਿੰਦੇ ਹਨ ਕਿ ਸੱਤ ਦਿਨਾਂ ਅੰਦਰ ਜੇਕਰ ਇਹਨਾਂ ਦੋਸ਼ਾਂ 'ਤੇ ਹਲਫ਼ਨਾਮਾ ਨਾ ਦਿੱਤਾ ਗਿਆ ਤਾਂ ਉਹਨਾਂ ਦੇ ਸਾਰੇ ਦੋਸ਼ ਬੇਬੁਨਿਆਦ ਮੰਨੇ ਜਾਣਗੇ। ਉਹ ਤਾਂ ਇੱਥੋਂ ਤੱਕ ਕਹਿ ਗਏ ਕਿ ਵੋਟਰ ਨੂੰ ਅਪਰਾਧੀ ਬਣਾਇਆ ਜਾਵੇ ਅਤੇ ਚੋਣ ਕਮਿਸ਼ਨ ਚੁੱਪ ਰਹੇ ਇਹ ਸੰਭਵ ਨਹੀਂ ਹੈ।

ਮੁੱਖ ਚੋਣ ਕਮਿਸ਼ਨ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਦੋਹਰੀ ਵੋਟਿੰਗ ਅਤੇ ਵੋਟ ਚੋਰੀ ਦੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਅਤੇ ਕਿਹਾ ਕਿ ਸਾਰੇ ਹਿੱਤਧਾਰਕ ਪਾਰਦਰਸ਼ੀ ਢੰਗ ਨਾਲ ਐਸ ਆਈ ਆਰ ਨੂੰ ਸਫਲ ਬਣਾਉਣ ਲਈ ਕੰਮ ਕਰ ਰਹੇ ਹਨ। ਵਿਰੋਧੀ ਧਿਰ ਵੱਲੋਂ ਬਿਹਾਰ ਵਿੱਚ ਸ਼ੁਰੂ ਕੀਤੀ ਯਾਤਰਾ ਬਾਰੇ ਉਹਨਾਂ ਕਿਹਾ ਕਿ ਇਹ ਭਰਮ ਹੈ ਕਿ ਐਸ ਆਈ ਆਰ ਜਲਦਬਾਜ਼ੀ ਵਿੱਚ ਕੀਤਾ ਗਿਆ ਹੈ। ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਕਿ ਹਰੇਕ ਚੋਣਾਂ ਤੋਂ ਪਹਿਲਾਂ ਵੋਟਰ ਸੂਚੀ ਨੂੰ ਸਹੀ ਕਰਨਾ ਚੋਣ ਕਮਿਸ਼ਨ ਦਾ ਕਾਨੂੰਨੀ ਫਰਜ਼ ਹੈ। ਉਹਨਾਂ ਦਾ ਇਹ ਵੀ ਕਹਿਣਾ ਸੀ ਕਿ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਕੁਝ ਪਾਰਟੀਆਂ ਅਤੇ ਉਹਨਾਂ ਦੇ ਆਗੂ ਬਿਹਾਰ ਵਿੱਚ ਐਸ ਆਈਆਰ ਬਾਰੇ ਗੱਲ ਸੂਚਨਾ ਫੈਲਾਅ ਰਹੇ ਹਨ। ਉਹਨਾਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਬਿਹਾਰ ਵਿੱਚ ਖਰੜਾ ਵੋਟਰ ਸੂਚੀ ਉੱਤੇ ਦਾਅਵੇ ਅਤੇ ਇਤਰਾਜ਼ ਕਰਨ ਦੀ ਅਪੀਲ ਕੀਤੀ ਹੈ। ਕੁਮਾਰ ਨੇ ਇਹ ਵੀ ਕਿਹਾ ਕਿ ਚੋਣ ਕਮਿਸ਼ਨ ਦੇ ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਹਨ ਅਤੇ ਬੂਥ ਪੱਧਰ ਦੇ ਅਧਿਕਾਰੀ ਤੇ ਏਜੰਟ ਪਾਰਦਰਸ਼ੀ ਢੰਗ ਨਾਲ ਮਿਲ ਕੇ ਕੰਮ ਕਰ ਰਹੇ ਹਨ।

ਉਹਨਾਂ ਆਪਣੇ ਉੱਤੇ ਲੱਗਦੇ ਇਲਜ਼ਾਮਾਂ ਦੇ ਉਲਟ ਕਿਹਾ ਕਿ ਚੋਣ ਕਮਿਸ਼ਨ ਸਿਆਸੀ ਪਾਰਟੀਆਂ ਦਰਮਿਆਨ ਭੇਦ ਭਾਵ ਨਹੀਂ ਕਰ ਸਕਦਾ ਤੇ ਸੱਤਾਧਾਰੀ ਤੇ ਵਿਰੋਧੀ ਧਿਰ ਦੋਵੇਂ ਹੀ ਚੋਣ ਅਥਾਰਟੀ ਵਾਸਤੇ ਬਰਾਬਰ ਹਨ। ਉਹਨਾਂ ਦਾ ਇਹ ਵੀ ਕਹਿਣਾ ਸੀ ਕਿ ਜੇਕਰ ਚੋਣ ਪਟੀਸ਼ਨਾਂ 45 ਦਿਨਾਂ ਦੇ ਅੰਦਰ ਦਾਇਰ ਨਹੀਂ ਕੀਤੀਆਂ ਜਾਂਦੀਆਂ ਪਰ ਵੋਟ ਚੋਰੀ ਦੇ ਦੋਸ਼ ਲਗਾਏ ਜਾਂਦੇ ਹਨ ਤਾਂ ਇਹ ਭਾਰਤੀ ਸੰਵਿਧਾਨ ਦਾ ਅਪਮਾਨ ਹੋਵੇਗਾ। ਉਹਨਾਂ ਦੇ ਦਾਅਵੇ ਰਾਹੁਲ ਗਾਂਧੀ ਦੇ ਇਲਜ਼ਾਮਾਂ ਦੇ ਪੂਰਕ ਨਹੀਂ ਹੋ ਸਕੇ ਹਨ। ਪ੍ਰੈਸ ਕਾਨਫਰੰਸ ਵਿੱਚ ਕੇਵਲ ਇੱਕ ਧਰਮ ਨੂੰ ਗੱਲ ਕਹਿਣ ਦਾ ਹੱਕ ਹੁੰਦਾ ਹੈ ਜਦ ਕਿ ਦੂਜੀ ਧਿਰ ਬਾਅਦ ਵਿੱਚ ਆਪਣਾ ਪੱਖ ਸਪੱਸ਼ਟ ਕਰਦੀ ਹੈ। ਰਾਹੁਲ ਗਾਂਧੀ ਨੇ ਪ੍ਰੈਸ ਕਾਨਫਰੰਸ ਤੋਂ ਬਾਅਦ ਚੋਣ ਕਮਿਸ਼ਨਰ ਨੂੰ ਲੰਮੇ ਹੱਥੀ ਲਿਆ ਵੀ ਹੈ

ਮੁੱਖ ਚੋਣ ਕਮਿਸ਼ਨਰ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਵੋਟਰ ਸੂਚੀ ਨੂੰ ਮਸ਼ੀਨ ਰਾਹੀਂ ਪੜ੍ਹੇ ਜਾਣ ਵਾਲੇ ਫਾਰਮੈਟ ਵਿੱਚ ਸਿਆਸੀ ਪਾਰਟੀਆਂ ਨਾਲ ਸਾਂਝਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਮਸ਼ੀਨ ਰਾਹੀਂ ਪੜ੍ਹੇ ਜਾਣ ਵਾਲੇ ਅਤੇ ਖੋਜਣ ਯੋਗ ਫਾਰਮੈਟ ਵਿੱਚ ਫ਼ਰਕ ਹੈ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਉਹ ਕਹਿੰਦੇ ਹਨ ਕਿ ਉਹਨਾਂ ਦੀ ਵੈੱਬਸਾਈਟ 'ਤੇ ਮੌਜੂਦ ਵੋਟਰ ਸੂਚੀ ਨੂੰ ਵੋਟਰ ਕਾਰਡ ਨੰਬਰ ਦੀ ਵਰਤੋਂ ਕਰਕੇ ਲੱਭਿਆ ਜਾ ਸਕਦਾ ਹੈ ਅਤੇ ਡਾਊਨਲੋਡ ਵੀ ਕੀਤਾ ਸਕਦਾ ਹੈ। ਉਹਨਾਂ ਨਾਲ ਹੀ ਸਪੱਸ਼ਟ ਕੀਤਾ ਕਿ ਮਸ਼ੀਨ ਰਾਹੀਂ ਪੜ੍ਹੇ ਜਾਣ ਵਾਲੇ ਫਾਰਮੈਟ 'ਤੇ ਪਾਬੰਦੀ ਹੈ ਕਿਉਂਕਿ ਇਸ ਨੂੰ ਸੰਪਾਦਿਤ ਕੀਤਾ ਸਕਦਾ ਹੈ ਅਤੇ ਇਸ ਦੇ ਨਾਲ ਹੀ ਇਸ ਦੀ ਦੁਰਵਰਤੋਂ ਹੋ ਸਕਦੀ ਹੈ।




ਦੂਜੇ ਬੰਨੇ ਰਾਹੁਲ ਗਾਂਧੀ ਦਾਅਵਾ ਕਰਦੇ ਹਨ ਕਿ ਸਾਰਾ ਦੇਸ਼ ਜਾਣਦਾ ਹੈ ਕਿ ਚੋਣ ਕਮਿਸ਼ਨ ਭਾਜਪਾ ਨਾਲ ਮਿਲ ਕੇ ਚੋਣਾਂ ਚੋਰੀ ਕਰ ਰਿਹਾ ਹੈ ਪਰ ਉਹਨਾਂ ਨੇ ਹਿੱਕ ਡਾਹ ਕੇ ਲੜਾਈ ਲੜਨ ਦਾ ਐਲਾਨ ਕੀਤਾ ਹੈ। ਰਾਹੁਲ ਗਾਂਧੀ ਨੇ ਇਹ ਵੀ ਦੋਸ਼ ਲਾਇਆ ਹੈ ਕਿ ਸਾਲ 2023 ਨੂੰ ਕਾਨੂੰਨ ਵਿੱਚ ਤਬਦੀਲੀ ਕਰਕੇ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਨੂੰ ਕਾਨੂੰਨੀ ਕਾਰਵਾਈ ਦੇ ਦਾਇਰੇ ਤੋਂ ਮੁਕਤ ਕੀਤਾ ਗਿਆ ਹੈ। ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਹੀਂ ਚਾਹੁੰਦੇ ਕਿ ਵੋਟ ਚੋਰੀ ਕਾਰਨ ਚੋਣ ਕਮਿਸ਼ਨ 'ਤੇ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਹੋਵੇ। ਹੋਰ ਤਾਂ ਹੋਰ ਚੋਣ ਕਮਿਸ਼ਨਰ ਦੀ ਨਿਯੁਕਤੀ ਲਈ ਵੀ ਪੈਨਲ ਵਿੱਚ ਬਦਲਾਅ ਕਰ ਦਿੱਤਾ ਗਿਆ ਸੀ। ਪਹਿਲੇ ਪੈਨਲ ਅਨੁਸਾਰ ਚੋਣ ਕਮਿਸ਼ਨਰ ਦੀ ਨਿਯੁਕਤੀ ਲਈ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਬਿਨਾਂ ਵਿਰੋਧੀ ਧਿਰ ਦੇ ਨੇਤਾ ਅਤੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੂੰ ਸ਼ਾਮਿਲ ਕੀਤਾ ਗਿਆ ਸੀ। ਇਸ ਦੇ ਉਲਟ ਬਦਲਾਅ ਤੋਂ ਬਾਅਦ ਸੁਪਰੀਮ ਕੋਰਟ ਦੇ ਨੁਮਾਇੰਦੇ ਦੀ ਥਾਂ ਪ੍ਰਧਾਨ ਮੰਤਰੀ ਦੇ ਮੰਤਰੀ ਸਾਥੀ ਨੂੰ ਨੁਮਾਇੰਦਗੀ ਦੇ ਦਿੱਤੀ ਗਈ ਸੀ।

ਤੁਹਾਡੇ ਚੇਤਿਆਂ ਵਿੱਚ ਹੋਵੇਗਾ ਕਿ ਵੋਟਾਂ ਦੀ ਸੁਧਾਈ ਵੇਲੇ ਜਿਹਨਾਂ ਜਿਉਂਦੇ ਲੋਕਾਂ ਨੂੰ ਮ੍ਰਿਤਕ ਦਿਖਾ ਕੇ ਵੋਟਾਂ ਕੱਟੀਆਂ ਗਈਆਂ ਸਨ, ਉਹਨਾਂ ਨਾਲ ਰਾਹੁਲ ਗਾਂਧੀ ਨੇ ਪਿੱਛੋਂ ਚਾਹ ਪੀਂਦਿਆਂ ਦੀਆਂ ਤਸਵੀਰਾਂ ਸਾਂਝੀਆਂ ਕਰ ਦਿੱਤੀਆਂ ਸਨ। ਦੋਸ਼ ਤਾਂ ਇਹ ਵੀ ਹਨ ਕਿ ਇੱਕ ਘਰ ਦੀ ਛੱਤ ਹੇਠ ਰਹਿੰਦੇ 400 ਲੋਕਾਂ ਦੀਆਂ ਵੋਟਾਂ ਇੱਕੋ ਪਤੇ 'ਤੇ ਬਣਾਈਆਂ ਗਈਆਂ ਹਨ, ਜਿਹੜਾ ਕਿ ਅਸੰਭਵ ਹੈ। ਇੱਥੇ ਚੇਤੇ ਕਰਾਉਣਾ ਵੀ ਜ਼ਰੂਰੀ ਹੋਵੇਗਾ ਕਿ ਵੋਟਾਂ ਬਣਾਉਣ ਤੋਂ ਪਹਿਲਾਂ ਸਬੂਤਾਂ ਵਿੱਚ ਵੀ ਫੇਰ ਬਦਲ ਕੀਤਾ ਗਿਆ ਸੀ। ਇਸ ਤੋਂ ਚੋਣ ਕਮਿਸ਼ਨ ਦੀ ਮਨਸ਼ਾ ਕਾਫੀ ਹੱਦ ਤੱਕ ਸਾਫ ਹੋ ਗਈ ਸੀ। ਚੋਣਾਂ ਜਿੱਤਣ ਲਈ ਪਾਰਟੀਆਂ ਕਿਸੇ ਵੀ ਹੱਦ ਤੱਕ ਜਾ ਸਕਦੀਆਂ ਹਨ। ਪਹਿਲਾਂ ਕੇਂਦਰ ਦੀਆਂ ਸਰਕਾਰਾਂ ਉੱਤੇ ਸੀਬੀਆਈ ਸਮੇਤ ਦੂਜੀਆਂ ਏਜੰਸੀਆਂ ਦੀ ਦੁਰਵਰਤੋਂ ਕਰਨ ਦੇ ਦੋਸ਼ ਲੱਗਦੇ ਰਹੇ ਹਨ, ਹੁਣ ਭਾਰਤੀ ਚੋਣ ਕਮਿਸ਼ਨ ਵੀ ਇਹਨਾਂ ਇਲਜ਼ਾਮਾਂ ਵਿੱਚ ਘਿਰ ਗਿਆ ਹੈ। ਇਥੋਂ ਤੱਕ ਕਿ ਸੀਬੀਆਈ ਨੂੰ ਤਾਂ ਸਰਕਾਰ ਦਾ ਤੋਤਾ ਕਿਹਾ ਜਾਂਦਾ ਰਿਹਾ ਹੈ। ਸੱਤਾ ਹਾਸਲ ਕਰਨ ਲਈ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਦਿੱਲੀ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਸਾਮ ਦਾਮ, ਭੇਦ ਭਾਵ ਅਤੇ ਕੁੱਟਮਾਰ ਤੱਕ ਚਲੇ ਜਾਣ ਦਾ ਪਾਠ ਵਲੰਟੀਅਰਾਂ ਨੂੰ ਪੜ੍ਹਾ ਰਹੇ ਹਨ। ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੋਟਰਾਂ ਨੂੰ ਸਿੱਖਿਆ ਦਿੰਦੇ ਹਨ ਕਿ ਉਹ ਪੈਸੇ ਕਿਸੇ ਵੀ ਸਿਆਸੀ ਪਾਰਟੀ ਤੋਂ ਲੈਣ ਪਰ ਵੋਟ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਪਾਉਣ। ਇਹ ਕਿਹੋ ਜਿਹੀ ਮਾਨਸਿਕਤਾ ਹੋਈ। ਲੋਕਾਂ ਨੂੰ ਪਰਚੂਨ ਰਿਸ਼ਵਤ ਦੀ ਚਾਟ 'ਤੇ ਲਾਇਆ ਜਾ ਰਿਹਾ ਹੈ ਜਦਕਿ ਸਿਆਸਤਦਾਨ ਆਪ ਥੋਕ ਵਿੱਚ ਭ੍ਰਿਸ਼ਟਾਚਾਰ ਕਰਦੇ ਹਨ। ਸਰਕਾਰ ਬਣਾਉਣ ਤੋਂ ਬਾਅਦ ਮੁੱਖ ਮੰਤਰੀ ਤਾਂ ਇਹ ਵੀ ਦਾਅਵਾ ਕਰਦੇ ਰਹੇ ਹਨ ਕਿ ਸਾਡੇ ਕੰਮ ਬੋਲਦੇ ਹਨ ਪਰ ਮੀਡੀਆ ਵਿੱਚ ਕਈ ਸੌ ਕਰੋੜਾਂ ਦੇ ਇਸ਼ਤਿਹਾਰ ਦੇ ਕੇ ਫੋਕੀ ਵਾਹਵਾ ਖੱਟੀ ਜਾ ਰਹੀ।

ਮੇਰੇ ਚੇਤਿਆਂ ਵਿੱਚ ਹਾਲੇ ਉਹ ਦੋ ਘਟਨਾਵਾਂ ਵਸੀਆਂ ਹੋਈਆਂ ਹਨ, ਜਿਹੜੀਆਂ ਸਿਆਸਤਦਾਨਾਂ ਅਤੇ ਸਰਕਾਰਾਂ ਦਾ ਮੌਜੂ ਉਡਾਉਂਦੀਆਂ ਦਿਸ ਰਹੀਆਂ ਹਨ। ਇੱਕ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਨੇ ਪੱਛਮੀ ਬੰਗਾਲ ਦੀ ਇੱਕ ਬੀਬੀ ਨਾਲ ਫੋਟੋ ਖਿਚਵਾ ਕੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਕਰ ਦਿੱਤਾ ਕਿ ਹਰ ਘਰ ਨੂੰ ਛੱਤ ਨਸੀਬ ਹੋ ਚੁੱਕੀ ਹੈ। ਪਰ ਜਦੋਂ ਮੀਡੀਆ ਉਸ ਬੀਬੀ ਦੇ ਘਰ ਪੁੱਜਾ ਤਾਂ ਉਹ ਆਪਣੇ ਪਰਿਵਾਰ ਨਾਲ ਇੱਕ ਝੁੱਗੀ ਝੋਪੜੀ ਵਿੱਚ ਰਹਿ ਰਹੀ ਸੀ। ਇਸੇ ਤਰ੍ਹਾਂ ਕੇਂਦਰ ਸਰਕਾਰ ਦੀ ਉਜਵਲ ਯੋਜਨਾ ਦਾ ਮਖੌਲ ਵੀ ਉਡਿਆ ਸੀ। ਕੇਂਦਰ ਸਰਕਾਰ ਦੇ ਇੱਕ ਸਾਬਕਾ ਮੰਤਰੀ ਯੋਜਨਾ ਦਾ ਪ੍ਰਚਾਰ ਕਰਨ ਲਈ ਇੱਕ ਬੀਬੀ ਦੇ ਘਰ ਖਾਣਾ ਖਾਣ ਦੀ ਤਸਵੀਰ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਰੂਪ ਵਿੱਚ ਲਗਵਾ ਰਹੇ ਹਨ। ਪਰ ਬੀਬੀ ਸਿਲੰਡਰ ਦੀ ਥਾਂ ਚੁੱਲੇ ਵਿੱਚ ਲੱਕੜਾਂ ਪਾ ਕੇ ਰੋਟੀਆਂ ਲਾਉਂਦੀ ਦਿਖਾਈ ਗਈ ਹੈ। ਇਸੇ ਕਰਕੇ ਕਹਿੰਦੇ ਹਨ ਕਿ ਝੂਠ ਦੇ ਪੈਰ ਨਹੀਂ ਹੁੰਦੇ ਹਨ।

ਚੋਣ ਕਮਿਸ਼ਨ ਵਾਸਤੇ ਜਵਾਬ ਦੇਣ ਦੀ ਨੌਬਤ ਆਵੇ ਜਾਂ ਆਪਣੇ ਆਪ ਨੂੰ ਸਹੀ ਦੱਸਣ ਲਈ ਮਜਬੂਰ ਹੋਣਾ ਪਵੇ ਇਸ ਤਰ੍ਹਾਂ ਦਾ ਸਬੱਬ ਬਹੁਤ ਘੱਟ ਬਣਿਆ ਹੈ। ਕਮਿਸ਼ਨ ਨੇ ਆਪਣੇ ਆਪ ਨੂੰ ਸਹੀ ਦੱਸਣ ਲਈ ਰਾਹੁਲ ਗਾਂਧੀ ਦੇ ਵੋਟ ਚੋਰੀ ਵਾਲੇ ਸ਼ਬਦਾਂ ਨੂੰ ਬੇਤੁਕਾ ਅਤੇ ਗੁੰਮਰਾਹਕੁੰਨ ਦੱਸਦਿਆਂ ਸਿਰੇ ਤੋਂ ਖ਼ਾਰਜ ਕਰ ਦਿੱਤਾ ਹੈ। ਜਿਵੇਂ ਕਿ ਉੱਪਰ ਜ਼ਿਕਰ ਕੀਤਾ ਹੈ ਕਿ ਪਿਛਲੇ ਸਮੇਂ ਤੋਂ ਕੇਂਦਰ ਸਰਕਾਰ ਉੱਤੇ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਦੇ ਦੋਸ਼ ਲੱਗੇ ਹਨ, ਇਸ ਨੂੰ ਉਸੇ ਕੜੀ ਦਾ ਹਿੱਸਾ ਕਿਹਾ ਜਾ ਸਕਦਾ ਹੈ।

ਦੂਜੇ ਬੰਨੇ ਸਿਆਸੀ ਆਗੂਆਂ ਨੂੰ ਵੀ ਠੋਸ ਸਬੂਤਾਂ ਤੋਂ ਬਿਨਾਂ ਅਜਿਹੇ ਸ਼ਬਦ ਵਰਤਣ ਦੀ ਖੁੱਲ ਨਹੀਂ ਲੈਣੀ ਚਾਹੀਦੀ, ਜਿਸ ਨਾਲ ਲੋਕਾਂ ਦਾ ਚੋਣ ਕਮਿਸ਼ਨ ਜਾਂ ਸਰਕਾਰਾਂ ਤੋਂ ਭਰੋਸਾ ਉਠ ਜਾਵੇ। ਸੱਤਾਧਾਰੀ ਅਤੇ ਵਿਰੋਧੀ ਧਿਰ ਨੂੰ ਆਪਸ ਵਿੱਚ ਦੀ ਹਾਂ ਪੱਖੀ ਸਬੰਧ ਬਣਾਉਣੇ ਚਾਹੀਦੇ ਹਨ। ਇਸੇ ਤਰ੍ਹਾਂ ਚੋਣ ਕਮਿਸ਼ਨ ਨਾਲ ਵੀ ਟਕਰਾਅ ਦੇ ਤੌਰ 'ਤੇ ਪੇਸ਼ ਹੋਣ ਦੀ ਬਜਾਏ ਭਰੋਸੇ ਯੋਗਤਾ ਨੂੰ ਤਰਜੀਹ ਦੇਣੀ ਬਣਦੀ ਹੈ। ਇਸੇ ਵਿੱਚ ਮੁਲਕ ਦਾ ਭਲਾ ਹੈ।

## ਵੋਟਰ ਸੂਚੀ ਤੇ ਚੋਣਾਂ ਦੀ ਨਿਰਪੱਖਤਾ

# ਸੁਪਰੀਮ ਕੋਰਟ ਦੇ ਫੈਸਲੇ, ਵਿਰੋਧੀ ਧਿਰ ਦੇ ਦੋਸ਼ ਅਤੇ ਅਸਲ ਹਕੀਕਤ



ਵਿੰਕਲਜੀਤ ਸਿੰਘ ਸਰਾ
9501477889

ਭਾਰਤੀ ਲੋਕਤੰਤਰ ਦਾ ਥੰਮ੍ਹ ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਹਨ।ਪਰ ਜਦੋਂ ਇਸੇ ਥੰਮ੍ਹ ਦੀ ਨੀਂਹ, ਯਾਨੀ ਵੋਟਰ ਸੂਚੀ 'ਤੇ ਸਵਾਲ ਉੱਠਣ ਲੱਗਣ ਤਾਂ ਪੂਰੇ ਸਿਸਟਮ ਵਿੱਚ ਬੇ-ਭਰੋਸਗੀ ਪੈਦਾ ਹੋਣੀ ਸੁਭਾਵਿਕ ਹੈ। ਹਾਲ ਹੀ ਦੇ ਸਾਲਾਂ ਵਿੱਚ, ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਵਿਰੋਧੀ ਧਿਰਾਂ ਵੱਲੋਂ ਵੋਟਰ ਸੂਚੀਆਂ ਵਿੱਚ ਵੱਡੇ ਪੱਧਰ 'ਤੇ ਹੇਰਾਫੇਰੀ ਕਰਨ ਦੇ ਗੰਭੀਰ ਦੋਸ਼ ਲਾਏ ਗਏ ਹਨ। ਇਹ ਮੁੱਦਾ ਹੁਣ ਸਿਰਫ਼ ਸਿਆਸੀ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਿਹਾ, ਸਗੋਂ ਸੁਪਰੀਮ ਕੋਰਟ ਦੇ ਦਖ਼ਲ ਅਤੇ ਕੁਝ ਠੋਸ ਮਾਮਲਿਆਂ ਨੇ ਇਸ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।

**ਇਤਿਹਾਸਕ ਫੈਸਲਾ : ਹਰਿਆਣਾ EVM ਰੀਕਾਊਂਟ ਜਿਸਨੇ ਸਭ ਬਦਲ ਦਿੱਤਾ** : ਇਸ ਬਹਿਸ ਵਿੱਚ ਸਭ ਤੋਂ ਵੱਡਾ ਮੋੜ 2025 ਵਿੱਚ ਆਇਆ, ਜਦੋਂ ਸੁਪਰੀਮ ਕੋਰਟ ਨੇ ਇੱਕ ਅਜਿਹਾ ਫੈਸਲਾ ਸੁਣਾਇਆ ਜਿਸ ਦੀ ਗੂੰਜ ਪੂਰੇ ਦੇਸ਼ ਵਿੱਚ ਸੁਣਾਈ ਦਿੱਤੀ। ਮਾਮਲਾ ਹਰਿਆਣਾ ਦੇ ਪਾਨੀਪਤ ਜ਼ਿਲ੍ਹੇ ਦੇ ਬੁਆਨਾ ਲਾਖੂ ਪਿੰਡ ਦੀ 2022 ਦੀ ਸਰਪੰਚੀ ਚੋਣ ਦਾ ਸੀ।

**ਮੁੱਢਲਾ ਨਤੀਜਾ:** ਇਸ ਚੋਣ ਵਿੱਚ ਕੁਲਦੀਪ ਸਿੰਘ ਨੂੰ ਜੇਤੂ ਐਲਾਨਿਆ ਗਿਆ ਸੀ। ਪਰ ਉਨ੍ਹਾਂ ਦੇ ਵਿਰੋਧੀ, ਮੋਹਿਤ ਕੁਮਾਰ, ਨੇ ਨਤੀਜਿਆਂ ਨੂੰ ਚੁਣੌਤੀ ਦਿੰਦਿਆਂ ਵੋਟਾਂ ਦੀ ਮੁੜ ਗਿਣਤੀ ਦੀ ਮੰਗ ਕੀਤੀ।

**ਕਾਨੂੰਨੀ ਲੜਾਈ:** ਸ਼ੁਰੂ ਵਿੱਚ, ਹੇਠਲੀਆਂ ਅਦਾਲਤਾਂ ਨੇ ਸਿਰਫ਼ ਇੱਕ ਬੂਥ ਦੀਆਂ ਵੋਟਾਂ ਦੀ ਮੁੜ ਗਿਣਤੀ ਦੀ ਇਜਾਜ਼ਤ ਦਿੱਤੀ, ਜਿਸ ਨਾਲ ਨਤੀਜੇ 'ਤੇ ਕੋਈ ਖਾਸ ਅਸਰ ਨਾ ਪਿਆ।

**ਸੁਪਰੀਮ ਕੋਰਟ ਦਾ ਦਖ਼ਲ:** 31 ਜੁਲਾਈ 2025 ਨੂੰ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਇਤਿਹਾਸਕ ਦਖ਼ਲ ਦਿੰਦਿਆਂ ਹੁਕਮ ਦਿੱਤਾ ਕਿ ਸਾਰੇ ਬੂਥਾਂ ਦੀਆਂ ਵੋਟਾਂ ਦੀ ਮੁੜ ਗਿਣਤੀ (ਰੀਕਾਊਂਟ) ਕੀਤੀ ਜਾਵੇ। ਇਹ ਪ੍ਰਕਿਰਿਆ ਅਦਾਲਤ ਦੀ ਸਿੱਧੀ ਨਿਗਰਾਨੀ ਹੇਠ, ਵੀਡੀਓਗ੍ਰਾਫ਼ੀ ਸਮੇਤ ਹੋਣੀ ਸੀ।

**ਹੈਰਾਨੀਜਨਕ ਨਤੀਜਾ:** 6 ਅਗਸਤ 2025 ਨੂੰ ਹੋਈ ਮੁੜ ਗਿਣਤੀ ਨੇ ਸਭ ਨੂੰ ਹੈਰਾਨ ਕਰ ਦਿੱਤਾ। ਨਵੇਂ ਨਤੀਜਿਆਂ ਅਨੁਸਾਰ ਮੋਹਿਤ ਕੁਮਾਰ ਨੂੰ 3,767 ਵੋਟਾਂ ਮਿਲੀਆਂ, ਜਦਕਿ ਪਹਿਲਾਂ ਜੇਤੂ ਰਹੇ ਕੁਲਦੀਪ ਸਿੰਘ ਨੂੰ ਸਿਰਫ਼ 2,000 ਵੋਟਾਂ ਮਿਲੀਆਂ। ਅਦਾਲਤ ਨੇ ਤੁਰੰਤ ਪੁਰਾਣੇ ਨਤੀਜੇ ਨੂੰ ਰੱਦ ਕਰਦਿਆਂ ਮੋਹਿਤ ਕੁਮਾਰ ਨੂੰ ਅਧਿਕਾਰਤ ਤੌਰ 'ਤੇ ਜੇਤੂ ਸਰਪੰਚ ਐਲਾਨ ਦਿੱਤਾ। ਇਹ ਭਾਰਤ ਦੇ ਚੋਣ ਇਤਿਹਾਸ ਵਿੱਚ ਸ਼ਾਇਦ ਪਹਿਲੀ ਵਾਰ ਸੀ ਕਿ ਸੁਪਰੀਮ ਕੋਰਟ ਨੇ EVM ਅਤੇ ਸਾਰੇ ਚੋਣ ਰਿਕਾਰਡ ਨੂੰ ਆਪਣੀ ਨਿਗਰਾਨੀ ਹੇਠ ਮੰਗਵਾ ਕੇ ਮੁੜ ਗਿਣਤੀ ਕਰਵਾਈ ਅਤੇ ਨਤੀਜਾ ਪੂਰੀ ਤਰ੍ਹਾਂ ਪਲਟ ਦਿੱਤਾ। ਇਸ ਫੈਸਲੇ ਨੇ ਇਹ ਸਾਬਤ ਕਰ ਦਿੱਤਾ ਕਿ ਚੋਣ ਪ੍ਰਕਿਰਿਆ ਵਿੱਚ ਗੜਬੜੀਆਂ ਦੀ ਸੰਭਾਵਨਾ ਮੌਜੂਦ ਹੈ ਅਤੇ ਨਿਰਪੱਖ ਜਾਂਚ ਨਾਲ ਸੱਚਾਈ ਸਾਹਮਣੇ ਆ ਸਕਦੀ ਹੈ।

**ਵਿਰੋਧੀ ਧਿਰ ਦੇ ਦੋਸ਼: ਇੱਕ ਸੋਚੀ-ਸਮਝੀ ਸਾਜ਼ਿਸ਼ ?** : ਹਰਿਆਣਾ ਦੇ ਮਾਮਲੇ ਨੇ ਵਿਰੋਧੀ ਧਿਰਾਂ ਦੇ ਉਨ੍ਹਾਂ ਦੋਸ਼ਾਂ ਨੂੰ ਹੋਰ ਬਲ ਦਿੱਤਾ ਹੈ ਜੋ ਉਹ ਲੰਮੇ ਸਮੇਂ ਤੋਂ ਭਾਜਪਾ 'ਤੇ ਲਾਉਂਦੀਆਂ ਆ ਰਹੀਆਂ ਹਨ। ਕਾਂਗਰਸ ਨੇਤਾ ਰਾਹੁਲ ਗਾਂਧੀ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਅਤੇ ਤ੍ਰਿਣਮੂਲ ਕਾਂਗਰਸ ਦੇ ਆਗੂ ਅਭਿਸ਼ੇਕ ਬੈਨਰਜੀ ਸਮੇਤ ਕਈ ਨੇਤਾਵਾਂ ਨੇ ਦਾਅਵਾ ਕੀਤਾ ਹੈ ਕਿ ਭਾਜਪਾ ਇੱਕ ਯੋਜਨਾਬੱਧ ਤਰੀਕੇ ਨਾਲ ਵੋਟਰ ਸੂਚੀਆਂ ਵਿੱਚ ਹੇਰਾਫੇਰੀ ਕਰ ਰਹੀ ਹੈ।

**ਉਨ੍ਹਾਂ ਦੇ ਮੁੱਖ ਦੋਸ਼ ਹਨ:- ਜਾਅਲੀ ਵੋਟਰ:** ਵਿਰੋਧੀ ਧਿਰ ਦੇ ਗੜ੍ਹ ਵਾਲੇ ਹਲਕਿਆਂ ਵਿੱਚ ਮਰ ਚੁੱਕੇ ਲੋਕਾਂ, ਇੱਕ ਤੋਂ ਵੱਧ ਥਾਵਾਂ 'ਤੇ ਦਰਜ ਵੋਟਰਾਂ (duplicate entries) ਅਤੇ ਗਲਤ ਪਤਿਆਂ ਵਾਲੇ ਵੋਟਰਾਂ ਦੇ ਨਾਮ ਜਾਣ-ਬੁੱਝ ਕੇ ਸ਼ਾਮਲ ਕੀਤੇ ਜਾ ਰਹੇ ਹਨ।

**ਵੋਟਰਾਂ ਦੇ ਨਾਮ ਕੱਟਣਾ:** ਇਸ ਦੇ ਨਾਲ ਹੀ, ਵਿਰੋਧੀ ਧਿਰ ਦੇ ਸਮਰਥਕ ਮੰਨੇ ਜਾਂਦੇ ਅਸਲ ਵੋਟਰਾਂ ਦੇ ਨਾਮ ਸੂਚੀ ਵਿੱਚੋਂ ਗਾਇਬ ਕੀਤੇ ਜਾ ਰਹੇ ਹਨ।

**ਨਿਸ਼ਾਨਾ:** ਇਸ ਸਭ ਦਾ ਮਕਸਦ ਵਿਰੋਧੀ ਧਿਰ ਦੀ ਵੋਟ ਪ੍ਰਤੀਸ਼ਤਤਾ ਨੂੰ ਕਮਜ਼ੋਰ ਕਰਨਾ ਅਤੇ ਚੋਣ ਨਤੀਜਿਆਂ ਨੂੰ ਸੂਖਮ ਢੰਗ ਨਾਲ ਆਪਣੇ ਪੱਖ ਵਿੱਚ ਕਰਨਾ ਹੈ।

**ਅੰਕੜਿਆਂ ਦੀ ਅਸਲ ਹਕੀਕਤ ਅਤੇ ਭਾਜਪਾ ਦਾ ਪੱਖ** : ਇਨ੍ਹਾਂ ਦੋਸ਼ਾਂ ਦੇ ਜਵਾਬ ਵਿੱਚ, ਭਾਜਪਾ ਨੇ ਵੀ ਵਿਰੋਧੀ ਧਿਰ ਦੇ ਮਜ਼ਬੂਤ ਹਲਕਿਆਂ ਵਿੱਚ '**ਸ਼ੱਕੀ**' ਵੋਟਰਾਂ ਦੇ ਅੰਕੜੇ ਜਾਰੀ ਕੀਤੇ ਹਨ।

**ਭਾਜਪਾ ਨੇ ਦਾਅਵਾ ਕੀਤਾ ਹੈ ਕਿ ਉਸਦੇ ਆਪਣੇ ਵਿਸ਼ਲੇਸ਼ਣ ਅਨੁਸਾਰ** : ਰਾਏ ਬਰੇਲੀ (ਉੱਤਰ ਪ੍ਰਦੇਸ਼) ਵਿੱਚ 2.99 ਲੱਖ, ਵਾਇਨਾਡ (ਕੇਰਲ) ਵਿੱਚ 2.69 ਲੱਖ, ਮੈਨਪੁਰੀ (ਉੱਤਰ ਪ੍ਰਦੇਸ਼) ਵਿੱਚ 2.55 ਲੱਖ, ਕਨੌਜ (ਉੱਤਰ ਪ੍ਰਦੇਸ਼) ਵਿੱਚ 2.51 ਲੱਖ, ਡਾਇਮੰਡ ਹਾਰਬਰ (ਪੱਛਮੀ ਬੰਗਾਲ) ਵਿੱਚ 93,499, ਕੋਲਾਥੁਰ (ਤਾਮਿਲਨਾਡੂ) ਵਿੱਚ 19,776 ਸ਼ੱਕੀ ਵੋਟਰ ਹਨ। ਹਾਲਾਂਕਿ, ਇਹ ਧਿਆਨ ਦੇਣਾ ਬਹੁਤ ਜ਼ਰੂਰੀ ਹੈ ਕਿ ਇਹ ਅੰਕੜੇ ਭਾਜਪਾ ਦੁਆਰਾ ਚੋਣ ਕਮਿਸ਼ਨ ਦੇ ਡਾਟਾ ਦੇ ਆਪਣੇ ਵਿਸ਼ਲੇਸ਼ਣ 'ਤੇ ਅਧਾਰਿਤ ਹਨ। ਇਨ੍ਹਾਂ ਅੰਕੜਿਆਂ ਦੀ ਕਿਸੇ ਵੀ ਸੁਤੰਤਰ ਏਜੰਸੀ ਜਾਂ ਚੋਣ ਕਮਿਸ਼ਨ ਵੱਲੋਂ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ ਹੈ।

**ਪੱਛਮੀ ਬੰਗਾਲ ਅਤੇ ਬਿਹਾਰ: ਵਿਵਾਦ ਦੇ ਕੇਂਦਰ** : ਇਹ ਵਿਵਾਦ ਸਿਰਫ਼ ਬਿਆਨਾਂ ਤੱਕ ਸੀਮਤ ਨਹੀਂ ਹੈ, ਸਗੋਂ ਜ਼ਮੀਨੀ ਪੱਧਰ 'ਤੇ ਵੀ ਇਸਦੇ ਪ੍ਰਮਾਣ ਮਿਲ ਰਹੇ ਹਨ।

**ਪੱਛਮੀ ਬੰਗਾਲ ਦਾ ਮਾਮਲਾ:** ਚੋਣ ਕਮਿਸ਼ਨ (EC) ਨੇ ਖੁਦ ਕਾਰਵਾਈ ਕਰਦਿਆਂ ਰਾਜ ਦੇ ਪੰਜ ਚੋਣ ਅਧਿਕਾਰੀਆਂ 'ਤੇ ਜਾਅਲੀ ਵੋਟਰ ਜੋੜਨ ਦੇ ਦੋਸ਼ਾਂ ਤਹਿਤ ਸੱਤ ਦਿਨਾਂ ਵਿੱਚ ਕਾਰਵਾਈ ਕਰਨ ਦਾ ਹੁਕਮ ਦਿੱਤਾ। ਇਸ 'ਤੇ ਰਾਜ ਸਰਕਾਰ ਨੇ ਕਾਨੂੰਨੀ ਸਲਾਹ ਲਈ ਸਮਾਂ ਮੰਗਿਆ, ਜਿਸ ਨਾਲ ਕੇਂਦਰ ਅਤੇ ਰਾਜ ਵਿਚਾਲੇ ਟਕਰਾਅ ਦੀ ਸਥਿਤੀ ਪੈਦਾ ਹੋ ਗਈ।

**ਬਿਹਾਰ ਵਿੱਚ SIR ਪ੍ਰਕਿਰਿਆ:** ਬਿਹਾਰ ਵਿੱਚ, Special Intensive Revision (SIR) ਨਾਮਕ ਪ੍ਰਕਿਰਿਆ ਤਹਿਤ ਵੋਟਰ ਰਜਿਸਟ੍ਰੇਸ਼ਨ ਲਈ ਲੋੜੀਂਦੇ ਦਸਤਾਵੇਜ਼ਾਂ ਦੀ ਗਿਣਤੀ 7 ਤੋਂ ਵਧਾ ਕੇ 11 ਕਰ ਦਿੱਤੀ ਗਈ। ਭਾਵੇਂ ਸੁਪਰੀਮ ਕੋਰਟ ਨੇ ਇਸ ਨੂੰ 'ਵੋਟਰ-ਪੱਖੀ' ਕਰਾਰ ਦਿੱਤਾ, ਪਰ ਆਧਾਰ ਕਾਰਡ ਨੂੰ ਇਸ ਸੂਚੀ ਵਿੱਚੋਂ ਬਾਹਰ ਰੱਖਣ ਦਾ ਕੋਈ ਸਪੱਸ਼ਟ ਕਾਰਨ ਨਾ ਦੇਣ ਕਰਕੇ ਇਹ ਕਦਮ ਵੀ ਸ਼ੱਕ ਦੇ ਘੇਰੇ ਵਿੱਚ ਹੈ।

**ਭਰੋਸੇ ਦੀ ਬਹਾਲੀ ਸਭ ਤੋਂ ਵੱਡੀ ਚੁਣੌਤੀ:** ਹਰਿਆਣਾ ਵਿੱਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਈ ਮੁੜ ਗਿਣਤੀ ਦਾ ਨਤੀਜਾ ਇੱਕ ਵੱਡਾ ਸਬੂਤ ਹੈ। ਇਹ ਦਰਸਾਉਂਦਾ ਹੈ ਕਿ ਜੇਕਰ ਨਿਰਪੱਖ ਅਤੇ ਸਖ਼ਤ ਨਿਗਰਾਨੀ ਹੋਵੇ ਤਾਂ ਚੋਣ ਨਤੀਜੇ ਬਦਲ ਸਕਦੇ ਹਨ। ਵੋਟਰ ਸੂਚੀਆਂ ਵਿੱਚ ਗੜਬੜੀਆਂ ਦੇ ਲਗਾਤਾਰ ਲੱਗ ਰਹੇ ਦੋਸ਼, ਕੁਝ ਮਾਮਲਿਆਂ ਵਿੱਚ ਅਧਿਕਾਰੀਆਂ 'ਤੇ ਹੁੰਦੀ ਕਾਰਵਾਈ ਅਤੇ ਭਾਜਪਾ ਤੇ ਵਿਰੋਧੀ ਧਿਰ ਵਿਚਾਲੇ ਅੰਕੜਿਆਂ ਦੀ ਜੰਗ, ਇਹ ਸਭ ਮਿਲ ਕੇ ਮੌਜੂਦਾ ਚੋਣ ਪ੍ਰਣਾਲੀ ਦੀ ਪਾਰਦਰਸ਼ਤਾ 'ਤੇ ਇੱਕ ਗੰਭੀਰ ਪ੍ਰਸ਼ਨ ਚਿੰਨ੍ਹ ਲਾਉਂਦੇ ਹਨ। ਲੋਕਤੰਤਰ ਦੀ ਸਿਹਤ ਲੋਕਾਂ ਦੇ ਚੋਣ ਪ੍ਰਕਿਰਿਆ ਵਿੱਚ ਵਿਸ਼ਵਾਸ 'ਤੇ ਨਿਰਭਰ ਕਰਦੀ ਹੈ। ਇਸ ਵਿਸ਼ਵਾਸ ਨੂੰ ਮੁੜ ਬਹਾਲ ਕਰਨ ਲਈ, ਰੀਅਲ-ਟਾਈਮ ਵੋਟਰ ਵੈਰੀਫਿਕੇਸ਼ਨ, ਸਖ਼ਤ ਅਤੇ ਨਿਰਪੱਖ ਨਿਗਰਾਨੀ ਅਤੇ ਦੋਸ਼ੀ ਪਾਏ ਜਾਣ ਵਾਲੇ ਅਧਿਕਾਰੀਆਂ ਵਿਰੁੱਧ ਤੇਜ਼ੀ ਨਾਲ ਕਾਰਵਾਈ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਜੇਕਰ ਅਜਿਹਾ ਨਾ ਹੋਇਆ ਤਾਂ ਭਾਰਤੀ ਲੋਕਤੰਤਰ ਦੀ ਨੀਂਹ ਕਮਜ਼ੋਰ ਹੋ ਸਕਦੀ ਹੈ।



# ਮਾਝਾ-ਦੁਆਬਾ



ਆਸ ਪਾਸ

## ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਰੈਣ ਸਬਾਈ ਕੀਰਤਨ ਸਮਾਗਮ ਕਰਵਾਇਆ



ਅੰਮ੍ਰਿਤਸਰ, 18 ਅਗਸਤ (ਬਬਲੂ ਮਹਾਜਨ) : ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਭਾਈ ਅਮਨਦੀਪ ਸਿੰਘ ਜੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸਮਾਗਮ ਨੂੰ ਸਮਰਪਿਤ ਮਹਾਨ ਰੈਣ ਸਬਾਈ ਕੀਰਤਨ ਸਮਾਗਮ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਤਰਨ ਤਾਰਨ ਰੋਡ, ਅੰਮ੍ਰਿਤਸਰ ਵਿਖੇ ਕਰਵਾਇਆ ਗਿਆ। ਜਿਸ ਵਿੱਚ ਸਿੱਖ ਪੰਥ ਦੀਆਂ ਮਹਾਨ ਸ਼ਖਸੀਅਤਾਂ ਨੇ ਪਹੁੰਚ ਕੇ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੀ ਆਰੰਭਤਾ ਬਾਬਾ ਦੀਪ ਸਿੰਘ ਗੁਰਮਤਿ ਗਿਆਨ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਦੁਆਰਾ ਕੀਤੀ। ਉਚੇਚੇ ਤੌਰ 'ਤੇ ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਭਲਾਈ ਕੇਂਦਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਰਸ ਭਿਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਭਾਈ ਅਮਨਦੀਪ ਸਿੰਘ ਜੀ ,ਭਾਈ ਵਰਿੰਦਰ ਸਿੰਘ ਕੰਗ, ਮਾਤਾ ਵਿਪਨਪ੍ਰੀਤ ਕੌਰ ਲੁਧਿਆਣੇ ਵਾਲੇ,ਭਾਈ ਦਵਿੰਦਰ ਸਿੰਘ ਨਿਰਮਾਣ,ਭਾਈ ਸ਼ਮਸ਼ੇਰ ਸਿੰਘ,ਭਾਈ ਗੁਰਚਰਨ ਸਿੰਘ ਨੇ ਕਥਾ ਕੀਰਤਨ ਦੁਆਰਾ ਹਾਜ਼ਰੀ ਭਰੀ। ਸਟੇਜ ਸੈਕਟਰੀ ਦੀ ਸੇਵਾ ਭਾਈ ਵਰਿਆਮ ਸਿੰਘ ਕਥਾਵਾਚਕ ਨੇ ਸੋਹਣੇ ਢੰਗ ਨਾਲ ਨਿਭਾਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਅਮਨਦੀਪ ਸਿੰਘ ਨੇ ਦੱਸਿਆ ਹਜ਼ਾਰਾਂ ਦੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਸੰਗਤਾਂ ਨੇ ਰੈਣ ਸਬਾਈ ਕੀਰਤਨ ਦਰਬਾਰ ਵਿੱਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਭਾਈ ਸਾਹਿਬ ਨੇ ਦੱਸਿਆ ਮਹੀਨਾਵਾਰੀ ਵਿਸ਼ੇਸ਼ ਚੁਪਿਹਰਾ ਜਪ ਤਪ ਸਮਾਗਮ 27 ਅਗਸਤ ਦਿਨ ਬੁੱਧਵਾਰ ਸਮਾਂ ਸਵੇਰੇ 9:00 ਤੋਂ ਸ਼ਾਮ 4 ਵਜੇ ਤੱਕ ਦਾਤਾਂ ਬੰਦੀ ਛੋੜ ਪਬਲਿਕ ਸਕੂਲ ਰਾਮਤੀਰਥ ਅੱਡਾ ਬਾਉਲੀ, ਰਾਮ ਤੀਰਥ ਰੋਡ, ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਣਗੇ। ਭਾਈ ਸਾਹਿਬ ਵੱਲੋਂ ਸੰਗਤਾਂ ਨੂੰ ਬੇਨਤੀ ਕੀਤੀ। ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਭਾਈ ਅੰਮ੍ਰਿਤੇਸਵਰ ਸਿੰਘ ਭਾਈ ਜਸਬੀਰ ਸਿੰਘ ,ਭਾਈ ਅਵਤਾਰ ਸਿੰਘ,ਭਾਈ ਇੰਦਰਪ੍ਰੀਤ ਸਿੰਘ,ਭਾਈ ਸ਼ਮਸ਼ੇਰ ਸਿੰਘ, ਭਾਈ ਮਹਿਕਪ੍ਰੀਤ ਸਿੰਘ,ਭਾਈ ਸਿਮਰਨਜੀਤ ਸਿੰਘ ਗੁਰਪ੍ਰੀਤ ਸਿੰਘ ਢੱਲ ਮੀਡੀਆ ਸਕੱਤਰ ਆਦਿ ਹਾਜ਼ਰ ਸਨ।

## ਬਿਆਸ ਦਰਿਆ ਦੀ ਮਾਰ ਨਾਲ ਪ੍ਰਭਾਵਿਤ ਪਿੰਡਾਂ ਲਈ ਹਰ ਵੇਲੇ ਤਿਆਰ ਹਾਂ : ਵਿਧਾਇਕ ਦਲਬੀਰ ਸਿੰਘ ਟੌਂਗ



ਬਾਬਾ ਬਕਾਲਾ ਸਾਹਿਬ, 18 ਅਗਸਤ (ਬਲਰਾਜ ਸਿੰਘ ਰਾਜਾ) : ਹਲਕਾ ਬਾਬਾ ਬਕਾਲਾ ਸਾਹਿਬ ਦੇ ਕਈ ਪਿੰਡ ਇਸ ਸਮੇਂ ਬਿਆਸ ਦਰਿਆ ਦੇ ਪਾਣੀ ਦੀ ਮਾਰ ਸਹਿੰਦੇ ਹੋਏ ਵੱਡੀ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ। ਖ਼ਾਸ ਕਰਕੇ ਜਲਾਲਾਬਾਦ, ਬੋਦਲਕੀੜੀ, ਵੈਰੋਵਾਲ ਅਤੇ ਗਗੜੇਵਾਲ ਇਲਾਕੇ ਦੇ ਕਈ ਹਿੱਸੇ ਪ੍ਰਭਾਵਿਤ ਹੋਏ ਹਨ। ਬਾਬਾ ਬਕਾਲਾ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਕਿਹਾ ਕਿ "ਅਸੀਂ ਰੱਬ ਅੱਗੇ ਅਰਦਾਸ ਕਰਦੇ ਹਾਂ ਕਿ ਸਭ ਨੂੰ ਸੁੱਖ-ਸਲਾਮਤੀ ਬਖ਼ਸ਼ੇ। ਹਾਲਾਤਾਂ 'ਤੇ ਸਾਡੀ ਨਿਗਰਾਨੀ ਲਗਾਤਾਰ ਜਾਰੀ ਹੈ ਅਤੇ ਜੇ ਲੋੜ ਪਈ ਤਾਂ ਮੈਂ ਆਪਣੀ ਟੀਮ ਸਮੇਤ ਪੂਰੀ ਤਰ੍ਹਾਂ ਤਿਆਰ ਹਾਂ ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਵਾਇਆ ਕਿ ਇਸ ਸੰਕਟ ਦੇ ਸਮੇਂ ਉਹਨਾਂ ਨੂੰ ਅਕੇਲਾ ਨਹੀਂ ਛੱਡਿਆ ਜਾਵੇਗਾ ਅਤੇ ਹਰੇਕ ਸੰਭਵ ਮਦਦ ਕੀਤੀ ਜਾਵੇਗੀ।

ਵਿਧਾਇਕ ਬਾਬਾ ਬਕਾਲਾ ਨੇ ਦੱਸਿਆ ਕਿ ਪ੍ਰਸ਼ਾਸ਼ਨ ਵੱਲੋਂ ਹਲਾਤਾਂ ਤੇ ਪੂਰੀ ਨਜਰ ਰੱਖੀ ਜਾ ਰਹੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਅਗਲੇ ਦੋ ਦਿਨ ਤੱਕ ਖੇਤਾਂ ਵਿੱਚ ਨਾ ਜਾਣ। ਉਨ੍ਹਾਂ ਕਿਹਾ ਕਿ ਪਹਾੜਾ ਵਿੱਚ ਬਰਸਾਤ ਹੋਣ ਕਾਰਨ ਮੈਦਾਨੀ ਇਲਾਕਿਆਂ ਵਿੱਚ ਪਾਣੀ ਦਾ ਵਹਾਅ ਤੇਜ ਹੋਣ ਕਾਰਨ ਹੜ੍ਹਾਂ ਦੀ ਸਥਿਤੀ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਅਸੀਂ ਪੂਰੀ ਤਰ੍ਹਾਂ ਤਿਆਰ ਹਾਂ ਅਤੇ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸ਼ਨ ਵੱਲੋਂ ਦਰਿਆ ਦੇ ਕਿਨਾਰੇ ਉਤੇ ਮਿੱਟੀ ਦੇ ਬੋਰਿਆਂ ਨਾਲ ਬੰਨ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜਰ ਸਨ।

## ਕਰਤਾਰ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸਾਲਾਨਾ ਬਰਸੀ ਸਮਾਗਮ 'ਤੇ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਖ਼ਾਲਸਾ ਨੇ ਸ਼ਿਰਕਤ ਕੀਤੀ



ਅੰਮ੍ਰਿਤਸਰ, 18 ਅਗਸਤ (ਬਬਲੂ ਮਹਾਜਨ) : ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਸਲਾਨਾ ਬਰਸੀ ਵਿਆਨਾ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਈ ਗਈ। ਇਸ ਧਾਰਮਿਕ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ ਖਾਲਸਾ ਨੇ ਸ਼ਿਰਕਤ ਕੀਤੀ। ਸਿੰਘ ਸਾਹਿਬ ਨੇ ਆਪਣੇ ਸੰਬੋਧਨ ਦੌਰਾਨ ਸੰਤ ਕਰਤਾਰ ਸਿੰਘ ਜੀ ਦੇ ਜੀਵਨ ਤੇ ਉਪਦੇਸ਼ਾਂ 'ਤੇ ਚਾਨਣਾ ਪਾਇਆ ਅਤੇ ਦਮਦਮੀ ਟਕਸਾਲ ਲਈ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਸੰਤ ਕਰਤਾਰ ਸਿੰਘ ਜੀ ਨੇ ਸਿੱਖ ਕੌਮ ਨੂੰ ਗੁਰਮਤਿ ਅਨੁਸਾਰ ਤੁਰਨ ਦਾ ਮਾਰਗ ਦੱਸਿਆ ਅਤੇ ਸਿੱਖਿਆ ਦੇ ਪ੍ਰਚਾਰ-ਪਸਾਰ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ ਅਤੇ ਗੁਰਬਾਣੀ ਕੀਰਤਨ ਰਾਹੀਂ ਨਾਮ-ਰੰਗ ਵਿੱਚ ਰੰਗੇ ਰਹੇ। ਸਮਾਗਮ ਦੇ ਅੰਤ 'ਤੇ ਗੁਰਮਤਿ ਵਿਚਾਰਾਂ ਦੇ ਨਾਲ ਅਰਦਾਸ ਕੀਤੀ ਗਈ ਤੇ ਲੰਗਰ ਸ਼ਰੀਫ਼ ਦਾ ਪ੍ਰਬੰਧ ਵੀ ਕੀਤਾ ਗਿਆ। ਪ੍ਰਚਾਰ ਦੌਰਾਨ ਸੰਤ ਗਿਆਨੀ ਰਾਮ ਸਿੰਘ ਭਿੰਡਰਾਂ ਵਾਲਿਆਂ ਨੇ ਸ੍ਰੀ ਦਰਬਾਰ ਸਾਹਿਬ ਦੀ ਏ ਆਈ ਨਾਲ ਬਣੀ ਵਿਵਾਦਤ ਵੀਡੀਓ ਦੀ ਨਿੰਦਾ ਕੀਤੀ। ਉਹਨਾਂ ਨੇ ਕਿਹਾ ਕਿ ਇਹੋ ਜਿਹੀਆਂ ਵੀਡੀਓ ਬਣਾਉਣ ਵਾਲਿਆਂ 'ਤੇ ਤੁਰੰਤ ਕਾਰਵਾਈ ਹੋਣੀ ਚਾਹੀਦੀ ਹੈ

## ਪੈਨਸ਼ਨਰਾਂ ਦਾ ਬਕਾਇਆ ਹਰ ਉਮਰ ਵਰਗ ਨੂੰ ਦੋ ਕਿਸ਼ਤਾਂ 'ਚ ਦੇਣ ਦੀ ਮੰਗ : ਰਤਨ ਸਿੰਘ ਘਈ, ਪ੍ਰਮੋਦ ਕੁਮਾਰ ਸਿੱਕਾ



ਅੰਮ੍ਰਿਤਸਰ, 18 ਅਗਸਤ (ਚ.ਨ.ਸ.) : ਪੰਜਾਬ ਰਾਜ ਬਿਜਲੀ ਬੋਰਡ ਆਲ ਕੈਡਰਜ਼ ਪੈਨਸ਼ਨਰਜ਼ ਐਸੋਸੀਏਸ਼ਨ ਪੱਛਮ ਮੰਡਲ ਅੰਮ੍ਰਿਤਸਰ ਸਰਕਲ ਦੀ ਮੀਟਿੰਗ ਪ੍ਰਮੋਦ ਕੁਮਾਰ ਸਿੱਕਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪੈਨਸ਼ਨਰ ਤੇ ਫੈਮਿਲੀ ਪੈਨਸ਼ਨਰਾਂ ਦੀਆਂ ਮੁਸ਼ਕਲਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਨੂੰ ਪੈਨਸ਼ਨਰ ਆਗੂ ਅਸ਼ੋਕ ਪੁਰੀ,ਸਵਰਨ ਲਾਲ, ਪ੍ਰਮੋਦ ਕੁਮਾਰ ਸਿੱਕਾ, ਸੋਮਨਾਥ ਮਰਵਾਹਾ,ਹਰਭਜਨ ਸਿੰਘ ਝੰਜੋਟੀ ਤੇ ਜੇ ਪੀ ਸਿੰਘ ਔਲਖ ਸਰਪ੍ਰਸਤ ਪ੍ਰਧਾਨ ਪੰਜਾਬ ਕਮੇਟੀ ਦੇ ਮੈਂਬਰ ਵੱਲੋਂ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ ਦਾ ਪੇ ਕਮਿਸ਼ਨ ਦਾ ਬਕਾਇਆ ਪੰਜਾਬ ਸਰਕਾਰ ਨੇ ਖੇਰੂੰ-ਖੇਰੂੰ ਕਰ ਕੇ ਰੱਖ ਦਿੱਤਾ ਹੈ। ਬੁਲਾਰਿਆਂ ਮੰਗ ਕੀਤੀ ਕਿ ਪੈਨਸ਼ਨਰ ਤੇ ਫੈਮਿਲੀ ਪੈਨਸ਼ਨਰਾਂ ਨੂੰ ਬਕਾਇਆ 2 ਕਿਸ਼ਤਾਂ ਵਿਚ ਦੇਣ ਦਾ ਪੱਤਰ ਜਾਰੀ ਕੀਤਾ ਜਾਵੇ।

ਉਹਨਾਂ ਕਿਹਾ ਕਿ 31 ਦਸੰਬਰ 2015 ਤੋਂ ਪਹਿਲੇ ਪੈਨਸ਼ਨਰਾਂ ਨੂੰ 2.45 ਦੇ ਫੈਕਟਰ ਨਾਲ ਪੈਨਸ਼ਨ ਮਿਲ ਰਹੀ ਹੈ ਜਦ ਕਿ ਜਨਵਰੀ 2016 ਦੇ ਪੈਨਸ਼ਨਰਾਂ ਤੇ ਮੁਲਾਜ਼ਮਾਂ ਨੂੰ 2.59 ਨਾਲ ਪੈਨਸ਼ਨ ਤੇ ਤਨਖਾਹ ਮਿਲ ਰਹੀ ਹੈ। ਸਮੂਹਿਕ ਤੌਰ 'ਤੇ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਕ ਵਿਤਕਰਾ ਦੂਰ ਕੀਤਾ ਜਾਵੇ। ਪੰਜਾਬ ਸਰਕਾਰ ਕੇਂਦਰ ਸਰਕਾਰ ਦੀ ਤਰਜ 'ਤੇ 55% ਡੀ ਏ ਦੇਣ ਦਾ ਪੱਤਰ ਜਾਰੀ ਕਰੇ । ਮੈਡੀਕਲ ਭੱਤਾ 3000 ਕੀਤਾ ਜਾਵੇ ਅਤੇ ਮੈਡੀਕਲ ਕੈਸ਼ਲੈਸ ਸਕੀਮ ਲਾਗੂ ਕੀਤੀ ਜਾਵੇ। ਠੇਕੇਦਾਰੀ ਸਿਸਟਮ ਅਤੇ ਆਊਟ ਸੋਰਸੀਜ਼ ਸਿਸਟਮ ਬੰਦ ਕੀਤਾ ਜਾਵੇ, ਰੇਗੂਲਰ ਕਾਮੇ ਰੱਖੇ ਜਾਣ,ਕੱਚੇ ਕਾਮੇ ਪੱਕੇ ਕੀਤੇ ਜਾਣ, ਜਨਵਰੀ 2004 ਤੋਂ ਰੱਖੇ ਕਾਮੇ ਪੈਨਸ਼ਨਰ ਸਕੀਮ ਅਧੀਨ ਲਿਆਂਦੇ ਜਾਣ। ਇਸ ਮੌਕੇ ਤੇ ਹਰਨਾਮ ਦਾਸ, ਜਗਦੇਵ ਸਿੰਘ, ਸਾਹਿਬ ਸਿੰਘ, ਸੁੱਚਾ ਸਿੰਘ, ਹਰਭਜਨ ਸਿੰਘ, ਤਰਸੇਮ ਸਿੰਘ, ਸਤਪਾਲ, ਲਖਵਿੰਦਰ ਸਿੰਘ, ਸਾਧੂ ਸਿੰਘ, ਜਸਵੰਤ ਸਿੰਘ, ਸੁਦਰਸ਼ਨ ਕੁਮਾਰ,ਰਤਨ ਸਿੰਘ ਘਈ, ਮਹਿੰਦਰ ਸਿੰਘ, ਚੰਦਰ ਪ੍ਰਭੂ, ਜਤਿੰਦਰ ਕੁਮਾਰ, ਰਮੇਸ਼ ਕੁਮਾਰ, ਦਰਸ਼ਨ ਸਿੰਘ, ਸੁਰਿੰਦਰ ਸਿੰਘ, ਗੁਰਨਾਮ ਸਿੰਘ ਸੁਭਾਸ਼ ਚੰਦਰ, ਕਵਲਜੀਤ ਸਿੰਘ ਝੰਜੋਟੀ, ਮਨੋਹਰ ਸ਼ਰਮਾ ਅਤੇ ਹੋਰ ਪੈਨਸ਼ਨਰ ਹਾਜ਼ਰ ਸਨ।

## ਗੁਰਸਿੱਖ ਸਰਪੰਚ ਨੂੰ ਸ੍ਰੀ ਸਾਹਿਬ ਪਹਿਨਣ ਕਰਕੇ ਆਜ਼ਾਦੀ ਸਮਾਗਮ 'ਚ ਸ਼ਮੂਲੀਅਤ ਕਰਨ ਤੋਂ ਰੋਕਣਾ ਨਿੰਦਣਯੋਗ : ਚੀਫ਼ ਖ਼ਾਲਸਾ ਦੀਵਾਨ



ਅੰਮ੍ਰਿਤਸਰ, 18 ਅਗਸਤ (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਨਾਭਾ ਦੇ ਪਿੰਡ ਕਲਸਾਣਾ ਦੇ ਅੰਮ੍ਰਿਤਧਾਰੀ ਸਰਪੰਚ ਗੁਰਧਿਆਨ ਸਿੰਘ ਨੂੰ ਸ੍ਰੀ ਸਾਹਿਬ ਧਾਰਨ ਕਰਨ ਕਰਕੇ ਅਜ਼ਾਦੀ ਸਮਾਗਮ ਵਿਚ ਸ਼ਮੂਲੀਅਤ ਕਰਨ ਤੋਂ ਰੋਕਣਾ ਨਿੰਦਣਯੋਗ ਕਰਾਰ ਦਿੱਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਜ਼ਾਦੀ ਦਿਵਸ ਜਿੱਥੇ ਕੌਮ ਨੂੰ ਦੇਸ਼ ਦੀ ਅਜ਼ਾਦੀ ਲਈ ਸਿੱਖਾਂ ਵੱਲੋਂ ਵੱਡੀ ਗਿਣਤੀ ਵਿਚ ਦਿੱਤੀਆਂ ਗਈਆਂ ਕੁਰਬਾਨੀਆਂ ਦੀ ਯਾਦ ਦੁਆਉਂਦਾ ਹੈ, ਉੱਥੇ ਉਸੇ ਦਿਨ ਵਿਸ਼ੇਸ਼ ਸੱਦੇ 'ਤੇ ਅਜ਼ਾਦੀ ਸਮਾਗਮ ਵਿਚ ਸ਼ਾਮਲ ਹੋਣ ਪੁੱਜੇ ਇਕ ਗੁਰਸਿੱਖ ਨੂੰ ਪੁਲਿਸ ਵੱਲੋਂ ਦੁਰਵਿਹਾਰ ਕਰਕੇ ਵਿਤਕਰੇਬਾਜੀ ਦਾ ਨਿਸ਼ਾਨਾ ਬਣਾਉਂਦਿਆਂ ਅਪਮਾਨਿਤ ਕਰਨਾ ਅਤੇ ਸਮਾਗਮ ਵਿਚ ਮਿਲਣ ਵਾਲੇ ਸਨਮਾਨ ਤੋਂ ਵਾਂਝੇ ਕਰਨਾ ਬਹੁਤ ਹੀ ਨਿੰਦਾਜਨਕ ਹੈ। ਉਹਨਾਂ ਨੇ ਕਿਹਾ ਕਿ ਗੁਰੂ ਸਾਹਿਬ ਦੁਆਰਾ ਸਿੱਖਾਂ ਨੂੰ ਬਖਸ਼ੇ ਗਏ ਕਕਾਰਾਂ ਦੇ ਨਿਰਾਦਰ ਦੀ ਘਟਨਾ ਕਾਰਨ ਸਮੁੱਚੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਠੇਸ ਪੁੱਜੀ ਹੈ। ਉਹਨਾਂ ਨੇ ਕਿਹਾ ਕਿ ਜਦੋਂ ਦੇਸ਼ ਦਾ ਸੰਵਿਧਾਨ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਅਜ਼ਾਦੀ ਦਿੰਦਾ ਹੈ ਤਾਂ ਦੇਸ਼ ਵਿਚ ਆਏ ਦਿਨ ਸਿੱਖਾਂ ਦੀ ਵੱਖਰੀ ਪਹਿਚਾਣ ਅਤੇ ਧਾਰਮਿਕ ਸੁਤੰਤਰਤਾ ਵਿਰੁੱਧ ਅਜਿਹੇ ਹਮਲੇ ਕਿਉਂ ਹੋ ਰਹੇ ਹਨ। ਬਹੁਤ ਦੁੱਖ ਦੀ ਗੱਲ ਹੈ ਕਿ ਅੱਜ ਵੀ ਕੌਮ ਨੂੰ ਆਪਣੇ ਹੀ ਦੇਸ਼ ਵਿਚ ਸਿੱਖਾਂ ਦੀ ਪਹਿਚਾਣ, ਸਿੱਖ ਰਹਿਤ ਮਰਿਆਦਾ, ਪੰਜ ਕਕਾਰਾਂ ਨੂੰ ਲੈ ਕੇ ਆਪਣੀ ਧਾਰਮਿਕ ਅਜ਼ਾਦੀ ਅਤੇ ਜਾਇਜ਼ ਹੱਕਾਂ ਦੀ ਜਾਗਰੂਕਤਾ ਹਿੱਤ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ।

ਉਹਨਾਂ ਕੇਂਦਰ ਸਰਕਾਰ ਨੂੰ ਇਸ ਸਬੰਧੀ ਸਖ਼ਤ ਹਦਾਇਤਾਂ ਜਾਰੀ ਕਰਨ ਦੀ ਅਪੀਲ ਕੀਤੀ ਤਾਂ ਜੋ ਭਵਿੱਖ ਵਿਚ ਕਿਸੇ ਨਾਲ ਵੀ ਘੱਟ ਗਿਣਤੀ ਭਾਈਚਾਰੇ ਜਾਂ ਧਾਰਮਿਕ ਪਛਾਣ ਦੇ ਅਧਾਰ 'ਤੇ ਭੇਦ—ਭਾਵ ਨਾ ਕੀਤਾ ਜਾ ਸਕੇ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਰਮਣੀਕ ਸਿੰਘ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਏ.ਪੀ.ਐਸ.ਮਾਨ, ਸ੍ਰ.ਸਰਜੋਤ ਸਿੰਘ ਸਾਹਨੀ, ਸ੍ਰ.ਤਰਲੋਚਨ ਸਿੰਘ ਆਦਿ ਹਾਜ਼ਰ ਸਨ।

## ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਵਿਖੇ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਸਭਿਆਚਾਰਕ ਮੇਲਾ ਕਰਵਾਇਆ



ਅੰਮ੍ਰਿਤਸਰ, 18 ਅਗਸਤ (ਬਬਲੂ ਮਹਾਜਨ) : ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਾਲਜ ਪ੍ਰਿੰਸੀਪਲ ਡਾ ਕੁਲਵਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਸੱਭਿਆਚਾਰਕ ਮੇਲਾ ਕਰਵਾਇਆ ਗਿਆ। ਇਸ ਮੇਲੇ ਵਿੱਚ ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਅਤੇ ਵਿਰਾਸਤ ਨੂੰ ਵਿਵਹਾਰਿਕ ਰੂਪ ਦਿੰਦਿਆਂ ਵਿਦਿਆਰਥਣਾਂ ਵੱਲੋਂ ਸਾਹਿਤ ਦੀਆਂ ਵਿਭਿੰਨ ਵੰਨਗੀਆਂ (ਪੰਜਾਬੀ ਲੋਕ ਗੀਤ, ਸੁਹਾਗ , ਟੱਪੇ ਅਤੇ ਗਿੱਧੇ ਤੇ ਭੰਗੜਾ ਦੀ ਪੇਸ਼ਕਾਰੀ ਕੀਤੀ। ਇਸ ਦੇ ਨਾਲ ਹੀ ਵਿਦਿਆਰਥਣਾਂ ਦੇ ਮਹਿੰਦੀ ਲਗਾਉਣ, ਕਿਕਲੀ, ਅਤੇ ਪੰਜਾਬੀ ਵਿਰਾਸਤੀ ਪਹਿਰਾਵਾ ਦੇ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਵੱਲੋਂ earn by learn policy ਤਹਿਤ ਖਾਣ ਪੀਣ ਦੀਆਂ ਵਸਤਾਂ ਅਤੇ ਹਾਰ ਸ਼ਿੰਗਾਰ ਦੀਆਂ ਵਸਤਾਂ ਦੇ ਸਟਾਲ ਵੀ ਲਗਾ ਕੇ ਇਸ ਪ੍ਰੋਗਰਾਮ ਨੂੰ ਹੋਰ ਵੀ ਸੋਹਣਾ ਬਣਾਇਆ ਗਿਆ। ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਇਸ ਮੇਲੇ ਦਾ ਖੂਬ ਆਨੰਦ ਮਾਣਿਆ । ਕਾਲਜ ਪ੍ਰਿੰਸੀਪਲ ਡਾ ਕੁਲਵਿੰਦਰ ਸਿੰਘ ਨੇ ਪ੍ਰੇਰਕ ਸ਼ਬਦਾਂ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਅਤੇ ਵਿਰਾਸਤ ਦੇ ਫਖਰ ਨੂੰ ਭੁੱਲਦੀ ਜਾ ਰਹੀ ਹੈ। ਪੰਜਾਬੀ ਸਾਹਿਤ, ਪੰਜਾਬੀ ਭਾਸ਼ਾ, ਪੰਜਾਬੀ ਪਹਿਰਾਵਾ ਅਤੇ ਪੰਜਾਬੀ ਸੱਭਿਆਚਾਰ ਨਾਲੋਂ ਟੁੱਟਣਾ ਆਪਣੀ ਹੋਂਦ ਨੂੰ ਖਤਮ ਕਰਨਾ ਹੈ। ਇਸ ਲਈ ਆਪਣੇ ਵਿਰਸੇ ਨਾਲ ਜੋੜਨ ਲਈ ਇਸ ਤਰਾਂ ਦੇ ਸੱਭਿਆਚਾਰਕ ਮੇਲੇ ਕਰਵਾਉਣੇ ਜ਼ਰੂਰੀ ਹੋ ਗਏ ਹਨ । ਆਖਿਰ ਵਿੱਚ ਕਾਲਜ ਪ੍ਰਿੰਸੀਪਲ ਅਤੇ ਸਟਾਫ ਨੇ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ।

## ਏਂਜਲ ਪੈਰਾਡਾਈਜ਼ ਸਕੂਲ ਵਿਖੇ ਆਜ਼ਾਦੀ ਦਿਵਸ ਮਨਾਇਆ



ਜੰਡਿਆਲਾ ਗੁਰੂ, 18 ਅਗਸਤ (ਰਾਮ ਸ਼ਰਨਜੀਤ ਸਿੰਘ) : ਏਂਜਲ ਪੈਰਾਡਾਈਜ਼ ਸਕੂਲ ਜੰਡਿਆਲਾ ਗੁਰੂ ਵਿਖੇ ਆਜ਼ਾਦੀ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਨੂੰ ਹਰੇ, ਸੰਤਰੀ ਅਤੇ ਚਿੱਟੇ ਗੁਬਾਰਿਆਂ ਨਾਲ ਸਜਾਇਆ ਗਿਆ। ਨੰਨੇ ਬੱਚੇ ਤਿਰੰਗੇ ਕੱਪੜੇ ਪਹਿਨ ਕੇ ਸਕੂਲ ਪੁੱਜੇ ਅਤੇ ਬਹੁਤ ਹੀ ਸੁੰਦਰ ਲੱਗ ਰਹੇ ਸਨ। ਅਧਿਆਪਕਾਂ ਵੱਲੋਂ ਬੱਚਿਆਂ ਨੂੰ ਆਜ਼ਾਦੀ ਦਿਵਸ ਦਾ ਮਹੱਤਵ ਦੱਸਿਆ ਗਿਆ ਅਤੇ ਤਿਰੰਗੇ ਦਾ ਸਨਮਾਨ ਕਰਨਾ ਸਿਖਾਇਆ ਅਤੇ ਦੇਸ਼ ਭਗਤੀ ਦੇ ਨਾਅਰੇ ਲਗਾਏ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਅਜ਼ਾਦੀ ਦਾ ਇਹ ਦਿਹਾੜਾ ਕਈ ਕੁਰਬਾਨੀਆਂ ਸਦਕਾ ਮਿਲਿਆ ਹੈ ਅਤੇ ਉਨ੍ਹਾਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਤੇ ਪ੍ਰਿੰਸੀਪਲ ਅੰਮ੍ਰਿਤਪਾਲ ਸਿੰਘ ਅਤੇ ਡਾਇਰੈਕਟਰ ਮਨਦੀਪ ਕੌਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਵੀ ਆਪਣੇ ਦੇਸ਼ ,ਸੰਸਕ੍ਰਿਤੀ,ਕੁਰਬਾਨੀਆਂ ਅਤੇ ਸੱਭਿਅਤਾ ਬਾਰੇ ਦੱਸਣਾ ਸਾਡਾ ਫਰਜ਼ ਹੈ। ਉਨ੍ਹਾਂ ਵੱਲੋਂ ਦੇਸ਼ ਵਾਸੀਆਂ ਨੂੰ ਤਿਰੰਗੇ ਦਾ ਸਨਮਾਨ ਕਰਨ ਦੀ ਅਪੀਲ ਕੀਤੀ ਗਈ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਅੰਮ੍ਰਿਤਪਾਲ ਸਿੰਘ ਅਤੇ ਡਾਇਰੈਕਟਰ ਮਨਦੀਪ ਕੌਰ, ਮੈਡਮ ਰਿਚਾ ਅਰੋੜਾ, ਜੈਸਮੀਨ ਕੌਰ ,ਸ਼੍ਰੀਮਤੀ ਸਿੰਮੀ ,ਸ਼੍ਰੀਮਤੀ ਰੰਜੂ ਕਥੂਰੀਆ ਹਾਜ਼ਰ ਸਨ।

## ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਤੇ ਗਿਆਨੀ ਗੌਹਰ ਵਿਚਕਾਰ ਵਿਵਾਦ ਹੋਇਆ ਹੱਲ



ਅੰਮ੍ਰਿਤਸਰ, 18 ਅਗਸਤ (ਬਬਲੂ ਮਹਾਜਨ) : ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਅਤੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਵਿਚਕਾਰ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਿਹਾ ਵਿਵਾਦ ਬੀਤੇ ਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਸ ਮਾਮਲੇ ਸਬੰਧੀ 14 ਜੁਲਾਈ 2025 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੋਏ ਆਦੇਸ਼ ਅਨੁਸਾਰ ਮਿਲ ਬੈਠ ਕੇ ਤੇ ਪੰਥਕ ਇਕਜੁੱਟਤਾ ਦੀ ਭਾਵਨਾ ਨਾਲ ਹੱਲ ਕਰ ਲਿਆ ਗਿਆ ਹੈ। ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ, ਪ੍ਰਬੰਧਕ ਕਮੇਟੀ ਅਤੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਵਧਾਈ ਦੇ ਪਾਤਰ ਹਨ ਕਿ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਸਮਰਪਿਤ ਹੁੰਦਿਆਂ ਇੱਥੋਂ ਹੋਏ ਆਦੇਸ਼ਾਂ ਦੀ ਪਾਲਣਾ ਕਰਦਿਆਂ ਆਪਸੀ ਸੂਝ ਬੂਝ ਅਤੇ ਏਕਤਾ ਦਾ ਪ੍ਰਗਟਾਵਾ ਕੀਤਾ ਹੈ।

ਇਸ ਮਾਮਲੇ ਸਬੰਧੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਾਲ 2022 ਵਿੱਚ ਉਸ ਸਮੇਂ ਦੇ ਪ੍ਰਧਾਨ ਅਵਤਾਰ ਸਿੰਘ ਹਿਤ ਵੱਲੋਂ ਕੁਝ ਕਾਰਨਾਂ ਕਰਕੇ ਜਥੇਦਾਰ ਰਣਜੀਤ ਸਿੰਘ ਗੌਹਰ ਦੀਆਂ ਸੇਵਾਵਾਂ 'ਤੇ ਰੋਕ ਲਗਾ ਦਿੱਤੀ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਪ੍ਰਬੰਧਕ ਕਮੇਟੀ ਦੇ ਵਿਰੁੱਧ ਅਦਾਲਤ ਵਿੱਚ ਕੇਸ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ 'ਤੇ ਖ਼ਾਲਸਾ ਪੰਥ ਦੀ ਸਰਵਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਮੇਤ ਪੰਜ ਸਿੰਘ ਸਾਹਿਬਾਨਾਂ ਵੱਲੋਂ ਆਦੇਸ਼ ਜਾਰੀ ਕਰਕੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਸਾਰੇ ਅਦਾਲਤੀ ਕੇਸ ਵਾਪਸ ਲੈਣ ਅਤੇ ਪ੍ਰਬੰਧਕ ਕਮੇਟੀ ਨੂੰ ਉਨ੍ਹਾਂ ਦਾ ਬਣਦਾ ਬਕਾਇਆ ਦੇਣ ਲਈ ਕਿਹਾ ਗਿਆ ਸੀ। ਜਗਜੋਤ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਹਾਂਰਾਸ਼ਟਰ ਤੋਂ ਮੈਂਬਰ ਸ. ਗੁਰਵਿੰਦਰ ਸਿੰਘ ਬਾਵਾ ਅਤੇ ਮੁੰਬਈ ਤੋਂ ਸ. ਜਸਬੀਰ ਸਿੰਘ ਧਾਮ ਵੱਲੋਂ ਦੋਵੇਂ ਪੱਖਾਂ ਵਿਚਕਾਰ ਸਹਿਮਤੀ ਲਈ ਕੀਤੇ ਗਏ ਯਤਨਾਂ ਤੋਂ ਬਾਅਦ ਬੀਤੇ ਕੱਲ੍ਹ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਪ੍ਰਬੰਧਕ ਕਮੇਟੀ ਵੱਲੋਂ ਬਣਦਾ ਬਕਾਇਆ ਅਦਾ ਕਰਨ ਤੋਂ ਬਾਅਦ ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਸਿਰੋਪਾਓ ਦੇ ਕੇ ਸਨਮਾਨ ਨਾਲ ਵਿਦਾਈ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਿਹਾ ਇਹ ਵਿਵਾਦ ਪੂਰੀ ਤਰ੍ਹਾਂ ਸਮਾਪਤ ਹੋ ਗਿਆ ਹੈ। ਸ. ਜਗਜੋਤ ਸਿੰਘ ਨੇ ਇਹ ਮਾਮਲਾ ਹੱਲ ਕਰਨ ਲਈ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਸਿੱਖ ਨੈਸ਼ਨਲ ਕਾਲਜ ਬੰਗਾ ਦੇ ਬੀ. ਕਾਮ ਸਮੈਸਟਰ ਚੌਥਾ ਦਾ ਨਤੀਜਾ ਰਿਹਾ ਸ਼ਾਨਦਾਰ

ਬੰਗਾ, 18 ਅਗਸਤ (ਪ੍ਰਭਜੋਤ ਸਿੰਘ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨੇ ਮਈ, 2025 ਦੌਰਾਨ ਲਈ ਬੀ. ਕਾਮ ਸਮੈਸਟਰ ਚੌਥਾ ਦੀ ਪ੍ਰੀਖਿਆ ਦੇ ਐਲਾਨੇ ਨਤੀਜਿਆਂ 'ਚ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਨੇ ਚੰਗੇ ਨੰਬਰ ਲੈ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ । ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਦੱਸਿਆ ਕਿ ਵਿਦਿਆਰਥਣ ਅਦਿਤੀ ਅਤੇ ਮਹਿਕਪ੍ਰੀਤ ਕੌਰ ਨੇ 8.00 ਐਸ ਜੀ ਪੀ ਏ ਨਾਲ ਯੂਨੀਵਰਸਿਟੀ 'ਚੋਂ 9ਵਾਂ, ਜ਼ਿਲ੍ਹੇ ਚੋਂ ਦੂਜਾ ਅਤੇ ਕਾਲਜ 'ਚੋਂ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸੰਜਨਾ ਤੇ ਕਰਨ ਬਸਨਪਾਲ ਨੇ 7.85 ਐਸ ਜੀ ਪੀ ਏ ਨਾਲ ਯੂਨੀਵਰਸਿਟੀ ਚੋਂ 11ਵਾਂ ਅਤੇ ਕਾਲਜ ਵਿੱਚ ਦੂਜਾ ਸਥਾਨ ਹਾਸਲ ਕੀਤਾ। ਵਿਦਿਆਰਥਣ ਤਾਨੀਆ ਨੇ 7.77 ਐਸ ਜੀ ਪੀ ਏ ਨਾਲ ਯੂਨੀਵਰਸਿਟੀ ਚੋਂ 12ਵਾਂ ਅਤੇ ਕਾਲਜ ਵਿੱਚ ਤੀਜਾ ਸਥਾਨ ਹਾਸਲ ਕੀਤਾ।

## ਗੁਰਦੁਆਰਾ ਨਾਨਕਸਰ ਸਾਹਿਬ ਵੇਰਕਾ ਵਿਖੇ ਕਾਰ ਸੇਵਾ ਭੂਰੀ ਵਾਲਿਆਂ ਵੱਲੋਂ ਪਾਰਕਿੰਗ ਤੇ ਰਿਹਾਇਸ਼ ਦੀ ਬੇਸਮੈਂਟ ਦਾ ਲੈਂਟਰ ਪਾਇਆ : ਸੰਤ ਕਸ਼ਮੀਰ ਸਿੰਘ ਭੂਰੀ ਵਾਲੇ



ਅੰਮ੍ਰਿਤਸਰ, 18 ਅਗਸਤ (ਬਬਲੂ ਮਹਾਜਨ) : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਪਾਵਨ ਇਤਿਹਾਸਿਕ ਸਥਾਨ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ ਅਤੇ ਬਾਬਾ ਸੁਖਵਿੰਦਰ ਸਿੰਘ ਜੀ ਵੱਲੋਂ ਆਰੰਭ ਕੀਤੀ। ਕਾਰ ਪਾਰਕਿੰਗ, ਰਿਹਾਇਸ਼ ਅਤੇ ਅਖੰਡ ਪਾਠਾਂ ਲਈ ਨਵੇਂ ਕਮਰਿਆਂ ਦੀ ਕਾਰ ਸੇਵਾ ਦੇ ਪਹਿਲੇ ਪੜਾਅ ਵਿੱਚ ਅੱਜ ਅਰਦਾਸ ਉਪਰੰਤ ਬੇਸਮੈਂਟ ਦਾ ਲੈਂਟਰ ਪਾਇਆ ਗਿਆ। ਅਰਦਾਸ ਗ੍ਰੰਥੀ ਗਿਆਨੀ ਜਤਿੰਦਰ ਸਿੰਘ ਮੂਧਲ ਨੇ ਕੀਤੀ ਅਤੇ ਜੈਕਾਰਿਆਂ ਦੀ ਗੂੰਜ਼ ਵਿੱਚ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ, ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨ ਸ. ਹਰਜਾਪ ਸਿੰਘ ਸੁਲਤਾਨਵਿੰਡ ਤੇ ਬਾਵਾ ਸਿੰਘ ਗੁਮਾਨਪੁਰਾ,ਐਡਵੋਕੇਟ ਮਨਜੀਤ ਸਿੰਘ ਛੀਨਾ, ਗੁਰਦੁਆਰਾ ਸਾਹਿਬ ਦੇ ਮੈਨੇਜਰ ਜਗਦੀਪ ਸਿੰਘ ਧਾਰੋਵਾਲੀ ਅਤੇ ਬਾਬਾ ਸੁਖਵਿੰਦਰ ਸਿੰਘ ਜੀ ਨੇ ਕੰਕਰੀਟ ਦੇ ਬਾਲਟੇ ਆ ਕੇ ਲੈਂਟਰ ਦੀ ਆਰੰਭਤਾ ਕੀਤਾ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਬਾਬਾ ਕਸ਼ਮੀਰ ਸਿੰਘ ਜੀ ਨੇ ਕਿਹਾ ਕਿ ਸਮੇਂ ਦੇ ਬਦਲਾਅ ਨਾਲ ਮਨੁੱਖੀ ਜੀਵਨ ਦਾ ਰਹਿਣ-ਸਹਿਣ ਵੀ ਬਦਲ ਰਿਹਾ ਹੈ। ਜਿੱਥੇ ਆਵਾਜਾਈ ਦੇ ਸਾਧਨ ਵਧ ਰਹੇ ਹਨ, ਉੱਥੇ ਖਾਸ ਕਰਕੇ ਧਾਰਮਿਕ ਸਥਾਨਾਂ 'ਤੇ ਪਾਰਕਿੰਗ ,ਪਖਾਨਿਆਂ ਅਤੇ ਰਿਹਾਇਸ਼ ਦੀ ਲੋੜ ਵੀ ਵਧ ਗਈ ਹੈ। ਇਸ ਨੂੰ ਧਿਆਨ ਵਿੱਚ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਇਤਿਹਾਸਿਕ ਪਾਵਨ ਅਸਥਾਨ ਵਿਖੇ ਪ੍ਰਬੰਧ ਨੂੰ ਹੋਰ ਸੁਚਾਰੂ ਬਣਾਉਣ ਅਤੇ ਸੰਗਤਾਂ ਦੀ ਸਹੂਲਤ ਲਈ ਪਖਾਨੇ, ਪਾਰਕਿੰਗ ਅਤੇ ਰਿਹਾਇਸ਼ ਉਸਾਰੀ ਕਾਰ ਸੇਵਾ ਸੰਪਰਦਾਇ ਕਾਰ ਸੇਵਾ ਭੂਰੀ ਵਾਲਿਆਂ ਨੂੰ ਸੌਂਪੀ ਹੈ ਸੋ ਅੱਜ ਬੇਸਮੈਂਟ ਦਾ ਲੈਂਟਰ ਪਾਇਆ ਗਿਆ ਹੈ ਜੋ ਮੁਕੰਮਲ ਹੋ ਜਾਣ 'ਤੇ ਸੰਗਤਾਂ ਨੂੰ ਵੱਡੀ ਸੁਵਿਧਾ ਮਿਲੇਗੀ ਉਹਨਾਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸੇਵਾ ਕਾਰਜਾਂ ਵਿੱਚ ਸਰੀਆ, ਸੀਮੇਂਟ ਤੇ ਮਾਇਆ ਨਾਲ ਹਿੱਸਾ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਦੇ ਪਾਤਰ ਬਣ। ਸ਼੍ਰੋਮਣੀ ਕਮੇਟੀ ਮੈਂਬਰ ਸ ਹਰਜਾਪ ਸਿੰਘ ਸੁਲਤਾਨਵਿੰਡ ਨੇ ਕਿਹਾ ਇਹ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਪ੍ਰਬੰਧ ਨੂੰ ਸੁਚਾਰੂ ਬਣਾਉਣ ਲਈ ਸ਼੍ਰੋਮਣੀ ਕਮੇਟੀ ਹਮੇਸ਼ਾਂ ਵਚਨਬੱਧ ਹੈ ਅਤੇ ਕਾਰ ਸੇਵਾ ਦਾ ਇਹ ਪ੍ਰੋਜੈਕਟ ਮੁਕਮਲ ਹੋ ਜਾਣ 'ਤੇ ਗੁਰਦੁਆਰਾ ਨਾਨਕਸਰ ਸਾਹਿਬ ਦੀ ਆਭਾ ਨੂੰ ਹੋਰ ਵਧਾਏਗਾ। ਉਹਨਾ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਮਹਾਂਪੁਰਸ਼ਾਂ ਨੂੰ ਤਨ, ਮਨ ਤੇ ਧੰਨ ਨਾਲ ਸਹਿਯੋਗ ਕਰਨ। ਇਸ ਮੌਕੇ ਬਾਬਾ ਗੁਰਨਾਮ ਸਿੰਘ ਬਾਬਾ ਸੋਹਨ ਸਿੰਘ, ਸਾਬਕਾ ਮੀਤ ਸਕੱਤਰ ਰਾਮ ਸਿੰਘ ਭਿੰਡਰ, ਗੁਰਜਿੰਦਰ ਸਿੰਘ ਜੇ ਈ, ਨਿਸ਼ਾਨ ਸਿੰਘ ਇੰਸਪੈਕਟਰ, ਪ੍ਰੋਫੈਸਰ ਸਰਦਾਰਾ ਸਿੰਘ ਹੁੰਦਲ, ਨਵਤੇਜ ਸਿੰਘ ਵੇਰਕਾ, ਗੁਰਪਿੰਦਰ ਸਿੰਘ ਗੋਨੀ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਸ.ਸ.ਸ.ਸ. ਜਗਦੇਵ ਕਲਾਂ 'ਚ ਆਜ਼ਾਦੀ ਦਿਵਸ ਮਨਾਇਆ



ਅਜਨਾਲਾ, 18 ਅਗਸਤ (ਸੁਖਦੇਵ ਸਿੰਘ ਖਾਲਸਾ) : ਸ.ਸ.ਸ.ਸ ਜਗਦੇਵ ਕਲਾਂ ਵਿੱਚ ਪ੍ਰਿੰਸੀਪਲ ਰਜਿੰਦਰ ਕੌਰ ਦੀ ਅਗਵਾਈ ਵਿੱਚ ਅਜ਼ਾਦੀ ਦਿਵਸ ਮਨਾਇਆ ਗਿਆ। ਅਧਿਆਪਕਾਂ ਅਤੇ ਵਿਦਿਆਰਥੀਆਂ ਵਿੱਚ ਇਸ ਮਹਾਨ ਦਿਨ ਨੂੰ ਲੈ ਕੇ ਬਹੁਤ ਉਤਸ਼ਾਹ ਸੀ। ਵਿਦਿਆਰਥੀਆਂ ਦੁਆਰਾ ਲਿਖੇ ਦੇਸ਼ ਭਗਤੀ ਦੇ ਨਾਅਰੇ ਅਤੇ ਦੇਸ਼ ਭਗਤਾਂ ਦੀਆਂ ਬਣਾਈਆਂ ਤਸਵੀਰਾਂ ਨਾਲ ਪੂਰਾ ਸਕੂਲ ਸੱਜਿਆ ਹੋਇਆ ਸੀ। ਪ੍ਰਿੰਸੀਪਲ ਮੈਡਮ ਵੱਲੋਂ ਸਭ ਤੋਂ ਪਹਿਲਾਂ ਤਿਰੰਗਾ ਝੰਡਾ ਲਹਿਰਾਇਆ ਗਿਆ। ਉਸ ਤੋਂ ਬਾਅਦ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ, ਸਕਿੱਟਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਸਕੂਲ ਪ੍ਰਿੰਸੀਪਲ ਅਤੇ ਬਾਕੀ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੇਸ਼ ਦੀ ਆਜ਼ਾਦੀ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ।

## ਸੂਬੇ ਦੀ 100 ਫ਼ੀਸਦੀ ਵਸੋਂ ਨੂੰ ਪੀਣ ਲਈ ਸਾਫ਼ ਤੇ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵਚਨਬੱਧ : ਕੈਬਨਿਟ ਮੰਤਰੀ ਮੁੰਡੀਆਂ



ਕਲਾਨੌਰ, 18 ਅਗਸਤ (ਇਕਬਾਲ ਵਾਲੀਆ/ਕਮਲਜੀਤ ਸਿੰਘ) : ਸੂਬੇ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ, ਮਾਲ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਅੱਜ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਨਾਹਰਪੁਰ ਅਤੇ ਨਾਰੋਵਾਲੀ ਵਿਖੇ 1.11 ਕਰੋੜ ਰੁਪਏ ਦੀ ਲਾਗਤ ਨਾਲ ਬਣੀਆਂ ਨਵੀਆਂ ਜਲ ਸਪਲਾਈ ਸਕੀਮਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਨਵ-ਨਿਯੁਕਤ ਚੇਅਰਮੈਨ ਜੋਬਨ ਰੰਧਾਵਾ, ਐੱਸ.ਡੀ.ਐੱਮ. ਜਯੋਤਸਨਾ ਸਿੰਘ, ਜਲ ਸਪਲਾਈ ਵਿਭਾਗ ਦੇ ਚੀਫ਼ ਇੰਜੀ: ਰਾਜੇਸ਼ ਦੂਬੇ, ਐੱਸ.ਈ. ਨਰਿੰਦਰ ਸਿੰਘ, ਐਕਸੀਅਨ ਵਿਜੇ ਕੁਮਾਰ, ਐਕਸੀਅਨ ਧਾਲੀਵਾਲ, ਐੱਸ.ਡੀ.ਓ. ਕੰਵਰਜੀਤ ਸਿੰਘ ਰੱਤੜਾ, ਐੱਸ.ਡੀ.ਓ. ਰਾਹੁਲ ਅਤੇ ਤਹਿਸੀਲਦਾਰ ਰਜਿੰਦਰ ਸਿੰਘ ਤੋਂ ਇਲਾਵਾ ਇਲਾਕੇ ਦੇ ਹੋਰ ਮੁਹਤਬਰ ਵੀ ਹਾਜ਼ਰ ਸਨ। ਇਨ੍ਹਾਂ ਦੋਵਾਂ ਜਲ ਸਪਲਾਈ ਸਕੀਮਾਂ ਨੂੰ ਲੋਕ ਅਰਪਣ ਕਰਦਿਆਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ 100 ਫ਼ੀਸਦੀ ਵਸੋਂ ਨੂੰ ਪੀਣ ਲਈ ਸ਼ੁੱਧ ਤੇ ਸਾਫ਼ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਨਾਹਰਪੁਰ ਵਿਖੇ 62.36 ਲੱਖ ਰੁਪਏ ਖ਼ਰਚ ਕਰਕੇ ਪਿੰਡ ਦੇ 153 ਘਰਾਂ ਨੂੰ ਸਾਫ਼ ਤੇ ਸ਼ੁੱਧ ਪਾਣੀ ਦੀ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜਲ ਸਪਲਾਈ ਦਾ ਡੂੰਘਾ ਬੋਰ ਕਰਕੇ 25000 ਲੀਟਰ ਦੀ ਟੈਂਕੀ ਬਣਾਈ ਗਈ ਹੈ ਅਤੇ ਪਾਈਪ ਲਾਈਨ, ਸੋਲਰ ਪੈਨਲ, ਕਲੋਰੀਨੇਟਰ, ਪਾਣੀ ਦੇ ਨਵੇਂ ਕੁਨੈਕਸ਼ਨ ਆਦਿ ਦਾ ਕੰਮ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਪਿੰਡ ਵਿੱਚ ਸਵੱਛ ਭਾਰਤ ਮਿਸ਼ਨ ਤਹਿਤ 7.20 ਲੱਖ ਰੁਪਏ ਖ਼ਰਚ ਕਰਕੇ 48 ਪਖਾਨੇ ਬਣਾਏ ਗਏ ਹਨ। ਇਸੇ ਤਰ੍ਹਾਂ ਪਿੰਡ ਨਾਰੋਵਾਲੀ ਵਿਖੇ 48.68 ਲੱਖ ਰੁਪਏ ਖ਼ਰਚ ਕਰਕੇ ਜਲ ਸਪਲਾਈ ਸਕੀਮ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦੇ ਸ਼ੁਰੂ ਹੋਣ ਨਾਲ ਪਿੰਡ ਦੇ 58 ਘਰਾਂ ਨੂੰ ਸਾਫ਼ ਤੇ ਸ਼ੁੱਧ ਪਾਣੀ ਦੀ ਸਹੂਲਤ ਮਿਲੀ ਹੈ। ਪਿੰਡ ਵਿੱਚ ਸਵੱਛ ਭਾਰਤ ਮਿਸ਼ਨ ਤਹਿਤ 4.05 ਲੱਖ ਰੁਪਏ ਖ਼ਰਚ ਕਰਕੇ 27 ਪਖਾਨੇ ਬਣਾਏ ਗਏ ਹਨ।

## ਗੁਰਦੁਆਰਾ ਧੰਨ-ਧੰਨ ਬਾਬਾ ਨਿਹੰਗ ਸਿੰਘ ਵਿਖੇ 2 ਰੋਜ਼ਾ ਧਾਰਮਿਕ ਸਾਲਾਨਾ ਜੋੜ ਮੇਲਾ ਕਰਵਾਇਆ



ਚੋਗਾਵਾਂ, 18 ਅਗਸਤ (ਸੁਬੇਗ ਸਿੰਘ ਸੋਨਾ) : ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਪਿੰਡ ਹੇਤਮਪੁਰਾ ਵਿਖੇ ਇਤਿਹਾਸਿਕ ਗੁਰਦੁਆਰਾ ਧੰਨ ਧੰਨ ਬ੍ਰਹਮ ਗਿਆਨੀ ਬਾਬਾ ਨਿਹੰਗ ਸਿੰਘ ਜੀ ਵਿੱਖੇ 2 ਦਿਨਾ ਦਾ ਧਾਰਮਿਕ ਸਾਲਾਨਾ ਜੋੜ ਮੇਲਾ ਮੇਲਾ ਪਰਬੰਧਕ ਕਮੇਟੀ, ਐਨ ਆਰ ਆਈ ਵੀਰਾ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਆਸ ਪਾਸ ਦੇ ਪਿੰਡਾਂ ਤੋਂ ਹਜ਼ਾਰਾਂ ਦੀ ਗਿਣਤੀ ਦੇ ਵਿੱਚ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈਆਂ। ਮੇਲੇ ਤੋਂ ਇਕ ਦਿਨ ਪਹਿਲਾਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਪਿੰਡ ਦੇ ਵਿੱਚ ਨਗਰ ਕੀਰਤਨ ਕੱਢਿਆ ਗਿਆ। ਇਸ ਉਪਰੰਤ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਸਜੇ ਸੁੰਦਰ ਦੀਵਾਨ ਹਾਲ ਦੇ ਵਿੱਚ ਭਾਈ ਮੱਖਣ ਸਿੰਘ ਦਸ਼ਮੇਸ਼ ਨਗਰ ਦਾ ਕਵਿਸ਼ਰੀ ਜਥਾ, ਭਾਈ ਮਨਬੀਰ ਸਿੰਘ ਪਹੂਵਿੰਡ ਦਾ ਢਾਡੀ ਜਥਾ, ਭਾਈ ਜੋਗਾ ਸਿੰਘ ਭਾਗੋਵਾਲੀਆ ਦਾ ਕਵਿਸ਼ਰੀ ਜਥਾ, ਸੁੱਚਾ ਸਿੰਘ ਡੇਰਾ ਪਠਾਣਾਂ ਦਾ ਕਵਿਸ਼ਰੀ ਜਥਾ, ਭਾਈ ਸਤਨਾਮ ਸਿੰਘ ਲਾਲੂ ਘੁੰਮਣ ਦੇ ਢਾਡੀ ਜਥੇ ਨੇ ਜੁੜ ਬੈਠੀ ਸਾਧ ਸੰਗਤ ਨੂੰ ਕਥਾ ਕੀਰਤਨ ਤੇ ਸੂਰਬੀਰ ਯੋਧਿਆਂ ਦਾ ਇਤਿਹਾਸ ਸੁਣਾ ਕੇ ਗੁਰੂ ਚਰਨਾਂ ਨਾਲ ਜੋੜਿਆ। ਇਸ ਧਾਰਮਿਕ ਸਲਾਨਾ ਜੋੜ ਮੇਲੇ ਵਿੱਚ ਸੰਤ ਬਾਬਾ ਰਘਬੀਰ ਸਿੰਘ ਜੀ ਖਿਆਲੇ ਵਾਲੇ , ਆਦਿ ਨੇ ਹਾਜ਼ਰੀਆਂ ਭਰੀਆਂ। ਇਸ ਮੌਕੇ ਮੇਲਾ ਪ੍ਰਬੰਧਕਾਂ ਦੇ ਵੱਲੋਂ ਆਏ ਹੋਏ ਰਾਗੀ, ਢਾਡੀ, ਕਵਿਸ਼ਰੀ ਜਥੇ ਅਤੇ ਆਏਂ ਹੋਏ ਸੰਤ ਮਹਾਂਪੁਰਸ਼ਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕੀਤੇ ਗਏ।

ਜੇਕਰ ਗੁਰਦੁਆਰਾ ਧੰਨ ਧੰਨ ਬਾਬਾ ਨਿਹੰਗ ਸਿੰਘ ਜੀ ਦੇ ਇਤਿਹਾਸ ਬਾਰੇ ਚਾਨਣਾ ਪਾਈਏ ਤਾਂ ਬ੍ਰਹਮ ਗਿਆਨੀ ਸਦ ਜੀਵੇ ਨਹੀ ਮਰੇ, ਭਗਤਾ ਕਾ ਬੋਲਿਆ ਦਰਗਹਿ ਪਰਵਾਣ, ਪਰਮ ਸਤਿਕਾਰ ਯੋਗ ਸਾਧ ਸੰਗਤ ਜੀਓ ਜੋ ਆਪ ਜੀ ਦੂਰ ਦੁਰਾਡੇ ਤੋਂ ਆ ਕੇ ਇਸ ਅਸਥਾਨ ਦੇ ਦਰਸ਼ਨ ਕਰ ਰਹੇ ਹੋ ਇਹ ਅਸਥਾਨ ਮਹਾਂਪੁਰਸ਼ ਬ੍ਰਹਮ ਗਿਆਨੀ ਬਾਬਾ ਨਿਹੰਗ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੈ ਇਹ ਮਹਾਂਪੁਰਸ਼ ਪਾਕਿਸਤਾਨ ਦੀ ਧਰਤੀ ਤੋਂ ਗੁਰੂ ਰਾਮਦਾਸ ਜੀ ਦੇ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਚੱਲੇ ਸਨ ਮੰਜੀਲਾਂ ਨੂੰ ਮਾਰਦੇ ਹੋਏ ਜਦੋਂ ਇਸ ਨਗਰ ਦੇ ਲਹਿੰਦੇ ਪਾਸੇ ਇੱਥੇ ਕੁਝ ਸਿੱਖ ਖੂਹ 'ਤੇ ਖੜ੍ਹੇ ਦੇਖੇ ਤੇ ਬਾਬਾ ਜੀ ਉਹਨਾਂ ਕੋਲ ਪਹੁੰਚੇ ਅਤੇ ਸਿੱਖਾਂ ਕੋਲੋਂ ਜਲ ਛਕਣਾ ਚਾਹਿਆ ਸਿੱਖਾਂ ਨੇ ਬਾਬਾ ਜੀ ਨੂੰ ਕਿਹਾ ਕਿ ਔੜ ਬਹੁਤ ਲੱਗੀ ਹੈ ਮੀਂਹ ਪਏ ਨੂੰ ਬਹੁਤ ਸਮਾਂ ਹੋ ਗਿਆ ਹੈ ਇਸ ਕਰਕੇ ਖੂਹ ਵਿੱਚੋਂ ਪਾਣੀ ਸੁੱਕ ਚੁਕਾ ਹੈ। ਟਿੰਡਾਂ ਖਾਲੀ ਆ ਰਹੀਆਂ ਹਨ। ਬਾਬਾ ਜੀ ਨੇ ਸਿੱਖਾਂ ਨੂੰ ਖੂਹ ਗੇੜਨ ਲਈ ਕਿਹਾ ਸਿੱਖਾਂ ਨੇ ਜਦੋਂ ਵਾਹਿਗੁਰੂ ਕਹਿ ਖੂਹ ਗੇੜਿਆ ਤਾਂ ਟਿੰਡਾਂ ਜਲ ਦੀਆਂ ਭਰੀਆਂ ਹੋਈਆਂ ਆ ਰਹੀਆਂ ਸਨ ਤੇ ਫ਼ਿਰ ਸਿੱਖਾਂ ਨੇ ਬਾਬਾ ਜੀ ਨੂੰ ਜਲ ਛਕਾਇਆ।

# ਨਗਰ ਨਿਗਮ ਦੀ ਮੇਅਰ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ, ਮੈਂਬਰ ਅਤੇ ਕੌਂਸਲਰ ਦਾ ਸਨਮਾਨ



ਲੁਧਿਆਣਾ, 18 ਅਗਸਤ (ਰਵਿੰਦਰ ਸਿੰਘ ਨਿੱਝਰ) : ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫ਼ੇਰੂਮਾਨ (ਢੋਲੇਵਾਲ ਚੌਂਕ) ਵਿਖੇ ਨਗਰ ਨਿਗਮ ਦੀ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਜ਼ਿਲ੍ਹਾ ਯੋਜਨਾ ਬੋਰਡ ਦੇ ਨਵ-ਨਿਯੁਕਤ ਚੇਅਰਮੈਨ ਜਤਿੰਦਰ ਸਿੰਘ ਖੰਗੂੜਾ, ਬੋਰਡ ਦੇ ਮੈਂਬਰ ਮਨਜੀਤ ਸਿੰਘ ਹਰਮਨ ਅਤੇ ਕੌਂਸਲਰ ਸੋਹਣ ਸਿੰਘ ਗੋਗਾ ਗੁਰੂ ਘਰ ਨਤਮਸਤਕ ਹੋਏ, ਜਿੱਥੇ ਉਨ੍ਹਾਂ ਦਾ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ, ਗੁਰਪ੍ਰੀਤ ਕੌਰ (ਐਨਆਰਆਈ), ਪਰਵਿੰਦਰ ਕੌਰ ਲਾਇਲਪੁਰੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਗੁਰਦੁਆਰੇ ਸਦਾ ਸੱਚਾਈ, ਨਿਮਰਤਾ ਅਤੇ ਸੇਵਾ ਦਾ ਪਾਠ ਪੜ੍ਹਾਉਂਦੇ ਹਨ। ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਤਿੰਦਰ ਸਿੰਘ ਖੰਗੂੜਾ ਨੇ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੂੰ ਗੁਰਮਤਿ ਨਾਲ ਜੋੜਨ ਦਾ ਉਪਰਾਲਾ ਕਾਬਿਲ-ਏ-ਤਰੀਫ ਅਤੇ ਆਨੰਦਮਈ ਹੈ। ਬੋਰਡ ਮੈਂਬਰ ਮਨਜੀਤ ਸਿੰਘ ਹਰਮਨ ਅਤੇ ਕੌਂਸਲਰ ਸੋਹਣ ਸਿੰਘ ਗੋਗਾ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਲਈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੀ ਸੱਚੀ ਲਗਨ ਅਤੇ ਸੇਵਾ ਭਾਵਨਾ ਲਈ ਪ੍ਰੇਰਨਾ ਦਾ ਸਰੋਤ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸਮੂਹ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਵਿੱਚ ਸੇਵਾ, ਪ੍ਰਚਾਰ ਅਤੇ ਸਮਾਜਕ ਭਲਾਈ ਦੇ ਚੱਲ ਰਹੇ ਕਾਰਜ ਗੁਰੂ ਸਾਹਿਬ ਜੀ ਦੀ ਕ੍ਰਿਪਾ ਅਤੇ ਸੰਗਤਾਂ ਦੇ ਸਹਿਯੋਗ ਦਾ ਮਾਹਾ-ਕੁੰਭ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਜਨਰਲ ਸੈਕਟਰੀ ਤੇਜਿੰਦਰ ਸਿੰਘ ਡੰਗ, ਤਰਲੋਚਨ ਸਿੰਘ ਬੱਬਰ, ਜਗਦੇਵ ਸਿੰਘ ਗੋਹਲਵੜੀਆ, ਇੰਦਰਜੀਤ ਸਿੰਘ ਗੋਲਾ, ਸੁਰਿੰਦਰਜੀਤ ਸਿੰਘ ਮੱਕੜ, ਬਲਜੀਤ ਸਿੰਘ ਦੁਖੀਆ, ਇੰਦਰਜੀਤ ਸਿੰਘ ਮੱਕੜ, ਗੁਰਚਰਨ ਸਿੰਘ ਗੁਰੂ, ਗੁਰਦੇਵ ਸਿੰਘ ਖ਼ੁੱਲਰ, ਪ੍ਰੀਤਮ ਸਿੰਘ ਮਣਕੂ, ਅਵਤਾਰ ਸਿੰਘ ਪਨੇਸਰ, ਮੋਹਨ ਸਿੰਘ ਚੌਹਾਨ, ਅਰਜਨ ਸਿੰਘ ਚੀਮਾ, ਸਵਰਨ ਸਿੰਘ ਮਹੌਲੀ, ਜਤਿੰਦਰਪਾਲ ਸਿੰਘ ਸਲੂਜਾ, ਲਖਵਿੰਦਰ ਸਿੰਘ ਲੱਖਾ, ਸੁਰਿੰਦਰ ਸਿੰਘ ਨਾਰੰਗ, ਦਵਿੰਦਰ ਸਿੰਘ ਸਿੱਬਲ, ਜਸਵੀਰ ਸਿੰਘ ਗੋਗੀਆ ਵੀ ਹਾਜ਼ਰ ਸਨ।

# ਐਸ.ਕੇ.ਐਮ. ਗ਼ੈਰ ਸਿਆਸੀ ਵੱਲੋਂ ਕਿਸਾਨ ਮਹਾਂਪੰਚਾਇਤ ਨੂੰ ਸਮਰਥਨ ਦੇਣ ਦਾ ਐਲਾਨ



ਲੁਧਿਆਣਾ, 18 ਅਗਸਤ (ਰਵਿੰਦਰ ਸਿੰਘ ਨਿੱਝਰ) : ਬੀਤੀ ਰਾਤ ਐਸ ਕੇ ਐਮ ਗੈਰ ਸਿਆਸੀ ਦੇ ਆਗੂਆਂ ਨੇ ਜ਼ੂਮ ਮੀਟਿੰਗ ਕੀਤੀ। ਜਿਸ ਵਿੱਚ ਇੰਦਰਜੀਤ ਸਿੰਘ ਕੋਟਬੁੱਢਾ, ਸੁਖਜੀਤ ਸਿੰਘ ਹਰਦੋਚੰਡੇ, ਸੁਖਜਿੰਦਰ ਸਿੰਘ ਖੋਸਾ, ਗੁਰਿੰਦਰ ਸਿੰਘ ਭੰਗੂ, ਲਖਵਿੰਦਰ ਸਿੰਘ ਔਲਖ, ਬਚਿੱਤਰ ਸਿੰਘ ਕੋਟਲਾ ਸਤਨਾਮ ਸਿੰਘ ਹਰੀਕੇ, ਗੁਰਸੇਵ ਸਿੰਘ ਧਾਲੀਵਾਲ, ਕੁਲਦੀਪ ਸਿੰਘ ਆਦਿ ਆਗੂਆਂ ਨੇ ਆਪਣੇ ਵਿਚਾਰ ਰੱਖੇ, ਜਿਸ ਵਿੱਚ ਫੈਸਲਾ ਲੈਂਦੇ ਹੋਏ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਕੀਤੀ ਜਾ ਰਹੀ ਪਿੰਡ ਕੁੱਕੜ ਵਿੱਚ ਕਿਸਾਨ ਮਹਾਂਪੰਚਾਇਤ ਦੀ ਹਮਾਇਤ ਦਾ ਐਲਾਨ ਕੀਤਾ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰਾਂ ਦਾ ਜਬਰ ਦਿਨ ਪ੍ਰਤੀ ਦਿਨ ਵੱਧਦਾ ਜਾ ਰਿਹਾ ਹੈ। ਕਿਸਾਨਾਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਮਨਵਾਉਣ ਦੇ ਲਈ, ਕਿਸਾਨ ਅਤੇ ਕਿਸਾਨੀ ਨੂੰ ਬਚਾਉਣ ਦੇ ਲਈ ਸਾਰਿਆਂ ਨੂੰ ਇਕਜੁੱਟ ਹੋ ਕੇ ਲੜਨ ਦੀ ਲੋੜ ਹੈ। ਸਾਰੀਆਂ ਜਥੇਬੰਦੀਆਂ ਨੂੰ ਆਪਣੇ ਨਿੱਜੀ ਹਿੱਤਾਂ ਅਤੇ ਹੰਉਮੈ ਨੂੰ ਛੱਡਦੇ ਹੋਏ ਇੱਕ ਹੋ ਕੇ ਲੜਨਾ ਚਾਹੀਦਾ ਹੈ। ਐਸ ਕੇ ਐਮ ਗੈਰ ਸਿਆਸੀ ਉਹਨਾਂ ਸਾਰੀਆਂ ਜਥੇਬੰਦੀਆਂ ਦਾ ਸਹਿਯੋਗ ਕਰੇਗਾ ਜੋ ਕਿਸਾਨਾਂ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਨਗੇ। ਆਉਣ ਵਾਲੇ ਸਮੇਂ ਵਿੱਚ ਐਸਕੇਐਮ ਗੈਰ ਸਿਆਸੀ ਵੱਲੋਂ ਸਾਰੇ ਮੋਰਚਿਆਂ ਅਤੇ ਜਥੇਬੰਦੀਆਂ ਨਾਲ ਗੱਲਬਾਤ ਕਰਕੇ ਸਾਂਝਾ ਅਤੇ ਤਾਲਮੇਲਵਾਂ ਸੰਘਰਸ਼ ਵਿੱਢਣ ਲਈ ਯਤਨ ਕੀਤਾ ਜਾਣਗੇ। ਬੁੱਧਵਾਰ, 27 ਅਗਸਤ ਨੂੰ ਕਿਸਾਨ ਭਵਨ ਚੰਡੀਗੜ੍ਹ ਵਿਖੇ ਐਸਕੇਐਮ ਗੈਰ ਸਿਆਸੀ ਵੱਲੋਂ ਰਾਸ਼ਟਰੀ ਮੀਟਿੰਗ ਰੱਖੀ ਗਈ ਹੈ, ਜਿਸ ਵਿੱਚ ,ਪੰਜਾਬ, ਹਰਿਆਣਾ ,ਰਾਜਸਥਾਨ, ਬਿਹਾਰ, ਯੂਪੀ, ਮੱਧਪ੍ਰਦੇਸ਼, ਉੜੀਸਾ, ਕੇਰਲਾ, ਗੁਜਰਾਤ ਅਤੇ ਬੁੰਦੇਲਖੰਡ ਸਮੇਤ ਕਈ ਰਾਜਾਂ ਦੇ ਕਿਸਾਨ ਆਗੂ ਪਹੁੰਚ ਰਹੇ ਹਨ।

# ਸਾਬਕਾ ਮੰਤਰੀ ਆਸ਼ੂ ਦੇ ਕਰੀਬੀ ਸੁਨੀਲ ਮੜੀਆ ਗ੍ਰਿਫ਼ਤਾਰ, ਦਫ਼ਤਰ ਦੀ ਸੀਲ ਤੋੜਨ 'ਤੇ ਹੋਈ ਕਾਰਵਾਈ



ਲੁਧਿਆਣਾ, 18 ਅਗਸਤ (ਵਿਸ਼ਾਲ ਸ਼ਰਮਾ) : ਲੁਧਿਆਣਾ ਵਿੱਚ, ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਸਾਥੀ ਸੁਨੀਲ ਮੜੀਆ ਨੂੰ ਨਗਰ ਨਿਗਮ ਦੀ ਸ਼ਿਕਾਇਤ 'ਤੇ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਸ 'ਤੇ ਮਾਲ ਰੋਡ 'ਤੇ ਧੌਲਾਗਿਰੀ ਅਪਾਰਟਮੈਂਟ ਵਿੱਚ ਆਪਣੇ ਸੀਲਬੰਦ ਦਫ਼ਤਰ ਦੀ ਸੀਲ ਤੋੜਨ ਦਾ ਦੋਸ਼ ਹੈ। ਇਹ ਸ਼ਹਿਰ ਵਿੱਚ ਸੀਲ ਤੋੜਨ ਦਾ ਪਹਿਲਾ ਮਾਮਲਾ ਮੰਨਿਆ ਜਾ ਰਿਹਾ ਹੈ। ਨਗਰ ਨਿਗਮ ਦੇ ਅਨੁਸਾਰ, ਸੁਨੀਲ ਮੜੀਆ ਦਾ ਦਫ਼ਤਰ ਪਹਿਲਾਂ ਵਪਾਰਕ ਵਰਤੋਂ ਲਈ ਇੱਕ ਰਿਹਾਇਸ਼ੀ ਅਪਾਰਟਮੈਂਟ ਵਿੱਚ ਬਣਾਇਆ ਗਿਆ ਸੀ, ਇਸ ਲਈ ਇਸਨੂੰ ਸੀਲ ਕਰ ਦਿੱਤਾ ਗਿਆ ਸੀ। ਨਿਗਮ ਨੇ ਸੀਲ ਤੋੜਨ ਬਾਰੇ ਪੁਲਿਸ ਨੂੰ ਲਿਖਤੀ ਸ਼ਿਕਾਇਤ ਭੇਜੀ, ਜਿਸ ਤੋਂ ਬਾਅਦ ਪੁਲਿਸ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਪੁੱਛਗਿੱਛ ਸ਼ੁਰੂ ਕਰ ਦਿੱਤੀ। ਨਗਰ ਨਿਗਮ ਹਮੇਸ਼ਾ ਸੀਲ ਨੂੰ ਇੱਕ ਖੇਡ ਮੰਨਦਾ ਸੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਨਗਰ ਨਿਗਮ ਨੂੰ ਸੀਲ ਤੋੜਨ ਦੀਆਂ ਦਰਜਨਾਂ ਸ਼ਿਕਾਇਤਾਂ ਮਿਲੀਆਂ ਹਨ। ਉਨ੍ਹਾਂ 'ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਮੜੀਆ ਸ਼ੁਰੂ ਤੋਂ ਹੀ ਇਸ ਸੀਲ ਨੂੰ ਇੱਕ ਖੇਡ ਮੰਨ ਰਿਹਾ ਸੀ।

ਹੁਣ ਇਸ ਕਾਰਵਾਈ ਨੂੰ ਰਾਜਨੀਤਿਕ ਦੁਸ਼ਮਣੀ ਵੀ ਮੰਨਿਆ ਜਾ ਰਿਹਾ ਹੈ। ਇਹ ਕਾਰਵਾਈ ਨਗਰ ਨਿਗਮ ਦੀ ਜ਼ੋਨ-ਡੀ ਬਿਲਡਿੰਗ ਸ਼ਾਖਾ ਵੱਲੋਂ 29 ਅਪ੍ਰੈਲ ਨੂੰ ਕੀਤੀ ਗਈ ਸੀ। ਇਹ ਕਾਰਵਾਈ ਰਿਹਾਇਸ਼ੀ ਅਪਾਰਟਮੈਂਟ ਵਿੱਚ ਵਪਾਰਕ ਦਫ਼ਤਰ ਬਣਾਉਣ ਦੇ ਬਦਲੇ ਕੀਤੀ ਗਈ ਸੀ। ਇਹ ਸੀਲ ਕੁਝ ਸਮਾਂ ਪਹਿਲਾਂ ਤੋੜੀ ਗਈ ਸੀ। ਜਿਸ ਤੋਂ ਬਾਅਦ ਨਿਗਮ ਨੇ ਪੁਲਿਸ ਨੂੰ ਲਿਖਤੀ ਸ਼ਿਕਾਇਤ ਦਿੱਤੀ।

## ਨਸ਼ਾ ਸਮਗਲਰਾਂ ਨੂੰ ਚੇਤਾਵਨੀ, ਸੁਧਰ ਜਾਓ ਨਹੀਂ ਤਾਂ ਨਤੀਜੇ ਭੁਗਤਣ ਲਈ ਰਹੋ ਤਿਆਰ : ਇੰਸ. ਪਰਮਿੰਦਰ ਸਿੰਘ



ਜਗਰਾਓਂ, 18 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੰਜਾਬ ਸਰਕਾਰ ਅਤੇ ਡੀਜੀਪੀ ਪੰਜਾਬ ਵੱਲੋਂ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ , ਡੀਐਸਪੀ ਜਸਜੋਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਥਾਣਾ ਸਿਟੀ ਦੇ ਮੁੱਖ ਅਫਸਰ ਇੰਸਪੈਕਟਰ ਪਰਮਿੰਦਰ ਸਿੰਘ ਅਤੇ ਉਹਨਾਂ ਦੀ ਪੁਲਿਸ ਪਾਰਟੀ ਨੂੰ ਅਨੇਕਾਂ ਸਫਲਤਾਵਾਂ ਮਿਲ ਰਹੀਆਂ ਹਨ। ਥਾਣਾ ਸਿਟੀ ਦੇ ਮੁੱਖ ਅਫਸਰ ਇੰਸਪੈਕਟਰ ਪਰਮਿੰਦਰ ਸਿੰਘ ਨੇ ਥੋੜ੍ਹੇ ਦਿਨ ਪਹਿਲਾਂ ਹੀ ਥਾਣਾ ਸਿਟੀ ਦਾ ਅਹੁਦਾ ਸੰਭਾਲਿਆ ਅਤੇ ਅਹੁਦਾ ਸੰਭਾਲਣ ਮੌਕੇ ਤੁਰੰਤ ਐਕਸ਼ਨ ਵਿੱਚ ਨਜ਼ਰ ਆਏ। ਉਹਨਾਂ ਨੇ ਨਸ਼ਾ ਸਮਗਲਰਾਂ ਨੂੰ ਚੇਤਾਵਨੀ ਦਿੱਤੀ ਸੁਧਰ ਜਾਓ ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹੋ। ਉਹਨਾਂ ਕਿਹਾ ਕਿ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦਾ ਨਸ਼ਾ ਵੇਚਣ ਅਤੇ ਨਸ਼ਾ ਕਰਨ ਵਾਲੇ ਨੂੰ ਬਖਸ਼ਾਂਗੇ ਨਹੀਂ, ਚਾਹੇ ਉਹ ਕਿੰਨੀ ਵੀ ਪਾਵਰ ਕਿਉਂ ਨਾ ਰੱਖਦਾ ਹੋਵੇ। ਉਹਨਾਂ ਕਿਹਾ ਕਿ ਪੀਸੀਆਰ ਜਗਰਾਓਂ ਵੱਲੋਂ ਲਗਾਤਾਰ ਸ਼ਹਿਰ ਅੰਦਰ ਗਸ਼ਤ ਕੀਤੀ ਜਾਂਦੀ ਹੈ। ਉਹਨਾਂ ਕਿਹਾ ਕਿ ਲੁਧਿਆਣਾ ਦਿਹਾਤੀ ਪੁਲਿਸ ਹਰ ਸਮੇਂ ਜਨਤਾ ਦੀ ਸੇਵਾ ਵਿੱਚ ਹਾਜ਼ਰ ਹੈ। ਪਬਲਿਕ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਪਬਲਿਕ ਪੁਲਿਸ ਨੂੰ ਸਹਿਯੋਗ ਦੇਵੇ ਤਾਂ ਸਮਾਜ ਵਿੱਚੋਂ ਕ੍ਰਾਈਮ ਦਾ ਖਾਤਮਾ ਕੀਤਾ ਜਾ ਸਕਦਾ ਹੈ।

# ਆਈ.ਟੀ.ਆਈ. ਗਿੱਲ ਰੋਡ, ਵਿਖੇ ਅੰਦਰੂਨੀ ਸੜਕ ਦਾ ਉਦਘਾਟਨ



ਲੁਧਿਆਣਾ, 18 ਅਗਸਤ (ਵਿਸ਼ਾਲ ਸ਼ਰਮਾ) : ਜ਼ਿਲ੍ਹਾ ਯੋਜਨਾ ਬੋਰਡ, ਲੁਧਿਆਣਾ ਅਧੀਨ ਫੰਡ ਪ੍ਰਾਪਤ ਆਈ.ਟੀ.ਆਈ. ਗਿੱਲ ਰੋਡ, ਲੁਧਿਆਣਾ ਦੀ ਅੰਦਰੂਨੀ ਸੜਕ ਦੀ ਬਹੁਤ ਉਡੀਕੀ ਜਾ ਰਹੀ ਉਸਾਰੀ ਦਾ ਉਦਘਾਟਨ ਅੱਜ ਇੱਕ ਸ਼ਾਨਦਾਰ ਸਮਾਰੋਹ ਵਿੱਚ ਕੀਤਾ ਗਿਆ। ਉਦਘਾਟਨ ਮਾਣਯੋਗ ਵਿਧਾਇਕ ਐਡਵੋਕੇਟ ਕੁਲਵੰਤ ਸਿੰਘ ਸਿੱਧੂ ਨੇ ਮੈਡਮ ਇੰਦਰਜੀਤ ਕੌਰ, ਮੇਅਰ, ਲੁਧਿਆਣਾ, ਸ਼ਰਨਪਾਲ ਸਿੰਘ ਮੱਕੜ, ਚੇਅਰਮੈਨ, ਜ਼ਿਲ੍ਹਾ ਯੋਜਨਾ ਬੋਰਡ, ਲੁਧਿਆਣਾ, ਅਤੇ ਬਲਜਿੰਦਰ ਸਿੰਘ, ਪ੍ਰਿੰਸੀਪਲ, ਆਈ.ਟੀ.ਆਈ. ਲੁਧਿਆਣਾ ਦੀ ਮੌਜੂਦਗੀ ਵਿੱਚ ਕੀਤਾ। ਇਸ ਮੌਕੇ ਬੋਲਦਿਆਂ ਵਿਧਾਇਕ ਕੁਲਵੰਤ ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਜ਼ਮੀਨੀ ਪੱਧਰ 'ਤੇ ਵਿਕਾਸ ਨੂੰ ਯਕੀਨੀ ਬਣਾਉਣ, ਬਿਹਤਰ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਅਤੇ ਲੁਧਿਆਣਾ ਦੇ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਮੇਅਰ ਇੰਦਰਜੀਤ ਕੌਰ ਨੇ ਪ੍ਰਗਟ ਕੀਤਾ ਕਿ ਵਿੱਦਿਅਕ ਸੰਸਥਾਵਾਂ ਵਿੱਚ ਗੁਣਵੱਤਾ ਵਾਲਾ ਬੁਨਿਆਦੀ ਢਾਂਚਾ ਬਿਹਤਰ ਸਿੱਖਣ ਦਾ ਮਾਹੌਲ ਯਕੀਨੀ ਬਣਾਉਂਦਾ ਹੈ, ਨਾਗਰਿਕ ਸਹੂਲਤਾਂ ਨੂੰ ਵਧਾਉਂਦਾ ਹੈ, ਅਤੇ ਸੰਪੂਰਨ ਸ਼ਹਿਰੀ ਵਿਕਾਸ ਪ੍ਰਤੀ ਸਰਕਾਰ ਦੇ ਸਮਰਪਣ ਨੂੰ ਦਰਸਾਉਂਦਾ ਹੈ।

ਚੇਅਰਮੈਨ ਸ਼ਰਨਪਾਲ ਸਿੰਘ ਮੱਕੜ ਨੇ ਯੋਜਨਾ ਬੋਰਡ ਦੇ ਸਮੂਹਿਕ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੇ ਪ੍ਰੋਜੈਕਟ 'ਆਪ' ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਵਿਦਿਅਕ ਸੰਸਥਾਵਾਂ ਨੂੰ ਆਧੁਨਿਕ ਸਹੂਲਤਾਂ ਪ੍ਰਦਾਨ ਕਰਨ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹਨ। ਨਵੀਂ ਬਣੀ ਸੜਕ ਆਈਟੀਆਈ ਕੈਂਪਸ ਦੇ ਅੰਦਰ ਆਵਾਜਾਈ ਨੂੰ ਆਸਾਨ ਬਣਾਏਗੀ, ਜਿਸ ਨਾਲ ਵਿਦਿਆਰਥੀਆਂ, ਸਟਾਫ ਅਤੇ ਸੈਲਾਨੀਆਂ ਨੂੰ ਲਾਭ ਹੋਵੇਗਾ। 'ਆਪ' ਪਾਰਟੀ ਪਾਰਦਰਸ਼ੀ ਸ਼ਾਸਨ ਅਤੇ ਤੇਜ਼ ਵਿਕਾਸ ਰਾਹੀਂ ਲੋਕਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ।

# ਵਿਧਾਇਕਾ ਮਾਣੂੰਕੇ ਦੇ ਯਤਨਾਂ ਸਦਕਾ ਅਪਾਹਜਾਂ ਨੂੰ ਮਿਲੇ ਟਰਾਈ-ਸਾਈਕਲ



ਜਗਰਾਓਂ, 18 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਹਲਕਾ ਜਗਰਾਓਂ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਦੇ ਯਤਨਾਂ ਸਦਕਾ ਅੱਜ ਹਲਕੇ ਦੇ ਲੋੜਵੰਦ ਅਪਾਹਜ਼ ਵਿਅਕਤੀਆਂ ਨੂੰ ਟਰਾਈ-ਸਾਈਕਲ ਵੰਡੇ ਗਏ। ਇਸ ਮੌਕੇ ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਜਗਰਾਓਂ ਕੁਲਪ੍ਰੀਤ ਸਿੰਘ ਅਤੇ ਐਸ. ਡੀ. ਐਮ.ਜਗਰਾਓਂ ਕਰਨਦੀਪ ਸਿੰਘ ਵੀ ਵਿਸ਼ੇਸ਼ ਤੌਰ' ਤੇ ਹਾਜ਼ਰ ਸਨ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਵਿਧਾਇਕਾ ਮਾਣੂੰਕੇ ਨੇ ਦੱਸਿਆ ਕਿ ਉਹਨਾਂ ਦੇ ਧਿਆਨ ਵਿੱਚ ਆਇਆ ਸੀ ਕਿ ਜਗਰਾਓਂ ਹਲਕੇ ਦੇ ਬਹੁਤ ਸਾਰੇ ਲੋੜਵੰਦ ਅਪਾਹਜ਼ ਵਿਅਕਤੀਆਂ ਕੋਲ ਟਰਾਈ-ਸਾਈਕਲ ਨਹੀਂ ਹਨ। ਜਿਸ ਕਾਰਨ ਉਹਨਾਂ ਨੂੰ ਆਪਣੇ ਰੋਜ਼ਮਰ੍ਹਾ ਦੇ ਕੰਮਕਾਜ ਕਰਨ ਅਤੇ ਇਧਰ-ਓਧਰ ਆਉਣ-ਜਾਣ ਵਿੱਚ ਭਾਰੀ ਸਮੱਸਿਆ ਦਾ ਸਾਹਮਣਾ ਕਰਨਾਂ ਪੈ ਰਿਹਾ ਹੈ। ਇਸ ਲਈ ਸਾਡੀ ਟੀਮ ਵੱਲੋਂ ਲੋੜਵੰਦ ਅਪਾਹਜ਼ ਵਿਅਕਤੀਆਂ ਤੱਕ ਪਹੁੰਚ ਕਰਕੇ ਉਹਨਾਂ ਦੀ ਲਿਸਟ ਤਿਆਰ ਕੀਤੀ ਗਈ ਅਤੇ ਸਿਹਤ ਵਿਭਾਗ ਵੱਲੋਂ ਜਾਰੀ ਅੰਗਹੀਣ ਸਰਟੀਫਿਕੇਟ ਮੰਗਵਾਏ ਗਏ। ਪਰੰਤੂ ਕੁੱਝ ਵਿਅਕਤੀਆਂ ਕੋਲ ਸਰਟੀਫਿਕੇਟ ਨਹੀਂ ਸਨ, ਉਹਨਾਂ ਵਿਅਕਤੀਆਂ ਦਾ ਮੈਡੀਕਲ ਚੈਕਅੱਪ ਕਰਵਾਕੇ ਅਪਾਹਜ਼ ਸਰਟੀਫਿਕੇਟ ਬਣਵਾਏ ਗਏ। ਇਸ ਉਪਰੰਤ ਪੰਜਾਬ ਸਰਕਾਰ ਪਾਸੋਂ ਟਰਾਈਸਾਈਕਲ ਮੰਗਵਾਏ ਗਏ ਅਤੇ ਅੱਜ ਲੋੜਵੰਦ ਅਪਾਹਜ਼ ਵਿਅਕਤੀਆਂ ਇਹ ਟਰਾਈਸਾਈਕਲ ਦੇ ਕੇ ਰਵਾਨਾ ਕੀਤਾ ਗਿਆ।

# ਵਾਰਡ ਨੰ. 44 'ਚ ਪਾਣੀ ਦੀ ਕਿੱਲਤ ਦੂਰ ਹੋਵੇਗੀ : ਸਿੱਧੂ, ਗੋਗਾ



ਲੁਧਿਆਣਾ, 18 ਅਗਸਤ (ਰਵਿੰਦਰ ਸਿੰਘ ਨਿੱਝਰ) : ਜਨਤਾ ਨਗਰ ਗਲੀ ਨੰ:30 ( ਵਾਰਡ ਨੰ:44) ਵਿਖੇ ਲੋਕਾਂ ਦੀ ਸਹੂਲਤ ਲਈ ਨਵੇਂ ਲੱਗੇ ਟਿਊਬਵੈੱਲ ਦਾ ਉਦਘਾਟਨ MLA ਕੁਲਵੰਤ ਸਿੰਘ ਸਿੱਧੂ ਜੀ ਅਤੇ ਕੌਂਸਲਰ ਸੋਹਣ ਸਿੰਘ ਗੋਗਾ ਵੱਲੋਂ ਕੀਤਾ ਗਿਆ। ਉਦਘਾਟਨ ਕਰਨ ਸਮੇਂ ਵਧਾਇਕ ਸਿੱਧੂ ਨੇ ਕਿਹਾ ਕਿ ਮੈ ਜੋ ਵਾਅਦਾ ਕਰਦਾ ਹਾਂ ਉਹ ਪੂਰਾ ਕਰਦਾ ਹਾਂ ਗੋਗੇ ਦੇ ਵਾਰਡ ਵਿੱਚ ਹਰ ਸਹੂਲਤ ਦਿੱਤੀ ਜਾਵੇਗੀ। ਦੋ ਟਿਊਬਵੈੱਲ ਚੱਲ ਪਏ, ਇੱਕ ਹੋਰ ਤਿਆਰ ਹੈ, ਦੋ ਕਰੋੜ ਦੇ ਕਰੀਬ ਕੰਮ ਰੱਖੇ ਹਨ, ਦੋ ਕਰੋੜ ਦੇ ਹੋਰ ਸ਼ੁਰੂ ਕਰਨ ਜਾ ਰਹੇ ਹਾਂ । ਗੁਰਚਰਨ ਸਿੰਘ ਗੁਰੂ ਕੁਲਜੀਤ ਸਿੰਘ ਬੀਬੀ ਹਰਪ੍ਰੀਤ ਕੌਰ ,ਗੁਰਜੀਤ ਸਿੰਘ ਰੌਕੀ ਅਮਨਪਾਲ ਸਿੰਘ ਸੁੱਖਾ ਜਗਜੀਤ ਸਿੰਘ ਸ਼ੇਰ ਸਿੰਘ ਅਮਰਜੋਤ ਸਿੰਘ ਗੁਰਚਰਨ ਸਿੰਘ ਲੋਟੇ ਮਨਪ੍ਰੀਤ ਸਿੰਘ ਬਾਦਲ ਇੰਦਰਜੀਤ ਸਿੰਘ ਪੰਨੂ ਗਗਨਦੀਪ ਸਿੰਘ ਭੰਬਰਾ ਪਖਸੋਤਮ ਸਿੰਘ ਵਲਵਿੰਦਰ ਸਿੰਘ ਸਤਵੰਤ ਸਿੰਘ ਮਠਾੜੂ ਹਰਭਜਨ ਸਿੰਘ ਭੱਜੀ ਜਗੀਰ ਸਿੰਘ ਜਗੀਰ ਸਿੰਘ ਰਾਜ ਕੁਮਾਰ ਸਰਮਾ ਬਾਬਾ ਅਮਰ ਸਿੰਘ ਅਮਰਜੀਤ ਸਿੰਘ ਆਦਿ ਸਮੇਤ ਵੱਡੀ ਗਿਣਤੀ 'ਚ ਇਲਾਕਾ ਨਿਵਾਸੀ ਵੀ ਹਾਜ਼ਰ ਰਹੇ।

# ਨਵੀਂ ਕਚਹਿਰੀ ਸਥਿਤ ਸੇਵਾ ਕੇਂਦਰ 'ਚ ਏ.ਸੀ. ਨਾ ਚੱਲਣ ਕਾਰਨ ਲੋਕਾਂ ਵਿੱਚ ਰੋਸ




ਲੁਧਿਆਣਾ, 18 ਅਗਸਤ (ਵਿਸ਼ਾਲ ਸ਼ਰਮਾ) : ਲੁਧਿਆਣਾ ਦੇ ਫਿਰੋਜ਼ਗਾਂਧੀ ਮਾਰਕੀਟ ਵਿਖੇ ਸਥਿਤ ਸੇਵਾ ਕੇਂਦਰ ਵਿੱਚ ਆਉਣ ਵਾਲੇ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣਕਾਰੀ ਮੁਤਾਬਕ, ਸੇਵਾ ਕੇਂਦਰ ਦੇ ਏਅਰ ਕੰਡੀਸ਼ਨਰ (ਏ.ਸੀ.) ਕਈ ਦਿਨਾਂ ਤੋਂ ਖ਼ਰਾਬ ਪਏ ਹੋਏ ਹਨ, ਜਿਸ ਕਰਕੇ ਸਵੇਰ ਤੋਂ ਸ਼ਾਮ ਤੱਕ ਆਪਣੇ ਕੰਮ ਲਈ ਆਉਣ ਵਾਲੇ ਸੈਂਕੜੇ ਲੋਕ ਗਰਮੀ ਨਾਲ ਤੰਗ ਆ ਰਹੇ ਹਨ। ਲੁਧਿਆਣਾ ਵਿੱਚ ਪਹਿਲਾਂ ਹੀ ਬਹੁਤ ਗਰਮੀ ਹੈ ਅਤੇ ਇਸ ਵਿੱਚ ਬੰਦ ਏ.ਸੀ. ਕਾਰਨ ਕੇਂਦਰ ਦੇ ਅੰਦਰ ਬੈਠਣਾ ਲੋਕਾਂ ਲਈ ਬਹੁਤ ਹੀ ਦੁਸ਼ਵਾਰ ਬਣਿਆ ਹੋਇਆ ਹੈ। ਲੰਮੇ ਸਮੇਂ ਤੱਕ ਲਾਈਨਾਂ ਵਿੱਚ ਖੜ੍ਹ ਕੇ ਆਪਣੇ ਕੰਮ ਕਰਵਾਉਣ ਵਾਲੇ ਆਮ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਸੇਵਾ ਕੇਂਦਰਾਂ ਨੂੰ ਲੋਕਾਂ ਦੀ ਸਹੂਲਤ ਲਈ ਬਣਾਇਆ ਗਿਆ ਸੀ। ਪਰ ਇੱਥੇ ਬੁਨਿਆਦੀ ਸਹੂਲਤਾਂ ਦੀ ਕਮੀ ਕਾਰਨ ਉਹਨਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਬਜ਼ੁਰਗ ਵਿਅਕਤੀ ਨੇ ਦੱਸਿਆ ਅਸੀਂ ਕਈ ਘੰਟਿਆਂ ਤੋਂ ਲਾਈਨਾਂ ਵਿੱਚ ਖੜ੍ਹੇ ਰਹਿੰਦੇ ਹਾਂ। ਬਾਹਰ ਗਰਮੀ ਹੈ, ਅੰਦਰ ਵੀ ਘੁੱਟਨ ਵਾਲਾ ਮਾਹੌਲ ਹੈ। ਏ.ਸੀ. ਨਾ ਚੱਲਣ ਕਾਰਨ ਸਾਨੂੰ ਬਹੁਤ ਹੀ ਕਸ਼ਟ ਝੱਲਣਾ ਪੈ ਰਿਹਾ ਹੈ। ਇਕ ਆਵੇਦਕ ਜੋ ਕੀ ਔਰਤ ਸੀ ਨੇ ਗੁੱਸੇ ਵਿੱਚ ਕਿਹਾ ਮੈਂ ਆਪਣੇ ਦਸਤਾਵੇਜ਼ ਬਣਵਾਉਣ ਆਈ ਹਾਂ। ਪਰ ਇਹਨਾਂ ਹਾਲਾਤਾਂ ਵਿੱਚ ਬੈਠਨਾ ਸਿਹਤ ਲਈ ਖ਼ਤਰਾ ਬਣ ਰਿਹਾ ਹੈ। ਸਰਕਾਰ ਜੇ ਲੋਕਾਂ ਦੀ ਸੇਵਾ ਨਹੀਂ ਕਰ ਸਕਦੀ ਤਾਂ ਫਿਰ ਇਹ ਸੇਵਾ ਕੇਂਦਰਾਂ ਦਾ ਕੀ ਲਾਭ ਹੈ। ਇਕ ਹੋਰ ਨੌਜਵਾਨ ਨੇ ਕਿਹਾ ਜਦੋਂ ਅਸੀਂ ਇੱਥੇ ਕੰਮ ਲਈ ਫੀਸ ਭਰਦੇ ਹਾਂ ਤਾਂ ਸਾਨੂੰ ਸੁਵਿਧਾਵਾਂ ਵੀ ਮਿਲਣੀਆਂ ਚਾਹੀਦੀਆਂ ਹਨ।

ਉਸ ਨੌਜਵਾਨ ਦਾ ਕਹਿਨਾ ਸੀ ਕੀ ਇਹ ਸੁਵਿਧਾ ਸੈਂਟਰ ਨਹੀ ਇਹ ਦੁਵਿਧਾ ਸੈਂਟਰ ਹੈ। ਹੋਰ ਲੋਕਾਂ ਦਾ ਕਹਿਨਾ ਸੀ ਕੇ ਸਰਕਾਰ ਸੇਵਾ ਕੇਂਦਰਾਂ ਵਿਚ ਕੰਮ ਦੇ ਬਦਲੇ ਏਨੀਆਂ ਭਾਰੀਆਂ ਫੀਸਾਂ ਲੈ ਕੇ ਵੀ ਕੋਈ ਸੁਵਿਧਾ ਨਹੀਂ ਦੇ ਰਹੀ। ਆਮ ਜਨਤਾ ਨੇ ਸਪੱਸ਼ਟ ਕੀਤਾ ਹੈ ਕਿ ਜੇ ਸਰਕਾਰ ਤੇ ਸੇਵਾ ਕੇਂਦਰਾਂ ਨੂੰ ਜ਼ਿੰਮੇਵਾਰੀ ਨਾਲ ਨਹੀ ਚਲਾਉਂਦੇ ਤਾਂ ਲੋਕਾਂ ਦਾ ਭਰੋਸਾ ਇਨ੍ਹਾਂ ਕੇਂਦਰਾਂ ਤੋਂ ਉੱਠ ਜਾਵੇਗਾ। ਲੋਕਾਂ ਨੇ ਉਮੀਦ ਜਤਾਈ ਹੈ ਕਿ ਅਧਿਕਾਰੀ ਜਲਦੀ ਕਾਰਵਾਈ ਕਰਦੇ ਹੋਏ ਏ.ਸੀ. ਚਲਾਏ ਜਾਣਗੇ ਤਾਂ ਜੋ ਆਮ ਜਨਤਾ ਨੂੰ ਰਾਹਤ ਮਿਲ ਸਕੇ।

# ਹਰਿਆਣਾ ਗੁਰਦੁਆਰਾ ਕਮੇਟੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਹਰ ਫਰੰਟ 'ਤੇ ਹੋਇਆ ਫੇਲ੍ਹ : ਜਥੇਦਾਰ ਮੰਡੇਬਰ



ਲੁਧਿਆਣਾ, 18 ਅਗਸਤ (ਕਰਨੈਲ ਸਿੰਘ ਐੱਮ.ਏ.) : ਅਗਸਤ (ਕਰਨੈਲ ਸਿੰਘ ਐੱਮ.ਏ.) : ਅੱਜ ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਸਾਬਕਾ ਜਨਰਲ ਸਕੱਤਰ ਹਰਿਆਣਾ ਗੁਰਦੁਆਰਾ ਕਮੇਟੀ ਨੇ ਇੱਕ ਪ੍ਰੈੱਸ ਨੋਟ ਜਾਰੀ ਕਰਦਿਆਂ ਬਿਆਨ ਵਿੱਚ ਆਖਿਆ ਕਿ 23 ਮਈ ਨੂੰ ਹੋਏ ਕਮੇਟੀ ਦੇ ਜਨਰਲ ਇਜਲਾਸ ਵਿੱਚ ਮੈਂਬਰਾਂ ਨੇ ਹੱਥ ਖੜ੍ਹੇ ਕਰਕੇ ਝੀਂਡਾ ਨੂੰ ਪ੍ਰਧਾਨ ਚੁਣਿਆ ਸੀ, ਜਦੋਂ ਕਿ 18 ਮੈਂਬਰ ਮੀਟਿੰਗ 'ਚੋਂ ਵਾਕ ਆਊਟ ਕਰ ਗਏ ਸਨ। ਗੁਰਦੁਆਰਾ ਐਕਟ ਮੁਤਾਬਿਕ ਇੱਕ ਵੀ ਮੈਂਬਰ ਵੋਟਿੰਗ ਦੀ ਮੰਗ ਕਰੇ ਤਾਂ ਵੋਟਿੰਗ ਜ਼ਰੂਰੀ ਹੈ। ਪਰ ਜਗਦੀਸ਼ ਝੀਂਡਾ ਨੇ ਪ੍ਰੋ ਟਾਈਮ ਚੇਅਰਮੈਨ ਜੋਗਾ ਸਿੰਘ ਤੋਂ ਆਪਣੀ ਪ੍ਰਧਾਨਗੀ ਦਾ ਐਲਾਨ ਕਰਵਾ ਕੇ ਮੀਟਿੰਗ ਸਮਾਪਤ ਕਰ ਦਿੱਤੀ ਅਤੇ ਝੀਂਡਾ ਦੀ ਪ੍ਰਧਾਨਗੀ ਨੂੰ ਚੈਲੇਂਜ ਕਰਦੀ ਪਟੀਸ਼ਨ ਚੋਣ ਕਮਿਸ਼ਨਰ ਐਚ ਐੱਸ ਭੱਲਾ ਕੋਲ ਫੈਸਲੇ ਲਈ ਪੈਂਡਿੰਗ ਹੈ। ਜਥੇਦਾਰ ਮੰਡੇਬਰ ਨੇ ਆਖਿਆ ਕਿ ਆਪਣੀ ਤਿੰਨ ਮਹੀਨੇ ਦੀ ਕਾਰਗੁਜ਼ਾਰੀ ਵਿੱਚ ਝੀਂਡਾ ਨੇ ਸਿਰਫ ਐਲਾਨ ਕਰਨ ਤੋਂ ਸਿਵਾ ਕੁਝ ਨਹੀਂ ਕੀਤਾ, ਅਤੇ ਜੀ ਹਜ਼ੂਰੀਏ ਮੁਲਾਜ਼ਮਾਂ ਨੂੰ ਤਰੱਕੀਆਂ ਅਤੇ ਕਾਬਲ ਮੁਲਾਜ਼ਮਾਂ ਨੂੰ ਖੁੱਡੇ ਲਾਈਨ ਲਾਇਆ ਜਾ ਰਿਹਾ ਹੈ। ਹੋਰ ਤਾਂ ਹੋਰ ਝੀਂਡਾ ਦੇ ਦਫਤਰ ਪੀ ਏ ਤੇ ਲੜਕੀ ਤੇ ਜਿਨਸੀ ਸੰਬੰਧਾਂ ਲਈ ਦਬਾਅ ਦੀ ਐੱਫ ਆਈ ਆਰ ਵੀ ਦਰਜ ਹੈ। ਉਹਨਾਂ ਆਖਿਆ ਕਿ ਝੀਂਡਾ ਨੇ 2 ਅਗਸਤ ਨੂੰ ਇੱਕ 11 ਮੈਂਬਰੀ ਐਗਜੈਕਟਿਵ ਦੀ ਮੀਟਿੰਗ ਸੱਦੀ ਸੀ, ਜਿਸ ਵਿੱਚ ਸਿਰਫ 6 ਮੈਂਬਰ ਹਾਜ਼ਰ ਹੋਏ । ਮੀਟਿੰਗ ਕੋਰਮ ਪੂਰਾ ਨਾ ਹੋਣ ਕਰਕੇ ਫੇਲ ਹੋਈ । ਜਥੇਦਾਰ ਮੰਡੇਬਰ ਨੇ ਅੱਗੇ ਦੱਸਿਆ ਕਿ ਝੀਂਡਾ ਦੀਆਂ ਆਪ ਹੁਦਰੀਆਂ ਅਤੇ ਬਿਨਾਂ ਸਿਰ ਪੈਰ ਦੇ ਐਲਾਨਾਂ ਕਰਕੇ ਮੈਂਬਰਾਂ ਵੱਲੋਂ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਹੈ, ਜਿਸਨੇ ਕੇ ਝੀਂਡਾ ਦੇ ਸਾਰੇ ਐਲਾਨਾਂ 'ਤੇ ਫੈਸਲੇ ਤੱਕ ਰੋਕ ਲਾ ਦਿੱਤੀ ਹੈ। ਉਹਨਾਂ ਅੱਗੇ ਦੱਸਿਆ ਕਿ 13 ਅਗਸਤ ਨੂੰ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਰਾਮਸਰ ਵੱਲੋਂ ਨਾਢਾ ਸਾਹਿਬ ਵਿਖੇ ਸੱਦੀ ਮੀਟਿੰਗ ਵਿੱਚ ਝੀਂਡਾ ਨੂੰ ਪ੍ਰਧਾਨ ਬਣਾਉਣ ਵਿੱਚ ਸਮਰਥਨ ਵਾਲੇ 29 ਮੈਂਬਰਾਂ ਵਿੱਚੋਂ 20 ਮੈਂਬਰ ਅਪਣਾ ਸਮਰੱਥਨ ਵਾਪਸ ਲੈ ਚੁੱਕੇ ਹਨ ਅਤੇ ਹੁਣ ਪ੍ਰਧਾਨ ਝੀਂਡਾ ਅਹੁਦੇ 'ਤੇ ਰਹਿਣ ਦਾ ਨੈਤਿਕ ਅਧਿਕਾਰ ਖੋਹ ਚੁੱਕੇ ਹਨ। ਇਸ ਮੌਕੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨਾਲ ਗੱਲ ਕੀਤੀ ਗਈ ਕਿ ਮੈਂਬਰ ਸਮਰੱਥਨ ਵਾਪਸੀ ਦੀ ਗੱਲ ਕਹਿ ਰਹੇ ਹਨ ਤਾਂ ਉਹਨਾਂ ਕਿਹਾ ਕਿ ਇਹ ਝਗੜਾਲੂ ਮਸਲਾ ਹੈ ਅਤੇ ਮੀਟਿੰਗ ਤੋਂ ਬਾਅਦ ਇਸ ਮੁੱਦੇ 'ਤੇ ਗੱਲ ਕਰ ਸਕਣਗੇ ।

# ਜਨਮ ਅਸ਼ਟਮੀ 'ਤੇ ਮੰਦਰਾਂ 'ਚ ਮੱਥਾ ਟੇਕ ਕੇ ਲਿਆ ਆਸ਼ੀਰਵਾਦ



ਲੁਧਿਆਣਾ, 18 ਅਗਸਤ (ਵਿਸ਼ਾਲ ਸ਼ਰਮਾ) : ਜਨਮ ਅਸ਼ਟਮੀ ਦੇ ਸ਼ੁਭ ਮੌਕੇ 'ਤੇ, ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਸਕੱਤਰ ਅਤੇ ਵਾਰਡ ਨੰਬਰ 19 ਦੀ ਕੌਂਸਲਰ ਨਿਧੀ ਗੁਪਤਾ ਨੇ ਸ਼ਹਿਰ ਦੇ ਵੱਖ-ਵੱਖ ਮੰਦਰਾਂ ਵਿੱਚ ਮੱਥਾ ਟੇਕਿਆ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਨੇ ਸ਼ਿਵ ਸ਼ਕਤੀ ਮੰਦਰ, ਸ਼੍ਰੀ ਇੱਛਾਪੂਰਤੀ ਬਾਲਾਜੀ ਮੰਦਰ, ਸ਼੍ਰੀ ਰਾਮ ਦਰਬਾਰ ਮੰਦਰ ਅਤੇ ਵੈਸ਼ਨੋ ਧਾਮ ਮੰਦਰ ਦਾ ਦੌਰਾ ਕੀਤਾ ਅਤੇ ਸ਼ਰਧਾਲੂਆਂ ਨੂੰ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਉਨ੍ਹਾਂ ਕਿਹਾ ਕਿ ਭਗਵਾਨ ਕ੍ਰਿਸ਼ਨ ਦਾ ਜਨਮ ਅਧਰਮ ਉੱਤੇ ਧਰਮ ਦੀ ਜਿੱਤ ਦਾ ਪ੍ਰਤੀਕ ਹੈ। ਸ਼੍ਰੀ ਕ੍ਰਿਸ਼ਨ ਦਾ ਜੀਵਨ ਸਾਨੂੰ ਸੱਚਾਈ, ਸਮਰਪਣ ਅਤੇ ਸਮਾਜ ਦੇ ਕਲਿਆਣ ਲਈ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਜਨਮ ਅਸ਼ਟਮੀ ਦਾ ਇਹ ਤਿਉਹਾਰ ਸਾਨੂੰ ਪਿਆਰ, ਦਇਆ ਅਤੇ ਨਿਆਂ ਦੇ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੰਦਾ ਹੈ।

# ਪੰਜਾਬ ਦੀ ਏਕਤਾ ਅਤੇ ਅਖੰਡਤਾ ਲਈ ਇੱਕ ਗੰਭੀਰ ਝਟਕਾ ਹੈ ਮਨੀਸ਼ ਸਿਸੋਦੀਆ ਦਾ ਬਿਆਨ : ਰਜਨੀਸ਼ ਧੀਮਾਨ



ਲੁਧਿਆਣਾ, 18 ਅਗਸਤ (ਰਵਿੰਦਰ ਸਿੰਘ ਨਿੱਝਰ) : ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੱਲੋਂ ਹਾਲ ਹੀ ਵਿੱਚ ਮੋਹਾਲੀ ਵਿੱਚ ਇੱਕ ਸਮਾਗਮ ਦੌਰਾਨ 2027 ਦੀਆਂ ਚੋਣਾਂ ਜਿੱਤਣ ਲਈ ਦਿੱਤੇ ਗਏ ਵਿਵਾਦਤ ਬਿਆਨ ਦੀ ਨਿੰਦਾ ਕਰਦੇ ਹੋਏ, ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਸੱਤਾ ਦੇ ਲਾਲਚ ਵਿੱਚ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ। ਝੂਠ, ਧੋਖਾ, ਧੋਖਾਧੜੀ ਵਾਲੇ ਵਾਅਦੇ ਅਤੇ ਗੰਦੀ ਰਾਜਨੀਤੀ ਤੋਂ ਲੈ ਕੇ ਦੰਗਿਆਂ ਅਤੇ ਹਿੰਸਾ ਤੱਕ, ਉਨ੍ਹਾਂ ਦੇ ਇਰਾਦੇ ਸਪੱਸ਼ਟ ਹੋ ਗਏ ਹਨ। 'ਆਪ' ਹੁਣ ਸੱਤਾ ਦੇ ਭੁੱਖੇ ਆਗੂਆਂ ਦਾ ਇੱਕ ਬਣ ਬ੍ਰਿਗੇਡ ਗਈ ਹੈ। ਇਹ ਪੰਜਾਬ ਅਤੇ ਲੋਕਤੰਤਰ ਲਈ ਸ਼ਰਮਨਾਕ ਹੈ। ਧੀਮਾਨ ਨੇ ਕਿਹਾ ਕਿ ਪੰਜਾਬ ਵਰਗੇ ਸੰਵੇਦਨਸ਼ੀਲ ਸੂਬੇ ਵਿੱਚ ਅਜਿਹੇ ਬਿਆਨ ਬਹੁਤ ਖ਼ਤਰਨਾਕ ਹਨ। ਇੱਕ ਪਾਰਟੀ ਜੋ ਖੁੱਲ੍ਹ ਕੇ ਕਹਿ ਰਹੀ ਹੈ ਕਿ ਉਹ ਚੋਣਾਂ ਜਿੱਤਣ ਲਈ ਕੋਈ ਵੀ ਹੱਥਕੰਡੇ ਵਰਤੇਗੀ, ਉਸ 'ਤੇ ਕਿਵੇਂ ਭਰੋਸਾ ਕੀਤਾ ਜਾ ਸਕਦਾ ਹੈ ? ਉਹਨਾਂ ਕਿਹਾ ਕਿ ਭਾਜਪਾ ਮਨੀਸ਼ ਸਿਸੋਦੀਆ ਦੇ ਵਿਵਾਦਪੂਰਨ ਬਿਆਨ ਦਾ ਪੂਰੇ ਪੰਜਾਬ ਵਿੱਚ ਵਿਰੋਧ ਕਰੇਗੀ। ਧੀਮਾਨ ਨੇ ਕਿਹਾ ਕਿ ਮਨੀਸ਼ ਸਿਸੋਦੀਆ ਵੱਲੋਂ ਦਿੱਤਾ ਗਿਆ ਵਿਵਾਦਪੂਰਨ ਬਿਆਨ ਪੰਜਾਬ ਦੀ ਏਕਤਾ ਅਤੇ ਅਖੰਡਤਾ ਲਈ ਇੱਕ ਗੰਭੀਰ ਝਟਕਾ ਹੈ।

# ਸਪਰਿੰਗ ਡੇਲ ਪਬਲਿਕ ਸਕੂਲ 'ਚ ਜਨਮ ਅਸ਼ਟਮੀ ਉਤਸ਼ਾਹ ਨਾਲ ਮਨਾਈ




ਲੁਧਿਆਣਾ, 18 ਅਗਸਤ (ਰਵਿੰਦਰ ਸਿੰਘ ਨਿੱਝਰ) : ਸਪਰਿੰਗ ਡੇਲ ਪਬਲਿਕ ਸਕੂਲ ਨੇ ਭਗਵਾਨ ਕ੍ਰਿਸ਼ਨ ਦੇ ਜਨਮ ਨੂੰ ਬਹੁਤ ਉਤਸ਼ਾਹ ਅਤੇ ਧਾਰਮਿਕ ਉਤਸ਼ਾਹ ਨਾਲ ਮਨਾਇਆ। K1 ਤੋਂ K3 ਤੱਕ ਦੇ ਛੋਟੇ-ਛੋਟੇ ਬੱਚਿਆਂ ਨੇ 'ਰਾਧਾਵਾਂ' ਅਤੇ 'ਕ੍ਰਿਸ਼ਨਾਂ' ਦੇ ਰੂਪ ਵਿੱਚ ਸਜ ਕੇ ਇਸ ਮੌਕੇ ਦੀ ਸ਼ੋਭਾ ਵਧਾਈ। ਵਿਦਿਆਰਥੀਆਂ ਨੂੰ ਸਮਾਰਟ ਕਲਾਸ ਬੋਰਡਾਂ ਰਾਹੀਂ ਨੌਜਵਾਨ ਕ੍ਰਿਸ਼ਨ ਦੇ ਜੀਵਨ 'ਤੇ ਇੱਕ ਵੀਡੀਓ ਵੀ ਦਿਖਾਇਆ ਗਿਆ। 'ਗੋਵਿੰਦ ਬੋਲੋ ਹਰੀ ਗੋਪਾਲ ਬੋਲੋ' ਅਤੇ 'ਸ਼੍ਰੀ ਕ੍ਰਿਸ਼ਨ ਗੋਵਿੰਦ ਹਰੇ ਮੁਰਾਰੀ' ਦੀਆਂ ਧੁਨਾਂ 'ਤੇ ਨੌਜਵਾਨ ਵਿਦਵਾਨਾਂ ਦੇ ਨਾਚ ਪ੍ਰਦਰਸ਼ਨ ਨੇ ਕੈਂਪਸ ਵਿੱਚ ਇੱਕ ਪਵਿੱਤਰ ਆਭਾ ਪੈਦਾ ਕੀਤੀ। 'ਦਹੀ-ਹਾਂਡੀ' ਦਿਨ ਦਾ ਮੁੱਖ ਆਕਰਸ਼ਣ ਸੀ। ਸਾਰਿਆਂ ਵਿੱਚ ਮੱਖਣ ਮਿਸ਼ਰੀ ਪ੍ਰਸ਼ਾਦ ਵੰਡਿਆ ਗਿਆ।

ਸਕੂਲ ਦੀ ਚੇਅਰਪਰਸਨ, ਸ਼੍ਰੀਮਤੀ ਅਵਿਨਾਸ਼ ਕੌਰ ਵਾਲੀਆ ਨੇ ਵਿਦਿਆਰਥੀਆਂ ਦੀਆਂ ਰੰਗੀਨ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ ਅਤੇ ਸਾਰਿਆਂ ਨੂੰ ਵਧਾਈ ਦਿੱਤੀ। ਡਾਇਰੈਕਟਰਾਂ, ਮਨਦੀਪ ਵਾਲੀਆ, ਕਮਲ ਪ੍ਰੀਤ ਨੇ ਪ੍ਰਭੂ ਦੇ ਚਰਨਾਂ ਵਿੱਚ ਮੱਥਾ ਟੇਕਿਆ ਅਤੇ ਸਾਰਿਆਂ ਦੀ ਤੰਦਰੁਸਤੀ ਲਈ ਪ੍ਰਾਰਥਨਾ ਕੀਤੀ। ਡਿਪਟੀ ਡਾਇਰੈਕਟਰ ਸ਼੍ਰੀਮਤੀ ਸੋਨੀਆ ਵਰਮਾ ਅਤੇ ਪ੍ਰਿੰਸੀਪਲ, ਅਨਿਲ ਕੁਮਾਰ ਸ਼ਰਮਾ ਨੇ ਸਾਰਿਆਂ ਨੂੰ 'ਜਨਮ ਅਸ਼ਟਮੀ ਦੀਆਂ ਮੁਬਾਰਕਾਂ' ਦਿੱਤੀਆਂ।

# ਗਾਇਕਾ ਮਨਜੀਤ ਮਾਨ ਬਣੀ ਲੋਕ ਗਾਇਕ ਕਲਾ ਮੰਚ ਦੀ ਕੋਰ ਕਮੇਟੀ ਮੈਂਬਰ



ਲੁਧਿਆਣਾ, 18 ਅਗਸਤ (ਰਵਿੰਦਰ ਸਿੰਘ ਨਿੱਝਰ): ਕਲਾਕਾਰਾਂ ਦੀ ਸਿਰਮੌਰ ਜਥੇਬੰਦੀ ਲੋਕ ਗਾਇਕ ਕਲਾ ਮੰਚ ਦੇ ਕੌਮੀ ਪ੍ਰਧਾਨ ਹਾਕਮ ਬਖਤੜੀ ਵਾਲਾ ਨੇ ਦੱਸਿਆ ਕਿ ਮੰਚ ਦੀ ਇੱਕ ਜ਼ਰੂਰੀ ਮੀਟਿੰਗ ਲੁਧਿਆਣਾ ਵਿਖੇ ਹੋਈ, ਜਿਸ ਵਿੱਚ ਮੰਚ ਵਿੱਚ ਔਰਤਾਂ ਦੀ ਸ਼ਮੂਲੀਅਤ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਉਹਨਾਂ ਦੱਸਿਆ ਕਿ ਮੰਚ ਵੱਲੋਂ ਜ਼ਿਲ੍ਹਿਆਂ ਵਿੱਚ ਔਰਤਾਂ ਦੇ ਵਿੰਗ ਬਣਾਉਣ ਦਾ ਫੈਸਲਾ ਵੀ ਕੀਤਾ ਗਿਆ।

ਇਸ ਮੌਕੇ ਗਾਇਕਾ ਮਨਜੀਤ ਮਾਨ ਨੂੰ ਮੰਚ ਦੀ ਜ਼ਿਲ੍ਹਾ ਲੁਧਿਆਣਾ ਦੀ ਲੇਡੀਜ਼ ਵਿੰਗ ਦੀ ਪ੍ਰਧਾਨ ਅਤੇ ਕੌਮੀ ਕੋਰ ਕਮੇਟੀ ਦੀ ਮੈਂਬਰ ਨਿਯੁਕਤ ਕੀਤਾ ਗਿਆ। ਮਨਜੀਤ ਮਾਨ ਨੇ ਆਪਣੀ ਇਸ ਨਿਯੁਕਤੀ 'ਤੇ ਮੰਚ ਦੀ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ, ਕਿ ਜਿਹੜੀ ਜ਼ਿੰਮੇਵਾਰੀ ਉਹਨਾਂ ਨੂੰ ਸੌਂਪੀ ਗਈ ਹੈ ਉਹ ਤਨਦੇਹੀ ਨਾਲ ਨਿਭਾਉਣਗੇ ਅਤੇ ਮੰਚ ਦੀ ਬੇਹਤਰੀ ਲਈ ਦਿਨ ਰਾਤ ਇੱਕ ਕਰ ਦੇਣਗੇ।

# ਜਵੱਦੀ ਟਕਸਾਲ ਵਿਖੇ ਹਫ਼ਤਾਵਾਰੀ ਨਾਮ ਸਿਮਰਨ ਸਮਾਗਮ



ਲੁਧਿਆਣਾ, 18 ਅਗਸਤ (ਕਰਨੈਲ ਸਿੰਘ ਐੱਮ.ਏ.) : ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ ਗੁਰਪੁਰਵਾਸੀ ਪਰਮ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਸਿਰਜਿਤ ਜਵੱਦੀ ਟਕਸਾਲ ਦੇ ਕੇਂਦਰੀ ਅਸਥਾਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸਾਹਿਬ ਵਿਖੇ ਜੁੜੀਆਂ ਸੰਗਤਾਂ ਅਤੇ ਚੱਲਦੀਆਂ ਸੇਵਾਵਾਂ ਦੇ ਮੱਦੇਨਜ਼ਰ ਰੌਣਕਾਂ ਵੇਖਣ ਨੂੰ ਆਈਆਂ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਹਫਤਾਵਾਰੀ ਨਾਮ ਸਿਮਰਨ ਸਮਾਗਮ ਹੋਏ। ਜਿਸਦੀ ਆਰੰਭਤਾ ਗੁਰੂ ਸ਼ਬਦ ਸੰਗੀਤ ਅਕੈਡਮੀ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਨਾਲ ਹੋਈ, ਉਪਰੰਤ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਨੇ ਜੁੜੀਆਂ ਸੰਗਤਾਂ ਸਨਮੁੱਖ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਅਤੇ ਵੱਡੇ ਮਹਾਂਪੁਰਸ਼ਾਂ ਦੀ 23ਵੀਂ ਸਲਾਨਾਂ ਯਾਦ 'ਚ ਹੋਣ ਵਾਲੇ ਸਮਾਗਮਾਂ ਦੀ ਉਲੀਕੀ ਰੂਪ-ਰੇਖਾ ਅਤੇ ਮਹਾਂਪੁਰਸ਼ਾਂ ਸੰਗਤਾਂ ਨਾਲ ਜੁੜੇ ਪੱਖਾਂ ਨੂੰ ਸਾਂਝੇ ਕਰਦਿਆਂ ਕਿਹਾ ਕਿ ਸੰਤ ਬਾਬਾ ਸੁੱਚਾ ਸਿੰਘ ਦੇ ਉੱਚਤਮ ਰੂਹਾਨੀ ਗਿਆਨ ਵਿੱਚੋਂ ਉਪਜੀ ਡੂੰਘੀ ਪ੍ਰੇਰਣਾ, ਅਤਿ ਪ੍ਰੇਮ-ਭਾਵਨਾ ਵਿੱਚ ਗੜੁੱਚ, ਧੁਰ ਅੰਦਰ ਤੱਕ ਹਿਰਦੇ ਨੂੰ ਧੂਹ ਪਾਉਣ ਵਾਲੀ ਸਰਲ ਤੇ ਸਟੀਕ, ਸ਼ੈਲੀ ਬੇਹੱਦ ਬਿਹਬਲਤਾ ਵਿੱਚ ਰੱਤੇ ਇੱਕ-ਇੱਕ ਬੋਲਾਂ ਨੂੰ ਅੱਜ ਵੀ ਜਦੋਂ ਸਤਸੰਗੀ ਯਾਦ ਕਰਦੇ ਨੇ ਤਾਂ ਆਪਣੇ ਆਪ ਨੂੰ ਅਲੌਕਿਕ ਰੰਗ ਵਿਚ ਰੰਗੇ ਮਹਿਸੂਸ ਕਰਦੇ ਹਨ। ਕਿਸੇ ਨੂੰ ਵੈਰਾਗ ਦਾ ਇਜ਼ਹਾਰ ਹੁੰਦਾ ਹੈ, ਕਿਸੇ ਨੂੰ ਸਤਿ ਤੇ ਅਸਤਿ ਵਿਚਕਾਰ ਭੇਦ ਨੂੰ ਪਛਾਨਣ ਲਈ ਰੂਹ ਦੇ ਅੰਤਰ ਆਤਮੇ ਵਿੱਚੋਂ ਉੱਠੀ ਹੂਕ ਹੁੰਦੀ ਹੈ। ਦਰ-ਅਸਲ ਮਹਾਂਪੁਰਸ਼ਾਂ ਨੇ ਸਮਾਜ ਜਾਂ ਸੰਸਾਰ ਨੂੰ ਤਿਆਗਣ ਦਾ ਉਪਦੇਸ਼ ਨਹੀਂ ਦਿੱਤਾ ਬਲਕਿ ਮਨੁੱਖਾ ਜੀਵਨ ਦੇ ਅੰਤਿਮ ਲਕਸ਼ ਪ੍ਰਤੀ ਜਾਗਰੂਕ ਹੋਣ ਦਾ ਹੋਕਾ ਦਿੱਤਾ ਜਾਂ ਕਹਿ ਲਈਏ ਕਿ ਉਨ੍ਹਾਂ ਦੇ ਬੋਲ ਢੰਢੋਰਾ ਸਨ। ਮਹਾਂਪੁਰਸ਼ਾਂ ਦੇ ਜੀਵਨ ਅਤੇ ਪ੍ਰਚਾਰ ਪਸਾਰ ਦੌਰਾਨ ਕੀਤੇ ਪ੍ਰਵਚਨਾਂ ਵਿੱਚ ਉੱਚ ਆਤਮਿਕ ਅਵਸਥਾ ਤੇ ਮਨੁੱਖਤਾ ਲਈ ਪ੍ਰੇਰਨਾ ਸਰੋਤ ਸਨ। ਸਮਾਗਮ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸੀ.ਟੀ.ਯੂ. ਦੇ ਅਭਿਸ਼ੇਕ ਤੰਵਰ ਨੇ ਅੰਤਰਰਾਸ਼ਟਰੀ ਮੰਚ 'ਤੇ ਕੀਤਾ ਨਾਮ ਰੋਸ਼ਨ



ਲੁਧਿਆਣਾ, 18 ਅਗਸਤ (ਵਿਸ਼ਾਲ ਸ਼ਰਮਾ) : ਸੀ.ਟੀ. ਯੂਨੀਵਰਸਿਟੀ ਮਾਣ ਨਾਲ ਐਲਾਨ ਕਰਦੀ ਹੈ ਕਿ ਇਸਦੇ ਹੋਣਹਾਰ ਵਿਦਿਆਰਥੀ ਅਭਿਸ਼ੇਕ ਤੰਵਰ ਨੇ ਓਪਨ ਇੰਟਰਨੇਸ਼ਨਲ ਵੁਸ਼ੂ ਟੂਰਨਾਮੈਂਟ 2025 (ਬਾਟੂਨੀ, ਜਾਰਜੀਆ) ਵਿੱਚ 90 ਕਿਲੋ ਵਜ਼ਨ ਸ਼੍ਰੇਣੀ 'ਚ ਸਿਲਵਰ ਮੈਡਲ ਜਿੱਤ ਕੇ ਨਾ ਸਿਰਫ ਯੂਨੀਵਰਸਿਟੀ ਦਾ, ਸਗੋਂ ਦੇਸ਼ ਦਾ ਵੀ ਨਾਮ ਰੋਸ਼ਨ ਕੀਤਾ ਹੈ। ਉਸਦਾ ਸ਼ਾਨਦਾਰ ਪ੍ਰਦਰਸ਼ਨ ਇਹ ਸਾਬਤ ਕਰਦਾ ਹੈ ਕਿ ਸੀ.ਟੀ.ਯੂ. ਦੇ ਨੌਜਵਾਨ ਖਿਡਾਰੀ ਅੰਤਰਰਾਸ਼ਟਰੀ ਪੱਧਰ 'ਤੇ ਵੀ ਆਪਣੀ ਕਾਬਲੀਅਤ ਸਾਬਤ ਕਰ ਰਹੇ ਹਨ। ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਅਭਿਸ਼ੇਕ ਦੀ ਇਸ ਉਪਲਬਧੀ 'ਤੇ ਖ਼ੁਸ਼ੀ ਜ਼ਾਹਿਰ ਕਰਦੇ ਹੋਏ ਕਿਹਾ ਅਜਿਹੀਆਂ ਉਪਲੱਬਧੀਆਂ ਨਾ ਸਿਰਫ ਯੂਨੀਵਰਸਿਟੀ ਦਾ ਮਾਣ ਵਧਾਉਂਦੀਆਂ ਹਨ, ਸਗੋਂ ਹਜ਼ਾਰਾਂ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ ਅਤੇ ਮਿਹਨਤ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਅਭਿਸ਼ੇਕ ਨੇ ਦਿਖਾਇਆ ਹੈ ਕਿ ਸੱਚੀ ਲਗਨ ਅਤੇ ਸਹੀ ਰਹਿਨੁਮਾਈ ਨਾਲ ਅੰਤਰਰਾਸ਼ਟਰੀ ਸਫਲਤਾਵਾਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਡੀਵੀਜ਼ਨ ਆਫ ਸਟੂਡੈਂਟ ਵੇਲਫੇਅਰ ਦੇ ਡਾਇਰੈਕਟਰ ਇਰ. ਦਵਿੰਦਰ ਸਿੰਘ ਅਤੇ ਖੇਡ ਵਿਭਾਗ ਦੇ ਮੁਖੀ ਗੁਰਦੀਪ ਸਿੰਘ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਸਹਿਯੋਗ ਅਤੇ ਮਾਰਗਦਰਸ਼ਨ ਨੇ ਅਭਿਸ਼ੇਕ ਦੀ ਪ੍ਰਤਿਭਾ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਈ। ਆਪਣੀ ਖੁਸ਼ੀ ਸਾਂਝੀ ਕਰਦਿਆਂ ਅਭਿਸ਼ੇਕ ਤੰਵਰ ਨੇ ਕਿਹਾ ਦੇਸ਼ ਅਤੇ ਸੀ.ਟੀ. ਯੂਨੀਵਰਸਿਟੀ ਲਈ ਸਿਲਵਰ ਮੈਡਲ ਜਿੱਤਣਾ ਮੇਰੇ ਲਈ ਮਾਣ ਦਾ ਸਮਾਂ ਹੈ। ਮੇਰੇ ਕੋਚਾਂ ਦੀ ਰਹਿਨੁਮਾਈ ਅਤੇ ਯੂਨੀਵਰਸਿਟੀ ਦਾ ਸਹਿਯੋਗ ਮੇਰੀ ਯਾਤਰਾ ਵਿੱਚ ਬਹੁਤ ਮਹੱਤਵਪੂਰਨ ਰਿਹਾ ਹੈ।

# ਜ਼ੇਰੇ ਇਲਾਜ ਵੀ ਹਲਕੇ ਦੇ ਲੋਕਾਂ ਦੀ ਸੇਵਾ 'ਚ ਲੱਗੇ ਹਨ ਵਿਧਾਇਕ ਛੀਨਾ : ਸਾਹਨੀ



ਲੁਧਿਆਣਾ, 18 ਅਗਸਤ (ਵਿਸ਼ਾਲ ਸ਼ਰਮਾ) : ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਜਿਹਨਾਂ ਦਾ ਕੁੱਛ ਦਿਨ ਪਹਿਲਾਂ ਰੋਡ ਐਕਸੀਡੈਂਟ ਹੋਣ ਨਾਲ ਸੱਟਾਂ ਲੱਗ ਗਈਆਂ ਸਨ ਦਾ ਅੱਜ ਉਹਨਾਂ ਦੇ ਗ੍ਰਹਿ ਵਿਖੇ ਪੁੱਜ ਕੇ ਆਮ ਆਦਮੀ ਪਾਰਟੀ ਦੇ ਡਿਸਟਰਿਕਟ ਮੀਡੀਆ ਇਨਚਾਰਜ ਪੁਨੀਤ ਸਾਹਨੀ ਨੇ ਹਾਲ ਚਾਲ ਪੁੱਛਿਆ। ਸਾਹਨੀ ਨੇ ਦੱਸਿਆ ਕਿ ਵਿਧਾਇਕ ਛੀਨਾ ਐਕਸੀਡੈਂਟ ਹੋਣ ਤੋਂ ਬਾਅਦ ਬੇਸ਼ੱਕ ਡਾਕਟਰਾਂ ਦੀ ਸਲਾਹ ਮੁਤਾਬਿਕ ਆਰਾਮ ਕਰ ਰਹੇ ਹਨ। ਇਹਦੇ ਨਾਲ ਨਾਲ ਓਹ ਆਪਣੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ ਕਰਵਾਈ ਜਾ ਰਹੇ ਹਨ। ਸਾਹਨੀ ਨੇ ਦੱਸਿਆ ਕਿ ਵਿਧਾਇਕ ਛੀਨਾ ਆਪਣੇ ਆਫਿਸ ਟੀਮ ਦੇ ਸੰਪਰਕ ਵਿਚ ਹਨ ਤੇ ਰੋਜ ਸਵੇਰੇ ਤੋਂ ਲੈਕੇ ਸ਼ਾਮ ਤੱਕ ਦੀਆਂ ਗਤੀਵਿਧੀਆਂ ਦੀ ਅੱਪਡੇਟ ਲੈ ਰਹੇ ਹਨ। ਇੱਥੇ ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਜਿੰਦਰ ਪਾਲ ਕੌਰ ਛੀਨਾ ਦਾ 13 ਅਗਸਤ 2025 ਨੂੰ ਦਿੱਲੀ ਤੋਂ ਲੁਧਿਆਣਾ ਵਾਪਸ ਆਉਂਦੇ ਸਮੇਂ ਖਨੌਰੀ ਬਾਰਡਰ ਨੇੜੇ ਸੜਕ ਹਾਦਸੇ ਵਿੱਚ ਜ਼ਖਮੀ ਹੋ ਗਈ ਸੀ। ਉਨ੍ਹਾਂ ਦੀ ਇਨੋਵਾ ਗੱਡੀ ਡਿਵਾਈਡਰ ਨਾਲ ਟਕਰਾਈ, ਜਿਸ ਕਾਰਨ ਉਹ ਅਤੇ ਉਨ੍ਹਾਂ ਦਾ ਗਨਮੈਨ ਜ਼ਖਮੀ ਹੋਏ। ਵਿਧਾਇਕ ਨੂੰ ਚਿਹਰੇ 'ਤੇ ਸੱਟਾਂ ਲੱਗੀਆਂ, ਅਤੇ ਉਨ੍ਹਾਂ ਨੂੰ ਸ਼ੁਰੂਆਤੀ ਇਲਾਜ ਲਈ ਕੈਥਲ ਦੇ ਹਸਪਤਾਲ ਲਿਜਾਇਆ ਗਿਆ, ਫਿਰ ਲੁਧਿਆਣਾ ਦੇ ਹਸਪਤਾਲ ਰੈਫਰ ਕੀਤਾ ਗਿਆ।



ਮੈਨੇਜਰ ਕਰਨੈਲ ਸਿੰਘ ਨੇ ਆਪਣਾ 61ਵਾਂ ਜਨਮ-ਦਿਨ ਏਕ ਜੋਤਿ ਵਿਕਲਾਂਗ ਬੱਚਿਆਂ ਦਾ ਸਕੂਲ, ਐਚ.ਜੇ.-606, ਹਾਊਸਿੰਗ ਬੋਰਡ ਕਲੋਨੀ, ਨੇੜੇ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਪੜ੍ਹ ਰਹੇ ਨੇਤਰਹੀਣ, ਵਿਕਲਾਂਗ, ਗੂੰਗੇ-ਬੋਲੇ, ਮੰਦਬੁੱਧੀ ਬੱਚਿਆਂ ਨਾਲ ਮਨਾਇਆ। ਸਕੂਲ ਦੇ ਮਾਸਟਰ ਸੁਰਜੀਤ ਸਿੰਘ ਨੇ ਗੁਰਬਾਣੀ ਦਾ ਸ਼ਬਦ 'ਸਤਿਗੁਰ ਸਾਚੈ ਦੀਆ ਭੇਜਿ' ਅਤੇ 'ਹੈਪੀ ਬਰਥਡੇ' ਗੀਤ ਸੁਣਾਇਆ । ਕਰਨੈਲ ਸਿੰਘ ਵੱਲੋਂ ਸਕੂਲ ਦੇ ਸਾਰੇ ਬੱਚਿਆਂ ਅਤੇ ਸਟਾਫ਼ ਮੈਂਬਰਾਂ ਨੂੰ ਉਹਨਾਂ ਦੀ ਮਨਪਸੰਦ ਅਨੁਸਾਰ ਮਨਚੂਰੀਅਨ ਖੁਆ ਕੇ ਅਤੇ ਕੋਲਡ ਡਰਿੰਕ ਪਿਲਾ ਕੇ ਬੱਚਿਆਂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਤਸਵੀਰ ਵਿੱਚ ਕਰਨੈਲ ਸਿੰਘ ਆਪਣੇ ਪਰਿਵਾਰ ਨਾਲ ਬੈਠੇ ਨਜ਼ਰ ਆ ਰਹੇ ਹਨ।

*(ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ.ਏ. ਲੁਧਿਆਣਾ)*

# ਦੇਸ਼ ਭਗਤ ਹਸਪਤਾਲ ਵੱਲੋਂ ਸਿਹਤ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਲਈ ਹਾਈ ਪਾਵਰ ਲੇਜ਼ਰ ਥੈਰੇਪੀ ਯੂਨਿਟ ਦਾ ਉਦਘਾਟਨ




ਮੰਡੀ ਗੋਬਿੰਦਗੜ੍ਹ, 18 ਅਗਸਤ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਹਸਪਤਾਲ, ਜੋ ਕਿ ਐਨਏਬੀਐਚ (ਨਾਭ) ਮਾਨਤਾ ਪ੍ਰਾਪਤ ਹੈ ਤੇ ਦੇਸ਼ ਭਗਤ ਯੂਨੀਵਰਸਿਟੀ ਦਾ ਹਿੱਸਾ ਹੈ, ਨੇ ਮਰੀਜ਼ਾਂ ਦੀ ਦੇਖ-ਭਾਲ ਤੇ ਤੰਦਰੁਸਤੀ ਨੂੰ ਹੋਰ ਬਿਹਤਰ ਬਣਾਉਣ ਲਈ ਦੋ ਵਿਸ਼ਵ ਪੱਧਰੀ ਸਿਹਤ ਸੰਭਾਲ ਸਹੂਲਤਾਂ ਦਾ ਉਦਘਾਟਨ ਕੀਤਾ ਹੈ। ਫਿਜ਼ੀਓਥੈਰੇਪੀ ਵਿਭਾਗ ਵਿਖੇ ਹਾਈ ਪਾਵਰ ਲੇਜ਼ਰ ਥੈਰੇਪੀ ਯੂਨਿਟ ਪੁਰਾਣੀ ਦਰਦ, ਖੇਡਾਂ ਦੀਆਂ ਸੱਟਾਂ ਤੇ ਸਰਜਰੀ ਤੋਂ ਬਾਅਦ ਰਿਕਵਰੀ ਲਈ ਗੈਰ-ਹਮਲਾਵਰ ਇਲਾਜ ਦੀ ਪੇਸ਼ਕਸ਼ ਕਰਦਾ ਹੈ, ਜੋ ਤੇਜ਼ ਇਲਾਜ ਤੇ ਬਿਹਤਰ ਗਤੀਸ਼ੀਲਤਾ ਨੂੰ ਉਤਸ਼ਾਹਿਤ ਕਰਦਾ ਹੈ। ਡਰਮਾਟੋਲੋਜੀ/ਸਕਿਨ ਓਪੀਡੀ ਵਿੱਚ ਹੁਣ ਮੈਗਾ ਸਰਜ (ਹਾਈ ਫਰੀਕੁਐਂਸੀ ਰੇਡੀਓ ਸਰਜਰੀ ਯੂਨਿਟ) ਤੇ ਡਰਮਾ ਕੈਮੀਕਲ ਪੀਲ ਮੁਹਾਂਸਿਆਂ, ਪਿਗਮੈਂਟੇਸ਼ਨ, ਦਾਗ, ਜਖਮ ਤੇ ਚਮੜੀ ਦੇ ਟੈਗ, ਤਿਲ ਤੇ ਵਾਰਟ ਨੂੰ ਹਟਾਉਣ ਦੇ ਨਾਲ-ਨਾਲ ਚਮੜੀ ਦੀ ਬਣਤਰ ਤੇ ਚਮਕ ਨੂੰ ਬਿਹਤਰ ਬਣਾਉਣ ਲਈ ਹਨ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿਦੇਸ਼ ਭਗਤ ਹਸਪਤਾਲ ਨਾ ਸਿਰਫ਼ ਸਾਡੇ ਯੂਨੀਵਰਸਿਟੀ ਭਾਈਚਾਰੇ, ਸਗੋਂ ਖੇਤਰ ਦੇ ਲੋਕਾਂ ਦੀ ਸੇਵਾ ਲਈ ਅਤਿ-ਆਧੁਨਿਕ ਸਿਹਤ ਸੰਭਾਲ ਤਕਨਾਲੋਜੀ ਵਿੱਚ ਨਿਵੇਸ਼ ਕਰਨਾ ਜਾਰੀ ਰੱਖਦਾ ਹੈ। ਇਸ ਉਦਘਾਟਨ ਮੌਕੇ ਪ੍ਰੋ ਚਾਂਸਲਰ ਡਾ. ਤਜਿੰਦਰ ਕੌਰ, ਡਾ. ਹਰਸ਼ ਸਦਾਵਰਤੀ, ਵਾਈਸ ਚਾਂਸਲਰ ਦੇਸ਼ ਭਗਤ ਯੂਨੀਵਰਸਿਟੀ, ਡਾ. ਸੁਮੀਤਪਾਲ ਸੈਣੀ, ਚਮੜੀ ਰੋਗ ਵਿਗਿਆਨੀ/ਚਮੜੀ ਰੋਗ ਮਾਹਿਰ ਤੇ ਡਾ. ਨਰਕੇਸ਼ ਅਰੁਮੁਗਮ, ਪ੍ਰੋਫੈਸਰ, ਫਿਜ਼ੀਓਥੈਰੇਪੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਸ਼ਾਮਲ ਹੋਏ। ਉਦਘਾਟਨ ਮੌਕੇ ਬੋਲਦਿਆਂ ਦੇਸ਼ ਭਗਤ ਹਸਪਤਾਲ ਦੇ ਮੈਡੀਕਲ ਸੁਪਰਡੈਂਟ, ਡਾ. ਜੋਤੀ ਧਾਮੀ ਨੇ ਕਿਹਾ ਕਿ ਇਨ੍ਹਾਂ ਸਹੂਲਤਾਂ ਦਾ ਵਾਧਾ ਵਿਸ਼ਵ ਪੱਧਰੀ, ਮਰੀਜ਼-ਕੇਂਦ੍ਰਿਤ ਸਿਹਤ ਸੰਭਾਲ ਪ੍ਰਦਾਨ ਕਰਨ ਦੇ ਸਾਡੇ ਮਿਸ਼ਨ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਦੇਸ਼ ਭਗਤ ਹਸਪਤਾਲ ਯੂਨੀਵਰਸਿਟੀ ਦੇ ਫੈਕਲਟੀ, ਸਟਾਫ਼, ਵਿਦਿਆਰਥੀਆਂ ਤੇ ਵਿਆਪਕ ਭਾਈਚਾਰੇ ਲਈ ਵਿਸ਼ੇਸ਼ ਛੋਟ ਵਾਲੇ ਪੈਕੇਜਾਂ 'ਤੇ ਇਹ ਨਵੀਆਂ ਸੇਵਾਵਾਂ ਪੇਸ਼ ਕਰ ਰਿਹਾ ਹੈ।

# ਭੋਗਪੁਰ ਹਾਈਵੇ ਟੀ-ਪੁਆਇੰਟ 'ਤੇ ਫਿਰ ਹੋਇਆ ਹਾਦਸਾ, ਪ੍ਰਸ਼ਾਸਨ ਖਾਮੋਸ਼

ਭੋਗਪੁਰ, 18 ਅਗਸਤ (ਅਮਰਜੀਤ ਸਿੰਘ ਸੈਣੀ ਜੰਡੀਰ): ਨਿੱਤ ਸੁਰਖੀਆਂ ਵਿੱਚ ਰਹਿਣ ਵਾਲਾ ਭੋਗਪੁਰ ਸ਼ਹਿਰ 'ਚ ਟ੍ਰੈਫਿਕ ਦੇ ਕਾਰਨ ਨਿੱਤ ਹੋ ਰਹੇ ਹਾਦਸੇ, ਕੁਝ ਦਿਨ ਪਹਿਲੇ ਹੀ ਟਰੱਕ ਥੱਲੇ ਆਉਣ ਨਾਲ ਲੜਕੀ ਦੀ ਮੌਤ ਹੋ ਗਈ ਸੀ ਤੇ ਇਲਾਕੇ ਦੇ ਲੋਕਾਂ ਨੇ ਪ੍ਰਸ਼ਾਸਨ ਨੂੰ ਬਹੁਤ ਜ਼ਿਆਦਾ ਫਿਟਕਾਰਾਂ ਪਾਈਆਂ ਸਨ, ਹਾਲਾਂਕਿ ਭੋਗਪੁਰ ਪੁਲਿਸ ਵੱਲੋਂ ਹਾਈਵੇ 'ਤੇ ਲੱਗੀਆਂ ਰੇਹੜੀਆਂ ਤੇ ਗੱਡੀਆਂ ਹਟਾ ਦਿੱਤੀਆਂ ਗਈਆਂ ਸਨ ਅਤੇ ਹਾਈਵੇ 'ਤੇ ਖਲੋਤੀਆਂ ਗੱਡੀਆਂ ਦੇ ਚਲਾਨ ਵੀ ਕੱਟੇ ਗਏ ਸਨ ਪਰ ਦੇਖਿਆ ਜਾਵੇ ਤਾਂ ਪੁਲਿਸ ਕੋਈ ਖਾਸ ਸਖ਼ਤੀ ਨਹੀਂ ਵਰਤ ਰਹੀ। ਪੁਲਿਸ ਦੇ ਜਾਣ ਬਾਅਦ ਲੋਕ ਫਿਰ ਉਸੇ ਤਰ੍ਹਾਂ ਹੀ ਰੇਹੜੀਆਂ ਤੇ ਗੱਡੀਆਂ ਲਗਾ ਲੈਂਦੇ ਹਨ ਅਤੇ ਨਾ ਹੀ ਬੱਸਾਂ ਬੱਸ ਅੱਡੇ ਭੇਜੀਆਂ ਜਾ ਰਹੀਆਂ ਹਨ। ਅੱਜ ਫਿਰ ਟੀ ਪੁਆਇੰਟ 'ਤੇ ਵੱਡਾ ਹਾਦਸਾ ਵਾਪਰਿਆ, ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਟਰੱਕ ਤੇ ਕਾਰ ਦੀ





ਟੱਕਰ ਹੋਈ, ਕਾਰ ਦਾ ਪਿਛਲਾ ਸ਼ੀਸ਼ਾ ਚਕਨਾਚੂਰ ਹੋ ਗਿਆ। ਟਰੱਕ ਤੇ ਕਾਰ ਦੋਨੋਂ ਜਲੰਧਰ ਵੱਲ ਜਾ ਰਹੇ ਸਨ। ਟਰੱਕ ਡਰਾਈਵਰ ਅਤੇ ਕਾਰ ਮਾਲਕ ਨੂੰ ਪੁੱਛਿਆ ਗਿਆ ਤਾਂ ਉਹਨਾਂ ਦੱਸਿਆ ਕਿ ਆਪਸੀ ਸਮਝੌਤਾ ਹੋ ਗਿਆ ਹੈ। ਸੂਚਨਾ ਅਨੁਸਾਰ ਟਰੱਕ ਡਰਾਈਵਰ ਨੇ ਕਾਰ ਦਾ ਹੋਇਆ ਨੁਕਸਾਨ ਭਰ ਦਿੱਤਾ ਪਰ ਦੇਖਿਆ ਜਾਵੇ ਤਾਂ ਕੁੰਭਕਰਨੀ ਨੀਂਦ ਸੁੱਤਾ ਹੋਇਆ ਪ੍ਰਸ਼ਾਸਨ ਜਾਗਦਾ ਨਹੀਂ ਜਾਪ ਰਿਹਾ। ਲੋਕਾਂ ਨੇ ਮੰਗ ਕੀਤੀ ਹੈ ਕਿ ਭੋਗਪੁਰ ਦਾ ਬੱਸ ਅੱਡਾ ਜਲਦ ਚਾਲੂ ਕੀਤਾ ਜਾਵੇ ਤਾਂ ਕਿ ਲੋਕ ਸੁੱਖ ਦਾ ਸਾਹ ਲੈ ਸਕਣ।

# ਦੇਸ਼ ਭਗਤ ਯੂਨੀਵਰਸਿਟੀ ਨੇ ਕਰਵਾਇਆ ਰੈਗਿੰਗ ਵਿਰੋਧੀ ਸਮੂਹਿਕ ਸਹੁੰ-ਚੁੱਕ ਸਮਾਗਮ



ਮੰਡੀ ਗੋਬਿੰਦਗੜ੍ਹ, 18 ਅਗਸਤ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਇੰਜੀਨੀਅਰਿੰਗ, ਤਕਨਾਲੋਜੀ ਤੇ ਕੰਪਿਊਟਿੰਗ ਫੈਕਲਟੀ ਦੇ ਸਹਿਯੋਗ ਨਾਲ ਵਿਦਿਆਰਥੀ ਭਲਾਈ ਵਿਭਾਗ ਵੱਲੋਂ ਰੈਗਿੰਗ ਵਿਰੁੱਧ ਜਾਗਰੂਕਤਾ ਪੈਦਾ ਕਰਨ ਤੇ ਕੈਂਪਸ ਦੇ ਅੰਦਰ ਆਪਸੀ ਸਤਿਕਾਰ ਤੇ ਮਾਨਸਿਕ ਤੰਦਰੁਸਤੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਸਮੂਹਿਕ ਸਹੁੰ ਚੁੱਕ ਸਮਾਗਮ ਦਾ ਆਯੋਜਨ ਕੀਤਾ। ਸਮਾਗਮ ਦੀ ਅਗਵਾਈ ਡਾ. ਅਰਸ਼ਦੀਪ ਸਿੰਘ ਡਾਇਰੈਕਟਰ ਵਿਦਿਆਰਥੀ ਭਲਾਈ ਵਿਭਾਗ ਨੇ ਕੀਤੀ। ਜਿਨ੍ਹਾਂ ਵਿਦਿਆਰਥੀ ਤੇ ਫੈਕਲਟੀ ਮੈਂਬਰਾਂ ਨੂੰ ਨਸ਼ਾ ਮੁਕਤ ਅਭਿਆਨ ਪ੍ਰਣ ਲੈਣ ਲਈ ਮਾਰਗ ਦਰਸ਼ਨ ਕੀਤਾ ਜੋ ਕਿ ਯੁਵਾ ਸਸ਼ਕਤੀਕਰਨ ਤੇ ਨਸ਼ਾ-ਮੁਕਤ ਕੈਂਪਸ ਬਣਾਉਣ ਲਈ ਯੂਨੀਵਰਸਿਟੀ ਭਾਈਚਾਰੇ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ। ਇਸ ਸਹੁੰ ਚੁੱਕ ਸਮਾਗਮ ਤੋਂ ਬਾਅਦ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਰੈਗਿੰਗ ਵਿਰੋਧੀ ਜਾਗਰੂਕਤਾ ਹਫ਼ਤੇ (12–18 ਅਗਸਤ 2025) ਦਾ ਰਸਮੀ ਉਦਘਾਟਨ ਕੀਤਾ। ਡਾ. ਸਦਾਵਰਤੀ ਨੇ ਰੈਗਿੰਗ-ਮੁਕਤ ਕੈਂਪਸ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤੇ ਮਾਨਸਿਕ ਤੰਦਰੁਸਤੀ ਨੂੰ ਅਕਾਦਮਿਕ ਤੇ ਨਿੱਜੀ ਵਿਕਾਸ ਦੋਵਾਂ ਦੇ ਅਧਾਰ ਵਜੋਂ ਉਜਾਗਰ ਕੀਤਾ। ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਤਜਿੰਦਰ ਕੌਰ ਨੇ ਇੱਕ ਸੁਰੱਖਿਅਤ ਤੇ ਸਮਾਵੇਸ਼ੀ ਸਿੱਖਣ ਦੇ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਪ੍ਰਬੰਧਕਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਡਾ. ਸੁਰਜੀਤ ਕੌਰ ਪਥੇਜਾ ਡਾਇਰੈਕਟਰ ਪਰਫਾਰਮਿੰਗ ਆਰਟ ਐਂਡ ਮੀਡੀਆ ਨੇ ਵੀ ਸ਼ਿਰਕਤ ਕੀਤੀ।

# ਆਰ.ਟੀ.ਓ. ਨੇ ਸਤਲੁਜ ਦਰਿਆ ਨਾਲ ਲੱਗਦੇ ਪਿੰਡਾਂ ਦਾ ਕੀਤਾ ਦੌਰਾ

ਫਿਰੋਜ਼ਪੁਰ, 18 ਅਗਸਤ (ਤਿਵਾੜੀ): ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਰ.ਟੀ.ਓ. ਫਿਰੋਜ਼ਪੁਰ ਅਮਨਦੀਪ ਪੀ ਸੀ ਐੱਸ. ਨੇ ਸਤਲੁਜ ਦਰਿਆ ਨਾਲ ਲੱਗਦੇ ਪਿੰਡਾਂ ਧੀਰਾ ਘਾਰਾ, ਨਿਹਾਲਾ ਲਵੇਰਾ ਤੇ ਹੁਸੈਨੀਵਾਲਾ ਹੈੱਡ



ਵਰਕਸ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਉਥੇ ਦਰਿਆ ਵਿੱਚ ਪਾਣੀ ਦੀ ਸਥਿਤੀ ਦਾ ਜਾਇਜ਼ਾ ਲਿਆ ਤੇ ਲੋਕਾਂ ਨਾਲ ਗੱਲਬਾਤ ਵੀ ਕੀਤੀ। ਆਰ.ਟੀ.ਓ. ਅਮਨਦੀਪ ਪੀ.ਸੀ.ਐੱਸ. ਨੇ ਕਿਹਾ ਕਿ ਫਿਲਹਾਲ ਪਾਣੀ ਦਾ ਪੱਧਰ ਪਹਿਲਾਂ ਨਾਲੋਂ ਘੱਟ ਹੈ ਤੇ ਸਥਿਤੀ ਅੰਡਰ ਕੰਟਰੋਲ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਦਰਿਆ ਨੇੜਲੇ ਪਿੰਡਾਂ ਵਿੱਚ ਮੈਡੀਕਲ ਕੈਂਪ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀ ਅਫਵਾਹ 'ਤੇ ਯਕੀਨ ਨਾ ਕਰਨ ਤੇ ਘਬਰਾਹਟ ਵਿੱਚ ਨਾ ਆਉਣ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਲਗਾਤਾਰ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ ਤੇ ਲਗਾਤਾਰ ਵੱਖ-ਵੱਖ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਦਰਿਆ ਨੇੜਲੇ ਪਿੰਡਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

# ਰਾਜਦੀਪ ਸਿੰਘ ਰਾਜੂ ਚਨਾਰਥਲ ਕਲਾਂ ਰਾਮਲੀਲ੍ਹਾ ਕਮੇਟੀ ਦੇ ਪ੍ਰਧਾਨ ਬਣੇ



ਫਤਿਹਗੜ੍ਹ ਸਾਹਿਬ, 18 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਪ੍ਰਾਚੀਨ ਸ਼ਿਵ ਮੰਦਿਰ ਚਨਾਰਥਲ ਕਲਾ ਵਿਖੇ ਰਾਮਲੀਲਾ ਕਮੇਟੀ ਦੀ ਇੱਕ ਮੀਟਿੰਗ ਹੋਈ। ਜਿਸ ਦੇ ਵਿੱਚ ਵੱਖ-ਵੱਖ ਪ੍ਰਸਤਾਵਾਂ 'ਤੇ ਚਰਚਾ ਕੀਤੀ ਗਈ। ਇਸੇ ਦੌਰਾਨ ਪਿੰਡ ਦੇ ਸਰਪੰਚ ਰਾਜਦੀਪ ਸਿੰਘ ਰਾਜੂ ਨੂੰ ਸਰਬ ਸੰਮਤੀ ਦੇ ਨਾਲ ਰਾਮਲੀਲਾ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਨਵ ਨਿਯੁਕਤ ਪ੍ਰਧਾਨ ਰਾਜਦੀਪ ਸਿੰਘ ਰਾਜੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਨਾਰਥਲ ਕਲਾ ਦਾ ਦੁਸਹਿਰਾ ਪੂਰੇ ਭਾਰਤ ਦੇ ਵਿੱਚ ਮਸ਼ਹੂਰ ਹੈ। ਉਹਨਾਂ ਦੱਸਿਆ ਕਿ ਇਸ ਸਾਲ 164ਵਾਂ ਦੁਸਹਿਰਾ ਮੇਲਾ ਭਰਨ ਜਾ ਰਿਹਾ ਹੈ। ਇਸ ਤੋਂ ਪਹਿਲਾਂ ਰਾਮਲੀਲਾ ਕਮੇਟੀ ਵੱਲੋਂ ਰਾਮਲੀਲਾ ਦਾ ਆਯੋਜਨ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਅੱਜ ਕਮੇਟੀ ਦੀ ਪਲੇਠੀ ਮੀਟਿੰਗ ਹੋਈ ਹੈ, ਜਿਸ ਵਿੱਚ ਵੱਖ-ਵੱਖ ਪ੍ਰਸਤਾਵਾਂ ਦੇ ਉੱਤੇ ਵਿਚਾਰ ਚਰਚਾ ਕੀਤੀ ਗਈ ਹੈ। ਰਾਮਲੀਲਾ ਕਮੇਟੀ ਵੱਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਅੰਤ ਵਿੱਚ ਉਹਨਾਂ ਕਿਹਾ ਕਿ ਪਿੰਡ ਦੇ ਮੋਹਤਬਰਾਂ ਵੱਲੋਂ ਸਰਬ ਸੰਮਤੀ ਦੇ ਨਾਲ ਉਨ੍ਹਾਂ ਨੂੰ ਰਾਮਲੀਲਾ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਇਸ ਲਈ ਉਹ ਜਿੱਥੇ ਉਹਨਾਂ ਦੇ ਧੰਨਵਾਦੀ ਹਨ, ਉਥੇ ਹੀ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਦੇ ਨਾਲ ਨਿਭਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੱਗਾ ਸਿੰਘ ਸੀਨੀਅਰ ਮੀਤ ਪ੍ਰਧਾਨ, ਰੂਪ ਚੰਦ ਸ਼ਰਮਾ ਖਜ਼ਾਨਚੀ, ਸੰਜੀਵ ਕੁਮਾਰ ਮੀਤ ਪ੍ਰਧਾਨ, ਡਾਕਟਰ ਹਰਮਿੰਦਰ ਸਿੰਘ ਸੈਕਟਰੀ, ਸਵਰਨਜੀਤ ਸਿੰਘ ਪ੍ਰਧਾਨ ਕੋਆਪਰੇਟਿਵ ਸੁਸਾਇਟੀ, ਆੜਤੀ ਭੁਪਿੰਦਰ ਸਿੰਘ, ਆੜਤੀ ਦਵਿੰਦਰ ਜਿੰਦੂ, ਬਲਵਿੰਦਰ ਕੁਮਾਰ, ਕੁਲਵੰਤ ਸਿੰਘ, ਅਮਰਿੰਦਰ ਸਿੰਘ ਲਾਲੀ, ਗੁਰਪ੍ਰੀਤ ਸਿੰਘ ਬੌਬੀ, ਅੰਮ੍ਰਿਤ ਪਾਲ ਸਿੰਘ, ਕੁਲਵੀਰ ਸਿੰਘ ਪੰਚ, ਰਣਜੀਤ ਟਿਵਾਣਾ, ਜਸਵਿੰਦਰ ਸਿੰਘ ਜੱਸਾ, ਬਹਾਦਰ, ਰਵੀ ਟਿਵਾਣਾ, ਕ੍ਰਿਸ਼ਨ ਗੋਪਾਲ ਆਦਿ ਵੀ ਹਾਜ਼ਰ ਸਨ।

# ਕਿਸਾਨ-ਮਜ਼ਦੂਰ ਜਥੇਬੰਦੀ ਦੇ ਆਗੂਆਂ ਵੱਲੋਂ ਜ਼ੋਨ ਇਕਾਈਆਂ ਦੀਆਂ ਮੀਟਿੰਗਾਂ ਕਰਕੇ 20 ਦੀ ਰੈਲੀ 'ਚ ਪਹੁੰਚਣ ਲਈ ਲਾਮਬੰਦੀ: ਬਲਜਿੰਦਰ ਤਲਵੰਡੀ



ਮੱਖੂ, 18 ਅਗਸਤ (ਦੀਪਕ ਭਾਰਗੋ): ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਮੱਖੂ ਦੀਆਂ ਸਾਰੀਆਂ ਹੀ ਇਕਾਈਆਂ ਦੀਆਂ ਮੀਟਿੰਗਾਂ ਕਰਕੇ ਕੇਐਮਐਮ ਦੇ ਸੱਦੇ 'ਤੇ 20 ਅਗਸਤ ਨੂੰ ਲੈਂਡ ਪੂਲਿੰਗ ਪਾਲਿਸੀ ਦੇ ਵਿਰੋਧ ਵਿੱਚ ਪਿੰਡ ਕੁੱਕੜ (ਜਲੰਧਰ) ਵਿਖੇ ਹੋਣ ਵਾਲੀ ਜ਼ਮੀਨ ਬਚਾਉ, ਪਿੰਡ ਬਚਾਉ, ਪੰਜਾਬ ਬਚਾਓ ਮਹਾਂ ਰੈਲੀ ਵਿੱਚ ਪਹੁੰਚਣ ਦਾ ਹੋਕਾ ਦਿੰਦਿਆਂ ਜ਼ੋਨ ਪ੍ਰਧਾਨ ਵੀਰ ਸਿੰਘ ਨਿਜ਼ਾਮਦੀਨ ਵਾਲਾ, ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ, ਜ਼ੋਨ ਸਕੱਤਰ ਤੇ ਜ਼ਿਲ੍ਹਾ ਪ੍ਰੈਸ ਸਕੱਤਰ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਕਿਹਾ ਕਿ ਦਿੱਲੀ ਦੇ ਹੁਕਮਰਾਨਾਂ ਦੇ ਹੱਥਾਂ ਦੀ ਕੱਠਪੁਤਲੀ ਬਣ ਕੇ ਕੰਮ ਕਰ ਰਹੀ ਪੰਜਾਬ ਸਰਕਾਰ ਆਪਣੇ ਆਕਾਵਾਂ ਨੂੰ ਖੁਸ਼ ਕਰਨ ਦੇ ਲਈ ਪੰਜਾਬ ਦੀ ਜ਼ਮੀਨ 'ਤੇ ਕਾਰਪੋਰੇਟ ਜਗਤ ਦੇ ਕਬਜ਼ੇ ਕਰਵਾਉਣ ਲਈ ਇਹੋ ਜਿਹੀਆਂ ਲੋਕ ਵਿਰੋਧੀ ਪਾਲਿਸੀ ਲੈ ਕੇ ਆ ਰਹੀ ਹੈ, ਚਾਹੇ ਹੁਣ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਤੇ ਲੋਕਾਂ ਦੇ ਵਿਰੋਧ ਹੋਣ ਕਾਰਨ ਲੈਂਡ ਪੂਲਿੰਗ ਪੋਲਿਸੀ ਰੱਦ ਕਰਨ ਦਾ ਬਿਆਨ ਦਿੱਤਾ ਹੈ। ਪਰ ਹਾਲੇ ਤੱਕ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਰੱਦ ਕਰਨ ਦਾ ਅਮਲੀ ਜਾਮਾ ਨਹੀਂ ਪਹਿਨਾਇਆ। ਕਿਸਾਨ ਆਗੂਆਂ ਲਖਵਿੰਦਰ ਸਿੰਘ ਬਸਤੀ ਨਾਮਦੇਵ, ਸਾਹਿਬ ਸਿੰਘ ਤਲਵੰਡੀ ਤੇ ਬਲਕਾਰ ਸਿੰਘ ਸ਼ਾਮੇ ਵਾਲਾ ਨੇ ਅੱਗੇ ਦੱਸਿਆ ਕਿ ਜੋ ਸਰਕਾਰ ਵੱਲੋਂ ਬਿਜਲੀ ਦੇ ਨਿੱਜੀਕਰਨ ਤਹਿਤ ਸਮਾਰਟ ਚਿਪ ਵਾਲੇ ਪ੍ਰੀਪੇਡ ਮੀਟਰ ਲਗਾਉਣ ਦੇ ਜੋ ਬਿਆਨ ਦਿੱਤੇ ਜਾ ਰਹੇ ਹਨ, ਪਿੰਡਾਂ ਸ਼ਹਿਰਾਂ ਵਿੱਚ ਪੂਰਨ ਤੌਰ 'ਤੇ ਜਥੇਬੰਦੀ ਵੱਲੋਂ ਇਹਨਾਂ ਮੀਟਰਾਂ ਦਾ ਬਾਈਕਾਟ ਹੈ ਤੇ ਕਿਸੇ ਵੀ ਹਾਲਤ ਵਿੱਚ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ ਤੇ ਮਾਨ ਸਰਕਾਰ ਨੂੰ ਇਹ ਨੀਤੀ ਵੀ ਰੱਦ ਕਰਨੀ ਪਵੇਗੀ ਤੇ ਜੋ ਭਾਰਤ ਮਾਲਾ ਪ੍ਰੋਜੈਕਟ ਤਹਿਤ ਜ਼ਬਰ ਨਾਲ ਜ਼ਮੀਨਾਂ ਐਕਵਾਇਰ ਕਰਕੇ ਰੋਡ ਬਣਾਏ ਜਾ ਰਹੇ ਹਨ, ਉਨ੍ਹਾਂ ਲਈ ਵੀ ਵੱਡੇ ਸੰਘਰਸ਼ਾਂ ਦਾ ਹੋਰ ਸਰਕਾਰ ਨੂੰ ਝੱਲਣਾ ਪਵੇਗਾ, ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ ਦਾ ਜੋਬਨ ਸਿਖਰਾਂ 'ਤੇ ਚੱਲ ਰਿਹਾ ਹੈ ਤੇ ਆਮ ਲੋਕਾਂ ਦੀ ਕੋਈ ਵੀ ਸੁਣਵਾਈ ਨਹੀਂ ਹੈ। ਪਿੰਡਾਂ ਸ਼ਹਿਰਾਂ ਵਿੱਚ ਨਸ਼ੇ ਆਮ ਹੀ ਮਿਲ ਰਹੇ ਹਨ ਤੇ ਸਰਕਾਰ ਵੱਲੋਂ ਜੋ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ ਸਿਰਫ ਵਿਖਾਵਾ ਹੀ ਸਾਬਿਤ ਹੋ ਰਹੀ ਹੈ। ਮੀਟਿੰਗਾਂ ਵਿੱਚ ਵੱਖ ਵੱਖ ਇਕਾਈਆਂ ਦੇ ਪ੍ਰਧਾਨ, ਸਕੱਤਰ ਤੇ ਹੋਰ ਆਗੂ ਸ਼ਾਮਲ ਸਨ।

# ਹੜ੍ਹ ਪ੍ਰਭਾਵਿਤ ਪਿੰਡ ਮੁਹਾਰ ਜਮਸ਼ੇਰ ਦੇ ਲੋਕਾਂ ਦੀ ਸਾਰ ਲੈਣ ਪਹੁੰਚੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ



ਫਾਜ਼ਿਲਕਾ, 18 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡ ਮੁਹਾਰ ਜਮਸ਼ੇਰ ਦਾ ਦੌਰਾ ਕਰਕੇ ਮੌਕੇ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਪਿਛਲੇ ਪਹਾੜੀ ਇਲਾਕਿਆਂ ਵਿੱਚ ਭਾਰੀ ਮੀਂਹ ਪੈਣ ਕਾਰਨ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਫਾਜ਼ਿਲਕਾ ਦੇ ਕਾਫ਼ੀ ਪਿੰਡ ਪਾਣੀ ਦੀ ਮਾਰ ਹੇਠ ਆਏ ਹਨ ਤੇ ਇਨ੍ਹਾਂ ਵਿੱਚੋਂ ਇਹ ਵੀ ਇੱਕ ਹੈ। ਉਨ੍ਹਾਂ ਕਿਹਾ ਕਿ ਇਹ ਪਿੰਡ ਜਿੱਥੇ ਪਾਣੀ ਦੀ ਮਾਰ ਹੇਠ ਹੈ, ਉੱਥੇ ਹੀ ਪਾਕਿਸਤਾਨ ਦੇ ਬਾਰਡਰ ਦੇ ਨਾਲ ਵੀ ਲੱਗਦਾ ਹੈ। ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਇੱਥੋਂ ਦੇ ਬਹਾਦਰ ਲੋਕ ਹਰ ਮੁਸ਼ਕਲ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦੇ ਹਨ ਪਰ ਅੱਜ ਇਨ੍ਹਾਂ ਦੀ ਹਾਲਤ ਇਹੋ ਜਿਹੀ ਹੋ ਗਈ ਹੈ ਕਿ ਇਨ੍ਹਾਂ ਨੂੰ ਆਪਣੇ ਪਸ਼ੂਆਂ ਦੇ ਪਾਉਣ ਲਈ ਚਾਰਾ ਵੀ ਨਹੀਂ ਬਚਿਆ, ਸੋ ਇਸ ਲਈ ਉਨ੍ਹਾਂ ਮੌਕੇ 'ਤੇ ਹੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਇਨ੍ਹਾਂ ਹੜ੍ਹ ਪੀੜਤ ਕਿਸਾਨਾਂ ਨੂੰ ਹਰਾ ਚਾਰਾ ਮੁਹੱਈਆ ਕਰਵਾਇਆ ਜਾਵੇ। ਵਿਧਾਇਕ ਸਵਨਾ ਨੇ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਮੰਗ ਕੀਤੀ ਗਈ ਕਿ ਉਨ੍ਹਾਂ ਨੂੰ ਡੀਜ਼ਲ ਲਈ ਪੈਸੇ ਮੁਹੱਈਆ ਕਰਵਾਏ ਜਾਣ ਤੇ ਉਨ੍ਹਾਂ ਤੁਰੰਤ ਹੀ ਆਪਣੀ ਜੇਬ ਵਿੱਚੋਂ ਹੀ ਪੈਸੇ ਪਿੰਡ ਵਾਸੀਆਂ ਨੂੰ ਦਿੱਤੇ। ਉਨ੍ਹਾਂ ਪਿੰਡ ਵਾਸੀਆਂ ਨੂੰ ਜੇ.ਸੀ.ਬੀ ਮਸ਼ੀਨ ਵੀ ਮੁਹੱਈਆ ਕਰਵਾਈ ਤਾਂ ਜੋ ਪਿੰਡ ਵਾਸੀ ਪਾਣੀ ਰੋਕਣ ਲਈ ਬੰਨ੍ਹ ਲਗਾ ਸਕਣ। ਉਨ੍ਹਾਂ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਸ ਮੁਸ਼ਕਲ ਦੀ ਘੜੀ ਵਿੱਚ ਪਿੰਡ ਵਾਸੀਆਂ ਦੇ ਨਾਲ ਖੜ੍ਹੇ ਹਨ ਤੇ ਪਿੰਡ ਵਾਸੀਆਂ ਦੀ ਹਰ ਲੋੜ ਨੂੰ ਪੂਰੀ ਕਰਵਾਉਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੀ ਹਰ ਸਮੱਸਿਆ ਦੇ ਹੱਲ ਲਈ ਤਤਪਰ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੀ ਫਸਲਾਂ ਦਾ ਪਾਣੀ ਨਾਲ ਨੁਕਸਾਨ ਹੋਇਆ ਹੈ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਕਿਸਾਨਾਂ ਨੂੰ ਬਣਦਾ ਯੋਗ ਮੁਆਵਜ਼ਾ ਵੀ ਦਿੱਤਾ ਜਾਵੇਗਾ।

# ਜਥੇ. ਹਰਪ੍ਰੀਤ ਸਿੰਘ ਨੇ ਆਪਣੀ ਲਿਆਕਤ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਮਾਣ-ਸਨਮਾਨ ਕੀਤਾ: ਪੂਰੇਵਾਲ

ਭੋਗਪੁਰ, 18 ਅਗਸਤ (ਅਮਰਜੀਤ ਸਿੰਘ ਸੈਣੀ ਜੰਡੀਰ): ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮੀਰੀ ਪੀਰੀ ਸਿਧਾਂਤਾਂ 'ਤੇ ਬਣੀ ਜਥੇਬੰਦੀ ਜਦੋਂ ਸਿਆਸਤ ਧਰਮ 'ਤੇ ਭਾਰੀ ਹੋ ਗਈ ਤਾਂ ਫਿਰ ਤਖਤ ਦੇ ਜਥੇਦਾਰ ਮਾਨ ਸਨਮਾਨ ਸਲਫੀ ਕੀਤਾ ਗਿਆ ਤੇ ਇਸ ਵਕਤ ਹਰਪ੍ਰੀਤ ਸਿੰਘ ਉਹ ਸਮੇਂ ਸ੍ਰੀ ਅਕਾਲ ਤਖਤ ਨਿਯੁਕਤ ਹੋਏ ਸਨ। ਇਨ੍ਹਾਂ ਹਰੀ ਸਿੰਘ ਪੂਰੇਵਾਲ ਨੇ ਪੂਰੇਵਾਲ ਨੇ ਕਿਹਾ ਕਿ ਨੇ ਆਪਣੀ ਲਿਆਕਤ ਸਾਹਿਬ ਜੀ ਦਾ ਮਾਨ ਵਿਦੇਸ਼ੀ ਦੌਰੇ ਕਰਕੇ ਲਿਆ ਹੈ। ਪੂਰੇਵਾਲ ਨੇ



ਪੰਥ ਵਿੱਚ ਗਿਆਨੀ ਸ਼ਖ਼ਸੀਅਤ ਹਨ ਜੋ ਔਖੇ ਸਾਹਿਬ ਦੇ ਜਥੇਦਾਰ ਵਿਚਾਰਾਂ ਦਾ ਪ੍ਰਗਟਾਵਾ ਕੀਤਾ, ਹਰੀ ਸਿੰਘ ਜਥੇਦਾਰ ਹਰਪ੍ਰੀਤ ਸਿੰਘ ਨਾਲ ਸ੍ਰੀ ਅਕਾਲ ਤਖਤ ਸਨਮਾਨ ਕੀਤਾ ਹੈ ਅਤੇ ਸਾਰਿਆਂ ਨੂੰ ਭਰੋਸੇ ਵਿੱਚ ਕਿਹਾ ਕਿ 2 ਦਸੰਬਰ 2024 ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੁਕਮਾਂ ਨਾਲ ਸ਼੍ਰੋਮਣੀ ਅਕਾਲੀ ਦਲ ਸਥਾਪਿਤ ਸਮਾਂ 14 ਦਸੰਬਰ 1920 ਉਪਰੰਤ ਪੰਥ ਵੱਲੋਂ ਉਸ ਸਮੇਂ ਪ੍ਰਧਾਨ ਬਣਾਇਆ ਗਿਆ, ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਜ਼ਮਾਨਤ ਜ਼ਬਤ ਹੋ ਗਈ ਅਤੇ ਜ਼ਮਾਨਤ ਜ਼ਬਤ ਹੋਣ ਕਰਕੇ ਪਾਰਟੀ ਮਜ਼ਾਕ ਬਣ ਕੇ ਰਹਿ ਗਈ। ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤ ਹੋਣ ਉਪਰੰਤ ਗਿਆਨੀ ਹਰਪ੍ਰੀਤ ਸਿੰਘ ਪੰਥ ਵੱਲੋਂ ਸਰਬ ਸੰਮਤੀ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਹਨ। ਉਹਨਾਂ ਕਿਹਾ ਕਿ ਸਾਨੂੰ ਪੱਕਾ ਯਕੀਨ ਵਿਸ਼ਵਾਸ ਹੈ ਕਿ ਆਉਂਦੇ 6 ਮਹੀਨਿਆਂ ਵਿੱਚ ਹਰ ਸਿੱਖ ਪੰਜਾਬੀ ਦੇ ਘਰਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਾਈ ਦੀ ਗੱਲ ਚੱਲਣ ਲੱਗ ਪਵੇਗੀ। 2027 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਹੀ ਬਣੇਗੀ। ਇਸ ਮੌਕੇ 'ਤੇ ਹਰੀ ਸਿੰਘ ਪੂਰੇਵਾਲ ਦੇ ਨਾਲ ਹੋਰ ਵੀ ਲੋਕ ਹਾਜ਼ਰ ਸਨ।

# ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਉਤਸਵ ਮਨਾਇਆ

ਫਾਜ਼ਿਲਕਾ, 18 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਕ੍ਰਿਸ਼ਨ ਜਨਮ ਅਸ਼ਟਮੀ ਦੇ ਅਵਸਰ 'ਤੇ ਸਥਿਤ ਫਾਜ਼ਿਲਕਾ ਆਸ਼ਰਮ ਵਿਖੇ ਸਤਿਸੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸੰਸਥਾਨ ਦੇ ਸੰਸਥਾਪਕ ਤੇ ਸੰਚਾਲਕ ਆਸ਼ੂਤੋਸ਼ ਮਹਾਰਾਜ ਦੀ ਪਰਮ ਸੇਵਿਕਾ ਸਾਧਵੀ ਰੁਪਿੰਦਰ ਭਾਰਤੀ ਨੇ ਦੱਸਿਆ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਜਨਮ ਭਾਦਰਪਦ ਕ੍ਰਿਸ਼ਨ ਪੱਖ ਦੀ ਅੱਧੀ ਰਾਤ ਨੂੰ ਅਸ਼ਟਮੀ ਤਿਥੀ ਤੇ ਰੋਹਿਣੀ ਨਕਸ਼ਤਰ ਨੂੰ ਹੋਇਆ ਸੀ। ਉਨ੍ਹਾਂ ਦਾ ਸਾਰਾ ਜੀਵਨ ਸੰਘਰਸ਼ ਦੀ ਖੁੱਲ੍ਹੀ ਕਿਤਾਬ ਹੈ। ਉਨ੍ਹਾਂ ਦੇ ਜਨਮ ਦਾ ਸਮਾਂ ਰਾਤ ਦੇ 12:00 ਵਜੇ ਦਾ ਸੀ। ਜਿਸ ਨੂੰ ਸਾਰੇ ਅਪਵਿੱਤਰ ਮੰਨਦੇ ਹਨ, ਪਰ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੇ ਅੱਧੀ ਰਾਤ ਨੂੰ ਆਪਣੇ ਜਨਮ ਦਾ ਸਮਾਂ ਚੁਣ ਕੇ ਇਹ ਦਰਸਾ ਦਿੱਤਾ ਹੈ ਕਿ ਮਨੁੱਖ ਦੀ ਸੋਚ ਹੀ ਸਮੇਂ ਨੂੰ ਅਨੁਕੂਲ ਜਾਂ ਪ੍ਰਤੀਕੂਲ ਬਣਾ ਦਿੰਦੀ ਹੈ। ਅਸੀ ਸਮੇਂ ਦੇ ਗੁਲਾਮ ਨਹੀਂ ਹਾਂ, ਸਗੋਂ ਸਮਾਂ ਸਾਡਾ ਗੁਲਾਮ ਹੈ। ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਜਨਮ ਸਥਾਨ ਕਾਰਗਾਰ ਹੈ। ਜਿਸ ਨੂੰ ਹਰ ਕੋਈ ਅਸ਼ੁੱਭ ਸਥਾਨ ਮੰਨਦਾ ਹੈ। ਪਰ ਇੱਥੇ ਜਨਮ ਲੈ ਕੇ ਪ੍ਰਭੂ ਨੇ ਸਿੱਧ ਕਰ ਦਿੱਤਾ ਹੈ ਕਿ ਜਨਮ ਸਥਾਨ ਕਰਕੇ ਕੋਈ ਵੀ ਮਹਾਨ ਨਹੀਂ ਬਣਦਾ, ਮਨੁੱਖ ਆਪਣੇ ਕਰਮਾਂ ਨਾਲ ਮਹਾਨ ਬਣ ਜਾਂਦਾ ਹੈ। ਭਗਵਾਨ ਸ਼੍ਰੀ ਕ੍ਰਿਸ਼ਨ ਵਾਸੁਦੇਵ ਦੇ ਨਾਲ ਬਾਂਸ ਦੀ ਟੋਕਰੀ ਵਿੱਚ ਗੋਕੁਲ ਪਹੁੰਚੇ। ਬਾਂਸ ਬੇਸਵਾਦ ਤੇ ਖੋਖਲਾ ਹੁੰਦਾ ਹੈ। ਉਨ੍ਹਾਂ ਨੇ ਇਸ ਖੋਖਲੇ ਬਾਂਸ ਤੋਂ ਵੀ ਇੱਕ ਸੁੰਦਰ ਬੰਸਰੀ ਦਾ ਨਿਰਮਾਣ ਕਰ ਦਿੱਤਾ। ਇਸ ਦਿਵਯ ਲੀਲਾ ਦੇ ਮਾਧਿਅਮ ਰਾਹੀਂ ਦੱਸਿਆ ਕਿ ਸਾਡੇ ਕੋਲ ਕਿਸ ਤਰ੍ਹਾਂ ਦੇ ਸਾਧਨ ਹਨ। ਇਹ ਗੱਲ ਮਹੱਤਵਪੂਰਨ ਨਹੀਂ ਹੈ ਬਲਕਿ ਅਸੀਂ ਉਹਨਾਂ ਸਾਧਨਾਂ ਦਾ ਪ੍ਰਯੋਗ ਕਿਸ ਪ੍ਰਕਾਰ ਕਿਸ ਤਰ੍ਹਾਂ ਕਰਦੇ ਹਨ ਇਹ ਗੱਲ ਮਹੱਤਵਪੂਰਨ ਹੈ।

# ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਕੇ ਪੀੜਤਾਂ ਦੀ ਕੀਤੀ ਸਹਾਇਤਾ



ਫਾਜ਼ਿਲਕਾ, 18 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸਤਲੁਜ ਦਰਿਆ ਵਿੱਚ ਅਚਾਨਕ ਪਾਣੀ ਵੱਧ ਜਾਣ ਨਾਲ ਫਾਜ਼ਿਲਕਾ ਦੇ ਸਰਹੱਦੀ ਇਲਾਕੇ ਦੇ ਕਈ ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਪਾਣੀ ਓਵਰਫਲੋ ਹੋਣ ਕਾਰਨ ਗੁਲਾਬਾ ਭੈਣੀ, ਰਾਮ ਸਿੰਘ ਵਾਲੀ ਭੈਣੀ ਸਮੇਤ ਕਈ ਪਿੰਡਾਂ ਦਾ ਸੜਕਾਂ ਨਾਲ ਸੰਪਰਕ ਪੂਰੀ ਤਰ੍ਹਾਂ ਟੁੱਟ ਗਿਆ ਹੈ। ਸੜਕਾਂ 'ਤੇ ਪਾਣੀ ਭਰਨ ਨਾਲ ਪਿੰਡ ਵਾਸੀਆਂ ਦਾ ਸ਼ਹਿਰ ਆਉਣਾ-ਜਾਣਾ ਮੁਸ਼ਕਲ ਹੋ ਗਿਆ ਹੈ। ਰਾਸ਼ਨ ਤੇ ਚਾਰੇ ਦੀ ਕਮੀ ਨਾਲ ਜੂਝ ਰਹੇ ਪਿੰਡ ਵਾਸੀਆਂ ਦੀ ਮਦਦ ਲਈ ਫਾਜ਼ਿਲਕਾ ਤੋਂ ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਮਹਿਲਾ ਕੌਂਸਲਰ ਮੈਡਮ ਪੂਜਾ ਲੂਥਰਾ ਸਚਦੇਵਾ ਬੈਲ ਗੱਡੀ 'ਤੇ ਰਾਸ਼ਨ ਲੈ ਕੇ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚੀਆਂ। ਉਨ੍ਹਾਂ ਨੇ ਘਰ-ਘਰ ਜਾ ਕੇ ਲੋੜਵੰਦ ਪਰਿਵਾਰਾਂ ਨੂੰ ਰਾਹਤ ਸਮੱਗਰੀ ਤੇ ਜ਼ਰੂਰੀ ਸਹਾਇਤਾ ਪ੍ਰਦਾਨ ਕੀਤੀ। ਇਸ ਮੁਸੀਬਤ ਦੀ ਘੜੀ ਵਿੱਚ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਹਰ ਸੰਭਵ ਸਹਾਇਤਾ ਲਈ ਉਨ੍ਹਾਂ ਦੇ ਨਾਲ ਖੜ੍ਹੇ ਹਨ। ਪੂਜਾ ਲੂਥਰਾ ਸਚਦੇਵਾ ਨੇ ਦੱਸਿਆ ਕਿ ਸਤਲੁਜ ਦੇ ਵਧੇ ਹੋਏ ਪਾਣੀ ਦੇ ਪੱਧਰ ਕਾਰਨ ਨਾ ਸਿਰਫ਼ ਫ਼ਸਲਾਂ ਬਰਬਾਦ ਹੋਈਆਂ ਹਨ, ਸਗੋਂ ਪਸ਼ੂਆਂ ਦਾ ਚਾਰਾ ਵੀ ਖਰਾਬ ਹੋ ਗਿਆ ਹੈ। ਪਿੰਡ ਵਾਸੀਆਂ ਦੇ ਘਰਾਂ ਵਿੱਚ ਰਾਸ਼ਨ ਮੁੱਕ ਗਿਆ ਸੀ। ਇਸੇ ਕਰਕੇ ਡਾਕਟਰ ਬੀ.ਡੀ. ਸਚਦੇਵਾ ਮੈਮੋਰੀਅਲ ਵੈਲਫੇਅਰ ਸੋਸਾਇਟੀ ਵੱਲੋਂ ਮਦਦ ਕੀਤੀ ਗਈ।

# ਗਊ ਸੇਵਾ ਸੰਮਤੀ ਨੇ ਡੀ.ਐੱਸ.ਪੀ. ਗੁਰਦੀਪ ਸਿੰਘ ਸੰਧੂ ਤੇ ਥਾਣਾ ਮੁਖੀ ਬਲਜਿੰਦਰ ਸਿੰਘ ਦਾ ਕੀਤਾ ਸਨਮਾਨ

ਅਮਲੋਹ, 18 ਅਗਸਤ (ਜਸਵੰਤ ਸਿੰਘ): ਗਊ ਸੇਵਾ ਸੰਮਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ ਦੀ ਅਗਵਾਈ ਹੇਠ ਗਊਸ਼ਾਲਾ ਅਮਲੋਹ ਵਿਚ ਹੋਏ ਇਕ ਪ੍ਰਭਾਵਸ਼ਾਲੀ ਧਾਰਮਿਕ ਸਮਾਗਮ ਦੌਰਾਨ ਡੀਐਸਪੀ ਅਮਲੋਹ ਗੁਰਦੀਪ ਸਿੰਘ ਸੰਧੂ ਤੇ ਥਾਣਾ ਮੁਖੀ ਬਲਜਿੰਦਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਲੋਕਾਂ ਦੀ ਕੀਤੀ ਜਾ ਰਹੀ ਸੇਵਾ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਅਧਿਕਾਰੀਆਂ ਨੇ ਸਮਿਤੀ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਲੋਕਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦੇਣਗੇ। ਇਸ ਮੌਕੇ ਸਮਿਤੀ ਦੇ ਸੀਨੀਅਰ ਮੀਤ ਪ੍ਰਧਾਨ ਸੰਜੀਵ ਧੀਰ, ਜਨਰਲ ਸਕੱਤਰ ਮਾਸਟਰ ਰਾਜੇਸ਼ ਕੁਮਾਰ ਤੇ ਜੁਆਇੰਟ ਸਕੱਤਰ ਸੁੰਦਰ ਲਾਲ ਝੱਟਾ ਨੇ ਸਮਿਤੀ ਦੀ ਕਾਰਗੁਜ਼ਾਰੀ ਬਾਰੇ ਚਾਨਣਾ ਪਾਇਆ। ਇਸ ਮੌਕੇ ਰਿਟਾ. ਸਿੱਖਿਆ ਡਾਇਰੈਕਟਰ ਰੌਸ਼ਨ ਸੂਦ, ਭਾਜਪਾ ਆਗੂ ਐਡਵੋਕੇਟ ਮਯੰਕ ਸ਼ਰਮਾ, ਸਮਾਜ ਸੇਵੀ ਡਾ. ਰਘਬੀਰ ਸ਼ੁਕਲਾ, ਜਸਵੰਤ ਸਿੰਘ ਗੋਲਡ, ਐਡਵੋਕੇਟ ਆਦਿਸ਼ ਸੂਦ, ਰਾਮ ਮੰਦਰ ਕਮੇਟੀ ਦੇ ਪ੍ਰਧਾਨ ਸੋਹਣ ਲਾਲ ਅਬਰੋਲ, ਖਜ਼ਾਨਚੀ ਸ਼ਿਵ ਕੁਮਾਰ ਗੋਇਲ, ਭਾਜਪਾ



ਦੇ ਜ਼ਿਲ੍ਹਾ ਮੀਤ ਪ੍ਰਧਾਨ ਵਿਨੋਦ ਮਿਤਲ, ਰਾਜਪਾਲ ਗਰਗ, ਸਮਾਜ ਸੇਵੀ ਸੁਸ਼ੀਲ ਬਾਂਸਲ, ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸ਼ਿਵ ਕੁਮਾਰ ਗਰਗ, ਕੌਂਸਲ ਦੇ ਸਾਬਕਾ ਪ੍ਰਧਾਨ ਬਲਦੇਵ ਸੇਢਾ, ਮਾਨਵ ਭਲਾਈ ਮੰਚ ਦੇ ਪ੍ਰਧਾਨ ਮਾਸਟਰ ਮਨੋਹਰ ਲਾਲ ਵਰਮਾ, ਦੰਦਾਂ ਦੇ ਮਾਹਰ ਡਾ. ਹਿਮਾਂਸ਼ੂ ਸੂਦ, ਬੱਬੀ ਡੰਗ, ਸੁਸ਼ੀਲ ਗਰਗ, ਦਿਨੇਸ਼ ਗੋਇਲ, ਹੈਪੀ ਠੇਕੇਦਾਰ, ਗੁਰਦੁਆਰਾ ਸਾਹਿਬ ਦੀ ਸੁਪਰ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ ਚੀਮਾ, ਐਡਵੋਕੇਟ ਮੇਲਾ ਰਾਮ, ਮਹਿੰਦਰਪਾਲ ਲੁਟਾਵਾ, ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਗੋਪਾਲ ਕ੍ਰਿਸ਼ਨ ਗਰਗ, ਸੀਨੀਅਰ ਐਡਵੋਕੇਟ ਸੁਨੀਲ ਗਰਗ, ਵਿਪਨ ਕੁਮਾਰ ਗਰਗ, ਬੱਬੂ ਰਾਣਾ, ਅਸ਼ਵਨੀ ਗਰਗ, ਭੂਸ਼ਨ ਗਰਗ, ਸੰਜੇ ਗਰਗ, ਅਜੇ ਕੁਮਾਰ, ਗੁਲਸ਼ਨ ਤੱਗੜ, ਵਿਨੇ ਪੁਰੀ, ਸ਼ਾਮ ਪ੍ਰੀਵਾਰ ਦੇ ਪ੍ਰਧਾਨ ਦਿਨੇਸ਼ ਗੋਇਲ, ਰਾਜ਼ਨ ਮਿਤਲ, ਹਰੀ ਗੋਇਲ, ਅਸ਼ੋਕ ਮਿੱਤਲ, ਕਮਲ ਭੂਸ਼ਨ ਵਰਮਾ, ਰਾਜੀਵ ਕ੍ਰਿਸ਼ਨ ਸ਼ਰਮਾ ਤੇ ਦਾਰਪਾਲ ਬੈਂਸ ਆਦਿ ਹਾਜ਼ਰ ਸਨ।

# ਸ੍ਰੀ ਬਜਰੰਗ ਭਵਨ ਮੰਦਰ 'ਚ ਸ਼ਰਧਾ ਨਾਲ ਮਨਾਇਆ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ

ਜ਼ੀਰਾ, 18 ਅਗਸਤ (ਦੀਪਕ ਭਾਰਗੋ): ਜ਼ੀਰਾ ਸ਼ਹਿਰ ਦੀ ਨਾਮਵਰ ਸੰਸਥਾ ਸ੍ਰੀ ਸਨਾਤਨ ਧਰਮ ਮਹਾਵੀਰ ਦਲ ਸ੍ਰੀ ਬਜਰੰਗ ਭਵਨ ਮੰਦਰ ਕਮੇਟੀ ਜ਼ੀਰਾ ਵੱਲੋਂ ਸ੍ਰੀ ਜਨਮ ਅਸ਼ਟਮੀ ਦਾ ਤਿਉਹਾਰ ਨੂੰ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ। ਸੰਸਥਾ ਦੇ ਪ੍ਰਧਾਨ ਸੁਭਾਸ਼ ਉਪਲ ਨੇ ਜਾਣਕਾਰੀ ਦਿੱਤੀ ਕਿ ਸ੍ਰੀ ਬਜਰੰਗ ਭਵਨ ਮੰਦਰ ਜ਼ੀਰਾ ਸ਼ਹਿਰ ਦਾ ਬਹੁਤ ਹੀ ਪ੍ਰਾਚੀਨ ਮੰਦਰ ਹੈ, ਇਸ ਵਿੱਚ ਹਿੰਦੂ ਧਰਮ ਨਾਲ ਸਬੰਧਤ ਹਰੇਕ ਤਿਉਹਾਰ ਨੂੰ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਅੱਜ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ ਗਿਆ ਤੇ ਮੰਦਰ ਸੁੰਦਰ ਲਾਈਟਾਂ ਤੇ ਗੁਬਾਰੇ, ਫੁੱਲਾਂ ਨਾਲ ਸਜਾਇਆ ਗਿਆ। ਸਵੇਰ ਤੋਂ ਹੀ ਮੰਦਰ ਵਿੱਚ ਸ੍ਰੀ ਕ੍ਰਿਸ਼ਨ ਭਗਵਾਨ ਦੇ ਜਨਮ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਭਜਨਾਂ ਨਾਲ ਕੀਰਤਨ ਕੀਤਾ ਗਿਆ ਤੇ ਮੰਦਰ ਵਿੱਚ ਭਗਤਾਂ ਦਾ



ਤਾਂਤਾ ਲੱਗਾ ਰਿਹਾ ਤੇ ਸ੍ਰੀ ਕ੍ਰਿਸ਼ਨ ਜੀ ਦੇ ਭਜਨਾਂ 'ਤੇ ਭਗਤ ਝੂਮਦੇ ਨਜ਼ਰ ਆਏ। ਆਈਆਂ ਹੋਈਆਂ ਸੰਗਤਾਂ ਲਈ ਪ੍ਰਸ਼ਾਦ ਤੇ ਲੰਗਰ ਭੰਡਾਰੇ ਦਾ ਪ੍ਰਬੰਧ ਕੀਤਾ ਗਿਆ ਤੇ ਰਾਤ ਨੂੰ 12 ਵਜੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਜਨਮ ਉਤਸਵ ਭਗਵਾਨ ਜੀ ਦਾ ਇਸ਼ਨਾਨ ਤੇ ਪੂਜਾ ਅਰਚਨਾ ਕਰਕੇ ਮਨਾਇਆ ਗਿਆ ਤੇ ਆਰਤੀ ਕੀਤੀ ਗਈ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਜ਼ੀਰਾ ਤੋਂ ਵਿਧਾਇਕ ਨਰੇਸ਼ ਕਟਾਰੀਆ, ਨਗਰ ਕੌਂਸਲ ਦੇ ਪ੍ਰਧਾਨ ਸਰਬਜੀਤ ਕੌਰ ਉਹਨਾਂ ਦੇ ਪਤੀ ਗੁਰਪ੍ਰੀਤ ਸਿੰਘ ਜੱਜ ਤੇ ਬੱਚੇ ਹਾਜ਼ਰ ਹੋਏ। ਇਸ ਤੋਂ ਇਲਾਵਾ ਪ੍ਰਧਾਨ ਡਾ. ਸੁਭਾਸ਼ ਉਪਲ, ਧਰਮਪਾਲ ਚੁੱਘ, ਰਜੇਸ਼ ਢੰਡ, ਸ਼ਮੀ ਜੈਨ, ਮੋਹਨ ਲਾਲ ਅਨੇਜਾ, ਵਿਪਨ ਸੇਠੀ ਦੀਪਕ ਭਾਰਗੋ, ਲੱਕੀ ਪਾਸੀ, ਵਿਜੇ ਸ਼ਰਮਾ, ਤਰਲੋਕ ਸਿੰਘ ਮਿਰਜਾ, ਸੰਦੀਪ ਸ਼ਰਮਾ, ਐਨ ਕੇ ਨਾਰੰਗ, ਵਿਕਾਸ ਗਰੋਵਰ ਲਾਡੀ, ਸੁਨੀਲ ਗਰੋਵਰ, ਗੁਰਦੇਵ ਸਿੱਧੂ, ਕੁਲਦੀਪ ਸ਼ਰਮਾ, ਰਕੇਸ਼ ਕੁਮਾਰ ਬਜਾਜ, ਕਾਕਾ ਸੇਠੀ, ਗੌਰਵ ਭਾਰਗੋ , ਸੂਰਜ ਅਨੇਜਾ, ਅਬੀ ਸੇਠੀ, ਰਿਧਮ ਸੇਠੀ, ਕਮਲਾ ਰਾਣੀ, ਅਰਚਨਾ ਉੱਪਲ, ਕਮਲੇਸ਼, ਮੀਨੂ ਮੋਂਗਾ ਹਾਜ਼ਰ ਸਨ।

# ਬਾਬਾ ਬੁੱਧ ਦਾਸ ਜੀ ਦੀ 58ਵੀਂ ਸਾਲਾਨਾ ਬਰਸੀ ਮਨਾਈ



ਫ਼ਤਹਿਗੜ੍ਹ ਸਾਹਿਬ, 18 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਉਦਾਸੀ ਸੰਪਰਦਾਏ ਦੇ ਮਹਾਨ ਸੰਤ ਬਾਬਾ ਬੁੱਧ ਦਾਸ ਜੀ ਦੀ 58ਵੀਂ ਸਲਾਨਾ ਬਰਸੀ ਸਮਾਗਮ ਡੇਰਾ ਬਾਬਾ ਬੁੱਧ ਦਾਸ ਵਿਖੇ ਧਾਰਮਿਕ ਸ਼ਰਧਾ ਨਾਲ ਮਨਾਇਆ ਗਿਆ। ਇਹ ਸਮਾਗਮ ਮਹੰਤ ਡਾ. ਸਿਕੰਦਰ ਦਾਸ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ ਤੇ ਬਾਬਾ ਜੀ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਚਰਨਾਂ ਵਿੱਚ ਨਮਨ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਉਨ੍ਹਾਂ ਨੇ ਬਾਬਾ ਜੀ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਨਾਗਰਾ ਨੇ ਕਿਹਾ ਕਿ ਬਾਬਾ ਬੁੱਧ ਦਾਸ ਜੀ ਨੇ ਆਪਣੀ ਜ਼ਿੰਦਗੀ ਲੋਕ ਸੇਵਾ, ਨਿਮਰਤਾ ਤੇ ਧਾਰਮਿਕ ਪ੍ਰਚਾਰ-ਪ੍ਰਸਾਰ ਲਈ ਸਮਰਪਿਤ ਕੀਤੀ। ਉਨ੍ਹਾਂ ਦੇ ਸਿਧਾਂਤ ਤੇ ਉਪਦੇਸ਼ ਅੱਜ ਵੀ ਸਮਾਜ ਨੂੰ ਸਹੀ ਰਾਹ 'ਤੇ ਤੁਰਨ ਲਈ ਪ੍ਰੇਰਿਤ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਜਿਹੇ ਮਹਾਨ ਸੰਤਾਂ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਨਾਲ ਹੀ ਅਸੀਂ ਜੀਵਨ ਨੂੰ ਸੁਚੱਜਾ ਤੇ ਸਫ਼ਲ ਬਣਾ ਸਕਦੇ ਹਾਂ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਬਾਬਾ ਜੀ ਦੀਆਂ ਸਿੱਖਿਆਵਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਲਾਗੂ ਕਰਨ। ਨਾਗਰਾ ਨੇ ਕਿਹਾ ਕਿ ਬਾਬਾ ਬੁੱਧ ਦਾਸ ਜੀ ਵਰਗੇ ਮਹਾਨ ਸੰਤ ਸਮਾਜ ਦੀ ਨੈਤਿਕਤਾ ਤੇ ਆਦਰਸ਼ਾਂ ਨੂੰ ਮਜ਼ਬੂਤ ਕਰਨ ਵਿੱਚ ਸਦਾ ਅਗਵਾਈ ਕਰਦੇ ਆਏ ਹਨ। ਇਸ ਮੌਕੇ ਮਹੰਤ ਡਾ. ਸਿਕੰਦਰ ਦਾਸ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਬਾਬਾ ਜੀ ਦੇ ਜੀਵਨ ਬਾਰੇ ਚਾਨਣ ਪਾਇਆ। ਉਨ੍ਹਾਂ ਨੇ ਕਿਹਾ ਕਿ ਬਾਬਾ ਬੁੱਧ ਦਾਸ ਜੀ ਨੇ ਸਾਰੀ ਉਮਰ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਕੀਤੀ। ਸਮਾਗਮ ਵਿੱਚ ਕਈ ਪ੍ਰਸਿੱਧ ਧਾਰਮਿਕ ਤੇ ਸਮਾਜਿਕ ਆਗੂਆਂ, ਪਿੰਡ ਵਾਸੀਆਂ, ਵੱਡੇ-ਬਜ਼ੁਰਗਾਂ, ਨੌਜਵਾਨਾਂ ਤੇ ਔਰਤਾਂ ਨੇ ਭਰਪੂਰ ਸ਼ਿਰਕਤ ਕੀਤੀ। ਇਸ ਮੌਕੇ ਸਾਬਕਾ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਹਰਿੰਦਰ ਸਿੰਘ ਭਾਂਬਰੀ, ਸਾਬਕਾ ਕਾਰਜਕਾਰੀ ਪ੍ਰਧਾਨ ਰਾਜਿੰਦਰ ਬਿੱਟੂ, ਮਾਰਕਫੈੱਡ ਪੰਜਾਬ ਦੇ ਡਾਇਰੈਕਟਰ ਦਵਿੰਦਰ ਸਿੰਘ ਜੱਲਾ ਤੇ ਹੋਰ ਆਗੂ ਹਾਜ਼ਰ ਸਨ।

# ਸੈਂਟ ਜੋਸਫ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਗਰੁੱਪ ਡਾਂਸ ਨਾਲ ਜਿੱਤਿਆ ਦਰਸ਼ਕਾਂ ਦਾ ਦਿਲ



ਜੈਤੋ, 18 ਅਗਸਤ (ਸੰਜੀਵ ਗੋਇਲ/ਵਿਪਨ ਗੋਇਲ): 15 ਅਗਸਤ ਸੁਤੰਤਰਤਾ ਦਿਵਸ ਮੌਕੇ ਜੈਤੋ ਖੇਡ ਸਟੇਡੀਅਮ ਵਿੱਚ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਹਿਰ ਦੇ ਵੱਖ-ਵੱਖ ਸਕੂਲਾਂ ਵੱਲੋਂ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਮੌਕੇ ਸੇਂਟ ਜੋਸਫ ਕਾਨਵੈਂਟ ਸਕੂਲ ਨੇ ਵੀ ਆਪਣਾ ਵਿਸ਼ੇਸ਼ ਗਰੁੱਪ ਡਾਂਸ ਪੇਸ਼ ਕਰਕੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਸਮਾਰੋਹ ਦੀ ਸ਼ੁਰੂਆਤ ਮਾਣਯੋਗ ਐੱਸ.ਡੀ.ਐਮ. ਸੂਰਜ ਕੁਮਾਰ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਹੋਈ। ਝੰਡਾ ਲਹਿਰਾਉਣ ਉਪਰੰਤ ਸੇਂਟ ਜੋਸਫ ਕਾਨਵੈਂਟ ਸਕੂਲ ਦੇ ਬੱਚਿਆਂ ਵੱਲੋਂ ਗੁਬਾਰੇ ਛੱਡ ਕੇ ਆਜ਼ਾਦੀ ਦਾ ਸੁਨੇਹਾ ਦਿੱਤਾ ਗਿਆ। ਸਕੂਲ ਦੇ ਬੱਚਿਆਂ ਨੇ ਗਾਇਕੀ, ਨਾਟਕ ਤੇ ਨ੍ਰਿਤ ਭੰਗੜਾ ਆਦਿ ਪ੍ਰੋਗਰਾਮਾਂ ਰਾਹੀਂ ਦੇਸ਼ਭਗਤੀ ਦੇ ਰੰਗ ਭਰੇ, ਜਿਨ੍ਹਾਂ ਵਿੱਚ ਗਰੁੱਪ ਡਾਂਸ ਨੂੰ ਵਿਸ਼ੇਸ਼ ਤੌਰ 'ਤੇ ਐੱਸ. ਡੀ. ਐਮ. ਤੇ ਹਾਜ਼ਰ ਪ੍ਰਮੁੱਖ ਹਸਤੀਆਂ ਵੱਲੋਂ ਬਹੁਤ ਸਰਾਹਿਆ ਗਿਆ। ਬੱਚਿਆਂ ਦੇ ਹੌਂਸਲੇ ਨੂੰ ਹੋਰ ਵਧਾਉਣ ਲਈ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਤੇ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ। ਸਕੂਲ ਦੀ ਮੁੱਖ ਅਧਿਆਪਕਾ ਵੱਲੋਂ ਮੰਚ 'ਤੇ ਪਹੁੰਚੇ ਸਾਰੇ ਵਿਅਕਤੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰਨੂਰ ਕੌਰ, ਗੁਰਮਿਲਨ ਕੌਰ, ਪ੍ਰਭਲੀਨ ਕੌਰ, ਮਨਵੀਰ ਕੌਰ, ਨਮਨਦੀਪ ਕੌਰ, ਐਸਦੀਪ ਕੌਰ, ਅਮਿਤੋਜ ਸਿੰਘ ਬਰਾੜ, ਅਵੀਨਵ ਸਿੰਘ, ਹਰਨਵਰਾਜ ਸਿੰਘ ਗਿੱਲ, ਅਵੀਰਾਜ ਸਿੰਘ, ਪਵਨਪ੍ਰੀਤ ਸਿੰਘ ਬਰਾੜ, ਕਿਸ਼ਵ ਗੋਇਲ, ਗੁਰਨੂਰ ਕੌਰ, ਮਨਰਾਜ ਸਿੰਘ ਸਮੇਤ ਹੋਰ ਵਿਦਿਆਰਥੀ ਤੇ ਸਟਾਫ ਮੈਂਬਰ ਹਾਜ਼ਰ ਸਨ।

# ਪਿਮਟ ਦੇ ਵਿਦਿਆਰਥੀਆਂ ਨੇ ਇਤਿਹਾਸਕ ਦਾਸਤਾਨ-ਏ-ਸ਼ਹਾਦਤ ਚਮਕੌਰ ਸਾਹਿਬ ਮਿਊਜ਼ੀਅਮ ਦਾ ਕੀਤਾ ਦੌਰਾ

ਮੰਡੀ ਗੋਬਿੰਦਗੜ੍ਹ, 18 ਅਗਸਤ (ਸੂਦ): ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਪੀ.ਆਈ.ਐਮ. ਟੀ.) ਵੱਲੋਂ ਸੰਸਥਾ ਦੇ ਚੇਅਰਮੈਨ ਨਰੇਸ਼ ਕੁਮਾਰ ਅਗਰਵਾਲ, ਕਾਰਜਕਾਰੀ ਡਾਇਰੈਕਟਰ ਕੁਲਦੀਪ ਸਿੰਘ ਸੇਖੋਂ ਤੇ ਡੀਨ ਅਕਾਦਮਿਕ ਅਮਿਤ ਕਪੂਰ ਦੀ ਅਗਵਾਈ ਹੇਠ ਬੀਸੀਏ, ਬੀਬੀਏ, ਬੀਟੀਟੀਐੱਮ. ਤੇ ਬੀਐੱਸਸੀ ਫੂਡ ਟੈਕਨਾਲੋਜੀ ਕੋਰਸਾਂ ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਲਈ ਦਾਸਤਾਨ-ਏ-ਸ਼ਹਾਦਤ ਚਮਕੌਰ ਸਾਹਿਬ (ਮਿਊਜ਼ੀਅਮ ਪਾਰਕ) ਦਾ ਇਤਿਹਾਸਕ ਦੌਰਾ ਕੀਤਾ। ਇਸ ਟੂਰ ਦੇ ਕੋਆਰਡੀਨੇਟਰ ਅਭਿਸ਼ੇਕ ਖੋਖਰ, ਰਮਨਦੀਪ ਕੌਰ ਤੇ ਕੰਪਿਊਟਰ ਵਿਭਾਗ ਦੇ ਸਹਾਇਕ ਪ੍ਰੋਫੈਸਰ ਪੂਜਾ ਤੇ ਸ਼ਰਨਦੀਪ ਕੌਰ ਨੇ ਦੱਸਿਆ ਕਿ ਇਸ ਟੂਰ 'ਚ 100 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਇਹ ਦੌਰਾ ਦਾਸਤਾਨ-ਏ-ਸ਼ਹਾਦਤ ਦੇ ਮੈਨੇਜਰ ਪ੍ਰਦੀਪ ਸਿੰਘ ਨੇ ਕਰਵਾਇਆ ਤੇ ਸਿੱਖ ਇਤਿਹਾਸ ਬਾਰੇ ਦੱਸਦੇ ਹੋਏ ਕਿਹਾ ਕਿ ਇਹ ਗੁਰੂ ਸਾਹਿਬਾਨ ਨੂੰ ਸਤਿਕਾਰ ਤੇ ਸ਼ਰਧਾਂਜਲੀ ਹੈ। ਉਨ੍ਹਾਂ




ਸੰਸਥਾ ਦੀ ਸ਼ਲਾਘਾ ਕੀਤੀ ਕਿ ਉਨ੍ਹਾਂ ਵਿਦਿਆਰਥੀਆਂ ਨੂੰ ਇਸ ਮਿਊਜ਼ੀਅਮ ਪਾਰਕ 'ਦਾ ਦੌਰਾ ਕਰਵਾ ਕੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮਿਊਜ਼ੀਅਮ ਪਾਰਕ 'ਚ 7 ਗੈਲਰੀਆਂ ਹਨ, ਜਿਨ੍ਹਾਂ 'ਚ ਸਿੱਖਾਂ ਦੇ ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ ਦਸਮ ਗੁਰੂ ਸਹਿਬਾਨ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਦਿਖਾਇਆ ਗਿਆ ਹੈ। ਇਨ੍ਹਾਂ ਨੂੰ ਦੇਖਣ ਲਈ 2:30 ਘੰਟੇ ਦਾ ਸਮਾਂ ਲੱਗਿਆ, ਜਿਸ ਨੂੰ ਵਿਦਿਆਰਥੀਆਂ ਨੇ ਬਹੁਤ ਸ਼ਰਧਾ ਨਾਲ ਦੇਖਿਆ ਤੇ ਸੁਣਿਆ। ਇਸ ਦਾ ਉਦਘਾਟਨ 19 ਨਵੰਬਰ, 2019 ਕੀਤਾ ਗਿਆ ਸੀ। ਵਿਦਿਆਰਥੀਆਂ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਦੌਰੇ ਰਾਹੀਂ ਉਨ੍ਹਾਂ ਨੂੰ ਚਮਕੌਰ ਸਾਹਿਬ ਦੀ ਲੜਾਈ ਤੇ ਸਿੱਖ ਇਤਿਹਾਸ ਬਾਰੇ ਪਤਾ ਚੱਲਿਆ। ਇਸ ਉਪਰੰਤ ਵਿਦਿਆਰਥੀ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਚਮਕੌਰ ਸਾਹਿਬ ਵਿਖੇ ਨਤਮਸਤਕ ਹੋਏ ਤੇ ਮੱਥਾ ਟੇਕਣ ਉਪਰੰਤ ਗੁਰੂ ਕਾ ਲੰਗਰ ਛਕਿਆ। ਕਾਲਜ ਦੇ ਕਾਰਜਕਾਰੀ ਡਾਇਰੈਕਟਰ ਕੁਲਦੀਪ ਸਿੰਘ ਸੇਖੋਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਅਜਿਹੇ ਮਿਊਜ਼ੀਅਮ ਪਾਰਕ ਦਾ ਦੌਰਾ ਕਰਵਾਇਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਭਾਰਤੀ ਸੱਭਿਆਚਾਰ ਤੇ ਇਤਿਹਾਸ ਬਾਰੇ ਆਪਣੇ ਗਿਆਨ 'ਚ ਵਾਧਾ ਕਰ ਸਕਣ।

## ਪੁਲਿਸ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਰ੍ਹਦੇ ਮੀਂਹ 'ਚ ਸ਼ੇਖੂਪੁਰ ਕਲਾਂ ਵਿਖੇ ਕਾਸੋ ਓਪਰੇਸ਼ਨ ਚਲਾਇਆ



ਬਟਾਲਾ, 18 ਅਗਸਤ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਬਟਾਲਾ ਪੁਲਿਸ ਵੱਲੋਂ ਅੱਜ ਵਰ੍ਹਦੇ ਮੀਂਹ ਵਿੱਚ ਪਿੰਡ ਸ਼ੇਖੂਪੁਰ ਕਲਾਂ ਵਿਖੇ ਪੱਧਰ 'ਤੇ ਕਾਸੋ ਓਪਰੇਸ਼ਨ (ਵਿਸ਼ੇਸ਼ ਸਰਚ ਓਪਰੇਸ਼ਨ) ਚਲਾਇਆ। ਇਸ ਮੌਕੇ ਐੱਸ.ਐੱਸ.ਪੀ. ਸੁਹੇਲ ਕਾਸਿਮ ਮੀਰ ਬਟਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ ਹੇਠ ਬਟਾਲਾ ਪੁਲਿਸ ਵੱਲੋਂ ਸ਼ਹਿਰ ਦੇ ਨਸ਼ਾ ਪ੍ਰਭਾਵਿਤ ਇਲਾਕਿਆਂ ਅੰਦਰ ਛਾਪੇਮਾਰੀ (ਕਾਸੋ ਓਪਰੇਸ਼ਨ) ਕਰਕੇ ਸ਼ੱਕੀ ਵਿਅਕਤੀਆਂ ਤੋਂ ਪੁੱਛ-ਗਿੱਛ ਕੀਤੀ ਗਈ ਹੈ। ਇਸ ਮੌਕੇ ਗੁਰਪ੍ਰਤਾਪ ਸਿੰਘ ਸਹੋਤਾ ਐੱਸ.ਪੀ. (ਡੀ) ਬਟਾਲਾ ਤੇ ਇੰਸਪੈਕਟਰ ਅਨਿਲ ਪਵਾਰ ਆਦਿ ਮੌਜੂਦ ਸਨ। ਉਨ੍ਹਾਂ ਅੱਗੇ ਦੱਸਿਆ ਕਿ ਅੱਜ ਪਿੰਡ ਸ਼ੇਖੂਪੁਰ ਕਲਾਂ ਵਿਖੇ ਪੁਲਿਸ ਵੱਲੋਂ ਐੱਸ.ਪੀਜ਼, ਡੀ.ਐੱਸ.ਪੀਜ਼ ਤੇ ਐੱਸ.ਐੱਚ.ਓਜ਼ ਦੀ ਅਗਵਾਈ ਹੇਠ ਸ਼ੱਕੀਆਂ ਦੀ ਤਲਾਸ਼ੀ ਦੇ ਨਾਲ-ਨਾਲ ਪੁਲਿਸ ਵੱਲੋਂ ਮਹੱਤਵਪੂਰਨ ਥਾਵਾਂ ਵਿਖੇ ਵੀ ਜਾਂਚ ਕੀਤੀ ਗਈ ਹੈ। ਐੱਸ.ਐੱਸ.ਪੀ. ਬਟਾਲਾ ਨੇ ਕਿਹਾ ਕਿ ਬਟਾਲਾ ਪੁਲਿਸ ਵੱਲੋਂ ਨਸ਼ੇ ਵਿਰੁੱਧ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾਈ ਗਈ ਹੈ, ਜਿਸ ਦੇ ਚੱਲਦਿਆਂ ਇਸ ਮੁਹਿੰਮ ਤਹਿਤ ਹੁਣ ਤੱਕ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਵਿਰੁੱਧ 694 ਮੁਕੱਦਮੇ ਦਰਜ ਕੀਤੇ ਗਏ ਹਨ ਤੇ 1121 ਦੋਸ਼ੀਆਂ ਨੂੰ ਫੜਿਆ ਗਿਆ ਹੈ। ਇਸ ਤੋਂ ਇਲਾਵਾ 64-ਏ ਐੱਨ.ਡੀ.ਪੀ.ਐੱਸ. ਐਕਟ ਤਹਿਤ 182 ਪਰਚੇ ਦਰਜ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਪੜਾਅ ਵਿੱਚ ਲੋਕਾਂ ਵੱਲੋਂ ਸਾਥ ਦਿੱਤਾ ਜਾ ਰਿਹਾ ਹੈ ਤੇ ਲੋਕਾਂ ਵੱਲੋਂ ਦਿੱਤੀਆਂ ਸੂਚਨਾਵਾਂ ਦੇ ਆਧਾਰ 'ਤੇ 170 ਦੋਸ਼ੀਆਂ ਖ਼ਿਲਾਫ ਪਰਚੇ ਦਰਜ ਹੋਏ ਹਨ, ਜੋ ਇਹ ਸੰਕੇਤ ਹੈ ਕਿ ਲੋਕ ਨਸ਼ਿਆਂ ਨੂੰ ਖਤਮ ਕਰਨ ਲਈ ਅੱਗੇ ਆ ਰਹੇ ਹਨ। ਐੱਸ.ਐੱਸ.ਪੀ. ਨੇ ਇਹ ਵੀ ਕਿਹਾ ਕਿ ਨਸ਼ਾ ਤਸਕਰਾਂ ਵੱਲੋਂ ਨਸ਼ੇ ਦੇ ਕਾਰੋਬਾਰ ਨਾਲ ਬਣਾਈਆਂ ਗਈਆਂ ਜਾਇਦਾਦਾਂ ਨੂੰ ਕੁਰਕ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਦੇ ਚੱਲਦਿਆਂ 105 ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾ ਚੁੱਕੀ ਹੈ।

## ਜਲਾਲਪੁਰ ਨੇ ਦਿੱਤੀ ਕਾਠਗੜ੍ਹ ਨੂੰ 2 ਲੱਖ ਰੁਪਏ ਦੀ ਗ੍ਰਾਂਟ



ਬਲਾਚੌਰ/ਕਾਠਗੜ੍ਹ, 18 ਅਗਸਤ (ਸੁਖਜੀਤ ਭਾਟੀਆ): ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ, ਸ਼ਹੀਦ ਭਗਤ ਸਿੰਘ ਨਗਰ ਸਤਨਾਮ ਜਲਾਲਪੁਰ ਨੇ ਕਾਠਗੜ੍ਹ ਦੀ ਪੰਚਾਇਤ ਨੂੰ ਆਪਣੇ ਜ਼ਿਲ੍ਹਾ ਯੋਜਨਾ ਬੋਰਡ ਦੇ ਅਖਤਿਆਰੀ ਕੋਟੇ ਵਿੱਚੋਂ 2 ਲੱਖ ਰੁਪਏ ਦੀ ਗ੍ਰਾਂਟ ਐੱਸ.ਸੀ. ਸ਼ਮਸ਼ਾਨਘਾਟ ਦੀ ਉਸਾਰੀ ਲਈ ਦਿੱਤੀ। ਇਹ ਗ੍ਰਾਂਟ ਪੰਜਾਬ ਦੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੋੜੀ ਤੇ ਐੱਸ.ਸੀ. ਕਮਿਸ਼ਨ ਪੰਜਾਬ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਆਪਣੇ ਕਰ ਕਮਲਾਂ ਨਾਲ ਦਿੱਤੀ, ਜੋ ਕਿ ਕਾਠਗੜ੍ਹ ਦੀ ਸਾਲਾਨਾ ਛਿੰਝ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਸਨ। ਇਸ ਸਮੇਂ ਐੱਮ.ਐੱਲ.ਏ. ਸੰਤੋਸ਼ ਕਟਾਰੀਆ ਤੇ ਅਸ਼ੋਕ ਕਟਾਰੀਆ ਦੇ ਨਾਲ ਬਲਾਚੌਰ ਦੀ ਸੀਨੀਅਰ ਲੀਡਰਸ਼ਿਪ ਵੀ ਹਾਜ਼ਰ ਸੀ। ਕਾਠਗੜ੍ਹ ਤੋਂ ਸਰਪੰਚ ਰਿਸ਼ੂ ਬਾਲਾ, ਸਾਈਂ ਕਾਲੇ ਸ਼ਾਹ ਜੀ ਤੇ ਵਿੱਕੀ ਚੌਧਰੀ (ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ) ਨੇ ਖਾਸ ਤੌਰ 'ਤੇ ਸਤਨਾਮ ਜਲਾਲਪੁਰ ਦਾ ਇਸ ਗ੍ਰਾਂਟ ਦੇਣ ਦੇ ਲਈ ਧੰਨਵਾਦ ਕੀਤਾ। ਉਨ੍ਹਾਂ ਕਾਠਗੜ੍ਹ ਵਿੱਚ ਇੱਕ ਸਟੇਡੀਅਮ ਬਣਾਉਣ ਦੇ ਲਈ ਵੀ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ। ਇਸ ਸਮੇਂ ਸਾਲਾਨਾ ਛਿੰਝ ਪ੍ਰੋਗਰਾਮ ਵਿੱਚ ਇਲਾਕੇ ਦੀਆਂ ਮੁੱਖ ਸਖ਼ਸ਼ੀਅਤਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਕ ਮੌਜੂਦ ਸਨ।

## ਨਿਊ ਮਾਡਲ ਟਾਊਨ ਕਲੋਨੀ 'ਚ ਚੱਲੀ ਗੋਲੀ, ਲੋਕਾਂ 'ਚ ਦਹਿਸ਼ਤ ਦਾ ਮਾਹੌਲ



ਸ੍ਰੀ ਹਰਗੋਬਿੰਦਪੁਰ/ਘੁਮਾਣ, 18 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਜ਼ਿਲ੍ਹਾ ਗੁਰਦਾਸਪੁਰ ਦੇ ਇਤਿਹਾਸਕ ਕਸਬਾ ਘੁਮਾਣ ਵਿਖੇ ਬੀਤੀ ਰਾਤ ਨਿਊ ਮਾਡਲ ਟਾਊਨ ਕਲੋਨੀ ਵਿੱਚ ਗੋਲੀ ਚੱਲੀ, ਜੋ ਕਿ ਸਿੱਧੀ ਘਰ ਦੇ ਗੇਟ ਵਿਚ ਵੱਜ ਕੇ ਅੱਗੇ ਦੀਵਾਰ ਵਿੱਚ ਜਾ ਲੱਗੀ, ਜਿਸ ਕਾਰਨ ਕਸਬੇ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਚਰਨ ਸਿੰਘ ਪੁੱਤਰ ਵਰਿਆਮ ਸਿੰਘ ਪੁਰਾਣਾ ਬਸ਼ਲਵਾਲ ਹਾਲ ਵਾਸੀ ਘੁਮਾਣ ਨੇ ਦੱਸਿਆ ਕਿ ਮੈਨੂੰ 9 ਅਗਸਤ ਨੂੰ ਦਿਨ ਸ਼ਨੀਵਾਰ ਨੂੰ 7 ਵੱਜ ਕੇ 10 ਮਿੰਟ 'ਤੇ ਕਿਸੇ ਵਿਦੇਸ਼ੀ ਨੰਬਰ ਤੋਂ ਅਣਪਛਾਤੇ ਵਿਅਕਤੀ ਦਾ ਫੋਨ ਆਇਆ ਕਿ ਸਾਨੂੰ 25 ਲੱਖ ਰੁਪਏ ਦੀ ਫਿਰੌਤੀ ਦਿਉ। ਉਨ੍ਹਾਂ ਦੱਸਿਆ ਕਿ ਇਹ ਫੋਨ ਕਾਲਾਂ ਹੁਣ ਸਾਨੂੰ ਲਗਾਤਾਰ ਪੰਜ ਦਿਨ ਤੋਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੀਤੇ ਰਾਤ ਕਿਸੇ ਅਣਪਛਾਤੇ ਵਿਅਕਤੀ ਨੇ ਘਰ ਦੇ ਬਾਹਰ ਸਾਡੇ ਗੇਟ ਵਿਚ ਗੋਲੀ ਮਾਰੀ ਜਿਹੜੀ ਗੇਟ ਵਿੱਚੋਂ ਦੀ ਲੰਘ ਕੇ ਸਿੱਧੀ ਦੀਵਾਰ ਵਿੱਚ ਜਾ ਲੱਗੀ। ਉਨ੍ਹਾਂ ਆਖਿਆ ਕਿ ਮੈਂ ਉਸ ਵਕਤ ਗੇਟ ਬੰਦ ਕਰ ਰਿਹਾ ਸੀ, ਅਣਪਛਾਤਾ ਵਿਅਕਤੀ ਵੱਲੋਂ ਚਲਾਈ ਗਈ ਗੋਲੀ ਮੇਰੀ ਬਾਂਹ ਦੇ ਬਿਲਕੁਲ ਨਜ਼ਦੀਕ ਦੀ ਲੰਘ ਗਈ। ਉਨ੍ਹਾਂ ਆਖਿਆ ਕਿ ਅਣਪਛਾਤਾ ਵਿਅਕਤੀ ਗੋਲੀ ਚਲਾ ਕੇ ਫਰਾਰ ਹੋ ਗਿਆ। ਮੈਂ ਪੁਲਿਸ ਨੂੰ ਫਿਰੌਤੀ ਦੀਆਂ ਆਉਂਦੀਆਂ ਕਾਲਾਂ ਬਾਰੇ ਪਹਿਲਾਂ ਹੀ ਦੱਸਿਆ ਸੀ। ਗੋਲੀ ਚੱਲਣ ਤੋਂ ਬਾਅਦ ਮੈਂ ਪੁਲਿਸ ਥਾਣਾ ਘੁਮਾਣ ਦੇ ਮੁਖੀ ਐੱਸ.ਐੱਚ.ਓ. ਗਗਨਦੀਪ ਸਿੰਘ ਢੀਂਡਸਾ ਨੂੰ ਦੱਸਿਆ ਕਿ ਪੁਲਿਸ ਜਲਦੀ ਹੀ ਮੌਕੇ 'ਤੇ ਡੀ.ਐੱਸ.ਪੀ. ਸ੍ਰੀ ਹਰਗੋਬਿੰਦਪੁਰ ਸਾਹਿਬ ਹਰੀਸ਼ ਬਹਿਲ ਦੀ ਅਗਵਾਈ ਹੇਠ ਪਹੁੰਚ ਗਈ। ਉਨ੍ਹਾਂ ਆਖਿਆ ਕਿ ਗੋਲੀ ਦੀ ਵਾਰਦਾਤ ਤੋਂ ਬਾਅਦ ਵੀ ਉਸ ਸਵੇਰੇ ਫਿਰ ਅਣਪਛਾਤੇ ਵਿਅਕਤੀ ਦੇ ਧਮਕੀ ਭਰੇ ਫੋਨ ਆ ਰਹੇ ਹਨ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਕਸਬਾ ਘੁਮਾਣ ਵਿੱਚ ਪਿਛਲੇ ਕੁਝ ਸਮਾਂ ਪਹਿਲਾਂ ਵੀ ਵੱਖ-ਵੱਖ ਕਾਰੋਬਾਰੀਆਂ ਨੂੰ ਫਿਰੌਤੀਆਂ ਦੀਆਂ ਧਮਕੀਆਂ ਮਿਲੀਆਂ ਸਨ ਤੇ ਅਣਪਛਾਤੇ ਵਿਅਕਤੀਆਂ ਵੱਲੋਂ ਸ਼ਰੇਆਮ ਗੋਲੀਆਂ ਵੀ ਚਲਾਈਆਂ ਗਈਆਂ ਸਨ ਕਿ ਕੁਝ ਸਮਾਂ ਮਾਹੌਲ ਸ਼ਾਂਤ ਰਹਿਣ ਤੋਂ ਬਾਅਦ ਹੁਣ ਫਿਰ ਫਿਰੌਤੀਆਂ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਸਬੰਧੀ ਡੀ.ਐੱਸ.ਪੀ. ਸ੍ਰੀ ਹਰਗੋਬਿੰਦਪੁਰ ਸਾਹਿਬ ਹਰੀਸ਼ ਬਹਿਲ ਤੇ ਐੱਸ.ਐੱਚ.ਓ. ਗਗਨਦੀਪ ਸਿੰਘ ਘੁਮਾਣ ਨੇ ਪੁਲਿਸ ਪਾਰਟੀ ਸਮੇਤ ਮੌਕੇ ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਅਣਪਛਾਤੇ ਵਿਅਕਤੀ ਦੀ ਗੋਲੀ ਚਲਾਉਣ ਦੀ ਵਾਰਦਾਤ ਘਰ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ ਹੋ ਗਈ ਹੈ, ਜਿਸ ਨੂੰ ਖੰਗਾਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਤੇ ਦੋਸ਼ੀ ਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਏ ਜਾਣਗੇ: ਹਿਤੇਸ਼ ਮਹਾਜਨ



ਗੁਰਦਾਸਪੁਰ, 18 ਅਗਸਤ (ਜਸਵਿੰਦਰ ਸਿੰਘ): ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਸਮਾਗਮ ਸੰਗਤਾਂ ਦੇ ਸਹਿਯੋਗ ਨਾਲ ਪੂਰੇ ਉਤਸ਼ਾਹ ਤੇ ਜਾਹੋ ਜਲਾਲ ਨਾਲ ਮਨਾਏ ਜਾਣਗੇ, ਇਹ ਪ੍ਰਗਟਾਵਾ ਕਰਦਿਆਂ ਹਿਤੇਸ਼ ਮਹਾਜਨ ਨਗਰ ਸੁਧਾਰ ਟਰੱਸਟ ਤੇ ਟਰੱਸਟੀ ਨੇ ਕਿਹਾ ਕਿ ਸਮੁੱਚੇ ਬਟਾਲਾ ਸ਼ਹਿਰ ਅੰਦਰ ਵਿਆਹ ਪੁਰਬ ਦੇ ਸਮਾਗਮਾਂ ਲਈ ਸੁਚੱਜੇ ਪ੍ਰਬੰਧ ਕੀਤੇ ਜਾ ਰਹੇ ਹਨ ਤੇ ਸੰਗਤਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਹਿਤੇਸ਼ ਮਹਾਜਨ ਨੇ ਕਿਹਾ ਕਿ 29 ਅਗਸਤ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਖੇ ਪਹੁੰਚਣ ਵਾਲੇ ਨਗਰ ਕੀਰਤਨ ਤੇ 30 ਅਗਸਤ ਨੂੰ ਪਾਲਕੀ ਸਾਹਿਬ ਨਗਰ ਕੀਰਤਨ ਦੇ ਰੂਟਾਂ ਸਮੇਤ ਸਮੁੱਚੇ ਸ਼ਹਿਰ ਅੰਦਰ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਸਾਰੇ ਵਡਭਾਗੇ ਹਾਂ ਕਿ ਸਾਨੂੰ ਵਿਆਹ ਪੁਰਬ ਸਮਾਗਮ ਮਨਾਉਣ ਦਾ ਸੁਭਾਗ ਮਿਲਿਆ ਹੈ ਤੇ ਹਰ ਸਾਲ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਤਦਾਦ ਵਿੱਚ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ ਤੇ ਸੰਗਤਾਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

## ਭਗਵਾਨ ਬਾਬਾ ਸ੍ਰੀ ਚੰਦ੍ਰ ਜੀ ਦੇ 531ਵੇਂ ਪ੍ਰਕਾਸ਼ ਦਿਹਾੜੇ 'ਤੇ ਧਾਰਮਿਕ ਦੀਵਾਨ ਸਜਾਏ ਜਾਣਗੇ: ਮਹੰਤ ਹਰੀ ਕੁੰਭ ਦਾਸ



ਬਟਾਲਾ, 18 ਅਗਸਤ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਉਦਾਸੀਨਚਾਰਯ ਸ਼ਿਵ ਅਵਤਾਰ ਭਗਵਾਨ ਬਾਬਾ ਸ੍ਰੀ ਚੰਦ੍ਰ ਜੀ ਮਹਾਰਾਜ ਜੀ ਦਾ 531ਵਾਂ ਪ੍ਰਕਾਸ਼ ਦਿਹਾੜਾ 2 ਸਤੰਬਰ ਨੂੰ ਤਪ ਅਸਥਾਨ ਮੰਦਰ ਪਿੰਡ ਨਾਨਕ ਚੱਕ ਵਿਖੇ ਗੱਦੀਨਸ਼ੀਨ ਮਹੰਤ ਹਰੀ ਕੁੰਭ ਦਾਸ ਦੀ ਰਹਿਨੁਮਾਈ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਲੜੀਵਾਰ ਸ੍ਰੀ ਅਖੰਡ ਪਾਠ ਜੀ ਦੇ ਭੋਗ ਪੈਣ ਉਪਰੰਤ ਖੁੱਲ੍ਹੇ ਪੰਡਾਲ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਧਾਰਮਿਕ ਦੀਵਾਨ 'ਚ ਰਾਗੀ-ਢਾਡੀ ਕਥਾ ਵਾਚਕ ਕਵੀਸ਼ਰ ਸੰਤ ਮਹਾਂਪੁਰਸ਼ ਭਾਈ ਦਵਿੰਦਰ ਸਿੰਘ ਅੰਮ੍ਰਿਤਸਰ ਵਾਲੇ, ਰਾਜੀਵ ਸ਼ਰਮਾ ਅੰਮ੍ਰਿਤਸਰ, ਅਮਰੀਕ ਸਿੰਘ ਗਾਜ਼ੀ ਨੰਗਲ, ਬੀਬੀ ਹਰਮੀਤ ਕੌਰ ਬਾਂਸਾਂ ਕਰਨਾਲ ਵਾਲੇ, ਇੰਟਰਨੈਸ਼ਨਲ ਢਾਡੀ ਜੱਥਾ ਗਿਆਨੀ ਸਤਨਾਮ ਸਿੰਘ ਲਾਲੂ ਘੁੰਮਣ, ਅਮਨ ਹੈਪੀ ਵੱਲੋਂ ਧੁਰ ਕੀ ਬਾਣੀ, ਗੁਰਇਤਿਹਾਸ ਤੇ ਬਾਬਾ ਸ੍ਰੀ ਚੰਦ੍ਰ ਜੀ ਦਾ ਜੀਵਨ ਸੁਣਾ ਕੇ ਆਈਆਂ ਸੰਗਤਾਂ ਨੂੰ ਜਾਣੂੰ ਕਰਵਾਉਣਗੇ। ਇਸ ਮੌਕੇ 'ਤੇ ਸੇਵਾਦਾਰਾਂ 'ਚ ਰਵਿੰਦਰ ਮੁਨੀ, ਦੁਰਗਾ ਪ੍ਰਸਾਦ, ਤਿਲਕ ਦਾਸ, ਸੰਦੀਪ ਬੇਦੀ, ਯਾਦਵਿੰਦਰ ਸਿੰਘ ਕਾਦੀਆਂ, ਰੰਮੀ ਅਲੀਵਾਲ, ਮਾਸਟਰ ਸੰਦੀਪ ਜੰਗਲਾਂ, ਜੱਸ ਲੋਧੀਨੰਗਲ, ਅੰਮ੍ਰਿਤਪਾਲ ਸਿੰਘ, ਰਣਜੋਧ ਬੈਂਕ ਮੈਨੇਜਰ, ਪ੍ਰਿੰਸ ਢੱਲਾ, ਮੰਨਾ ਸੀੜਾ, ਗੁਰਲਾਲ ਗੇਲਾ, ਗੁਰਲਾਲ ਫੌਜੀ ਗੁੱਜਰਪੁਰ, ਪਵਨ ਗੁੱਜਰਪੁਰਾ, ਜੋਬਨ ਭੁਲਟ, ਜਸ਼ਨ ਕੋਟਲਾ ਬਾਮਾ, ਧਰਮਵੀਰ, ਨੀਰਜ ਬੇਦੀ, ਕੁਲਦੀਪ ਪੇਂਟਰ, ਦੁਰਲੱਭ ਪੱਤੀ ਪਕੀਵਾ, ਰਣਜੀਤ ਕੋਟਲੀ ਥਾਬਲਾ, ਜਗਰੂਪ ਸਿੰਘ, ਸਤਨਾਮ ਸਿੰਘ ਕਾਦਰਾਬਾਦ, ਹੈਪੀ ਨਾਨਕ ਚੱਕ, ਇੰਦਰਜੀਤ ਨਾਨਕ ਚੱਕ, ਜੀਵਨ ਭੁੱਲਟ, ਸਾਬਾ ਫਤਹਿਗੜ੍ਹ ਚੂੜੀਆਂ, ਹੀਰਾ ਸਿੰਘ, ਜਗਪ੍ਰੀਤ ਸਿੰਘ, ਹੁਸਨ ਜਾਂਗਲਾ, ਗੂਰੀ ਘਣੀਆਂ, ਕਰਨ ਲੰਗਰਵਾਲ, ਕੁਲਬੀਰ ਜਾਗਲਾਂ, ਰਜਿੰਦਰ ਸਿੰਘ, ਮਨਪ੍ਰੀਤ ਪਟਵਾਰੀ ਆਦਿ ਹਾਜ਼ਰ ਸਨ।

## ਜ਼ਿਲ੍ਹਾ ਪੱਧਰੀ ਆਜ਼ਾਦੀ ਦਿਹਾੜੇ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਅ) ਪਰਮਜੀਤ ਸਨਮਾਨਤ



ਗੁਰਦਾਸਪੁਰ, 18 ਅਗਸਤ (ਸੰਧੂ/ਬਸਰਾ): ਸਰਕਾਰੀ ਕਾਲਜ ਗੁਰਦਾਸਪੁਰ ਦੇ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ ਵਿਖੇ ਆਯੋਜਿਤ 79ਵੇਂ ਆਜ਼ਾਦੀ ਦਿਹਾੜੇ ਮੌਕੇ ਸੂਬੇ ਦੇ ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਪਰਮਜੀਤ ਨੂੰ ਪ੍ਰਸ਼ੰਸਾ-ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਐੱਸ.ਐੱਸ.ਪੀ. ਆਦਿੱਤਯ ਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਆਦਿ ਹਾਜ਼ਰ ਸਨ। ਸਿੱਖਿਆ ਦੇ ਖੇਤਰ ਵਿੱਚ ਜ਼ਿਲ੍ਹਾ ਗੁਰਦਾਸਪੁਰ ਨੂੰ ਸੁਚੱਜੀ ਅਗਵਾਈ ਤੇ ਸਿੱਖਿਆ ਖੇਤਰ ਵਿੱਚ ਗੁਰਦਾਸਪੁਰ ਦੀਆਂ ਉਪਲੱਬਧੀਆਂ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਪਰਮਜੀਤ ਦੇ ਨਾਂ ਦੀ ਸਿਫਾਰਸ਼ ਜ਼ਿਲ੍ਹਾ ਪੱਧਰੀ ਸਮਾਰੋਹ ਦੌਰਾਨ ਪ੍ਰਸ਼ੰਸਾ-ਪੱਤਰ ਦੇਣ ਲਈ ਕੀਤੀ ਗਈ ਸੀ। ਦੱਸਣਯੋਗ ਹੈ ਕਿ ਸਾਲ 2024 ਵਿੱਚ ਕਰਵਾਏ ਪੰਜਾਬ ਅਚੀਵਮੈਂਟ ਸਰਵੇਖਣ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੂਸਰੇ ਸਥਾਨ ਉੱਤੇ ਰਿਹਾ ਸੀ। ਇਸੇ ਤਰ੍ਹਾਂ ਪ੍ਰਾਇਮਰੀ ਸਕੂਲਾਂ ਅੰਦਰ ਤੀਸਰੀ ਤੋਂ ਪੰਜਵੀਂ ਤੱਕ ਸਿੱਖਿਆ ਦੇ ਗੁਣਾਤਮਕ ਸੁਧਾਰ ਲਈ ਚਲਾਏ ਜਾ ਰਹੇ ਮਿਸ਼ਨ ਸਮਰੱਥ 3.0 ਵਿੱਚ ਗੁਰਦਾਸਪੁਰ ਦੀ ਕਾਰਗੁਜ਼ਾਰੀ ਸ਼ਲਾਘਾਯੋਗ ਰਹੀ ਹੈ। ਹਾਲ ਵਿੱਚ ਮੁੱਖ ਦਫ਼ਤਰ ਵੱਲੋਂ ਮਿਸ਼ਨ ਸਮਰਥ ਦੀ ਕੀਤੀ ਜਾਂਚ ਦੇ ਆਧਾਰ ਉੱਤੇ ਚੰਗੀ ਕਾਰਗੁਜ਼ਾਰ ਲਈ ਜ਼ਿਲ੍ਹਾ ਗੁਰਦਾਸਪੁਰ ਸਰਕਾਰੀ ਪ੍ਰਾਇਮਰੀ ਸਕੂਲ ਈਸਾਪੁਰ ਤੇ ਸਰਕਾਰੀ ਪ੍ਰਾਇਮਰੀ ਸਕੂਲ ਬਜ਼ੁਰਗਵਾਲ ਨੇ ਸਟੇਟ ਪੱਧਰ ਉੱਤੇ ਮਾਣ-ਸਨਮਾਨ ਹਾਸਲ ਕੀਤਾ ਹੈ। ਇਸੇ ਤਰ੍ਹਾਂ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਲਈ ਸ਼ੁਰੂ ਕੀਤਾ ਗਿਆ, ਪ੍ਰੋਜੈਕਟ ਆਰੰਭ ਤੇ ਪਹਿਲੀ ਤੇ ਦੂਸਰੀ ਜਮਾਤਾਂ ਲਈ ਚੱਲ ਰਿਹਾ ਐੱਫ.ਐੱਲ.ਐੱਨ. ਦੇ ਚੰਗੇ ਨਤੀਜੇ ਵੇਖਣ ਨੂੰ ਮਿਲ ਰਹੇ ਹਨ।

## ਡੇਰਾ ਬਾਬਾ ਨਾਨਕ-ਰਾਵੀ ਦਰਿਆ 'ਚ ਪਾਣੀ ਦਾ ਪੱਧਰ ਵੱਧਣ ਕਾਰਨ ਲੋਕਾਂ ਨੂੰ ਹੜ੍ਹ ਦਾ ਡਰ ਸਤਾਉਣ ਲੱਗਾ



ਡੇਰਾ ਬਾਬਾ ਨਾਨਕ, 18 ਅਗਸਤ (ਹੈਪੀ ਕੋਟਲੀ): ਪਹਾੜੀ ਖੇਤਰਾਂ ਵਿੱਚ ਹੋ ਰਹੀ ਲਗਾਤਾਰ ਭਾਰੀ ਬਾਰਿਸ਼ ਕਾਰਨ ਦਰਿਆਵਾਂ ਤੇ ਨਾਲਿਆਂ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਹੈ। ਜਿਸ ਤਹਿਤ ਬੀਤੇ ਕੱਲ੍ਹ ਉੱਜ ਦਰਿਆ ਤੇ ਰਣਜੀਤ ਸਾਗਰ ਡੈਮ 'ਚੋਂ 150000 ਕਿਊਸਿਕ ਪਾਣੀ ਦਰਿਆ ਰਾਵੀ ਵਿੱਚ ਛੱਡਿਆ ਗਿਆ ਸੀ। ਭਾਵੇਂ ਕਿ ਕੱਲ੍ਹ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਘੱਟ ਸੀ ਪਰ ਅੱਜ ਦੁਬਾਰਾ ਡੇਢ ਲੱਖ ਕਿਊਸਿਕ ਪਾਣੀ ਛੱਡੇ ਜਾਣ ਤੋਂ ਬਾਅਦ ਲਗਾਤਾਰ ਪਾਣੀ ਦਾ ਪੱਧਰ ਵੱਧ ਰਿਹਾ ਹੈ, ਜਿਸ ਨੂੰ ਲੈ ਕੇ ਹੁਣ ਲੋਕਾਂ ਨੂੰ ਹੜ੍ਹ ਦਾ ਡਰ ਸਤਾਉਣ ਲੱਗ ਪਿਆ ਹੈ। ਇਸ ਸਬੰਧੀ ਜਦੋਂ ਪੱਤਰਕਾਰਾਂ ਵੱਲੋਂ ਰਾਵੀ ਦਰਿਆ ਉੱਪਰ ਬਣੇ ਕਸੋਵਾਲ ਬ੍ਰਿਜ 'ਤੇ ਖੜ੍ਹੇ ਲੋਕਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਡੀ.ਸੀ. ਅਜਨਾਲਾ ਵੱਲੋਂ ਮੌਕੇ ਵੇਖ ਕੇ ਗਏ ਹਨ। ਸਥਾਨਕ ਲੋਕਾਂ ਨੇ ਦੱਸਿਆ ਕਿ ਬੀਤੇ ਕੱਲ੍ਹ ਪਾਣੀ ਦਾ ਪੱਧਰ ਘੱਟ ਸੀ ਪਰ ਅੱਜ ਲਗਾਤਾਰ ਪਾਣੀ ਦਾ ਪੱਧਰ ਨਾਲ ਫਸਲਾਂ ਵਿੱਚ ਪਾਣੀ ਭਰਨ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਰਾਵੀ ਦਰਿਆ ਵਿੱਚ ਪਾਣੀ ਇੱਕਦਮ ਛੱਡਣ ਦੀ ਬਜਾਏ ਥੋੜ੍ਹਾ-ਥੋੜ੍ਹਾ ਕਰਕੇ ਛੱਡਿਆ ਜਾਵੇ। ਉਧਰ ਆਰਮੀ ਦੇ ਅਧਿਕਾਰੀਆਂ ਤੇ ਲੋਕਲ ਪ੍ਰਸ਼ਾਸਨ ਵੱਲੋਂ ਹੜ੍ਹ ਦੀ ਸਥਿਤੀ ਨਾਲ ਨਜਿੱਠਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ।

## ਮਾ. ਬੁੱਟਰ ਨੇ ਜਥੇ. ਗੁਲਜ਼ਾਰ ਸਿੰਘ ਰਣੀਕੇ ਤੇ ਗੁਰਿੰਦਪਾਲ ਸਿੰਘ ਰਣੀਕੇ ਦਾ ਕੀਤਾ ਸਨਮਾਨ



ਚੌਕ ਮਹਿਤਾ, 18 ਅਗਸਤ (ਬਲਜਿੰਦਰ ਸਿੰਘ ਰੰਧਾਵਾ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ ਨੂੰ ਐੱਸ.ਸੀ. ਵਿੰਗ ਦੇ ਕੌਮੀ ਪ੍ਰਧਾਨ ਤੇ ਗੁਰਿੰਦਰਪਾਲ ਸਿੰਘ ਰਣੀਕੇ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਉੱਪ ਪ੍ਰਧਾਨ ਬਣਾਏ ਜਾਣ 'ਤੇ ਹਲਕਾ ਜੰਡਿਆਲਾ ਤੋਂ ਸੀਨੀਅਰ ਆਗੂ ਮਾਸਟਰ ਬਲਜਿੰਦਰ ਸਿੰਘ ਬੁੱਟਰ ਨੇ ਦੋਨਾਂ ਅਹੁਦੇਦਾਰਾਂ ਦਾ ਮੂੰਹ ਮਿੱਠਾ ਕਰਵਾ ਕੇ ਮੁਬਾਰਕਬਾਦ ਦਿੱਤੀ ਤੇ ਸਿਰੋਪਾਓ ਭੇਟ ਕਰਦੇ ਹੋਏ ਸਨਮਾਨ ਕੀਤਾ। ਇਸ ਦੌਰਾਨ ਮਾ. ਬਲਜਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਐੱਸ.ਸੀ. ਵਿੰਗ ਦੇ ਲਗਾਤਾਰ ਛੇਵੀਂ ਵਾਰ ਪ੍ਰਧਾਨ ਚੁਣੇ ਗਏ ਜਥੇ. ਗੁਲਜ਼ਾਰ ਸਿੰਘ ਰਣੀਕੇ ਇਸ ਪਦਵੀ ਦੇ ਅਸਲ ਹੱਕਦਾਰ ਹਨ, ਜਿਨ੍ਹਾਂ ਨੇ ਨਿਰਸਵਰਾਥ ਹੋ ਕੇ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਪਾਰਟੀ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ ਹਨ। ਇਸਦੇ ਨਾਲ ਹੀ ਉਨ੍ਹਾਂ ਨੇ ਗੁਰਿੰਦਰਪਾਲ ਸਿੰਘ ਰਣੀਕੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਆਪਣੇ ਪਿਤਾ ਵਾਂਗ ਇਹ ਨੌਜਵਾਨ ਵੀ ਇੱਕ ਸੂਝਵਾਨ, ਬੇਹੱਦ ਮਿਹਨਤੀ ਤੇ ਮਿਲਣਸਾਰ ਆਗੂ ਹੈ, ਜਿਸਨੂੰ ਪਾਰਟੀ ਦਾ ਉਪ-ਪ੍ਰਧਾਨ ਬਣਾਏ ਜਾਣਾ ਬਹੁਤ ਸ਼ਲਾਘਾਯੋਗ ਫੈਸਲਾ ਹੈ। ਇਸ ਮੌਕੇ ਰਾਜਵਿੰਦਰ ਸਿੰਘ ਰਾਜਾ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ, ਸਰਕਲ ਪ੍ਰਧਾਨ ਜਗਤਾਰ ਸਿੰਘ ਗੱਗੜਭਾਣਾ, ਕੁਲਬੀਰ ਸਿੰਘ ਸਾਬਕਾ ਧਰਦਿਉ, ਹੀਰਾ ਸਿੰਘ ਸਾਬਕਾ ਥਾਣੇਦਾਰ ਤੋਂ ਇਲਾਵਾ ਹੋਰ ਵੀ ਆਗੂ ਮੌਜੂਦ ਸਨ।

## ਪਿੰਡ ਘੱਸ ਵਿਖੇ ਧੂਮਧਾਮ ਨਾਲ ਮਨਾਈ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ



ਬਟਾਲਾ, 18 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਨਜ਼ਦੀਕੀ ਪਿੰਡ ਘੱਸ ਦੇ ਪ੍ਰਾਚੀਨ ਸ਼ਿਵ ਮੰਦਰ ਵਿਖੇ ਹਰ ਸਾਲ ਦੀ ਤਰ੍ਹਾਂ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ, ਉਤਸ਼ਹ ਤੇ ਸ਼ਰਧਾ ਨਾਲ ਮਨਾਇਆ ਗਿਆ। ਹਰ ਧਰਮ ਦਾ ਸਤਿਕਾਰ ਕਰਨ ਵਾਲੇ ਇਸੇ ਨਗਰ ਦੇ ਜੰਮਪਲ ਹੁਣ ਜਲੰਧਰ ਨਿਵਾਸ ਕਰ ਰਹੇ ਜੋਸ਼ੀ ਪਰਿਵਾਰ ਦਾ ਇਸ ਆਪਣੇ ਜੱਦੀ ਪਿੰਡ ਨਾਲ ਬੜਾ ਗੂੜਾ ਰਿਸ਼ਤਾ ਹੈ। ਨਰੇਸ਼ ਜੋਸ਼ੀ ਹਰ ਤਿਉਹਾਰ ਜਲੰਧਰ ਤੋਂ ਆ ਕੇ ਆਪਣੇ ਇਸ ਨਗਰ ਵਿੱਚ ਮਨਾ ਕੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਹੋਇਆਂ ਨਰੇਸ਼ ਜੋਸ਼ੀ ਨੇ ਦੱਸਿਆ ਕਿ ਸਾਡੇ ਵੱਡੇ-ਵਡੇਰਿਆਂ ਵੱਲੋਂ ਤਕਰੀਬਨ 200 ਸਾਲ ਤੋਂ ਵੱਧ ਸਮਾਂ ਪਹਿਲਾਂ ਇਸ ਸ਼ਿਵ ਮੰਦਰ ਦੀ ਉਸਾਰੀ ਕਰਵਾਈ ਗਈ ਸੀ। ਅਸੀਂ ਪੀੜ੍ਹੀ ਦਰ ਪੀੜ੍ਹੀ ਇਸ ਪਿੰਡ ਦੇ ਸ਼ਿਵ ਮੰਦਰ ਬਾਬਾ ਦਸੰਧੀ ਸ਼ਾਹ ਦੀ ਦਰਗਾਹ, ਵਾਲਮੀਕਿ ਮੰਦਰ, ਲੱਖ ਦਾਤੇ ਦੇ ਦਰਬਾਰ ਗੱਲ ਕੀ ਹਰ ਧਾਰਮਿਕ ਜਗ੍ਹਾ ਉੱਪਰ ਹਮੇਸ਼ਾ ਸਿਜਦਾ ਕਰਦੇ ਆ ਹਾਂ ਤੇ ਮਾਲਕ ਨੇ ਵੀ ਕੋਈ ਕਸਰ ਨਹੀਂ ਛੱਡੀ। ਇਸ ਮੌਕੇ ਨਰੇਸ਼ ਜੋਸ਼ੀ ਤੋਂ ਇਲਾਵਾ ਵਿਜੇ ਕੁਮਾਰ ਜੋਸ਼ੀ, ਸਰਪੰਚ ਸਾਹਿਬ ਸਿੰਘ ਬਸਰਾ, ਕੇਵਲ ਸਿੰਘ ਢਿੱਲੋਂ, ਗੋਬਿੰਦ ਕੁਮਾਰ, ਸਾਬਕਾ ਸਰਪੰਚ ਪ੍ਰੇਮ ਸਿੰਘ, ਸੁੱਚਾ ਸਿੰਘ, ਓਂਕਾਰ ਸਿੰਘ, ਲੱਖਾ ਸਿੰਘ, ਗੁਰਦੀਪ ਸਿੰਘ, ਬਾਜ ਸਿੰਘ ਹਾਜ਼ਰ ਸਨ।

## ਜਨਮ ਅਸ਼ਟਮੀ 'ਤੇ ਰਾਜੀਵ ਸ਼ਰਮਾ ਤੇ ਜੋਬਨ ਰੰਧਾਵਾ ਨੇ ਲਗਵਾਈ ਹਾਜ਼ਰੀ



ਫਤਹਿਗੜ੍ਹ ਚੂੜੀਆਂ, 18 ਅਗਸਤ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਬਹੁਤ ਹੀ ਧੂਮ-ਧਾਮ ਦੇ ਨਾਲ ਮਨਾਈ ਗਈ, ਜਿਸ ਵਿੱਚ ਫਤਹਿਗੜ੍ਹ ਚੂੜੀਆਂ ਦੇ ਵਸਨੀਕ ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਤੇ ਲੋਕ ਸਭਾ ਇੰਚਾਰਜ ਰਾਜੀਵ ਸ਼ਰਮਾ ਤੇ ਜੋਬਨ ਰੰਧਾਵਾ ਪਲਾਨਿੰਗ ਬੋਰਡ ਚੇਅਰਮੈਨ ਵੱਲੋਂ ਫਤਹਿਗੜ੍ਹ ਚੂੜੀਆਂ ਦੇ ਮੰਦਰਾਂ ਵਿਖੇ ਜਾ ਕੇ ਆਪਣੀ ਹਾਜ਼ਰੀ ਲਗਵਾਈ ਗਈ। ਰਾਜੀਵ ਸ਼ਰਮਾ ਤੇ ਜੋਬਨ ਰੰਧਾਵਾ ਨੇ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਲੋਕਾਂ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀ ਆਪਣੇ ਤੇ ਆਪਣੀ ਸਮੁੱਚੀ ਹੀ ਲੀਡਰਸ਼ਿਪ ਵੱਲੋਂ ਵਧਾਈ ਦਿੱਤੀ। ਮੰਦਰ ਕਮੇਟੀਆਂ ਵੱਲੋਂ ਸ੍ਰੀ ਰਾਜੀਵ ਸ਼ਰਮਾ ਤੇ ਜੋਬਨ ਰੰਧਾਵਾ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਤਨਾਮ ਸਿੰਘ ਮੈਂਬਰ ਪਰਜਾਪਤ ਸਮਾਜ, ਜਸਵੰਤ ਸਿੰਘ ਰਾਏ, ਕਿਰਪਾਲ ਸਿੰਘ, ਰਾਘਵ ਸੋਨੀ, ਬੱਬੂ ਦੀਪ ਸਿੰਘ, ਜਗਦੀਸ਼ ਸਿੰਘ, ਗੁਰਪ੍ਰੀਤ ਸਿੰਘ, ਬਲਜੀਤ ਸਿੰਘ, ਬਲਦੇਵ ਸਿੰਘ, ਸਤਿਨਾਮ ਸਿੰਘ ਦਿਓ, ਗੁਰਮੀਤ ਸਿੰਘ, ਆਕਾਸ਼ਦੀਪ ਸਿੰਘ, ਕ੍ਰਿਸ਼ਨ ਕੁਮਾਰ ਗਾਮਾ, ਜਤਿੰਦਰ ਸਿੰਘ, ਓਂਕਾਰ ਸਿੰਘ, ਪਰਮਿੰਦਰ ਸਿੰਘ ਗੋਲਡੀ ਹਾਜ਼ਰ ਸਨ।

## ਵੱਖ-ਵੱਖ ਮੰਦਰਾਂ 'ਚ ਕ੍ਰਿਸ਼ਨ ਜਨਮ ਅਸ਼ਟਮੀ 'ਤੇ ਲੱਗੀਆਂ ਰੌਣਕਾਂ

☛ਪ੍ਰਧਾਨ ਹਨੀ ਮਹਾਜਨ ਨੇ ਵੱਖ-ਵੱਖ ਮੰਦਰਾਂ 'ਚ ਪਹੁੰਚ ਕੇ ਆਸ਼ੀਰਵਾਦ ਕੀਤਾ ਪ੍ਰਾਪਤ



ਧਾਰੀਵਾਲ, 18 ਅਗਸਤ (ਅਸ਼ੋਕ ਕੁਮਾਰ): ਪਿੰਡ ਬੱਬਰੀ-ਨੰਗਲ ਦੇ ਇਤਿਹਾਸਕ ਮੰਦਰ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਕ੍ਰਿਸ਼ਨ ਜਨਮ-ਅਸ਼ਟਮੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਈ ਗਈ। ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਪਿੰਡ ਬੱਬਰੀ-ਨੰਗਲ ਵਿਖੇ ਸ੍ਰੀ ਭਗਵਤ ਗੀਤਾ ਜੀ ਦੀ ਛਤਰ ਛਾਇਆ ਹੇਠ ਸ਼ੋਭਾ ਯਾਤਰਾ ਕੱਢੀ ਗਈ, ਜਦਕਿ ਮੰਦਰ ਦੀਆਂ ਲਾਈਟਾਂ ਤੇ ਫੁੱਲਾਂ ਨਾਲ ਸ਼ਾਨਦਾਰ ਸਜਾਵਟ ਕੀਤੀ ਗਈ, ਵੱਖ-ਵੱਖ ਭਜਨ ਮੰਡਲੀਆਂ ਵੱਲੋਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਕ੍ਰਿਸ਼ਨ ਜਨਮ ਅਸ਼ਟਮੀ ਦੌਰਾਨ ਸ਼ਿਵ ਸੈਨਾ ਉਧਵ ਬਾਲਾ ਸਾਹਿਬ ਠਾਕਰੇ ਦੇ ਪੰਜਾਬ ਯੂਥ ਪ੍ਰਧਾਨ ਹਨੀ ਮਹਾਜਨ ਆਪਣੇ ਸਮੁੱਚੇ ਸਾਥੀਆਂ ਸਮੇਤ ਜਿਥੇ ਧਾਰੀਵਾਲ ਦੇ ਹਰੇਕ ਮੰਦਰ ਵਿੱਚ ਨਤਮਸਤਕ ਹੋਏ, ਉਥੇ ਹੀ ਪਿੰਡ ਬੱਬਰੀ-ਨੰਗਲ ਵਿਖੇ ਮੰਦਰ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸੱਦੇ 'ਤੇ ਮਨਾਈ ਜਾ ਰਹੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸਮਾਗਮ ਦੌਰਾਨ ਸ਼ਿਰਕਤ ਕਰਕੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ 'ਤੇ ਬੱਬਰੀ ਨੰਗਲ ਮੰਦਰ ਦੇ ਪ੍ਰਬੰਧਕਾਂ ਵੱਲੋਂ ਸ਼ਿਵ ਸੈਨਾ ਉਧਵ ਬਾਲਾ ਸਾਹਿਬ ਠਾਕਰੇ ਦੇ ਪੰਜਾਬ ਯੂਥ ਪ੍ਰਧਾਨ ਹਨੀ ਮਹਾਜਨ, ਆਮ ਆਦਮੀ ਪਾਰਟੀ ਦੇ ਆਗੂ ਮਾਇਕਲ ਸਹੋਤਾ, ਸ਼ਿਵ ਸੈਨਾ ਉਧਵ ਬਾਲਾ ਸਾਹਿਬ ਠਾਕਰੇ ਦੇ ਸੀਨੀਅਰ ਵਾਈਸ ਪ੍ਰਧਾਨ ਪੰਜਾਬ ਰੋਹਿਤ ਮੈਂਗੀ, ਦੁਸਹਿਰਾ ਕਮੇਟੀ ਧਾਰੀਵਾਲ ਦੇ ਵਾਈਸ ਪ੍ਰਧਾਨ ਕੁਨਾਲ ਚੱਢਾ, ਕੇਸ਼ਵ ਵਰਮਾ, ਸਾਜਨ ਮਹਾਜਨ, ਰੋਤਾਸ਼ ਕਨੋਹਤਰਾ ਨੂੰ ਸਨਮਾਨ-ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਪੱਤਰਕਾਰ ਰਾਜਨ ਸ਼ਰਮਾ ਦਾ ਐੱਸ.ਡੀ.ਐੱਮ. ਵੱਲੋਂ ਸਨਮਾਨ



ਗੁਰਦਾਸਪੁਰ, 18 ਅਗਸਤ (ਜਗੀਰ ਸਿੰਘ ਮੰਡ): ਫਤਹਿਗੜ੍ਹ ਚੂੜੀਆਂ ਤੋਂ ਚੜ੍ਹਦੀਕਲਾ ਅਖਬਾਰ ਦੇ ਪੱਤਰਕਾਰ ਰਾਜਨ ਸ਼ਰਮਾ ਨੂੰ 15 ਅਗਸਤ ਨੂੰ ਫਤਹਿਗੜ੍ਹ ਚੂੜੀਆਂ ਦੀ ਦਾਣਾ ਮੰਡੀ ਵਿਖੇ ਐੱਸ.ਡੀ.ਐੱਮ. ਗੁਰਮੰਦਰ ਸਿੰਘ ਪੀ.ਸੀ.ਐੱਸ. ਵੱਲੋਂ ਵਧੀਆ ਪੱਤਰਕਾਰੀ ਦੇ ਲਈ ਸਨਮਾਨਤ ਕੀਤਾ ਗਿਆ। ਉਨ੍ਹਾਂ ਦੇ ਨਾਲ ਦਲਜੀਤ ਸਿੰਘ ਲੱਕੀ ਪਲਾਨਿੰਗ ਬੋਰਡ ਮੈਂਬਰ ਤੇ ਫਤਹਿਗੜ੍ਹ ਚੂੜੀਆਂ ਦੇ ਡੀ.ਐੱਸ.ਪੀ. ਵਿਪਨ ਕੁਮਾਰ ਤੇ ਐੱਸ.ਐੱਚ.ਓ. ਪ੍ਰਭਜੋਤ ਸਿੰਘ ਵੀ ਹਾਜ਼ਰ ਸਨ। ਪੱਤਰਕਾਰ ਰਾਜਨ ਸ਼ਰਮਾ ਨੇ ਇਸ ਮਿਲੇ ਮਾਣ-ਸਤਿਕਾਰ ਦੇ ਲਈ ਉਨ੍ਹਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

## ਸਾਧੜਾ ਗੋਤ ਦੇ ਜਠੇਰਿਆਂ ਦਾ ਮੇਲਾ 23 ਨੂੰ



ਨਵਾਂਸ਼ਹਿਰ, 18 ਅਗਸਤ (ਰੌਸ਼ਨ ਲਾਲ ਸੁੰਮਨ): ਸਾਧੜਾ ਗੋਤ ਦੇ ਜਠੇਰਿਆਂ ਦਾ ਮੇਲਾ ਪਿੰਡ ਸਾਧੜਾ ਨਜ਼ਦੀਕ ਮਜਾਰੀ ਜਿਹੜਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਹੁਤ ਸ਼ਰਧਾ ਨਾਲ 23 ਅਗਸਤ ਦਿਨ ਸ਼ਨੀਵਾਰ ਨੂੰ ਮਨਾਇਆ ਜਾਣਾ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਰਣਜੀਤ ਸਿੰਘ ਸਾਧੜਾ ਕਾਨੂੰਗੋ ਨਵਾਂਸ਼ਹਿਰ ਨੇ ਦੱਸਿਆ ਕਿ ਇਸ ਦਿਨ ਸਾਧੜਾ ਗੋਤ ਦੇ ਲੋਕੀ ਆਪਣਿਆਂ ਜਠੇਰਿਆਂ ਨੂੰ ਯਾਦ ਕਰਨ ਲਈ ਦੂਰੋਂ-ਦੂਰੋਂ ਇਸ ਜਗ੍ਹਾ 'ਤੇ ਆ ਕੇ ਮੱਥਾ ਟੇਕਦੇ ਹਨ। ਸੰਗਤਾਂ ਵੱਲੋਂ ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਂਦਾ ਹੈ। ਇਸ ਦਿਨ ਲਈ ਇਲਾਕੇ ਦੀ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹੁੰਮ-ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ ਤੇ ਆਪਣਿਆਂ ਜਠੇਰਿਆਂ ਨੂੰ ਪਹੁੰਚ ਕੇ ਯਾਦ ਕਰੋ।

## ਸਰਕਾਰ ਹੜ੍ਹ ਸਬੰਧੀ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਲਈ ਤਿਆਰ: ਵਿਧਾਇਕ ਸ਼ੈਰੀ ਕਲਸੀ



ਬਟਾਲਾ/ਊਧਨਵਾਲ, 18 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਸੁੱਖ ਅੰਮ੍ਰਿਤ ਸੋਨੂੰ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਕਈ ਜ਼ਿਲ੍ਹਿਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਹੜ੍ਹ ਵਰਗੀਆਂ ਸਥਿਤੀਆਂ ਨਾਲ ਨਿਪਟਣ ਲਈ ਪੰਜਾਬ ਸਰਕਾਰ ਵੱਲੋਂ ਤਿਆਰੀ ਕੀਤੀ ਗਈ ਹੈ ਤੇ ਇੱਕ ਵਿਆਪਕ ਸਿਹਤ ਤੇ ਐਮਰਜੈਂਸੀ ਪ੍ਰਤੀਕਿਰਿਆ ਨੈੱਟਵਰਕ ਤਿਆਰ ਕੀਤਾ ਗਿਆ ਹੈ। ਵਿਧਾਇਕ ਸ਼ੈਰੀ ਕਲਸੀ ਜੋ ਅਮਰੀਕਾ ਦੌਰੇ 'ਤੇ ਗਏ ਹਨ, ਵੱਲੋਂ ਗੱਲਬਾਤ ਦੌਰਾਨ ਦੱਸਿਆ ਕਿ ਗਿਆ ਕਿ ਪੰਜਾਬ ਸਰਕਾਰ ਦੀ ਤਰਜੀਹ ਹਰ ਲੋੜਵੰਦ ਵਿਅਕਤੀ ਤੱਕ ਪਹੁੰਚਣਾ ਹੈ ਤੇ ਇਹ ਯਕੀਨੀ ਬਣਾਉਣਾ ਹੈ ਕਿ ਇਸ ਸੰਵੇਦਨਸ਼ੀਲ ਸਮੇਂ ਦੌਰਾਨ ਕੋਈ ਵੀ ਪ੍ਰਭਾਵਿਤ ਵਿਅਕਤੀ ਸਹਾਇਤਾ ਤੋਂ ਬਿਨਾਂ ਨਾ ਰਹੇ। ਉਨ੍ਹਾਂ ਦੱਸਿਆ ਕਿ ਸਬੰਧਤ ਅਧਿਕਾਰੀਆਂ ਨੂੰ ਲੋਕਾਂ ਦੀ ਨੂੰ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਰਾਹਤ ਪ੍ਰਬੰਧ ਕਰਨ ਦੇ ਸਖ਼ਤ ਹੁਕਮ ਦਿੱਤੇ ਜਾ ਚੁੱਕੇ ਹਨ। ਪ੍ਰਭਾਵਿਤ ਖੇਤਰਾਂ ਵਿੱਚ ਤੁਰੰਤ ਰਾਹਤ ਕੈਂਪ ਸਥਾਪਤ ਕੀਤੇ ਗਏ ਹਨ ਤਾਂ ਜੋ ਬੇਘਰ ਹੋਏ ਲੋਕਾਂ ਨੂੰ ਆਸਰਾ, ਭੋਜਨ ਤੇ ਡਾਕਟਰੀ ਸਹੂਲਤਾਂ ਦਿੱਤੀਆਂ ਜਾ ਸਕਣ। ਉਨ੍ਹਾਂ ਪ੍ਰਭਾਵਿਤ ਲੋਕਾਂ ਨੂੰ ਸਿਹਤ ਸਮੱਸਿਆਵਾਂ ਦੀ ਰਿਪੋਰਟ ਕਰਨ ਤੇ ਸਹਾਇਤਾ ਲੈਣ ਲਈ ਸਰਕਾਰ ਦੇ ਟੋਲ ਫ੍ਰੀ ਹੈਲਪਲਾਈਨ ਨੰਬਰ 104 'ਤੇ ਕਾਲ ਕਰਨ ਲਈ ਕਿਹਾ ਹੈ। ਉਨ੍ਹਾਂ ਦੱਸਿਆ ਕਿ ਹੜ੍ਹਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਜ਼ਿਲ੍ਹਾ ਵਾਰ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ। ਗੁਰਦਾਸਪੁਰ ਜ਼ਿਲ੍ਹੇ ਦਾ ਕੰਟਰੋਲ ਰੂਮ ਫੋਨ ਨੰਬਰ 01874-266376, 1800-180-1852 ਹੈ।

## ਭਗਵਾਨ ਮਹਾਂਵੀਰ ਪਬਲਿਕ ਸੀਨੀ. ਸੈਕੰ. ਸਕੂਲ 'ਚ ਮਨਾਇਆ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਉਤਸਵ



ਬੰਗਾ, 18 ਅਗਸਤ (ਪ੍ਰਭਜੋਤ ਸਿੰਘ): ਭਗਵਾਨ ਮਹਾਂਵੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬੰਗਾ ਵਿੱਚ ਕ੍ਰਿਸ਼ਨ ਜਨਮ ਅਸ਼ਟਮੀ ਦਾ ਉਤਸਵ ਮਨਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਧੂਮਧਾਮ ਨਾਲ ਇਸ ਉਤਸਵ ਨੂੰ ਮਨਾਇਆ। ਇਸ ਮੌਕੇ 'ਤੇ ਸਕੂਲ ਦੇ ਨੰਨ੍ਹੇ-ਮੁੰਨ੍ਹੇ ਵਿਦਿਆਰਥੀਆਂ ਦਾ ਫੈਂਸੀ ਡ੍ਰੈੱਸ ਮੁਕਾਬਲਾ ਕਰਵਾਇਆ ਗਿਆ। ਕਾਰਜਕ੍ਰਮ ਵਿੱਚ ਬਾਲ ਵਾਟਿਕਾ ਦੇ ਪਹਿਲੇ, ਦੂਜੇ ਤੇ ਤੀਜੇ ਦਰਜੇ ਦੇ ਵਿਦਿਆਰਥੀ ਰੰਗ-ਬਿਰੰਗੇ ਕੱਪੜਿਆਂ ਵਿੱਚ ਫੈਂਸੀ ਡ੍ਰੈੱਸ ਮੁਕਾਬਲਾ ਹੋਇਆ ਜਿਸ ਵਿੱਚ ਨੰਨ੍ਹੇ-ਮੁੰਨ੍ਹੇ ਵਿਦਿਆਰਥੀ ਬਹੁਤ ਹੀ ਆਕਰਸ਼ਕ ਲੱਗ ਰਹੇ ਸਨ। ਜਿਨ੍ਹਾਂ ਵਿੱਚ ਮੋਰਪੰਖ ਉਨ੍ਹਾਂ ਦੀ ਸਜਾਵਟ ਦਾ ਇੱਕ ਮਹੱਤਵਪੂਰਨ ਹਿੱਸਾ ਸੀ। ਕੁਝ ਬੱਚੇ ਭਗਵਾਨ ਕ੍ਰਿਸ਼ਨ ਦੇ ਰੂਪ ਵਿੱਚ ਤੇ ਕੁਝ ਰਾਧਾ ਦੇ ਰੂਪ ਵਿੱਚ ਸਜੇ ਹੋਏ ਸਨ, ਜਿਨ੍ਹਾਂ ਦੀ ਸਜਾਵਟ ਤੇ ਨਟਖਟ ਅੰਦਾਜ਼ ਨੇ ਉਤਸਵ ਨੂੰ ਖੂਬਸੂਰਤ ਬਣਾ ਦਿੱਤਾ। ਇਸ ਦੇ ਨਾਲ ਕੁਝ ਵਿਦਿਆਰਥੀਆਂ ਵਿੱਚ ਮੀਰਾ ਦੀ ਛਵੀ ਵੀ ਦਿਖਾਈ ਦਿੱਤੀ। ਭਗਵਾਨ ਕ੍ਰਿਸ਼ਨ ਤੇ ਰਾਧਾ ਰਾਣੀ ਦੀ ਮਨਮੋਹਕ ਛਵੀ ਵਿੱਚ ਸਜੇ ਵਿਦਿਆਰਥੀਆਂ ਨੇ ਸਾਰਿਆਂ ਦਾ ਮਨ ਮੋਹ ਲਿਆ। ਇਸ ਤੋਂ ਇਲਾਵਾ ਸਕੂਲ ਦੇ ਵੱਖ-ਵੱਖ ਸਦਨਾਂ ਵੱਲੋਂ ਸਕੂਲ ਵਿੱਚ 'ਮਟਕੀ ਤੋੜ' ਅੰਤਰ-ਸਦਨੀ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਦਨਾਂ ਦੇ ਵਿਦਿਆਰਥੀਆਂ ਨੇ ਆਪਣੀਆਂ-ਆਪਣੀਆਂ ਟੀਮਾਂ ਬਣਾ ਕੇ ਮਟਕੀ ਤੋੜਨ ਦੀ ਕੋਸ਼ਿਸ਼ ਕੀਤੀ। ਇਸ ਵਿੱਚ ਪਹਿਲਾ ਸਥਾਨ ਜਾਗਰੂਤੀ ਹਾਊਸ, ਦੂਜਾ ਸਥਾਨ ਕੀਰਤੀ ਤੇ ਤੀਜਾ ਸਥਾਨ ਪ੍ਰਗਤੀ ਹਾਊਸ ਦਾ ਰਿਹਾ। ਵਿਦਿਆਰਥੀਆਂ ਨੇ ਇਸ 'ਮਟਕੀ ਤੋੜ' ਮੁਕਾਬਲੇ ਵਿੱਚ ਬਹੁਤ ਮਜ਼ਾ ਲਿਆ। ਸਾਰੇ ਵਿਦਿਆਰਥੀਆਂ ਵਿੱਚ ਜੋਸ਼ ਦਿਖਾਈ ਦੇ ਰਿਹਾ ਸੀ। ਇਸੇ ਨਾਲ ਵਿਦਿਆਰਥੀਆਂ ਵਿੱਚ ਅੰਤਰ-ਸਦਨੀ ਕਬੱਡੀ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਪ੍ਰਗਤੀ ਸਦਨ ਨੇ ਸਾਰੇ ਸਦਨਾਂ ਦੇ ਵਿਦਿਆਰਥੀਆਂ ਨੂੰ ਹਰਾਕੇ ਆਪਣੀ ਛਾਪ ਛੱਡੀ। ਸਾਰੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਅੰਤ ਵਿੱਚ ਸਕੂਲ ਡਾਇਰੈਕਟਰ ਡਾ. ਵਰੁਣ ਜੈਨ ਨੇ ਸਾਰਿਆਂ ਨੂੰ ਜਨਮ ਅਸ਼ਟਮੀ ਦੇ ਮੌਕੇ 'ਤੇ ਵਧਾਈ ਦਿੱਤੀ ਤੇ ਕਾਰਜਕ੍ਰਮ ਦੀ ਸਮਾਪਤੀ ਕੀਤੀ।

## ਦ ਮਿਲੇਨੀਅਮ ਸੀਨੀ. ਸੈਕੰ. ਸਕੂਲ 'ਚ ਜਨਮ ਅਸ਼ਟਮੀ ਤੇ ਆਜ਼ਾਦੀ ਦਿਹਾੜਾ ਮਨਾਇਆ



ਬਟਾਲਾ, 18 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਜਲੰਧਰ ਰੋਡ ਉੱਪਰ ਸਥਿਤ ਦ ਮਿਲੇਨੀਅਮ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ 79ਵਾਂ ਆਜ਼ਾਦੀ ਦਿਹਾੜਾ ਤੇ ਜਨਮ ਅਸ਼ਟਮੀ ਦਾ ਤਿਉਹਾਰ ਬਹੁਤ ਉਤਸਾਹ, ਸ਼ਰਧਾ ਤੇ ਦੇਸ਼ ਭਗਤੀ ਦੇ ਮਾਹੌਲ ਵਿੱਚ ਮਨਾਇਆ ਗਿਆ। ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਹਾਜ਼ਰੀ ਨੇ ਇਸ ਮੌਕੇ ਨੂੰ ਹੋਰ ਵੀ ਵਿਸ਼ੇਸ਼ ਬਣਾ ਦਿੱਤਾ। ਸਮਾਗਮ ਦੀ ਸ਼ੁਰੂਆਤ ਸਕੂਲ ਨਿਰਦੇਸ਼ਕ ਵਰੁਣ ਖੋਸਲਾ ਤੇ ਡਾਇਰੈਕਟਰ ਪਾਇਲ ਖੋਸਲਾ ਵੱਲੋਂ ਝੰਡਾ ਲਹਿਰਾਉਣ ਨਾਲ ਹੋਈ। ਸਾਰਿਆਂ ਨੇ ਮਾਣ ਨਾਲ ਰਾਸ਼ਟਰੀ ਗੀਤ ਗਾ ਕੇ ਦੇਸ਼ ਪ੍ਰਤੀ ਸਤਿਕਾਰ ਤੇ ਗਰਵ ਦੀ ਭਾਵਨਾ ਪ੍ਰਗਟਾਈ। ਵਿਦਿਆਰਥੀਆਂ ਵੱਲੋਂ ਆਜ਼ਾਦੀ ਦਿਵਸ ਨਾਚ ਪ੍ਰੇਰਣਾ ਦਾ ਇੱਕ ਨਾਟਕ ਰਿਬਨ ਡਾਂਸ ਭੰਗੜਾ ਗਿੱਧਾ ਆਦਿ ਸ਼ਾਮਲ ਸਨ। ਇਨ੍ਹਾਂ ਪ੍ਰਸਤੁਤੀਆਂ ਨੇ ਭਾਰਤੀ ਸੰਸਕ੍ਰਿਤ ਦੀ ਏਕਤਾ, ਹਿੰਮਤ ਤੇ ਤਿਆਗ ਦੀ ਭਾਵਨਾ ਨੂੰ ਸੁੰਦਰ ਢੰਗ ਨਾਲ ਪ੍ਰਗਟਾਇਆ। ਜਨਮ ਅਸ਼ਟਮੀ ਸਮਾਗਮ ਲਈ ਭਗਤੀ ਨਾਲ ਭਰੀਆਂ ਪ੍ਰਸਤੁਤੀਆਂ ਪੇਸ਼ ਕੀਤੀਆਂ ਗਈਆਂ। ਮਨਮੋਹਕ ਜਨਮ ਅਸ਼ਟਮੀ ਨਾਚ ਤੇ ਮਿੱਠੇ ਭਜਨਾਂ ਨੇ ਸਭ ਦਾ ਮਨ ਮੋਹ ਲਿਆ। ਛੋਟੇ ਬੱਚਿਆਂ ਨੇ ਕ੍ਰਿਸ਼ਨ ਤੇ ਰਾਧਾ ਜੀ ਦੇ ਰੂਪ ਵਿੱਚ ਸੱਜ ਕੇ ਸਭ ਨੂੰ ਆਪਣੀ ਵੱਲ ਆਕਰਸ਼ਿਤ ਕੀਤਾ। ਇਸ ਮੌਕੇ 'ਤੇ ਨਿਰਦੇਸ਼ਕ ਵਰਣ ਖੋਸਲਾ, ਪਾਇਲ ਖੋਸਲਾ ਨੇ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਆਜ਼ਾਦੀ, ਜ਼ਿੰਮੇਵਾਰੀ ਤੇ ਭਗਤੀ ਦੇ ਦਰਸ਼ਨ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਗੁਰਮੀਤ ਸਿੰਘ ਨੇ ਵਿਦਿਆਰਥੀਆਂ ਦੀ ਉਤਸ਼ਾਹ ਪੂਰਨ ਭਾਗੀਦਾਰੀ ਦੀ ਸਰਾਹਨਾ ਕੀਤੀ ਤੇ ਕਿਹਾ ਕਿ ਸਾਨੂੰ ਰਾਸ਼ਟਰੀ ਗਰਵ ਦੇ ਨਾਲ-ਨਾਲ ਆਪਣੀ ਸੱਭਿਆਚਾਰਕ ਧਰੋਹਰ ਨੂੰ ਵੀ ਸੰਭਾਲਣਾ ਚਾਹੀਦਾ ਹੈ। ਸਾਰਾ ਸਕੂਲ ਦੇਸ਼ ਭਗਤੀ ਤੇ ਕ੍ਰਿਸ਼ਨ ਭਗਤੀ ਦੀਆਂ ਭਾਵਨਾਵਾਂ ਨਾਲ ਰੰਗਿਆ ਰਿਹਾ, ਜਿਸ ਨੇ ਸਭ ਦੇ ਦਿਲਾਂ ਨੂੰ ਉਤਸ਼ਾਹ ਤੇ ਖੁਸ਼ੀ ਨਾਲ ਭਰ ਦਿੱਤਾ।

# ਸਿਰਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Sh. Suresh Kumar, Civil Judge (Junior Division), Bholath**
CS-172/2025
CNR No. PBKPC0-000207-2025
Next Date: 04.09.2025
Rajwinder Singh and Anr
Versus
General Public and OrRs.
Notice to: General Public.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 04.09.2025 at 10:00 A.M.
For details logon to https://highcourtchd.gov.in/?trs=district_notice&district=Kapurthala.
Dated, this day of 30-07-2025
**Sd/- Civil Judge (Jr. Divn.), Bholath.**

---

(U/o 5 Rule 20 CPC)
**In the Court of Ms. Neelam Arora, Additional District and Sessions Judge-1, Ferozepur.**
CNR No. PBFZ01-001592-2019
Next Date: 04.09.2025
Punjab State Civil Supplies Corporation Ltd.
Versus
Ramesh Kumar, Public Distribution Clerk, Punsup.
Notice to: 1) Ramesh Kumar, Public Distribution Clerk, PUNSUP. Ferozepur now under suspension C/o District Manager, PUNSUP, Ferozepur, 2) Harcharan Singh, F.O. PUNSUP now C/o District Manager, PUNSUP, Patiala.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 04.09.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 14-08-2025
**Sd/- Addl. Distt. & Sessions Judge-1, Ferozepur.**

---

(U/o 5 Rule 20 CPC)
**In the Court of Ms. Jaspreet Kaur, Civil Judge (Junior Division), Mansa.**
CNR No. PBMN02-000330-2025
Next Date: 04.09.2025
Suresh Kumar
Vs.
Dalvir Singh
Notice to: 1. Dalvir Singh S/o Malkit Singh S/o Labh Singh, R/o Badrukh, Tehsil and Distt. Sangrur, 2. Kushwinder Kaur Spouse: Sukhwinder Singh, R/o Badrukh, Tehsil and District Sangrur.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 04.09.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 05-08-2025
**Sd/- Civil Judge (Jr. Divn.), Mansa.**

---

(W/o 5 Rule 20 CPC)
**In the Court of Ms. Gurjit Kaur Dhillon, Civil Judge (Senior Division), Fatehgarh Sahib.**
CNR No. PBFG02-000149-2021
Next Date: 04.09.2025
Baljit Singh
Versus
Rajbir Kaur
Notice to: 1. Satinder Kaur D/o Late Sh. Gulab Singh, R/o Village Pehar Khurd, Tehsil Rajpura, District Patiala, 2. Manpreet Kaur W/o Sh. Ravel Singh (M/o Sh. Gulab Singh), R/o Village Pehar Khurd, Tehsil Rajpura, District Patiala.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 04.09.2025 at 10:00 A.M.
For details logon to https://highcourtchd.gov.in/?trs=district_notice&district=fatehgarh Sahib.
Dated, this day of 31-07-2025
**Sd/- Civil Judge (Sr. Divn.), Fatehgarh Sahib.**

---

(U/o 5 Rule 20 CPC)
**In the Court of Ms. Jaspreet Kaur Simak, Additional Civil Judge (Senior Division), Dasuya.**
CNR No. PBHOA0-000571-2022
Next Date: 04.09.2025
Joginder Singh S/o Late Swaran Singh S/o Kirpa Singh R/o Hakam Singh Permanent R/o Village Pandher Tehsil Dasuya, District Hoshiarpur at Present R/o At Ward No. 8, Keharwali, Tehsil And Police Station Dasuya District Hoshiarpur.
Versus
Surinder Singh S/o Swaran Singh S/o Kirpa Singh, R/o Village Pandher, Tehsil Dasuya, District Hoshiarpur etc.
**Suit for Declaration**
Notice to: Harjot Singh S/o Joginder Kaur D/o Swaran Singh, Village Dallewal, Near Kang Nai, Tehsil and District Hoshiarpur.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 04.09.2025 at 10:00 A.M.
For details logon to https://highcourtchd.gov.in/?mod=district_notice&district=hoshiarpur.
Dated, this day of 18-07-2025
**Sd/- Addl. Civil Judge (Sr. Divn.), Dasuya.**

---

**In the Court of Sh. Randeep Kumar, PCS, Civil Judge (Jr. Divn.), Batala.**
CS/980/2024
CNR No. PBGDA0001367-2024
Next Date: 03.09.2025
PNB Ghoman
Vs.
Dalbir Kaur
**Nature: Suit for Recovery.**
Notice to: Defendants: 1. Dalbir Kaur W/o Balwant Singh, R/o China Viran, Teh. Batala, District Gurdaspur.
In above titled petition the respondent(s) could not be served. It is ordered that respondent(s) should appear in person or through counsel on 03.09.2025 at 10:00 A.M.
For details logon to www.highcourtchd.gov.in/?trs=district_notice&district=gurdaspur.
Given under my hand and the seal of the Court this, 14.08.2025.
**Sd/- Civil Judge (Jr. Divn.), Batala.**

## ਬੇਦਖਲੀ ਸੂਚਨਾ

ਮੈਂ, ਬਹਾਦਰ ਸਿੰਘ ਪੁੱਤਰ ਕਰਤਾਰ ਸਿੰਘ ਪਿੰਡ [illegible] ਤਹਿਸੀਲ ਅਮਲੋਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਆਪਣੀ ਲੜਕੀ [illegible] ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸਬੰਧ ਨਹੀਂ ਰਿਹਾ। ਸਾਰੇ ਨੋਟ ਕਰਨ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਨ੍ਹਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਜਾਂਚ ਕਰ ਲੈਣ।
-ਇਸ਼ਤਿਹਾਰ ਮੈਨੇਜਰ

---

**In the Court of Ms. Neelam, Judicial Magistrate Ist Class, Amritsar.**
CNR No. PBAS030059202023
Next Date: 03.09.2025
Nact/1082/2023
M/s Shri Ram Finance Ltd Earlier Known as M/s Shri Ram Transport Finance Co. Ltd. A Company Duly Registered Under The Companies Registration Act Having Registered Office at Mokambika Complex, 3rd Floor, No. 4, Lady De-Sika Road, Mylapore, Chennai-600004 And Branch Office At New Amritsar Branch, Amritsar. Through Its Authorized Representative Shakti Khurana.
....Complainant
Vs.
Deepak
**U/s 138 Negotiable Instruments Act.**
Notice to: Deepak R/o H.No. 261/E, Ward No. 32, Mohalla Bazari Company, Gurdaspur, Pathankot.
....Accused
Whereas complaint has been made before me that the above said accused has committed (or) suspected to have committed the offence punishable under section 138 of Negotiable In-strument Act and it has been returned to warrant of arrest thereupon issued that the said ac-cused cannot be found and whereas it has been shown to my satisfaction that the said accused has absconded (or is concealing himself to avoid the service of the said warrant).
Proclamation is hereby made that the said accused is required to appear before this Court (or before me) to answer the said complaint on 03.09.2025
For details logon to https://highcourtchd.gov.in/?trs=district_notice&district=amritsar.
**Sd/- JMIC, Amritsar.**

---

**In the Court of Ms. Neelam, Judicial Magistrate Ist Class, Amritsar.**
CNR No. PBAS030059322023
Next Date: 03.09.2025
Nact/1075/2023
M/s Shri Ram Finance Ltd Earlier Known as M/s Shri Ram Transport Finance Co. Ltd. A Company Duly Registered Under The Companies Registration Act Having Registered Office at Mokambika Complex, 3rd Floor, No. 4, Lady De-Sika Road, Mylapore, Chennai-600004 And Branch Office At New Amritsar Branch, Amritsar. Through Its Authorized Representative Shakti Khurana.
....Complainant
Vs.
Basant Kumar
**U/s 138 Negotiable Instruments Act.**
Notice to: Basant Kumar, Ward No. 21, Near Railway Station, Truck Union, Kathua, Jammu. ....Accused
Whereas complaint has been made before me that the above said accused has committed (or) suspected to have committed the offence punishable under section 138 of Negotiable In-strument Act and it has been returned to warrant of arrest thereupon issued that the said ac-cused cannot be found and whereas it has been shown to my satisfaction that the said accused has absconded (or is concealing himself to avoid the service of the said warrant).
Proclamation is hereby made that the said accused is required to appear before this Court (or before me) to answer the said complaint on 03.09.2025
For details logon to https://highcourtchd.gov.in/?trs=district_notice&district=amritsar.
**Sd/- JMIC, Amritsar.**

---

(U/o 5 Rule 20 CPC)
**In the Court of Dr. Ambika Sharma, Civil Judge Jr. Div., Chandigarh**
CNR No. CHCH02-000783-2020
Next Date: 05.09.2025
Andhra Bank
Versus
Siddarth Marble
Notice to: 1) Siddarth Marble: through Sh. Gulshan Bajaj, Near KFC, Ambala Chandigarh Highway, Zirakpur, 2) Gulshan Bajaj Father: Nanak Chand, H.No. D/146, Bollywood Heights-2, Peermuchalla, Zirakpur.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 05.09.2025 at 10:00 A.M.
For details logon to https://highcourtchd.gov.in/?trs=district_notice&district=Chandigarh.
Dated, this day of 09-07-2025
**Sd/- Civil Judge Jr. Div., Chandigarh.**

---

(U/o 5 Rule 20 CPC)
**In the Court of Ms. Srijan Shukla, Civil Judge Junior Division-14, Jalandhar.**
CS/1851/2023
CNR No. PBJL02-002641-2023
Next Date: 04.09.2025
Divya Narula
Versus
Arun Walia
suit for possession of property as prayed for suit for grant of decree of permanent injunction as prayed for
Notice to: Harnam Singh, Gurcharan Singh, Amarjit Singh, Kaushalya Devi, Sushil Kaur, Father: Uttam Singh, R/O H.NO. 23-A, New Punjabi Mata Nagar, Pakhowal Road, Ludhiana, Kartar Singh S/o Uttam Singh, since deceased through his Lrs., I. Surjit Kaur, II. Ravinder Kaur, III. Paramjit Kaur, R/O E.F. 174, Pucca Bagh, Jalandhar, Tripat Kaur, Father: Uttam Singh, R/o Cool Road, Near Kidney Hospital, Jalandhar, Kewal Krishan, Ramesh Kumar, Naresh Kumar, Pushpa, Asha Rani, Savita Father: Rakha Ram, R/o Ram Nivas, Opp. Commissioner Office, Jalandhar
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 04.09.2025 at 10:00 A.M.
For details logon to https://highcourtchd.gov.in/?mod=district_notice&district=Jalandhar.
**Sd/- Civil Judge Jr. Div.-14, Jalandhar.**

## ਬੇਦਖਲੀ ਸੂਚਨਾ

ਮੈਂ, ਬ੍ਰਿਜ ਮੋਹਨ ਬਤਰਾ ਪੁੱਤਰ ਸ੍ਰੀ [illegible] ਵਾਸੀ ਮਕਾਨ ਨੰ. 168 ਗਲੀ ਨੰ. 1ਏ/13 ਗੁਰੂ ਨਾਨਕ ਨਗਰ, ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ [illegible] ਅਤੇ ਉਸਦੀ ਪਤਨੀ [illegible] ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਜੇਕਰ ਕੋਈ ਵਿਅਕਤੀ ਇਨ੍ਹਾਂ ਨਾਲ ਕਿਸੇ ਵੀ ਪ੍ਰਕਾਰ ਦਾ ਲੈਣ-ਦੇਣ ਕਰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿਚ ਮੇਰਾ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦਾ ਕੋਈ ਲੈਣਾ-ਦੇਣਾ ਨਹੀਂ ਹੋਵੇਗਾ।

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ 'ਚ ਰਹੋ**

---

(U/o 5 Rule 20 CPC)
**In the Court of Ms. Surinder Pal Kaur, Additional District and Sessions Judge, Bathinda.**
LAC/56/2022
CNR No. PBBT01-006575-2022
Next Date: 04.09.2025
Karam Singh
Versus
Madan Gopal
Notice to: 6. Jaswant Singh Khosa S/o Mehnga Singh S/o Roor Singh Vill. Jhandewala, Distt. Moga, 15. Jasvir Kaur D/o Milkhi Singh R/o Gurusar Sehne Wala, Teh. & Distt. Bathinda, 16. Kulwant Kaur D/o Milkhi Singh, R/o Gurusar Sehne Wala, Teh. & Distt. Bathinda, 41. Sohan Singh S/o Manjit Kaur W/o Gurdip Singh, R/o Gurusar Sehne Wala, Teh. & Distt. Bathinda, 42. Parminder Singh S/o Kulwamt Kaur W/o Jaskaran Singh, R/o Gurusar Sehne Wala, Teh. & Distt. Bathinda, 43. Jaspreet Kaur D/o Malkit Singh S/o Ganda Singh, R/o Gurusar Sehne Wala, Teh. & Distt. Bathinda, 48. Khushpreet Kaur D/o Gurtej Singh, S/o Kartar Singh, R/o Gurusar Sehne Wala, Teh. & Distt. Bathinda, 52. Manpreet Kaur, D/o Gurtej Singh S/o Kartar Singh, R/o Gurusar Sehne Wala, Teh. & Distt. Bathinda.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 04.09.2025 at 10:00 A.M.
For details logon to https://highcourtchd.gov.in/?mod=district_notice&district=Bathinda.
Dated, this day of 04-08-2025
**Sd/- Addl. Distt. & Sessions Judge, Bathinda.**

---

(U/o 5 Rule 20 CPC)
**In the Court of Sh. Amit Kumar Garg, Additional District and Sessions Judge, Hoshiarpur.**
CNR No. PBHO01-008224-2021
Next Date: 05.09.2025
1) Jaswinder Kaur D/o Chano @Chanan Kaur D/o Roda @ Rura Ram, R/o Village Garhi Mato, Tehsil Garhshankar, District Hoshiarpur, 2) Jagdish Lal S/o Chano @Chanan Kaur daughter of Roda @ Rura Ram R/o Village Garhi Mato, Tehsil Garhshankar, District Hoshiarpur, 3) Nirmala Singh @Nirmal kaur @ Nirmala Devi daughter of Chano @Chanan Kaur daughter of Roda @ Rura Ram R/o Village, Garhi Mato, Tehsil Garhshankar, District Hoshiarpur ...Appellants
Versus
1) Paramjit Kaur D/o Chano @Chanan Kaur daughter of Roda @ Rura Ram R/o Mohalla Santokh Nagar, Gali No. 1, Ward No. 12, Garhshankar, District Hoshiarpur, 2) Rattan Lal S/o Chano @Chanan Kaur daughter of Roda @ Rura Ram R/o Village Garhi Mato, Tehsil Garhshankar, District Hoshiarpur (now deceased) through his legal heirs: (a) Mohit Kumar s/o Rattan Lal R/o Mohalla Santokh Nagar, Gali No.1, Ward No.12, Garhshankar, District Hoshiarpur, (b) Kalpana @ Komal daughter of Rattan Lal R/o Bhagwan Dass Colony, Rahon, District SBS Nagar (Nawanshahr)
...Respondents
**Appeal against judgement and decree dated 08.11.2020 passed by Ms. Navreet Kaur, CJJD, Garhshankar.**
Notice to: 2) Rattan Lal S/o Chano @Chanan Kaur daughter of Roda @ Rura Ram R/o Village Garhi Mato, Tehsil Garhshankar, District Hoshiarpur (now deceased) through his legal heirs: (a) Mohit Kumar s/o Rattan Lal R/o Mohalla Santokh Nagar, Gali No.1, Ward No.12, Garhshankar, District Hoshiarpur, (b) Kalpana @ Komal daughter of Rattan Lal R/o Bhagwan Dass Colony, Rahon, District SBS Nagar (Nawanshahr)
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 05.09.2025 at 10:00 A.M.
For details logon to https://highcourtchd.gov.in/?trs=district_notice&district=Hoshiarpur.
Dated, this day of 03.08.2025
**Sd/- Addl. District & Sessions Judge, Hoshiarpur.**

## ਫੌਜ, ਨੀਮ ਫੌਜੀ ਬਲਾਂ ਅਤੇ ਪੁਲਿਸ ਵਿਚ ਭਰਤੀ ਹੋਣ ਲਈ ਸਿਖਲਾਈ ਕੋਰਸ

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ (ਰਿਟਾ.) ਨੇ ਦੱਸਿਆ ਕਿ ਵਿਭਾਗ ਦੇ ਪ੍ਰੀ-ਰਿਕਰੂਟਮੈਂਟ ਸੈਂਟਰ ਵਿਖੇ ਫੌਜ ਅਤੇ ਨੀਮ ਫੌਜੀ ਬਲਾਂ ਵਿਚ ਭਰਤੀ ਹੋਣ ਲਈ ਕੇਵਲ ਪੰਜਾਬ ਦੇ ਬੱਚਿਆਂ ਲਈ ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਕੋਰਸ ਮਿਤੀ 25.08.2025 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਜਿਸ ਦਾ ਮਕਸਦ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਬਾਕੀ ਸ਼੍ਰੇਣੀਆਂ ਦੇ ਬੱਚਿਆਂ ਨੂੰ ਫੌਜ, ਨੀਮ ਫੌਜੀ ਬਲਾਂ ਅਤੇ ਪੁਲਿਸ ਵਿਚ ਭਰਤੀ ਹੋਣ ਲਈ ਮੁਫ਼ਤ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਹ ਕੋਰਸ 45 ਦਿਨ ਦਾ ਹੋਵੇਗਾ। ਜਿਸ ਦੌਰਾਨ ਵਿਦਿਆਰਥੀਆਂ ਨੂੰ ਸਰੀਰਕ ਤੌਰ 'ਤੇ ਭਰਤੀ ਹੋਣ ਲਈ ਲੋੜੀਂਦੇ ਮਿਆਰ ਲਈ ਤਿਆਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਲਿਖਤੀ ਇਮਤਿਹਾਨ ਦੀ ਤਿਆਰੀ ਵੀ ਕਰਵਾਈ ਜਾਵੇਗੀ। ਫੌਜ ਵਿਚ ਸਿਪਾਹੀ ਦੀ ਭਰਤੀ ਲਈ ਉਮੀਦਵਾਰ ਦੀ ਉਮਰ 17-1/2 ਤੋਂ 21 ਸਾਲ ਅਤੇ ਕੱਦ 170 ਸੈਂਟੀਮੀਟਰ, ਛਾਤੀ 77 ਤੋਂ 82 ਸੈਂਟੀਮੀਟਰ ਅਤੇ ਵਜ਼ਨ 50 ਕਿਲੋ ਹੋਣਾ ਚਾਹੀਦਾ ਹੈ ਅਤੇ ਉਮੀਦਵਾਰ ਦਸਵੀਂ ਕਲਾਸ ਵਿਚ ਕੁੱਲ 45% ਅਤੇ ਹਰੇਕ ਵਿਸ਼ੇ ਵਿਚ 33% ਨੰਬਰਾਂ ਨਾਲ ਪਾਸ ਹੋਣਾ ਜ਼ਰੂਰੀ ਹੈ। ਕਲਰਕ/ਐਸ.ਕੇ.ਟੀ. ਦੀ ਭਰਤੀ ਲਈ ਉਮੀਦਵਾਰ ਦੀ ਉਮਰ 17-1/2 ਤੋਂ 21 ਸਾਲ ਦੇ ਵਿਚਕਾਰ ਅਤੇ ਕੱਦ ਘੱਟ ਤੋਂ ਘੱਟ 162 ਸੈਂਟੀਮੀਟਰ ਹੋਣਾ ਚਾਹੀਦਾ ਹੈ ਅਤੇ ਗਣਿਤ/ਅਕਾਊਂਟਿੰਗ/ਬੁੱਕ ਕੀਪਿੰਗ ਵਿਸ਼ਿਆਂ ਵਿਚ 50% ਨੰਬਰਾਂ ਨਾਲ ਪਾਸ ਹੋਣਾ ਜ਼ਰੂਰੀ ਹੈ। ਚਾਹਵਾਨ ਉਮੀਦਵਾਰ ਆਪਣੇ ਪੜ੍ਹਾਈ ਦੇ ਸਰਟੀਫਿਕੇਟ, ਪਾਸਪੋਰਟ ਸਾਈਜ਼ ਫੋਟੋ, ਡਿਸਚਾਰਜ ਬੁੱਕ (ਕੇਵਲ ਸਾਬਕਾ ਸੈਨਿਕਾਂ ਦੇ ਬੱਚਿਆਂ ਲਈ) ਅਤੇ ਐਸ.ਸੀ. ਜਾਤੀ ਦੇ ਉਮੀਦਵਾਰ ਆਪਣਾ ਜਾਤੀ ਦਾ ਸਰਟੀਫਿਕੇਟ ਨਾਲ ਲੈ ਕੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਪਟਿਆਲਾ ਨੇੜੇ ਰੇਲਵੇ ਸਟੇਸ਼ਨ, ਵਿਖੇ ਆਪਣੇ ਨਾਮ ਦੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਹੈ ਕਿ ਪਟਿਆਲਾ ਜ਼ਿਲ੍ਹੇ ਦੇ ਉਮੀਦਵਾਰ ਹੀ ਇਸ ਟ੍ਰੇਨਿੰਗ ਵਿਚ ਭਾਗ ਲੈ ਸਕਦੇ ਹਨ। ਪ੍ਰੀ-ਰਿਕਰੂਟਮੈਂਟ ਸੈਂਟਰ ਸਿਖਲਾਈ ਲਈ ਇਕ ਆਲ ਵੇਦਰ ਟਰੇਨਿੰਗ ਸੈਂਟਰ ਹੈ ਜਿਸ ਵਿਚ ਸਾਰਾ ਸਮਾਨ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਫੋਨ ਨੰ. 0175-2361188, 94175-48204 'ਤੇ ਕਿਸੇ ਵੀ ਕੰਮ ਕਾਜ ਵਾਲੇ ਦਿਨ ਸੰਪਰਕ ਕਰ ਸਕਦੇ ਹਨ।

ਮਿਤੀ : 18 ਅਗਸਤ, 2025
ਸਹੀ/- ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ, ਪਟਿਆਲਾ।

## ਨਾਮ ਸਬੰਧੀ ਸੂਚਨਾ

ਮੈਂ, ਬਲਜਿੰਦਰ ਕੌਰ (ਆਧਾਰ ਕਾਰਡ ਨੰ: 4569 9769 5573) ਪਤਨੀ ਸ੍ਰੀ ਹਰਪ੍ਰੀਤ ਸਿੰਘ ਵਾਸੀ ਮਕਾਨ ਨੰ: 1004, ਗੁਰਬਖ਼ਸ਼ ਕਲੋਨੀ, ਪਟਿਆਲਾ ਹਾਲ ਅਬਾਦ ਮਕਾਨ ਨੰਬਰ 421, ਗਲੀ ਨੰ: 3, ਤ੍ਰਿਪੜੀ ਪਟਿਆਲਾ ਬਿਆਨ ਕਰਦੀ ਹਾਂ ਕਿ ਮੇਰੇ [illegible] ਵਿਚ ਮੇਰਾ ਨਾਮ ਬਲਵਿੰਦਰ ਕੌਰ ਲਿਖਿਆ ਹੋਇਆ ਹੈ ਜਦਕਿ ਮੇਰਾ ਅਸਲ ਨਾਮ ਬਲਜਿੰਦਰ ਕੌਰ ਹੈ। ਬਲਜਿੰਦਰ ਕੌਰ ਅਤੇ ਬਲਵਿੰਦਰ ਕੌਰ ਦੋਨੋਂ ਨਾਮ ਮੇਰੇ ਹਨ। ਮੈਨੂੰ ਦੋਨੋਂ ਨਾਮਾਂ ਨਾਲ ਜਾਣਿਆ ਜਾਂਦਾ ਹੈ।

# ਭਾਜਪਾ ਦੇ ਕੌਮੀ ਬੁਲਾਰੇ ਵੱਲੋਂ ਸਿੱਖ ਸਰਪੰਚ ਨਾਲ ਲਾਲ ਕਿਲ੍ਹੇ 'ਤੇ ਹੋਏ ਗ਼ਲਤ ਵਿਵਹਾਰ ਬਾਰੇ ਦਿੱਲੀ ਦੇ ਸੰਯੁਕਤ ਕਮਿਸ਼ਨਰ ਪੁਲਿਸ ਨਾਲ ਮੁਲਾਕਾਤ

ਚੰਡੀਗੜ੍ਹ, 18 ਅਗਸਤ (ਹਰਦੀਪ ਕੌਰ): ਪੰਜਾਬ (ਨਾਭਾ) ਦੇ ਪਿੰਡ ਕਲਸਾਣਾ ਦੇ ਸਰਪੰਚ ਸਰਦਾਰ ਗੁਰਧਿਆਨ ਸਿੰਘ ਨਾਲ 15 ਅਗਸਤ 2025 ਨੂੰ ਲਾਲ ਕਿਲ੍ਹੇ 'ਤੇ ਸੁਤੰਤਰਤਾ ਦਿਵਸ ਸਮਾਰੋਹ ਵਿੱਚ ਸ਼ਾਮਲ ਹੋਣ ਤੋਂ ਰੋਕਣ ਬਾਰੇ, ਸਾਬਕਾ ਵਿਧਾਇਕ ਅਤੇ ਭਾਜਪਾ ਦੇ ਕੌਮੀ ਬੁਲਾਰੇ ਸਰਦਾਰ ਆਰ.ਪੀ. ਸਿੰਘ ਨੇ ਅੱਜ ਦਿੱਲੀ ਦੇ ਸੰਯੁਕਤ ਕਮਿਸ਼ਨਰ ਪੁਲਿਸ (ਕੇਂਦਰੀ ਰੇਂਜ), ਮਧੁਰ ਵਰਮਾ, ਨਾਲ ਮੁਲਾਕਾਤ ਕੀਤੀ ਅਤੇ ਏ.ਸੀ.ਪੀ. ਸ਼ਸ਼ੀ ਕਾਂਤ ਗੌੜ ਦੇ ਖਿਲਾਫ਼ ਇੱਕ ਸ਼ਿਕਾਇਤ ਦਿੱਤੀ। ਇਹ ਕਾਰਵਾਈ ਉਸ ਸਮੇਂ ਕੀਤੀ ਗਈ ਸੀ ਜਦ ਸਰਪੰਚ ਕੋਲ ਭਾਰਤ ਸਰਕਾਰ ਵੱਲੋਂ ਜਾਰੀ ਕੀਤਾ ਗਈ ਇੱਕ ਵੈਧ ਅਧਿਕਾਰਤ ਸੱਦਾ-ਪੱਤਰ (ਪੱਤਰ ਨੰਬਰ 499) ਸੀ।



ਆਪਣੀ ਸ਼ਿਕਾਇਤ ਵਿੱਚ, ਆਰ.ਪੀ. ਸਿੰਘ ਨੇ ਜ਼ੋਰ ਦਿੱਤਾ ਕਿ ਸਰਪੰਚ ਨੂੰ ਸਿਰਫ਼ ਇਸ ਆਧਾਰ 'ਤੇ ਦਾਖ਼ਲ ਹੋਣ ਤੋਂ ਰੋਕਿਆ ਗਿਆ ਕਿਉਂਕਿ ਉਹ ਸ੍ਰੀ ਸਾਹਿਬ (ਕਿਰਪਾਨ) ਲੈ ਕੇ ਜਾ ਰਿਹਾ ਸੀ, ਜੋ ਸਿੱਖ ਧਰਮ ਦੀ ਇੱਕ ਪਵਿੱਤਰ ਵਸਤੂ ਹੈ, ਜੋ ਸਿੱਖ ਪਛਾਣ ਨਾਲ ਅਭਿੰਨ ਹੈ ਅਤੇ ਸੰਵਿਧਾਨ ਦੇ ਅਨੁਛੇਦ 25 ਅਧੀਨ ਸੁਰੱਖਿਅਤ ਹੈ। ਇਸ ਕਾਰਵਾਈ ਨੇ ਨਾ ਸਿਰਫ਼ ਸਿੱਖ ਸਮਾਜ ਦਾ ਅਪਮਾਨ ਕੀਤਾ, ਸਗੋਂ ਇਹ ਆਪਣੇ ਫਰਜ਼ ਤੋਂ ਪਲੇਟੀ ਕਰਨ ਦੇ ਬਰਾਬਰ ਵੀ ਸੀ, ਜਿਸ ਨਾਲ ਦਿੱਲੀ ਪੁਲਿਸ ਦੀ ਬਦਨਾਮੀ ਹੋਈ।

ਮੁਲਾਕਾਤ ਦੌਰਾਨ, ਸੰਯੁਕਤ ਕਮਿਸ਼ਨਰ ਪੁਲਿਸ ਮਧੁਰ ਵਰਮਾ ਨੇ ਸਰਪੰਚ ਗੁਰਧਿਆਨ ਸਿੰਘ ਨਾਲ ਇੱਕ ਵੀਡੀਓ ਕਾਲ ਕੀਤੀ, ਇਸ ਘਟਨਾ ਲਈ ਆਪਣਾ ਦੁੱਖ ਪ੍ਰਗਟ ਕੀਤਾ, ਅਤੇ ਪੁਸ਼ਟੀ ਕੀਤੀ ਕਿ ਸੰਬੰਧਿਤ ਅਧਿਕਾਰੀ ਦੇ ਖਿਲਾਫ਼ ਇਸ ਪ੍ਰਕਰਣ ਵਿੱਚ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਨੇ ਸਰਪੰਚ ਨੂੰ ਨਿੱਜੀ ਮੁਲਾਕਾਤ ਲਈ ਵੀ ਸੱਦਾ ਦਿੱਤਾ। ਆਰ.ਪੀ. ਸਿੰਘ ਨੇ ਦਿੱਲੀ ਪੁਲਿਸ ਦੇ ਇਸ ਜਵਾਬਦੇਹੀ ਭਰੇ ਰਵੱਈਏ ਦਾ ਸਵਾਗਤ ਕੀਤਾ, ਪਰੰਤੂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸਿੱਖ ਸਮਾਜ ਦੇ ਸੰਵਿਧਾਨਕ ਅਤੇ ਧਾਰਮਿਕ ਅਧਿਕਾਰਾਂ ਦੀ ਪੂਰੀ ਰੱਖਿਆ ਕਰਨ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

## SBI ਸਟੇਟ ਬੈਂਕ ਆਫ ਇੰਡੀਆ

**ਐਚਐਲਸੀ ਹੁਸ਼ਿਆਰਪੁਰ**

**[ਨਿਯਮ 8 (1)] ਕਬਜ਼ਾ ਸੂਚਨਾ, (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ, ਐਚਐਲਸੀ ਹੁਸ਼ਿਆਰਪੁਰ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ(ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ **ਮੰਗ ਸੂਚਨਾ** ਜਾਰੀ ਕੀਤੀ ਸੀ।

ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ(ਾਂ)/ ਜ਼ਾਮਨ(ਾਂ) ਦਾ ਨਾਮ | ਚੱਲ/ਅਚੱਲ ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ਾ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਕਰਜ਼ਦਾਰ (ਾਂ) :- 1. ਸ੍ਰੀ ਗੁਰਤੇਜ ਸਿੰਘ** ਸਪੁੱਤਰ ਸ੍ਰੀ ਗੁਰਨਾਮ ਸਿੰਘ 2. ਗੁਰਭੇਜ ਸਿੰਘ ਸਪੁੱਤਰ ਸ੍ਰੀ ਗੁਰਨਾਮ ਸਿੰਘ, ਵਾਸੀ ਪਿੰਡ ਡਾਕਖਾਨਾ ਘੋਗੜਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ | ਜਾਇਦਾਦ ਦਾ ਸਾਰਾ ਹਿੱਸਾ ਅਤੇ ਪਾਰਸਲ 1 ਕਨਾਲ, 1 ਮਰਲਾ ਕੁੱਲ 8 ਕਨਾਲ, 14 ਮਰਲੇ ਜ਼ਮੀਨ ਵਿੱਚੋਂ 21/174 ਹਿੱਸਾ ਹੈ, ਜੋ ਕਿ ਖੇਵਟ ਨੰਬਰ 497, ਖਤੌਨੀ ਨੰਬਰ 554, ਖਸਰਾ ਨੰਬਰ 34//4(8-14) ਵਿੱਚ ਸਾਲ 2015-16 ਦੀ ਜਮ੍ਹਾਂਬੰਦੀ ਅਨੁਸਾਰ ਸ਼ਾਮਲ ਹੈ, ਪਿੰਡ ਘੋਗੜਾ, ਹੱਦਬਸਟ ਨੰਬਰ 183, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਹੈ, ਸ੍ਰੀ ਗੁਰਤੇਜ ਸਿੰਘ ਪੁੱਤਰ ਸ੍ਰੀ ਗੁਰਨਾਮ ਸਿੰਘ ਦੇ ਨਾਮ 'ਤੇ, ਮਿਤੀ 20.07.2017 ਨੂੰ ਵਸੀਕਾ ਨੰਬਰ 765 ਦੁਆਰਾ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ: ਗਲੀ 11' ਚੌੜੀ, ਪੱਛਮ: ਸ੍ਰੀ ਤਾਰਾ ਸਿੰਘ ਅਤੇ ਬਲਬੀਰ ਸਿੰਘ, ਉੱਤਰ: ਸ੍ਰੀ ਸੁਰਜੀਤ ਸਿੰਘ, ਦੱਖਣ: ਸ੍ਰੀ ਅੰਗਰੇਜ ਸਿੰਘ। | 29.05.2025 | 13.08.2025 | Rs. 42,36,530/- (ਰੁਪਏ ਬਿਆਲੀ ਲੱਖ ਛੱਤੀ ਹਜ਼ਾਰ ਪੰਜ ਸੌ ਤੀਹ) 29.05.2025 ਤੋਂ ਜਮ੍ਹਾਂ ਲਾਗੂ ਵਿਆਜ, ਹੋਰ ਫੀਸਾਂ ਅਤੇ ਵਾਧੂ ਖਰਚੇ। |

**ਮਿਤੀ : 18.08.2025** **ਸਥਾਨ : ਘੋਗੜਾ** **ਸਹੀ/- ਅਧਿਕਾਰਤ ਅਧਿਕਾਰੀ**

## ਸੈਂਟਰਲ ਬੈਂਕ ਆਫ ਇੰਡੀਆ

ਸੈਂਟਰਲ ਬੈਂਕ ਆਫ ਇੰਡੀਆ Central Bank of India
1911 से आपके लिए "केंद्रित" "CENTRAL TO YOU SINCE 1911"

**ਖੇਤਰੀ ਦਫ਼ਤਰ, ਕੇ. ਪੀ. ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ, ਫਿਰੋਜ਼ਪੁਰ ਰੋਡ, ਲੁਧਿਆਣਾ 141001**

**ਮੰਗ ਸੂਚਨਾ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੀ ਧਾਰਾ 13 (2) ਦੇ ਅਧੀਨ ਸੂਚਨਾ**

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਲਿਖੇ ਕਰਜ਼ਦਾਰਾਂ/ਜ਼ਾਮਨ (ਾਂ) ਨੇ ਬੈਂਕ ਤੋਂ ਪ੍ਰਾਪਤ ਕੀਤੀਆਂ ਕ੍ਰੈਡਿਟ ਸਹੂਲਤਾਂ ਦੇ ਮੂਲ ਅਤੇ ਵਿਆਜ ਦੀ ਅਦਾਇਗੀ ਵਿੱਚ ਡਿਫਾਲਟ ਕੀਤਾ ਹੈ ਅਤੇ ਉਕਤ ਸਹੂਲਤਾਂ ਗੈਰ-ਕਾਰਗੁਜ਼ਾਰੀ ਸੰਪਤੀਆਂ ਵਿੱਚ ਬਦਲ ਗਈਆਂ ਹਨ। ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ 2002 ਦੀ ਧਾਰਾ 13(2) ਦੇ ਤਹਿਤ ਨੋਟਿਸ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੇ-ਪਛਾਣੇ ਪਤਿਆਂ 'ਤੇ ਜਾਰੀ ਕੀਤਾ ਗਿਆ ਸੀ। ਹਾਲਾਂਕਿ ਕੁਝ ਮਾਮਲਿਆਂ ਵਿੱਚ ਨੋਟਿਸ ਬਿਨਾਂ ਸੇਵਾ ਕੀਤੇ ਵਾਪਸ ਕਰ ਦਿੱਤੇ ਗਏ ਹਨ ਅਤੇ ਹੋਰ ਮਾਮਲਿਆਂ ਵਿੱਚ ਰਸੀਦ ਪ੍ਰਾਪਤ ਨਹੀਂ ਹੋਈ ਹੈ ਅਤੇ ਉਨ੍ਹਾਂ ਦੇ ਰਜਿਸਟਰਡ ਪਤੇ 'ਤੇ ਨੋਟਿਸ ਚਿਪਕਾ ਦਿੱਤਾ ਗਿਆ ਹੈ, ਇਸ ਲਈ ਉਨ੍ਹਾਂ ਨੂੰ ਜਨਤਕ ਨੋਟਿਸ ਰਾਹੀਂ ਇਸ ਬਾਰੇ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਅਤੇ ਸ਼ਾਖਾ ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਮੋਗਾ ਸ਼ਾਖਾ** 1) ਸ੍ਰੀਮਤੀ ਵੀਰਪਾਲ ਜੁਨੇਜਾ ਸੁਪਤਨੀ ਸ਼੍ਰੀ ਓਮ ਪ੍ਰਕਾਸ਼ ਅਰੋੜਾ (ਮ੍ਰਿਤਕ, ਪਤਾ (a): ਪਿੰਡ: ਸੈਦ ਮੁਹੰਮਦ ਪੋ: ਧਰਮਕੋਟ ਪੀ ਐਸ ਕੋਟ ਈਸੇ ਖਾਂ ਜਿਲਾ ਮੋਗਾ, ਪਤਾ (ਅ): ਨਈ ਅਬਾਦੀ, ਨੇੜੇ ਡਾ: ਧੀਰ ਡੀ.ਸੀ ਹਸਪਤਾਲ, ਮੋਗਾ ਰੋਡ, ਕੋਟ ਈਸੇ ਖਾਂ, ਤਹਿ: ਧਰਮਕੋਟ, 2) **ਸ੍ਰੀ ਪ੍ਰੇਮ ਲਾਲ** ਸਪੁੱਤਰ ਸ੍ਰੀ ਨਿਹਾਲ ਚੰਦ (ਜ਼ਾਮਨ) ਮੋਗਾ ਰੋਡ, ਆਦਰਸ਼ ਨਗਰ, ਕੋਟ ਈਸੇ ਖਾਂ, ਮੋਗਾ 142043 | 6 ਮਰਲੇ 2 ਸਰਸਾਹੀ ਵਾਲੀ ਜਾਇਦਾਦ 17 ਕਨਾਲ 8 ਮਰਲੇ ਵਿੱਚੋਂ 56/3132 ਹਿੱਸੇ ਵਾਲੀ ਹੈ ਜੋ ਕਿ ਖਸਰਾ ਨੰ. 12//23/2/2(6-2), 23//3/2/1/2(3-10), 4/1(7-16), ਖੇਵਟ ਨੰ. 90 ਪਿੰਡ: ਗਲੋਟੀ, ਤਹਿ: ਧਰਮਕੋਟ, ਜ਼ਿਲ੍ਹਾ: ਮੋਗਾ ਵਿਖੇ ਸਥਿਤ ਹੈ ਜੋ ਸਾਲ 2006-07 ਲਈ ਜਮ੍ਹਾਂਬੰਦੀ ਅਨੁਸਾਰ ਹੈ ਅਤੇ ਇਸ ਤਰ੍ਹਾਂ ਸੀਮਾਬੱਧ ਹੈ: ਉੱਤਰ: ਗੁਰਵਿੰਦਰ ਸਿੰਘ, ਦੱਖਣ: ਜੁਗਰਾਜ ਸਿੰਘ, ਪੂਰਬ: ਪੱਪੂ ਸ਼ਰਮਾ, ਪੱਛਮ: ਰਸਤਾ/ਗਲੀ" | 18.06.2025 | 21.06.2025 | Rs. 15,28,041.06 **(ਰੁਪਏ ਪੰਦਰਾਂ ਲੱਖ ਅਠਾਈ ਹਜ਼ਾਰ ਇਕਤਾਲੀ ਅਤੇ ਛੇ ਪੈਸੇ ਕੇਵਲ)** 21.06.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ 9.45% ਸਲਾਨਾ ਦੀ ਦਰ 'ਤੇ ਵਿਆਜ ਸਮੇਤ। |
| **ਮਿਲਰਗੰਜ ਸ਼ਾਖਾ** 1) ਸ੍ਰੀ ਰਾਕੇਸ਼ ਕੁਮਾਰ ਪੁੱਤਰ ਸ੍ਰੀ ਸ਼ਾਮ ਸੁੰਦਰ, ਪਤਾ-1 ਐਮ ਸੀ ਨੰਬਰ-ਬੀ-21-4350/1, ਗਲੀ ਨੰਬਰ-1, ਅਬਾਦੀ ਨਿਊ ਸ਼ਿਮਲਾ ਪੁਰੀ ਪਿੰਡ ਗਿੱਲ ਨੰਬਰ-2, ਲੁਧਿਆਣਾ ਪਿੰਨ-141003., 2. ਗਲੀ ਨੰਬਰ-11/6 ਡਾਬਾ ਰੋਡ, ਮੰਡੀ ਵਾਲੀ ਗਲੀ, ਮਿਲਰਗੰਜ, ਲੁਧਿਆਣਾ, ਪਿੰਨ-141003, 3. ਮਕਾਨ ਨੰ. 6926, ਗਲੀ ਨੰ. 11/6, ਕਬੀਰ ਨਗਰ, ਡਾਬਾ ਰੋਡ, ਲੁਧਿਆਣਾ, ਪਿੰਨ-141003, 2) ਭਰਤ ਸ਼ਰਮਾ ਪੁੱਤਰ ਸ੍ਰੀ ਰਾਕੇਸ਼ ਸ਼ਰਮਾ, ਪਤਾ-1. ਮਕਾਨ ਨੰ-82/12/1, 11/6, ਕਬੀਰ ਨਗਰ, ਮਿਲਰਗੰਜ, ਲੁਧਿਆਣਾ, ਪਿੰਨ-141003, 2. ਐੱਮ.ਸੀ ਨੰ-ਬੀ-21-4350/1, ਗਲੀ ਨੰ-1, ਆਬਾਦੀ ਨਿਊ ਸ਼ਿਮਲਾ ਪੁਰੀ, ਪਿੰਡ ਗਿੱਲ ਨੰ-2, ਲੁਧਿਆਣਾ ਪਿੰਨ-141003, 3. ਮਕਾਨ ਨੰ. 6926, ਗਲੀ ਨੰ. 11/6, ਕਬੀਰ ਨਗਰ, ਡਾਬਾ ਰੋਡ, ਲੁਧਿਆਣਾ, ਪਿੰਨ-141003 | 300 ਵਰਗ ਗਜ਼ ਦਾ ਜਾਇਦਾਦ ਘਰ ਜਿਸ ਵਿੱਚ ਸਾਲ 2010-11 ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 7732/784, ਖਾਤਾ ਨੰ. 1167, ਖੱਟਾਉਨੀ ਨੰ. 1584 ਸ਼ਾਮਲ ਹੈ, ਪਿੰਡ ਗਿੱਲ-2, ਹੱਦਬਸਤ ਨੰ. 263, ਨਿਊ ਸ਼ਿਮਲਾਪੁਰੀ, ਚਿਮਨੀ ਰੋਡ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਵਿਕਰੀ ਡੀਡ ਦੇ ਅਨੁਸਾਰ ਵਸੀਕਾ ਨੰ. 2023-24/103/1/641 ਮਿਤੀ 21/04/2023 ਅਤੇ ਹੇਠ ਲਿਖੇ ਅਨੁਸਾਰ ਸੀਮਾਬੱਧ:- ਪੂਰਬ:- ਗੁਆਂਢੀ 53'-0", ਪੱਛਮ:- ਗਲੀ 53'-0", ਉੱਤਰ:- ਬਾਕੀ ਹਿੱਸਾ 51'-0", ਦੱਖਣ:- ਗਲੀ 51'-0" | 20.04.2025 | 31.07.2025 | Rs. 33,14,941.83 **(ਰੁਪਏ ਤੇਤੀ ਲੱਖ ਚੌਦਾਂ ਹਜ਼ਾਰ ਨੌਂ ਸੌ ਇਕਤਾਲੀ ਅਤੇ ਤਰਾਸੀ ਪੈਸੇ ਕੇਵਲ)** 31.07.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ 7.95% ਸਲਾਨਾ ਦੀ ਦਰ 'ਤੇ ਵਿਆਜ ਸਮੇਤ। |

ਹੁਣ ਇਸ ਪ੍ਰਕਾਸ਼ਨ ਰਾਹੀਂ, ਸੁਰੱਖਿਅਤ ਕਰਜ਼ਦਾਰ (ਬੈਂਕ) ਦੇ ਅਧਿਕਾਰਤ ਅਧਿਕਾਰੀ ਵਜੋਂ, ਸੁਰੱਖਿਅਤ ਕਾਨੂੰਨ 2002 ਦੇ ਉਪਬੰਧ ਅਨੁਸਾਰ, ਹੇਠਾਂ ਹਸਤਾਖਰ ਕਰਨ ਵਾਲੇ ਦੁਆਰਾ ਤੁਹਾਨੂੰ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਦੇ ਅੰਦਰ, ਭਵਿੱਖ ਦੇ ਵਿਆਜ ਅਤੇ ਲਾਗੂ ਖਰਚਿਆਂ/ਚਾਰਜਾਂ ਦੇ ਨਾਲ ਬਕਾਇਆ ਦੇਣਦਾਰੀ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ, ਨਹੀਂ ਤਾਂ ਸੁਰੱਖਿਅਤ ਲੈਣਦਾਰ ਧਾਰਾ 13 ਦੀ ਉਪ ਧਾਰਾ (2) ਅਤੇ ਉਕਤ ਆਰਡੀਨੈਂਸ ਦੇ ਹੋਰ ਲਾਗੂ ਉਪਬੰਧਾਂ ਦੇ ਅਧੀਨ ਦੱਸੇ ਗਏ ਕਿਸੇ ਵੀ ਜਾਂ ਸਾਰੇ ਅਧਿਕਾਰਾਂ ਦੀ ਵਰਤੋਂ ਕਰੇਗਾ।
ਤੁਹਾਨੂੰ ਇਹ ਵੀ ਨੋਟਿਸ ਦਿੱਤਾ ਜਾਂਦਾ ਹੈ ਕਿ ਉਕਤ ਐਕਟ ਦੀ ਧਾਰਾ 13 ਦੇ ਅਨੁਸਾਰ, ਤੁਸੀਂ ਬੈਂਕ ਦੀ ਲਿਖਤੀ ਸਹਿਮਤੀ ਪ੍ਰਾਪਤ ਕੀਤੇ ਬਿਨਾਂ ਉਕਤ ਸੁਰੱਖਿਅਤ ਸੰਪਤੀਆਂ ਨੂੰ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਟਰਾਂਸਫਰ ਨਹੀਂ ਕਰੋਗੇ।
ਇਹ ਨੋਟਿਸ ਬੈਂਕ ਦੇ ਕਾਨੂੰਨ ਦੇ ਕਿਸੇ ਵੀ ਹੋਰ ਲਾਗੂ ਉਪਬੰਧਾਂ ਦੇ ਤਹਿਤ ਜ਼ਰੂਰੀ ਸਮਝੇ ਜਾਣ ਵਾਲੇ ਅਜਿਹੇ ਹੋਰ ਕਾਰਜਾਂ ਜਾਂ ਕਾਨੂੰਨੀ ਕਾਰਵਾਈਆਂ ਸ਼ੁਰੂ ਕਰਨ ਦੇ ਅਧਿਕਾਰ ਦੇ ਪੱਖਪਾਤ ਤੋਂ ਬਿਨਾਂ ਹੈ।
ਤੁਹਾਡਾ ਧਿਆਨ ਐਕਟ ਦੀ ਧਾਰਾ (13) ਦੀ ਉਪ ਧਾਰਾ (8) ਦੇ ਉਪਬੰਧ ਵੱਲ ਸੱਦਾ ਦਿੱਤਾ ਜਾਂਦਾ ਹੈ ਜੋ ਤੁਹਾਡੇ ਕੋਲ ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਹੈ।

**ਮਿਤੀ : 18.08.2025** **ਸਥਾਨ : ਲੁਧਿਆਣਾ** **ਅਧਿਕਾਰਤ ਅਧਿਕਾਰੀ**

## ਨਗਰ ਨਿਗਮ ਵੱਲੋਂ ਗੁਰਦੁਆਰਾ ਸਾਹਿਬ ਢਾਉਣ ਦਾ ਤਰਨਾ ਦਲ ਨੇ ਲਿਆ ਨੋਟਿਸ

ਪਟਿਆਲਾ, 18 ਅਗਸਤ (ਚ.ਨ.ਸ.) ਐਨ.ਆਈ.ਐਸ ਚੌਕ ਪਟਿਆਲਾ ਸਥਿਤ ਇੱਕ ਗੁਰਦੁਆਰਾ ਸਾਹਿਬ ਜੋ ਕਿ 40 ਸਾਲ ਪੁਰਾਣਾ ਬਣਿਆ ਹੋਇਆ ਸੀ ਨੂੰ 12.08.2025 ਨੂੰ ਨਗਰ ਨਿਗਮ ਵੱਲੋਂ ਢਾਹ ਦਿੱਤਾ ਗਿਆ ਸੀ। ਇਸ ਗੱਲ ਦਾ ਪਤਾ ਲੱਗਦਿਆਂ ਹੀ ਤਰਨਾ ਦਲ ਦੇ ਤੁਫਾਨ ਸਿੰਘ ਪਹੁੰਚੇ। ਤੁਫਾਨ ਸਿੰਘ ਵੱਲੋਂ 17 ਅਗਸਤ ਨੂੰ ਇੱਕ ਬੇਨਤੀ ਸਿੱਖ ਜਥੇਬੰਦੀਆਂ ਅਤੇ ਸੰਗਤ ਪ੍ਰਤੀ ਕੀਤੀ ਗਈ, ਕਿ 18 ਅਗਸਤ ਨੂੰ ਸਾਰੇ ਪਹੁੰਚ ਕੇ ਗੁਰਦੁਆਰਾ ਸਾਹਿਬ ਨੂੰ ਬਹਾਲ ਕਰਾਉਣ ਵਿੱਚ ਸਹਿਯੋਗ ਪਾਇਆ ਜਾਵੇ।

ਇਸ ਗੱਲ ਦਾ ਪਤਾ ਲੱਗਦਿਆਂ ਹੀ ਪਟਿਆਲਾ, ਬਾਬਾ ਬਖਸ਼ੀਸ਼ ਸਿੰਘ, ਸਾਬਕਾ ਮੇਅਰ ਅਮਰਿੰਦਰ ਸਿੰਘ, ਪ੍ਰਧਾਨ ਪ੍ਰਿੰਸ ਜੀ, ਸਿੱਖ ਜਥੇਬੰਦੀਆਂ ਅਤੇ ਗੁਰੂ ਦੀ ਸੰਗਤ ਪਹੁੰਚੇ। 18 ਅਗਸਤ ਨੂੰ ਐਨ. ਆਈ. ਐਸ ਚੌਕ ਵਿਖੇ ਰੋਡ ਜਾਮ ਕੀਤਾ ਗਿਆ। ਇਸ ਸਬੰਧ ਵਿੱਚ ਪਤਾ ਚੱਲਦਿਆਂ ਹੀ ਪ੍ਰਸ਼ਾਸਨ ਵੱਲੋਂ ਪੁਲਿਸ ਦੇ ਐਸ. ਪੀ ਪਲਵਿੰਦਰ ਚੀਮਾ ਅਤੇ ਮੌਜੂਦਾ ਐਮ. ਐਲ. ਏ. 'ਆਪ' ਵੱਲੋਂ ਪਹੁੰਚ ਕੇ ਸੰਗਤ ਨੂੰ ਸ਼ਾਂਤ ਕੀਤਾ ਗਿਆ ਅਤੇ ਭਰੋਸਾ ਦਿੱਤਾ ਗਿਆ ਕਿ ਗੁਰੂ ਘਰ ਦੀ ਬਿਲਡਿੰਗ ਨੂੰ ਦੁਬਾਰਾ ਬਹਾਲ ਕੀਤਾ ਜਾਵੇਗਾ, ਜਿਸ ਦੀ ਸ਼ੁਰੂਆਤ 'ਆਪ' ਐਮ. ਐਲ. ਏ. ਕੋਹਲੀ ਵੱਲੋਂ 5 ਇੱਟਾਂ ਰੱਖਕੇ ਕੀਤੀ ਗਈ। ਸੰਗਤ ਵੱਲੋਂ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਗਿਆ।

## ਮਹਿਲਾ ਸ਼ਕਤੀ ਬਲਾਕ ਲੈਵਲ ਫੈਡਰੇਸ਼ਨ, ਬਲਾਕ ਸੰਗਰੂਰ, ਜ਼ਿਲ੍ਹਾ ਸੰਗਰੂਰ।

ਬਲਾਕ ਲੈਵਲ ਫੈਡਰੇਸ਼ਨ ਵੱਲੋਂ ਬਲਾਕ ਸੰਗਰੂਰ ਹੇਠ ਲਿਖੇ ਅਨੁਸਾਰ ਇੱਕ ਸਾਲ ਲਈ ਨਿਰੋਲ ਠੇਕੇ ਦੇ ਆਧਾਰ 'ਤੇ 01 ਅਸਾਮੀ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ।

| ਲੜੀ ਨੰ. | ਅਸਾਮੀ ਦਾ ਨਾਂ | ਕੁੱਲ ਅਸਾਮੀਆਂ ਦੀ ਗਿਣਤੀ | ਯੋਗਤਾ | ਉਮਰ | ਮਾਣਭੱਤਾ/ ਟੀ.ਏ. |
|---|---|---|---|---|---|
| 1. | ਆਈ.ਐਫ.ਸੀ. ਐਂਕਰ | ਸੰਗਰੂਰ-1 | ਖੇਤੀਬਾੜੀ ਜਾਂ ਸਹਾਇਕ ਵਿਗਿਆਨ ਵਿੱਚ ਰੈਗੂਲਰ ਡਿਗਰੀ/ਡਿਪਲੋਮਾ ਹੋਣਾ ਚਾਹੀਦਾ ਹੈ। ਜਿਸ ਵਿੱਚ ਖੇਤੀਬਾੜੀ ਜਾਂ ਖੇਤੀਬਾੜੀ ਆਧਾਰਿਤ ਕਿਸੇ ਪ੍ਰੋਜੈਕਟ ਵਿੱਚ ਘੱਟੋ ਘੱਟ ਇੱਕ ਸਾਲ ਦਾ ਤਜਰਬਾ ਹੋਵੇ। | 18-37 | 22,000 ਰੁਪਏ ਮਾਣਭੱਤਾ ਟੀ.ਏ. (3,000 ਰੁਪਏ ਘੱਟ ਤੋਂ ਘੱਟ 20 ਟੂਰ) ਪ੍ਰਤੀ ਮਹੀਨਾ |

1. ਰੈਗੂਲਰ ਬੈਚੂਲਰ ਡਿਗਰੀ ਅਤੇ ਖੇਤੀਬਾੜੀ ਸਬੰਧਤ ਪ੍ਰੋਜੈਕਟ ਵਿਚ 02 ਸਾਲ ਦਾ ਤਜਰਬਾ ਹੋਵੇ। ਪਹਿਲਾ ਖੇਤੀਬਾੜੀ ਦੀ ਡਿਗਰੀ/ਡਿਪਲੋਮਾ ਨਾਲ ਸਬੰਧਤ ਉਮੀਦਵਾਰ ਨੂੰ ਦਿੱਤੀ ਜਾਵੇਗੀ।
2. ਉਮੀਦਵਾਰ ਵਲੋਂ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣੀ ਲਾਜ਼ਮੀ ਹੈ।
3. ਉਮੀਦਵਾਰ ਨੂੰ ਕੰਪਿਊਟਰ ਦੀ ਐਮ.ਐਸ. ਐਕਸਲ/ਵਰਡ/ਪਾਵਰ ਪੁਆਇੰਟ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

ਨੋਟ :-
1. ਇਹ ਅਸਾਮੀਆਂ ਸ਼ੁਰੂ ਵਿੱਚ ਤਿੰਨ ਮਹੀਨੇ ਦੇ ਪ੍ਰੋਬੇਸ਼ਨ ਪੀਰੀਅਡ ਲਈ ਹਨ। ਇਸ ਨੂੰ ਪ੍ਰੋਜੈਕਟ ਦੇ ਤਸੱਲੀਬਖਸ਼ ਕੰਮ ਅਤੇ ਸੰਚਾਲਨ ਦੇ ਆਧਾਰ ਤੇ ਅੱਗੇ ਵਧਾਇਆ ਜਾਵੇਗਾ।
2. ਅਸਾਮੀਆਂ ਲਈ ਚੋਣ ਪ੍ਰਕਿਰਿਆ ਮੈਰਿਟ ਆਧਾਰਿਤ ਉਮੀਦਵਾਰਾਂ ਦੀ ਇੰਟਰਵਿਊ ਲੈ ਕੇ ਹੀ ਕੀਤੀ ਜਾਵੇਗੀ।
3. ਉਮੀਦਵਾਰਾਂ ਨੂੰ ਇੰਟਰਵਿਊ ਵਿੱਚ ਆਉਣ ਲਈ ਕਿਸੇ ਵੀ ਤਰਾਂ ਦਾ ਭੱਤਾ/ਟੀ.ਓ. ਨਹੀਂ ਦਿੱਤਾ ਜਾਵੇਗਾ।
4. ਭਰਤੀ ਸਬੰਧੀ ਫਾਰਮ ਪੀ.ਐਸ.ਆਰ.ਐਲ.ਐਮ ਬਰਾਂਚ ਬੀ.ਡੀ.ਪੀ.ਓ ਦਫਤਰ, ਬਲਾਕ ਸੰਗਰੂਰ ਜ਼ਿਲ੍ਹਾ ਸੰਗਰੂਰ ਤੋਂ ਕੰਮਕਾਜ ਵਾਲੇ ਦਿਨ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਪ੍ਰਾਪਤ ਕੀਤੇ ਜਾਣ।
5. ਭਰਤੀ ਸਬੰਧੀ ਫਾਰਮ ਇਸ਼ਤਿਹਾਰ ਪ੍ਰਕਾਸ਼ਤ ਹੋਣ ਤੋਂ 07 ਦਿਨਾਂ ਦੇ ਅੰਦਰ ਅੰਦਰ ਕੰਮਕਾਜ ਵਾਲੇ ਦਿਨ ਪੀ.ਐਸ.ਆਰ.ਐਲ.ਐਮ. ਬਰਾਂਚ ਬੀ.ਡੀ.ਪੀ.ਓ ਦਫਤਰ ਬਲਾਕ ਸੰਗਰੂਰ ਜਿਲ੍ਹਾ ਸੰਗਰੂਰ ਵਿਖੇ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਦਸਤੀ ਹੀ ਜਮਾਂ ਕਰਵਾਏ ਜਾਣ।
6. ਉਪਰੋਕਤ ਅਸਾਮੀਆਂ ਵਿੱਚ ਕਿਸੇ ਵੀ ਤਰਾਂ ਦੀ ਸੋਧ/ਬਦਲਾਅ/ਰੱਦ ਕਰਨ ਲਈ ਬੀ.ਐਲ.ਐਫ. ਦਾ ਫੈਸਲਾ ਆਖਰੀ ਹੋਵੇਗਾ।

**(ਵਲੋਂ) ਮਹਿਲਾ ਸ਼ਕਤੀ ਬਲਾਕ ਲੈਵਲ ਫੈਡਰੇਸ਼ਨ ਬਲਾਕ ਸੰਗਰੂਰ ਜ਼ਿਲ੍ਹਾ ਸੰਗਰੂਰ।**

## ਸਟੇਟ ਬੈਂਕ ਆਫ ਇੰਡੀਆ

**ਸਟ੍ਰੈਸਡ ਅਸੈਟ ਰਿਕਵਰੀ ਸ਼ਾਖਾ, ਤੀਜੀ ਮੰਜ਼ਿਲ, ਜ਼ੋਨਲ ਬਿਜ਼ਨਸ ਆਫਿਸ ਬਿਲਡਿੰਗ, ਫੁਹਾਰਾ ਚੌਕ ਸਿਵਲ ਲਾਈਨ, ਲੁਧਿਆਣਾ 141001**

**ਸੋਧ**

ਇਹ "ਇੰਡੀਅਨ ਐਕਸਪ੍ਰੈਸ" ਅਤੇ "ਰੋਜ਼ਾਨਾ ਚੜ੍ਹਦੀਕਲਾ" ਅਖਬਾਰਾਂ ਵਿੱਚ 05.08.2025 ਨੂੰ ਪ੍ਰਕਾਸ਼ਿਤ ਈ-ਨਿਲਾਮੀ ਨੋਟਿਸ ਦੇ ਹਵਾਲੇ ਨਾਲ ਹੈ ਜੋ "ਮੈਸ. ਸਮਾਰਟ ਗਰੁੱਪ ਆਫ ਇੰਡੀਆ" ਦੇ ਕਰਜ਼ਾ ਖਾਤੇ ਬਾਰੇ 10.09.2025 ਨੂੰ ਹੋਣ ਵਾਲੀ ਨਿਲਾਮੀ ਲਈ ਨਿਰਧਾਰਤ ਹੈ। ਬੈਂਕ ਦੇ ਅਧਿਕਾਰਤ ਅਧਿਕਾਰੀ ਨੇ ਸੀਰੀਅਲ ਨੰਬਰ 03 'ਤੇ ਦੱਸੇ ਗਏ ਦੋਵਾਂ ਜਾਇਦਾਦਾਂ ਲਈ ਮੈਸ. ਸਮਾਰਟ ਗਰੁੱਪ ਆਫ ਇੰਡੀਆ ਦੇ ਕਰਜ਼ਾ ਖਾਤੇ ਦੇ ਸਬੰਧ ਵਿੱਚ ਨਿਲਾਮੀ ਤੁਰੰਤ ਪ੍ਰਭਾਵ ਨਾਲ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਹੋਰ ਕਰਜ਼ਾ ਖਾਤਿਆਂ ਦੇ ਸਬੰਧ ਵਿੱਚ ਨਿਲਾਮੀ ਪ੍ਰਕਿਰਿਆ ਜਾਰੀ ਰਹੇਗੀ।

**ਮਿਤੀ : 18.08.2025** **ਸਥਾਨ : ਲੁਧਿਆਣਾ** **ਸਹੀ/- ਅਧਿਕਾਰਤ ਅਧਿਕਾਰੀ**

## ਭਾਰਤੀ ਰੇਲ ਪਟਿਆਲਾ ਲੋਕੋਮੋਟਿਵ ਵਰਕਸ

ਪਟਿਆਲਾ-147 003
ਫੋਨ : 0175-2396000, 2396001 ਫੈਕਸ : 0175-2306413

**ਈ-ਟੈਂਡਰ ਸੂਚਨਾ**

ਉਪ ਮੁੱਖ ਯਾਂਤ੍ਰਿਕ ਇੰਜੀਨੀਅਰ/LMS, ਪਟਿਆਲਾ ਰੇਲ ਇੰਜਨ ਕਾਰਖਾਨਾ (PLW), ਪਟਿਆਲਾ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਕੰਮ ਦੇ ਲਈ ਸਬੰਧਿਤ ਟੈਂਡਰਕਾਰਾਂ ਤੋਂ ਭਾਰਤੀਯ ਰੇਲਵੇ ਈ-ਖਰੀਦ ਪੋਰਟਲ www.ireps.gov.in ਦੇ ਦੁਵਾਰਾ ਤੋਂ ਖੁਲੀ ਟੈਂਡਰ ਸਿਸਟਮ ਉਤੇ ਆਧਾਰਿਤ ਆਨਲਾਈਨ ਈ-ਟੈਂਡਰਾ ਮੰਗ ਕੀਤੀ ਜਾਂਦੀ ਹੈ।

| | | |
|---|---|---|
| 1. | N.I.T. No. | PLW-PCME-25-322B |
| 2. | ਕੰਮ ਦਾ ਨਾਮ | Teeth grinding of 17 Teeth pinions for HHP Traction Motor, as per drawing no.: BLW-40074147 (Alt-d). |
| 3. | ਅਨੁਮਾਨਿਤ ਲਾਗਤ | Rs. 44,60,400/- (Forty-four Lakh Sixty Thousand Four Hundred Only) |
| 4. | ਬਿਆਨਾ ਰਾਸ਼ੀ | Rs. 89,200/- (Eighty-Nine Thousand Two Hundred Only) |
| 5. | ਕੰਮ ਪੂਰਾ ਕਰਨ ਦਾ ਸਮਾਂ | One year (365 Days) |
| 6. | ਟੈਂਡਰ ਬੰਦ ਦੀ ਮਿਤੀ ਤੇ ਸਮਾਂ ਅਤੇ ਟੈਂਡਰ ਖੁਲਣ ਦੀ ਮਿਤੀ ਤੇ ਸਮਾਂ | 03.09.2025 up to 15:30 hrs. & opening on the same day at 16:00 hrs. |
| 7. | ਟੈਂਡਰ ਦਸਤਾਵੇਜ ਦੀ ਕੀਮਤ | Nill |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2516/2025

## ਪੰਜਾਬ ਐਂਡ ਸਿੰਧ ਬੈਂਕ punjab national bank

ਭਰੋਸੇ ਦਾ ਪ੍ਰਤੀਕ! pnb ...the name you can BANK upon!

**ਸਟ੍ਰੈਸਡ ਅਸੈਟ ਮੈਨੇਜਮੈਂਟ ਡਵੀਜ਼ਨ (ਐਸਏਐਮਡੀ), ਹੈਡ ਆਫਿਸ : ਪਲਾਟ ਨੰ. 4, ਸੈਕਟਰ 10, ਦੁਆਰਕਾ, ਨਵੀਂ ਦਿਲੀ-110075**

**ਕਾਰਨ ਦੱਸੋ ਨੋਟਿਸ**

ਮਿਤੀ: 29.07.2025

21.07.2025 ਨੂੰ ਮੁੱਖ ਦਫ਼ਤਰ ਵਿਖੇ ਕੀਤੀ ਗਈ ਕਾਰਵਾਈ ਵਿੱਚ ਪਾਸ ਹੋਏ ਜਾਣਬੁੱਝ ਕੇ ਡਿਫਾਲਟਰਾਂ ਦੀ ਪਛਾਣ ਲਈ ਸਮੀਖਿਆ ਕਮੇਟੀ ਦਾ ਆਦੇਸ਼
ਮੈਸਰਜ਼ ਪਿਓਰ ਕੇਅਰ ਲਾਂਡਰੀ (0.43 ਕਰੋੜ)
ਏਆਰਐਮਬੀ: ਚੰਡੀਗੜ੍ਹ; ਸੀਓ: ਚੰਡੀਗੜ੍ਹ; ਜ਼ੈਡ ਓ: ਚੰਡੀਗੜ੍ਹ
ਐਨਪੀਏ ਦੀ ਮਿਤੀ: 18.12.2024
ਆਰਬੀਆਈ ਮਾਸਟਰ ਸਰਕੂਲਰ ਨੰ. ਡੀਓਆਰ.ਐਫਆਈਐਨ.ਆਰਈਸੀ. ਨੰ. 31/20.16.003/2024-25 ਮਿਤੀ 30.07.2024 ਦੇ ਅਨੁਸਾਰ, ਬੈਂਕ ਦੇ ਜਾਣਬੁੱਝ ਕੇ ਡਿਫਾਲਟਰਾਂ ਦੀ ਪਛਾਣ ਲਈ ਕਮੇਟੀ ਦੀ ਇੱਕ ਮੀਟਿੰਗ 21.05.2025 ਨੂੰ ਹੋਈ। ਪਛਾਣ ਕਮੇਟੀ ਨੇ ਇਹ ਸਿੱਟਾ ਕੱਢਿਆ ਕਿ ਕਰਜ਼ਦਾਰ ਦੇ ਖਾਤੇ (ਖਾਤਿਆਂ) ਵਿੱਚ ਜਾਣਬੁੱਝ ਕੇ ਡਿਫਾਲਟ ਦੀਆਂ ਘਟਨਾਵਾਂ ਵਾਪਰੀਆਂ ਸਨ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਜਾਣਬੁੱਝ ਕੇ ਡਿਫਾਲਟਰਾਂ ਵਜੋਂ ਪਛਾਣਨ ਲਈ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ।
1. ਮੈਸਰਜ਼ ਪਿਓਰ ਕੇਅਰ ਲਾਂਡਰੀ (ਕਰਜ਼ਦਾਰ)
2. ਸ਼੍ਰੀ ਅਮਿਤ ਕੁਮਾਰ (ਮਾਲਕ)
ਇਸ ਅਨੁਸਾਰ, 22.05.2025 ਨੂੰ ਕਰਜ਼ਦਾਰ ਅਤੇ ਇਸ ਦੀਆਂ ਸਬੰਧਤ ਧਿਰਾਂ, ਜੋ ਕਰਜ਼ਦਾਰ ਦੇ ਮਾਮਲਿਆਂ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਹਨ ਅਤੇ ਡਿਫਾਲਟ ਦੀਆਂ ਘਟਨਾਵਾਂ ਵਿੱਚ ਸ਼ਾਮਲ ਹਨ, ਨੂੰ 21 ਦਿਨਾਂ ਦਾ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ। ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਸੀ, ਜੇਕਰ ਉਹ ਚਾਹੁੰਦੇ ਹਨ, ਤਾਂ ਉਹ ਨੋਟਿਸ ਪ੍ਰਾਪਤ ਹੋਣ ਤੋਂ 21 ਦਿਨਾਂ ਦੇ ਅੰਦਰ ਬੈਂਕ ਨੂੰ ਇੱਕ ਪ੍ਰਤੀਨਿਧਤਾ ਦੇ ਸਕਦੇ ਹਨ, ਕਿ ਉਨ੍ਹਾਂ ਨੂੰ ਜਾਣਬੁੱਝ ਕੇ ਡਿਫਾਲਟਰਾਂ ਵਜੋਂ ਸ਼੍ਰੇਣੀਬੱਧ ਕਿਉਂ ਨਹੀਂ ਕੀਤਾ ਜਾਂਦਾ। ਕਰਜ਼ਦਾਰ ਨੂੰ ਜਾਰੀ ਕੀਤੇ ਗਏ 22.05.2025 ਦੇ ਕਾਰਨ ਦੱਸੋ ਨੋਟਿਸ ਦੇ ਅਨੁਸਾਰ ਕੋਈ ਪ੍ਰਤੀਨਿਧਤਾ ਪ੍ਰਾਪਤ ਨਹੀਂ ਹੋਈ। ਇਸ ਅਨੁਸਾਰ, ਇਹ ਪ੍ਰਸਤਾਵ 21.07.2025 ਦੀ ਆਪਣੀ ਮੀਟਿੰਗ ਵਿੱਚ ਪਛਾਣ ਕਮੇਟੀ-ਆਈਐਲ ਨੂੰ ਰੱਖਿਆ ਗਿਆ ਸੀ, ਰਿਕਾਰਡ 'ਤੇ ਮੌਜੂਦ ਤੱਥਾਂ 'ਤੇ ਵਿਚਾਰ ਕਰਨ ਤੋਂ ਬਾਅਦ ਕਿ ਕਰਜ਼ਾ ਲੈਣ ਵਾਲਾ/ਭਾਈਵਾਲ/ਗਾਰੰਟਰ ਬੈਂਕ ਨੂੰ ਭੁਗਤਾਨ/ਮੁੜ-ਭੁਗਤਾਨ ਦੀਆਂ ਜ਼ਿੰਮੇਵਾਰੀਆਂ ਵਿੱਚ ਡਿਫਾਲਟ ਹੋਇਆ ਸੀ ਅਤੇ ਡਿਫਾਲਟ ਦੀਆਂ ਘਟਨਾਵਾਂ ਵਿੱਚ ਸ਼ਾਮਲ ਸੀ, ਨੂੰ ਆਰਬੀਆਈ ਦੇ ਉਪਰੋਕਤ ਮਾਸਟਰ ਸਰਕੂਲਰ ਵਿੱਚ ਦਰਸਾਏ ਗਏ ਹੇਠ ਲਿਖੇ ਆਧਾਰਾਂ 'ਤੇ ਜਾਣਬੁੱਝ ਕੇ ਡਿਫਾਲਟਰਾਂ ਵਜੋਂ ਪਛਾਣਿਆ ਜਾ ਸਕਦਾ ਹੈ:-

**ਫੰਡਾਂ ਦੀ ਸਾਈਫਨਿੰਗ**
ਮਸ਼ੀਨਰੀ ਦੀ ਖਰੀਦ ਲਈ 0.80 ਕਰੋੜ ਰੁਪਏ ਦਾ ਇੱਕ ਮਿਆਦੀ ਕਰਜ਼ਾ ਮਨਜ਼ੂਰ ਕੀਤਾ ਗਿਆ ਸੀ, ਜਿਸ ਵਿੱਚੋਂ 0.54 ਕਰੋੜ ਰੁਪਏ ਸਿੱਧੇ ਸਪਲਾਇਰ, ਮੈਸਰਜ਼ ਜੇਕੇ ਮਸ਼ੀਨ ਨੂੰ ਵੰਡੇ ਗਏ ਸਨ। 02.12.2024 ਨੂੰ ਪੱਤਰ ਰਾਹੀਂ ਸ਼ਾਖਾ ਦੁਆਰਾ ਡੀਸੀਪੀ, ਆਰਥਿਕ ਅਪਰਾਧ ਸ਼ਾਖਾ, ਪੰਚਕੂਲਾ ਕੋਲ ਇੱਕ ਸ਼ਿਕਾਇਤ ਦਰਜ ਕਰਵਾਈ ਗਈ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਸਪਲਾਇਰ ਨਾਲ ਮਿਲੀਭੁਗਤ ਕਰਕੇ ਕਰਜ਼ਦਾਰ ਨੇ ਜਨਤਕ ਫੰਡਾਂ ਦੀ ਗਲਤ ਵਰਤੋਂ ਕੀਤੀ। ਅੱਜ ਤੱਕ, ਮਸ਼ੀਨਰੀ ਦੀ ਡਿਲੀਵਰੀ ਸੰਬੰਧੀ ਕੋਈ ਅਪਡੇਟ ਬੈਂਕ ਨੂੰ ਪ੍ਰਦਾਨ ਨਹੀਂ ਕੀਤੀ ਗਈ ਹੈ। ਸਥਾਨਕ ਪੁਲਿਸ ਸਟੇਸ਼ਨ ਵਿੱਚ ਇੱਕ ਐਫਆਈਆਰ (ਨੰਬਰ 0057 ਮਿਤੀ 19.03.2025) ਦਰਜ ਕੀਤੀ ਗਈ ਹੈ।
ਸਹਾਇਕ ਦਸਤਾਵੇਜ਼
ਐਫਆਈਆਰ ਕਾਪੀ ਮਿਤੀ 19.03.2025
ਜਾਣਬੁੱਝ ਕੇ ਕਰਜ਼ਾ ਚੁਕਾਉਣ ਵਾਲਿਆਂ ਦੀ ਪਛਾਣ ਲਈ ਕਮੇਟੀ ਦਾ ਆਦੇਸ਼:-
ਆਰਬੀਆਈ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਗਠਿਤ ਪਛਾਣ ਕਮੇਟੀ-99 ਨੇ ਅਤੇ ਸਮੁੱਚੇ ਤੱਥਾਂ 'ਤੇ ਵਿਚਾਰ ਕਰਨ ਤੋਂ ਬਾਅਦ, ਕਰਜ਼ਦਾਰਅਤੇ ਇਸ ਦੀਆਂ ਸਬੰਧਤ ਧਿਰਾਂ ਵਿਰੁੱਧ ਲਗਾਏ ਗਏ ਦੋਸ਼ਾਂ ਨੇ ਹੇਠ ਲਿਖੇ ਵਿਅਕਤੀਆਂ ਨੂੰ ਜਾਣਬੁੱਝ ਕੇ ਕਰਜ਼ਾ ਚੁਕਾਉਣ ਵਾਲਿਆਂ ਵਜੋਂ ਪਛਾਣਨ ਦਾ ਫੈਸਲਾ ਕੀਤਾ।

| ਲੜੀ ਨੰ | ਨਾਮ | ਅਹੁਦਾ/ਦਰਜਾ | ਲਗਾਏ ਗਏ ਦੋਸ਼ |
|---|---|---|---|
| 1. | ਮੈਸ. ਪਿਓਰ ਕੇਅਰ ਲਾਂਡਰੀ | ਕਰਜ਼ਦਾਰ | ਫੰਡਾਂ ਦੀ ਹੇਰਾਫੇਰੀ |
| 2. | ਸ੍ਰੀ ਅਮਿਤ ਕੁਮਾਰ | ਮਾਲਕ | |

ਕਮੇਟੀ ਨੇ ਇਸ ਅਨੁਸਾਰ ਹੁਕਮ ਜਾਰੀ ਕਰਨ ਅਤੇ ਉਧਾਰ ਲੈਣ ਵਾਲੇ ਨੂੰ ਇਹੀ ਹੁਕਮ ਦੇਣ ਦਾ ਨਿਰਦੇਸ਼ ਦਿੱਤਾ। ਹਾਲਾਂਕਿ, ਕਮੇਟੀ ਨੇ ਨਿਰਦੇਸ਼ ਦਿੱਤਾ ਕਿ ਉਪਰੋਕਤ ਨਾਮਿਤ ਵਿਅਕਤੀ/ਵਿਅਕਤੀਆਂ ਇਸ ਹੁਕਮ ਦੀ ਪ੍ਰਾਪਤੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਦੀ ਅਗਵਾਈ ਵਾਲੀ ਸਮੀਖਿਆ ਕਮੇਟੀ ਨੂੰ ਹੇਠ ਲਿਖੇ ਪਤੇ 'ਤੇ ਪਛਾਣ ਕਮੇਟੀ ਦੇ ਆਦੇਸ਼ ਦੇ ਵਿਰੁੱਧ ਲਿਖਤੀ ਪ੍ਰਤੀਨਿਧਤਾ ਕਰਨ ਲਈ ਸੁਤੰਤਰ ਹਨ:- ਪੰਜਾਬ ਨੈਸ਼ਨਲ ਬੈਂਕ, ਐਸਏਐਮਡੀ HO, ਕਾਰਪੋਰੇਟ ਦਫਤਰ, ਤੀਜੀ ਮੰਜ਼ਿਲ, ਪਲਾਟ ਨੰਬਰ 4, ਸੈਕਟਰ 10, ਦਵਾਰਕਾ, ਨਵੀਂ ਦਿੱਲੀ - 110075।
ਅੱਗੇ ਸੂਚਿਤ ਕੀਤਾ ਜਾਂਦਾ ਹੈ ਕਿ ਅੰਤਿਮ ਘੋਸ਼ਣਾ ਤੋਂ ਪਹਿਲਾਂ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਦੀ ਅਗਵਾਈ ਵਾਲੀ ਸਮੀਖਿਆ ਕਮੇਟੀ ਦੁਆਰਾ ਨਿੱਜੀ ਸੁਣਵਾਈ ਦਾ ਮੌਕਾ ਵੀ ਪ੍ਰਦਾਨ ਕੀਤਾ ਜਾਵੇਗਾ।
ਆਰਬੀਆਈ ਦੇ ਨਿਰਦੇਸ਼ਾਂ ਦੇ ਅਨੁਸਾਰ ਗਠਿਤ ਪਛਾਣ ਕਮੇਟੀ-99 ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹਨ:
i. ਮੁੱਖ ਜਨਰਲ ਮੈਨੇਜਰ, ਐਸਏਐਮਡੀ HO (ਕਮੇਟੀ ਦਾ ਮੁਖੀ)
ii. ਮੁੱਖ ਜਨਰਲ ਮੈਨੇਜਰ, ਸੀਆਰਐਮਡੀ HO
iii. ਜਨਰਲ ਮੈਨੇਜਰ, FRMD HO ਅਤੇ
iv. ਸਹਾਇਕ ਜਨਰਲ ਮੈਨੇਜਰ, ਕਾਨੂੰਨ ਵਿਭਾਗ HO (ਸੱਦਾ ਦਿੱਤਾ ਗਿਆ)
ਪਛਾਣ ਕਮੇਟੀ-II ਨੇ ਹੇਠ ਹਸਤਾਖਰ ਕਰਨ ਵਾਲੇ ਨੂੰ ਜਾਣਬੁੱਝ ਕੇ ਦੋਸ਼ੀ ਠਹਿਰਾਉਣ ਵਾਲਿਆਂ ਦੀ ਪਛਾਣ ਲਈ ਕਮੇਟੀ ਦੇ ਇਸ ਆਦੇਸ਼ ਨੂੰ ਆਪਣੇ ਦਸਤਖਤ ਹੇਠ ਭੇਜਣ ਦਾ ਅਧਿਕਾਰ ਦਿੱਤਾ ਹੈ।

**(ਨੀਰੂ ਸਾਲਦੀ) ਸਹਾਇਕ ਜਨਰਲ ਮੈਨੇਜਰ-ਕਾਨੂੰਨ**

## ਦੀਨ ਦਿਆਲ ਅੰਤੋਦਿਆ ਯੋਜਨਾ ਪੀ.ਐਸ.ਆਰ.ਐਲ.ਐਮ. (ਆਜੀਵਿਕਾ)

**ਦਫਤਰ, ਸ਼ਹੀਦ ਊਧਮ ਸਿੰਘ ਮਹਿਲਾ ਬਲਾਕ ਸੰਗਠਨ, ਸੁਨਾਮ ਸੰਗਰੂਰ)**
**Office Shaheed Udham Singh Mahila Block Level Federation ਰਜਿ. DIC/DRA/14083 of 2018 ਫੋਨ: 01676-225054**

ਸ਼ਹੀਦ ਊਧਮ ਸਿੰਘ ਮਹਿਲਾ ਬਲਾਕ ਸੰਗਠਨ, ਸੁਨਾਮ (ਸੰਗਰੂਰ) ਸ਼ਹੀਦ ਊਧਮ ਸਿੰਘ ਮਹਿਲਾ ਬਲਾਕ ਸੰਗਠਨ, ਬਲਾਕ ਲੈਵਲ ਫੈਡਰੇਸ਼ਨ, ਬਲਾਕ ਸੁਨਾਮ ਹੇਠ ਲਿਖੇ ਅਨੁਸਾਰ ਇੱਕ ਸਾਲ ਲਈ ਨਿਰੋਲ ਠੇਕੇ ਦੇ ਆਧਾਰ 'ਤੇ 01 ਅਸਾਮੀ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ:

| ਲੜੀ ਨੰ. | ਅਸਾਮੀ ਦਾ ਨਾਂ | ਕੁੱਲ ਅਸਾਮੀਆਂ ਦੀ ਗਿਣਤੀ | ਯੋਗਤਾ | ਉਮਰ | ਮਾਣਭੱਤਾ/ ਟੀ.ਏ. |
|---|---|---|---|---|---|
| 1. | ਆਈ.ਐਫ.ਸੀ. ਐਂਕਰ | ਸੁਨਾਮ-1 | ਖੇਤੀਬਾੜੀ ਜਾਂ ਸਹਾਇਕ ਵਿਗਿਆਨ ਵਿੱਚ ਰੈਗੂਲਰ ਡਿਗਰੀ/ਡਿਪਲੋਮਾ ਹੋਣਾ ਚਾਹੀਦਾ ਹੈ। ਜਿਸ ਵਿਚ ਖੇਤੀਬਾੜੀ ਜਾਂ ਖੇਤੀਬਾੜੀ ਆਧਾਰਿਤ ਕਿਸੇ ਪ੍ਰੋਜੈਕਟ ਵਿੱਚ ਘੱਟੋ ਘੱਟ ਇੱਕ ਸਾਲ ਦਾ ਤਜਰਬਾ ਹੋਵੇ। | 18-37 | 22,000 ਰੁਪਏ ਮਾਣਭੱਤਾ ਟੀ.ਏ. (3,000 ਰੁਪਏ ਘੱਟ ਤੋਂ ਘੱਟ 20 ਟੂਰ) ਪ੍ਰਤੀ ਮਹੀਨਾ |


1. ਰੈਗੂਲਰ ਬੈਚੂਲਰ ਡਿਗਰੀ ਅਤੇ ਖੇਤੀਬਾੜੀ ਸਬੰਧਤ ਪ੍ਰੋਜੈਕਟ ਵਿਚ 02 ਸਾਲ ਦਾ ਤਜਰਬਾ ਹੋਵੇ। ਪਹਿਲਾ ਖੇਤੀਬਾੜੀ ਦੀ ਡਿਗਰੀ/ਡਿਪਲੋਮਾ ਨਾਲ ਸਬੰਧਤ ਉਮੀਦਵਾਰ ਨੂੰ ਦਿੱਤੀ ਜਾਵੇਗੀ।
2. ਉਮੀਦਵਾਰ ਵਲੋਂ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣੀ ਲਾਜ਼ਮੀ ਹੈ।
3. ਉਮੀਦਵਾਰ ਨੂੰ ਕੰਪਿਊਟਰ ਦੀ ਐਮ.ਐਸ. ਐਕਸਲ/ਵਰਡ/ਪਾਵਰ ਪੁਆਇੰਟ ਦੀ ਜਾਣਕਾਰੀ ਹੋਣੀ ਚਾਹੀਦੀ ਹੈ।


ਨੋਟ :-
1. ਇਹ ਅਸਾਮੀਆਂ ਸ਼ੁਰੂ ਵਿੱਚ ਤਿੰਨ ਮਹੀਨੇ ਦੇ ਪ੍ਰੋਬੇਸ਼ਨ ਪੀਰੀਅਡ ਲਈ ਹੈ। ਇਸ ਨੂੰ ਪ੍ਰੋਜੈਕਟ ਦੇ ਤਸੱਲੀਬਖਸ਼ ਕੰਮ ਅਤੇ ਸੰਚਾਲਨ ਦੇ ਆਧਾਰ ਤੇ ਅੱਗੇ ਵਧਾਇਆ ਜਾਵੇਗਾ।
2. ਅਸਾਮੀਆਂ ਲਈ ਚੋਣ ਪ੍ਰਕਿਰਿਆ ਮੈਰਿਟ ਆਧਾਰਿਤ ਉਮੀਦਵਾਰਾਂ ਦੀ ਇੰਟਰਵਿਊ ਲੈ ਕੇ ਹੀ ਕੀਤੀ ਜਾਵੇਗੀ।
3. ਉਮੀਦਵਾਰਾਂ ਨੂੰ ਇੰਟਰਵਿਊ ਵਿੱਚ ਆਉਣ ਲਈ ਕਿਸੇ ਵੀ ਤਰਾਂ ਦਾ ਭੱਤਾ/ਟੀ.ਓ. ਨਹੀਂ ਦਿੱਤਾ ਜਾਵੇਗਾ।
4. ਭਰਤੀ ਸਬੰਧੀ ਫਾਰਮ ਪੀ.ਐਸ.ਆਰ.ਐਲ.ਐਮ ਬਰਾਂਚ ਬੀ.ਡੀ.ਪੀ.ਓ ਦਫਤਰ, ਬਲਾਕ ਸੁਨਾਮ ਊਧਮ ਸਿੰਘ ਵਾਲਾ ਜ਼ਿਲ੍ਹਾ ਸੰਗਰੂਰ ਤੋਂ ਕੰਮਕਾਜ ਵਾਲੇ ਦਿਨ ਸਵੇਰੇ 9 ਵਜੇ ਤੋਂ ਸਾਮ 5 ਵਜੇ ਤੱਕ ਪ੍ਰਾਪਤ ਕੀਤੇ ਜਾਣ।
5. ਭਰਤੀ ਸਬੰਧੀ ਫਾਰਮ ਇਸ਼ਤਿਹਾਰ ਪ੍ਰਕਾਸ਼ਤ ਹੋਣ ਤੋਂ 07 ਦਿਨਾਂ ਦੇ ਅੰਦਰ ਅੰਦਰ ਕੰਮਕਾਜ ਵਾਲੇ ਦਿਨ ਪੀ.ਐਸ.ਆਰ.ਐਲ.ਐਮ ਬਰਾਂਚ ਬੀ.ਡੀ.ਪੀ.ਓ ਦਫਤਰ, ਬਲਾਕ ਸੁਨਾਮ ਊਧਮ ਸਿੰਘ ਵਾਲਾ ਜਿਲ੍ਹਾ ਸੰਗਰੂਰ ਵਿਖੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਦਸਤੀ ਹੀ ਜਮਾਂ ਕਰਵਾਏ ਜਾਣ।
6. ਉਪਰੋਕਤ ਅਸਾਮੀਆਂ ਵਿੱਚ ਕਿਸੇ ਵੀ ਤਰਾਂ ਦੀ ਸੋਧ/ਬਦਲਾਅ/ਰੱਦ ਕਰਨ ਲਈ ਬੀ.ਐਲ.ਐਫ. ਦਾ ਫੈਸਲਾ ਆਖਰੀ ਹੋਵੇਗਾ।

**(ਵਲੋਂ) ਸ਼ਹੀਦ ਊਧਮ ਸਿੰਘ ਮਹਿਲਾ ਬਲਾਕ ਸੰਗਠਨ, ਬਲਾਕ ਲੈਵਲ ਫੈਡਰੇਸ਼ਨ, ਬਲਾਕ ਸੁਨਾਮ**

# "ਥੱਕੇ-ਹਾਰੇ ਸ਼ਹਿਰ ਦੀ ਨੀਂਦ" ਕਿਤਾਬ ਕਾਵਿ ਸੰਗ੍ਰਹਿ ਦੀ ਸੰਵੇਦਨਸ਼ੀਲਤਾ

ਇਸ ਹੱਥਲੀ ਕਿਤਾਬ ਵਿਚ ਲੇਖਕ ਨੇ 43 ਕਾਵਿਤਾਵਾਂ ਦਰਜ ਕੀਤੀਆਂ ਹਨ। ਜਿਨ੍ਹਾਂ ਵਿਚ ਥੱਕੇ-ਹਾਰੇ ਸ਼ਹਿਰ ਦੀ ਨੀਂਦ, ਗੋਦੀ ਮੀਡੀਆ, ਕਿਸ ਨੂੰ ਖ਼ਬਰ ਸੀ, ਕਿਉਂ ਨਾ ਹੋਵੇ, ਕਰਤਾਰਪੁਰ ਵਾਲਿਆ ਬਾਬਾ!, ਪਿੰਡ ਉਦਾਸ ਹੈ, ਮੇਰੇ ਹਿੱਸੇ ਦੀ ਕਵਿਤਾ, ਸਿਰਾਂ ਵਾਲੇ, ਜਦੋਂ-1, ਜਦੋਂ-2, ਜਦੋਂ-3, ਬੁਰਜੁਆ ਡੈਮੋਕ੍ਰੇਸੀ, ਸਿਆਸਤਦਾਨ, ਵਤਨ, ਸਫ਼ਰ ਤੇ ਫ਼ਾਸਲੇ, ਮਹਿੰਦੀ-ਮੁਕਾਬਲੇ, ਇੰਜ ਹੀ ਰਿਹਾ ਜੇ-1, ਇੰਜ ਹੀ ਰਿਹਾ ਜੇ-2, ਨੰਗੀ ਕਵਿਤਾ, ਆਪਣੇ ਲਗਦੇ ਖ਼ਤਰਨਾਕ ਲੋਕ, ਯਾਦ ਨਹੀਂ?, ਕਾਰਲ ਮਾਰਕਸ ਨੂੰ, ਲਟਕਦੇ ਪ੍ਰਸ਼ਨ, ਸ਼ਬਦਾਂ ਦੇ ਜਾਦੂਗਰ-1, ਸ਼ਬਦਾਂ ਦੇ ਜਾਦੂਗਰ-2, ਸ਼ਬਦਾਂ ਦੇ ਜਾਦੂਗਰ-3, ਸ਼ਬਦਾਂ ਦੇ ਜਾਦੂਗਰ-4, ਸ਼ਬਦਾਂ ਦੇ ਜਾਦੂਗਰ-5, ਹਿਸਾਬ ਬੈਠਾ ਹੈ, ਆਪਾਂ ਧਰਤੀ-ਪੁੱਤਰ, ਤੇਰੇ ਹਜ਼ੂਰ ਮੇਰੇ ਪੰਜਾਬ !-1, ਤੇਰੇ ਹਜ਼ੂਰ ਮੇਰੇ ਪੰਜਾਬ!-2, ਜੰਗਾਂ ਵਿਚ ਸੁਪਨੇ ਸਾਂਭਦੇ ਬੱਚਿਆਂ ਨੂੰ, ਸੱਤਾ-ਮੰਤਰ, ਜੇ ਆਪਾਂ, ਉਹ ਜਾਣ ਗਏ ਨੇ, ਕਦੇ ਤੂੰ ਅੰਨ-ਦਾਤਾ ਸੀ, ਭਵਿੱਖ ਦੀ ਫ਼ਿਕਰਮੰਦੀ, ਕਿਹਨਾਂ ਨਾਲ ਹੋ, ਚਿੰਤਕਾਂ ਦੀ ਚਿੰਤਾ, ਕਾਫ਼ਿਲੇ ਤੋਂ ਅੱਡ ਹੋਣਾ, ਕ੍ਰਾਂਤੀ ਦੇ ਵਣਜਾਰੇ, ਕਵਿਤਾ ਚਾਹੁੰਦੀ ਹੈ, ਸ਼ਾਮਲ ਹਨ। ਇਕ ਕਵਿਤਾ ਦਾ ਸਿਰਲੇਖ ਪੰਜ ਪੰਜ ਕਵਿਤਾਵਾਂ ਨੂੰ ਜਨਮ ਦੇਂਦਾ ਹੈ। ਏਵੇਂ ਹੀ ਦੋ ਦੋ ਕਵਿਤਾਵਾਂ ਕਿ ਸਿਰਲੇਖ ਹੇਠ ਪ੍ਰਕਾਸ਼ਤ ਹੋਈਆਂ ਹਨ।

ਉਘੇ ਗ਼ਜ਼ਲਗੋ ਅਲੋਚਕ ਸ. ਸਰਬਜੀਤ ਸਿੰਘ ਸੰਧੂ ਨੇ "ਥੱਕੇ ਹਾਰੇ ਸ਼ਹਿਰ ਨਾਲ ਖਲੋਂਦੀ" ਕਵਿਤਾ ਦੇ ਸਿਰਲੇਖ ਕਿਤਾਬ ਦਾ ਮੁਖਬੰਦ ਕੁੰਜੀਵੰਤ ਕੀਤਾ ਹੈ। ਉਸ ਦੀ ਸਮੀਖਿਆ ਹੀ ਹੂਬਹੂ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ। ਸਭਿਆਚਾਰ ਮਨੁੱਖੀ ਇਤਿਹਾਸ ਦਾ ਇਕ ਖ਼ਾਸ ਪੜਾਅ ਹੈ, ਜਿੱਥੇ ਉਹਦੀ ਦੂਸਰੇ ਸਮੂਹਾਂ ਤੋਂ ਅਲੱਗ ਪਹਿਚਾਣ ਬਣਦੀ ਹੈ, ਸੰਸਾਰੀਕਰਨ ਦੇ ਦੌਰ ਨੇ ਸੰਸਾਰ ਦੇ ਵਿਭਿੰਨ ਸਭਿਆਚਾਰਾਂ ਵਿਚਕਾਰ ਮੇਲਾਂ, ਸੰਵਾਦਾਂ, ਟਕਰਾਵਾਂ ਦਾ ਰਣਖੇਤਰ ਸਿਰਜ ਦਿੱਤਾ ਹੈ ਤਾਂ ਪੰਜਾਬੀ ਮਨੁੱਖ ਦਾ ਇਸ ਪ੍ਰਕਿਰਿਆ ਤੋਂ ਬੇਲਾਗ ਰਹਿਣਾ ਨਾਮੁਮਕਿਨ ਹੈ। ਹਰਜੀਤ ਸਿੰਘ ਸੰਧੂ ਨੇ ਸਭਿਆਚਾਰਕ ਪਰਿਵੇਸ਼ ਦੀਆਂ ਕਵਿਤਾਵਾਂ ਵਿਅੰਗ ਦੀਆਂ ਸੂਖਮ ਛੋਹਾਂ ਦੇ ਕੇ ਲਿਖੀਆਂ ਹਨ। ਭਾਸ਼ਾ ਹੀ ਕਵਿਤਾ ਦਾ ਮਾਧਿਅਮ ਬਣਦੀ ਹੈ। ਕਵਿਤਾ ਦੀ ਭਾਸ਼ਾ ਉਹਦੇ ਬਲਣਹਾਰਿਆਂ ਤੋਂ ਆਉਂਦੀ ਹੈ।

ਉਹਦੀ ਕਵਿਤਾ ਵਿਚਲੇ ਵਿਚਾਰ, ਪ੍ਰਤੀਕ, ਵਿਅੰਗ ਦੀਆਂ ਵਿਧੀਆਂ, ਭਾਸ਼ਾ ਦੀ ਵਰਤੋਂ, ਕਾਵਿ-ਲੈਅ ਉਹਦੀ ਆਪਣੀ ਕਮਾਈ ਹਨ, ਜਿਹੜੇ ਉਸਦੀ ਵਿਅਕਤੀਗਤ ਕਾਵਿ-ਸ਼ੈਲੀ ਨੂੰ ਘੜਦੇ ਹਨ। ਉਹਦੀ ਕਵਿਤਾ ਦੇ ਪ੍ਰਤੀਕ/ਬਿੰਬ ਸਾਧਾਰਨ ਹੁੰਦੇ ਹੋਏ ਵੀ ਵਿਲੱਖਣ ਹਨ, ਜਿਨ੍ਹਾਂ ਨੂੰ ਨਿਹਾਰਦਿਆਂ ਉਹਦੀ ਕਵਿਤਾ ਦੇ ਅਰਥਾਂ ਦੀਆਂ ਪਰਤਾਂ ਆਸਾਨੀ ਨਾਲ ਖੁੱਲ੍ਹਦੀਆਂ ਜਾਂਦੀਆਂ ਹਨ। ਇਸ ਸੰਗ੍ਰਹਿ ਦੀ ਪਹਿਲੀ ਹੀ ਕਵਿਤਾ 'ਥੱਕੇ-ਹਾਰੇ ਸ਼ਹਿਰ ਦੀ ਨੀਂਦ' ਵਿਚ ਆਏ ਸ਼ਬਦ/ਪ੍ਰਤੀਕ : 'ਸ਼ਹਿਰ', 'ਮੀਨਾਰ ਦੀ ਸਿਖਰ', 'ਟਾਰਚ', 'ਸ਼ਹਿਰ-ਵਾਸੀ', 'ਕੁੱਤੇ', 'ਬਘਿਆੜ' ਬਿਨਾਂ ਕਿਸੇ ਲਗ-ਲਬੇੜ ਦੇ ਸਭ ਕੁਝ ਕਹਿ ਦੇਂਦੇ ਹਨ। ਇਹ ਕਵਿਤਾ ਉਹਦੀ ਕਰੜੀ ਮਿਹਨਤ ਦੀ ਉਪਜ ਹੋ ਨਿਬੜਦੀ ਹੈ।

ਅੱਜ ਜਦੋਂ ਪੰਜਾਬੀ ਵਿਚ ਸਾਡੇ ਕੋਲ ਅਜਿਹੀ ਕਵਿਤਾ ਹੈ ਜਿਸ ਵਿਚ ਵਧੇਰੇ . ਕਰਕੇ ਨਿੱਜ ਦੇ ਦੁੱਖਾਂ ਦਾ ਰੁਦਨ ਹੈ, ਸਮਾਜ ਦੇ ਦੁੱਖਾਂ, ਸੰਘਰਸ਼ਾਂ ਤੋਂ ਦੂਰੀ ਸਾਜ ਕੇ ਮਨਾਏ ਜਾਂਦੇ ਜਸ਼ਨ ਹਨ, ਜਾਂ ਪੰਜਾਬੀ ਕਵਿਤਾ ਨੂੰ ਜਿੱਚ ਕਰਦੀਆਂ ਹੋਰ ਭਾਰਤੀ ਭਾਸ਼ਾਵਾਂ ਦੇ ਲਿਜ਼ਲਿਜ਼ੇ ਅਨੁਵਾਦ ਹਨ, ਤਾਂ ਉਸ ਵੇਲੇ ਹਰਜੀਤ ਸਿੰਘ ਸੰਧੂ ਜਿਹੇ ਕਵੀਆਂ ਦੀ ਕਵਿਤਾ ਦੀ ਬਹੁਤ ਲੋੜ ਹੈ।

ਕਵਿਤਾ ਵਲ ਉਹ ਜੀਵਨ ਦੇ ਚੌਥੇ ਆਸ਼ਰਮ ਵਿਚ ਆਇਆ, ਪਰ ਆਇਆ ਸਾਬਤ ਕਦਮੀ; ਦੁਬਿਧਾਵਾਂ ਦੇ ਜਾਲੇ ਲਾਹ ਕੇ ਆਇਆ। ਕਵਿਤਾ ਉਹਦੇ ਮਨ-ਅੰਬਰ 'ਤੇ ਛਾਈ ਹੋਈ ਹੈ। ਅਨੁਭਵ ਉਹਦੇ ਜੀਵਨ ਦੀ ਜ਼ਰਖੇਜ਼ ਜ਼ਮੀਨ 'ਤੇ ਬੀਜਾਂ ਵਾਂਙੂ ਖਿੱਲਰੇ ਹੁੰਦੇ ਹਨ। ਅਨੁਭਵ ਜਦ ਕਵਿਤਾ ਨੂੰ ਮਿਹਣਾ ਮਾਰਦੇ ਹਨ ਤਾਂ ਉਹ ਬਸ ਬਾਹਰ ਆਉਣ ਲਈ ਕੋਈ ਬਹਾਨਾ ਹੀ ਮੰਗਦੀ ਹੈ। ਅਨੁਭਵ ਉਸ ਨੂੰ ਘਟਨਾ-ਦੁਰਘਟਨਾ ਦਾ ਰੂਪ ਧਾਰ ਕੇ ਬਹਾਨਾ ਦੇਂਦੇ ਹਨ ਤੇ ਕਵਿਤਾ ਅਛੋਪਲੇ ਜਿਹੇ ਉੱਤਰ ਆਉਂਦੀ ਹੈ। ਏਨੀ ਹੀ ਉਹਦੀ ਸਿਰਜਨ-ਪ੍ਰਕਿਰਿਆ ਹੈ। ਉਹ ਵਾਪਰ ਗਏ ਦੇ ਕਾਰਨਾਂ ਤੇ ਪ੍ਰਭਾਵਾਂ ਨੂੰ ਤਰਕ ਦੀ ਤੱਕੜੀ 'ਤੇ ਰੱਖਦਾ ਹੈ। ਕਾਰਨਾਂ ਦੇ ਮੂਲ ਨੂੰ ਪਛਾਨਣ ਵਿਚ ਰੁਚਿਤ ਤੇ ਖਚਿਤ ਹੁੰਦਾ ਹੈ। ਉਹਨਾਂ ਦੀਆਂ ਖ਼ੂਬੀਆਂ-ਖ਼ਾਮੀਆਂ, ਸਮਰੱਥਾਵਾਂ-ਅਸਮਰੱਥਾਵਾਂ, ਉਹ ਜ਼ਮੀਨ ਜਿਨ੍ਹਾਂ ਵਿਚ ਉਹ ਪੈਦਾ ਹੁੰਦੇ ਹਨ, ਉਸਦੀ ਗੁਣਵੱਤਾ ਟੋਹਦਾ ਹੈ। ਫਿਰ ਉਹਨਾਂ ਕਾਰਨਾਂ ਦੇ ਸਮਰੂਪ ਪੈਦਾ ਹੁੰਦੇ ਪ੍ਰਭਾਵਾਂ, ਉਹਨਾਂ ਪ੍ਰਭਾਵਾਂ ਤੋਂ ਉਪਜੇ ਨਤੀਜਿਆਂ ਦੀ ਟੋਹ ਲੈਂਦਾ ਹੈ।ਇਸ ਕਾਵਿ-ਸਿਰਜਨ ਦੀ ਪ੍ਰਕਿਰਿਆ ਵਿਚ ਉਹਦੀ ਤਰਕਸ਼ੀਲਤਾ ਉੱਤੇ ਸੰਵੇਦਨਸ਼ੀਲਤਾ ਦਾ ਰੰਗ ਚੜ੍ਹਿਆ ਰਹਿੰਦਾ ਹੈ, ਭਾਵਨਾਵਾਂ ਦੇ ਨਿੱਘ, ਲੈਆਤਮਕਤਾ ਦੇ ਕਲਾਵੇ ਦਾ ਸਾਥ ਬਣਿਆ ਰਹਿੰਦਾ ਹੈ। ਕਿਉਂਕਿ ਕਵਿਤਾ ਲਈ ਲਾਜ਼ਮੀ ਹੈ ਕਿ ਉਸ 'ਤੇ ਤਰਕਸ਼ੀਲਤਾ ਭਾਰੂ ਹੋ ਕੇ ਉਹਦੇ ਸੁਹਜ ਦੇ ਕਸਾਰੇ ਦਾ ਕਾਰਨ ਨਾ ਬਣੇ। ਉਹਦੇ ਸ਼ੰਘਰਸ਼ੀ ਜੀਵਨ ਨੂੰ ਅਕਸਾਉਂਦੇ ਕਾਵਿ ਵਿਚੋਂ ਇਸ਼ਕ-ਮੁਸ਼ਕ ਵਾਲੀ ਸਭਿਆਚਾਰ ਦੀ ਪਰਿਕਰਮਾ ਨਹੀਂ ਕਰਦੀ ਹੈ। ਉਹਦੀ ਕਵਿਤਾ 'ਚੋਂ ਫੁਹੜ





ਦਿਲਜੀਤ ਸਿੰਘ ਬੇਦੀ

ਜਸ਼ਨਾਂ ਦੇ ਕਵਿਤਾ [illegible]

**ਜੋ ਮੰਚ ਲਿਖਣ 'ਤੇ ਡਰਨ**
**ਆਲੇ-ਬਣਨੇ**
**ਵੱਡੇ ਦਰਬਾਰ ਵਿਚ ਹਾਜ਼ਰੀ ਭਰਨ।**

ਕੋਈ ਘਟਨਾ ਘਟਦੀ ਹੈ ਤਾਂ ਉਹ ਉਹਨੂੰ ਉਤੇਜਿਤ ਕਰਦੀ ਹੈ, ਦੁਰਘਟਨਾ ਘਟਦੀ ਹੈ ਤਾਂ ਚਿੰਤਿਤ ਕਰਦੀ ਹੈ। ਉਹ ਆਲੇ-ਦੁਆਲੇ, ਸਮਾਜ, ਦੇਸ, ਅੰਤਰਰਾਸ਼ਟਰ 'ਚ ਜੋ ਕੁਝ ਵਾਪਰ ਰਿਹਾ ਹੈ, ਉਸ ਤੋਂ ਬੇਲਿਹਾਜ਼ ਨਹੀਂ ਰਹਿ ਸਕਦਾ। ਉਹਦੀ ਇਹ ਫ਼ਿਤਰਤ ਹੈ। [illegible]

**ਵੋਟਾਂ ਦੇ ਪੱਠੇ ਚਰਦੀ**
**ਨੋਟਾਂ ਦੀ ਜੁਗਾਲੀ ਕਰਦੀ**
**ਬੱਝੀ ਹੈ ਫੰਡਰ ਮੱਝ**
**ਪੂੰਜੀਵਾਦ ਦੇ ਕਿੱਲੇ 'ਤੇ**
**ਮੋਤੀਆਂ ਜੜੇ ਰੰਗ-ਬਰੰਗੇ ਰੱਸਿਆਂ ਨਾਲ**
**ਬਾਕੀ ਤਾਂ ਬਾਅਦ ਵਿਚ**
**ਪਹਿਲਾਂ ਕਿਉਂ ਨਾ ਹੋਵੇ**
**ਉਹਨਾਂ ਕਲਮਾਂ ਦਾ ਸਿਰ ਕਲਮ**

[illegible] ਦੇ ਵਰਤਾਰੇ ਵਿਚ ਜੋੜਦਾ ਤੇ ਜੜਦਾ ਹੈ। ਇਹ ਭਾਵੁਕਤਾ ਦੇ ਪੰਧ 'ਤੇ ਤੁਰੀ ਸਮਝ, ਵਿਚਾਰ ਦੇ ਦਰ 'ਤੇ ਦਸਤਕ ਦੇਂਦੀ ਹੈ, ਤਾਂ ਕਵਿਤਾ ਉਹਦਾ ਸਵਾਗਤ ਕਰਦੀ ਹੈ। ਇਸ ਕਿਤਾਬ ਦੇ ਕੁਲ ਪੰਨੇ 88, ਕੀਮਤ:- 200ਰੁ/ ਅਤੇ ਪ੍ਰਕਾਸ਼ਕ ਕੈਫ਼ੇ ਵਰਲਡ, ਮੰਡੀ ਕਲਾਂ, ਜਲੰਧਰ, ਬਠਿੰਡਾ ਹੈ।

# ਮੋਲਹਿ ਏਕ ਪਾਗ ਨਹਿ ਪਾਈ ॥



ਚਰਿਤ੍ਰੋ ਪਾਖਯਾਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਲਿਖੀਆਂ ੪੦੫ ਗਾਥਾਵਾਂ ਦਾ ਵਿਸ਼ਾਲ ਗ੍ਰੰਥ ਹੈ। ਇਹ ਵੱਡ ਅਕਾਰੀ ਗ੍ਰੰਥ ਨੈਤਿਕ, ਸਮਾਜਕ, ਇਤਿਹਾਸਕ, ਪੌਰਾਣਕ, ਦੇਸੀ, ਵਿਦੇਸ਼ੀ ਕਹਾਣੀਆਂ ਦਾ ਕੋਸ਼ ਹੈ। ਮਕਸਦ ਸੰਸਾਰ ਵਿਚ ਵਿਚਰਦਿਆਂ ਕਤਹੂੰ ਬਿਚਾਰ ਅਬਿਚਾਰ ਕੋ ਬਿਚਾਰਤ ਹੋ। ਕਹੂੰ ਨਿਜ ਨਾਰਿ ਪਰਨਾਰਿ ਕੇ ਨਿਕੇਤ ਹੋ ॥ (ਅਕਾਲ ਉਸਤਤਿ) ਯਾਨਿ ਬਿਚਾਰ ਅਤੇ ਅਬਿਚਾਰ ਦੀ ਬਿਚਾਰ ਆਣ ਨਾਲ ਹੀ ਵਿਕਾਰਾਂ ਤੋਂ ਬਚਿਆ ਜਾ ਸਕਦਾ ਹੈ।

ਇਸ ਗ੍ਰੰਥ ਦਾ ਨਾਮ ਸਤਿਗੁਰੂ ਜੀ ਨੇ ਖੁਦ ਹੀ ਦਿੱਤਾ ਹੈ, ਸ੍ਰੀ ਚਰਿਤ੍ਰ ਪਖਯਾਨੇ। ਆਸਾ ਕੀ ਵਾਰ ਵਰਣਤ ਟੁੰਡੇ ਅਸਰਾਜ ਦੀ ਤਰਜ਼ ਤੇ ਇਸ ਵਿਚ ਚਿਤ੍ਰ ਸਿੰਘ ਅਤੇ ਉਸ ਦੇ ਪੁੱਤਰ ਹਨਵਤਿ ਸਿੰਘ ਤੋਂ ਇਹ ਕਹਾਣੀ ਆਰੰਭ ਹੁੰਦੀਆਂ ਹਨ। ਇਸ ਗ੍ਰੰਥ ਵਿਚ ਇਸਤ੍ਰੀ ਚਰਿਤ੍ਰ ਵੀ ਹਨ, ਪੁਰਖ ਚਰਿਤ੍ਰ ਵੀ ਹਨ ਅਤੇ ਇਸਤ੍ਰੀ ਪੁਰਖ ਚਰਿਤ੍ਰ ਇਕੱਠੇ ਵੀ ਹਨ। ਜਿਵੇਂ ਇਸ ਪਾਵਟਾ ਨਗਰ ਦੇ ੭੧ਵੇਂ ਚਰਿਤ੍ਰ ਬਾਰੇ ਸਤਿਗੁਰੂ ਜੀ ਨੇ ਦਰਜ ਕੀਤਾ ਹੈ ਸ੍ਰੀ ਚਰਿਤ੍ਰ ਪਖਯਾਨੇ ਪੁਰਖ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ। ਯਾਨਿ ਕਿ ਰਾਜਾ ਚਿਤ੍ਰ ਸਿੰਘ ਅਤੇ ਉਸਦੇ ਮੰਤ੍ਰੀ ਦਾ ਆਪਸੀ ਸੰਵਾਦ। ਪਰ ਵੇਖਣ ਵਿਚ ਆਇਆ ਹੈ ਕਿ ਅਗਿਆਨਤਾ ਵਸ ਜਾਂ ਦ੍ਵੈਸ਼ ਅਧੀਨ ਕੁਝ ਇਸ ਬਾਣੀ ਨੂੰ ਚਲਿੱਤ੍ਰ ਲਿਖ ਦੇਂਦੇ ਹਨ। ਇਹ ਗੁਰੂ ਨਿੰਦਾ ਹੈ।

ਰਾਜੇ ਅਤੇ ਮੰਤ੍ਰੀ ਦੇ ਇਸ ਸੰਬਾਦ ਜਾਂ ਵਾਰਤਾਲਾਪ ਵਿਚ ਮੰਤ੍ਰੀ ਵਲੋਂ ਸਿਰਮੌਰ (ਸਾਰਮੌਰ) ਰਾਜ ਜਿਸਦੀ ਸਥਾਪਨਾ ੧੬੧੬ ਵਿਚ ਹੋਈ ਸੀ ਦੀ ਕਹਾਣੀ ਸੁਣਾ ਰਿਹਾ ਹੈ । ਨਗਰ ਪਾਵੰਟਾ ਅਤੇ ਨਾਹਨ ਇਸ ਵੱਡੀ ਰਿਆਸਤ ਦਾ ਹਿੱਸਾ ਸਨ। ਇਹ ਰਿਆਸਤ ਮੁਗਲਾਂ ਦੀ ਸਰਪ੍ਰਸਤੀ ਦੇ ਅਧੀਨ ਸੀ ਅਤੇ ਇੱਥੇ ਇਸ ਰਿਆਸਤ ਦੇ ਸ਼ਿਵ ਭਗਤ ਰਾਜੇ ਦੀ ਕਾਲਪਨਿਕ ਕਹਾਣੀ ਸੁਣਾਈ ਗਈ ਹੈ। ਇਸ ਵਿਚ ਰਾਜਾ ਆਪਣੀ ਕਹਾਣੀ ਉੱਤਮ ਪੁਰਸ਼ first person ਵਿਚ ਸੁਣਾ ਰਿਹਾ ਹੈ। ਇਸ ੭੧ਵੇਂ ਚਰਿਤ੍ਰ ਦੀ ਕਥਾ ਕਪਾਲ ਮੋਚਨ ਤੀਰਥ ਦੀ ਹੈ ਜਿਥੇ ਕਪਾਲ=ਸਿਰ ਅਤੇ ਮੋਚਨ=ਵੱਖ ਹੋਣਾ, ਯਾਨਿ ਕਿ ਸਿਰ ਦਾ ਕਟਿਆ ਜਾਣਾ। ਇਸ ਗਾਥਾ ਦੇ ਸਾਰ ਤੇ ਵਿਚਾਰ ਕਰਦਿਆਂ ਕਈ ਨੁਕਤੇ ਸਾਹਮਣੇ ਆਉਂਦੇ ਹਨ। ਇਸ ਵਿਚ ਸਾਰਮੌਰ ਦੇਸ਼ ਦੇ ਰਾਜੇ ਵਲੋਂ ਧਾਰਮਿਕ ਸਥਾਨ ਦੀ ਬੇ-ਹੁਰਮਤੀ ਕਰ ਰਹੇ ਵਿਅਕਤੀਆਂ ਦੀਆਂ ਪਗੜੀਆਂ ਉਤਾਰਨ ਦੀ ਗਾਥਾ ਹੈ। ਜਿਸ ਨੂੰ ਸਮਝਣ ਦੀ ਲੋੜ ਹੈ।

ਚਰਿਤ੍ਰ ਬਚਿਤ੍ਰ ਗੁਰੂ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਅਤੇ ਵਿਸ਼ਾਲ ਕ੍ਰਿਤ ਚਰਿਤ੍ਰੋ ਪਾਖਯਾਨ ਸਮਝਣ ਲਈ ਬਿਬੇਕ ਬੁਧ ਦੇ ਨਾਲ ਨਾਲ ਸ਼ਰਧਾ, ਸਿਦਕ ਅਤੇ ਭਰੋਸੇ ਦੀ ਲੋੜ ਹੈ। ਇਸ ਬਾਰੇ ਸਤਿਗੁਰੂ ਜੀ ਨੇ ਚਰਿਤ੍ਰੋ ਪਾਖਯਾਨ ਦੇ ਅਰੰਭ ਵਿਚ ਹੀ ਬੇਨਤੀ ਦਰਜ ਕੀਤੀ ਹੈ ਕਿ ਜੇਕਰ ਅਕਾਲ ਪੁਰਖ ਕਿਰਪਾ ਕਰੇ ਤਾਂ ਗੂੰਗੇ ਸ਼ਾਸਤ੍ਰਾਂ ਦਾ ਉਚਾਰਣ ਕਰਨ ਲਗ ਜਾਂਦੇ ਹਨ, ਪਿੰਗਲੇ ਪਰਬਤਾਂ ਤੇ ਚੜ੍ਹ ਸਕਦੇ ਹਨ, ਨਾਬੀਨਾ (ਸੂਰਮੇ) ਵੇਖਣ ਲਗ ਜਾਂਦੇ ਹਨ ਅਤੇ ਡੋਰੇ ਸੁਣਨ ਲਗ ਜਾਂਦੇ ਹਨ।

**ਮੂਕ ਉਚਰੈ ਸਾਸਤ੍ਰ ਖਟ ਪਿੰਗ ਗਿਰਨ ਚੜਿ ਜਾਇ ॥**
**ਅੰਧ ਲਖੈ ਬਦਰੋ ਸੁਨੈ ਜੋ ਤੁਮ ਕਰੌ ਸਹਾਇ ॥੪੩॥**

ਇਹ ਇਕ ਇਸ਼ਾਰਾ ਹੈ ਸਤਿਗੁਰੂ ਜੀ ਦੀ ਲੋਹ ਕਲਮ ਦੀ ਕ੍ਰਿਤ ਦਾ ਕਿ ਹਰ ਇਕ ਵੇਖਣ, ਸੁਣਨ, ਬੋਲਣ ਅਤੇ ਉਚਾਈਆਂ ਤਕ ਪਹੁੰਚਣ ਲਈ ਸਹਾਈ ਹੋ ਜਾਂਦਾ ਹੈ। ਕਲਗੀਧਰ ਪਿਤਾ ਦੀ ਰਚਨਾ ਨੂੰ ਕੋਈ ਦਰਕਿਨਾਰ ਨਹੀਂ ਕਰ ਸਕਦਾ। ਇਹ ਰਚਨਾ ਸਮਝਣ ਅਤੇ ਸੋਚਣ ਲਈ ਮਜਬੂਰ ਕਰ ਦਿੰਦੀ ਹੈ। ਇਹ ਇਕ ਐਸਾ ਅਨਾਹਤ ਨਾਦ ਹੈ ਜੋ ਹਿਰਦੇ ਤੇ ਚੋਟ ਕਰਦਾ ਹੈ।


ਗੁਰਚਰਨਜੀਤ ਸਿੰਘ ਲਾਂਬਾ

ਇਸ ਦੇ ਬਾਅਦ ਸਤਿਗੁਰੂ ਜੀ ਨੇ ਵਾਹਿਗੁਰੂ ਅੱਗੇ ਨਿਮਰਤਾ ਅਤੇ ਹਲੀਮੀ ਸਹਿਤ ਜੋਦੜੀ ਕੀਤੀ ਹੈ ਕਿ ਹੇ ਅਕਾਲ ਪੁਰਖ ਤੇਰੇ ਭਰੋਸੇ, ਤੇਰੀ ਦਿੱਤੀ ਬੁੱਧੀ ਅਨੁਸਾਰ ਮੈਂ ਕੁਝ ਕਬਿਤਾ ਲਿਖਣ ਲੱਗਾ ਹਾਂ ਅਤੇ ਇਸਨੂੰ ਵੇਖ ਪੜ੍ਹ ਕੇ ਹਾਸ ਨ ਕਰਿਯਹੁ ਕੋਇ।।

**ਪ੍ਰਥਮ ਮਾਨਿ ਤੁਮ ਕੋ ਕਹੋ ਜਥਾ ਬੁਧਿ ਬਲੁ ਹੋਇ ॥**
**ਘਟਿ ਕਬਿਤਾ ਲਖਿ ਕੈ ਕਬਹਿ ! ਹਾਸ ਨ ਕਰਿਯਹੁ ਕੋਇ ॥੪੫॥**

ਇੱਥੇ ਸਤਿਗੁਰੂ ਜੀ ਵਲੋਂ ਲਫ਼ਜ਼ ਕਬਿਤਾ ਵਰਤਣਾ ਬਹੁਤ ਹੀ ਮਹੱਤਵ ਪੂਰਨ ਹੈ ਕਿ ਇਹ ਇਕ ਸਾਹਿਤਕ ਰਚਨਾ, ਕਹਾਣੀ ਜਾਂ ਅਫਸਾਨਾ ਹੈ। ਇਹ ਕੋਈ ਇਤਿਹਾਸ ਜਾਂ ਆਤਮਕਥਾ ਨਹੀਂ ਹੈ। ਇਸ ੭੧ਵੇਂ ਚਰਿੱਤ੍ਰ ਦਾ ਗੁਰੂ ਸਾਹਿਬ ਜੀ ਦੇ ਪਾਵਨ ਜੀਵਨ ਨਾਲ ਕੋਈ ਸੰਬਧ ਨਹੀਂ ਹੈ। ਉਹ ਤਾਂ ਇਸ ਗਾਥਾ ਦੇ ਰਚਨਹਾਰ ਹਨ। ਇਸ ਚਰਿਤ੍ਰ ਦੇ ਅਖੀਰ ਵਿਚ ਸਤਿਗੁਰੂ ਜੀ ਨੇ ਦਰਜ ਵੀ ਕੀਤਾ ਹੈ, ਮੰਤ੍ਰੀ ਭੂਪ ਸੰਬਾਦੇ। ਇਸ ਦਾ ਸਿੱਧਾ ਪੱਧਰਾ ਅਰਥ ਹੈ ਕਿ ਇਹ ਕਹਾਣੀ ਰਾਜਾ ਮਿਤ੍ਰ ਸਿੰਘ ਦਾ ਵਜ਼ੀਰ ਉਸ ਨੂੰ ਸੁਣਾ ਰਿਹਾ ਹੈ। ਵਯਾਕਰਣ ਦੇ ਇਸ ਸਿੱਧੇ ਪੱਧਰੇ ਨਿਯਮ ਦੀ ਸੋਝੀ ਨਾਲ ਇਹ ਸਾਰੇ ਭੁਲੇਖੇ ਦੂਰ ਹੋ ਜਾਂਦੇ ਹਨ।

ਇਸ ਚਰਿਤ੍ਰ ਦੀ ਕਹਾਣੀ ਵਿਚ ਸਾਰਮੌਰ ਦੇਸ਼ ਦੇ ਰਾਜੇ ਵਲੋਂ ਉੱਤਮ ਪੁਰਸ਼ ਵਿਧੀ first person ਵਿਚ ਕਥਾ ਵਰਣਨ ਕੀਤੀ ਗਈ ਹੈ। ਇਸ ਨਾਲ ਇਹ ਕਹਾਣੀ ਮੰਤ੍ਰੀ ਦੀ ਆਪ-ਬੀਤੀ ਨਹੀਂ ਬਣ ਜਾਂਦੀ। ਇਸ ਵਿਚ ਇਹ ਕਹਾਣੀ ਮੰਤ੍ਰੀ ਰਾਹੀਂ ਰਾਜਾ ਸੁਣਾ ਰਿਹਾ ਹੈ ਕਿ ਸਾਰਮੌਰ ਦੇਸ ਵਿਚ ਪਾਵਟਾ ਨਗਰ ਵਿਚ ਜਮੁਨਾ ਕੰਢੇ ਕਪਾਲ ਮੋਚਨ ਤੀਰਥ ਹੈ। ਪਾਵਟਾ ਨਗਰ ਤੋਂ ਮੈਂ ਇੱਥੇ ਆਣ ਉਤਾਰਾ ਕੀਤਾ ਅਤੇ ਕਾਫ਼ੀ ਸ਼ਿਕਾਰ ਕੀਤੇ। ਇਸ ਤੋਂ ਬਾਅਦ ਮੈਂ ਤੀਰਥ ਦੇ ਦਰਸ਼ਨ ਕੀਤੇ। ਇੱਥੇ ਮੇਰੇ ਸਿਖ ਸੇਵਕ ਆਏ। ਉਹਨਾਂ ਨੂੰ ਮੈਂ ਸਿਰਪਾਉ ਦੇਣੇ ਚਾਹੇ ਪਰ ਪਾਵਟਾ ਅਤੇ ਬੁਰੀਏ ਨਗਰਾਂ ਵਿਚ ਕੀਮਤ ਦੇ ਕੇ ਵੀ ਕੋਈ ਪੱਗ ਨਹੀਂ ਮਿਲੀ। ਇਸ ਤੋਂ ਬਾਅਦ ਇਕ ਢੰਗ ਅਪਣਾਇਆ ਕਿ ਪਯਾਦੇ ਭੇਜ ਕੇ ਜਿਹੜੇ ਵੀ ਉਸ ਤੀਰਥ ਤੇ ਪਿਸ਼ਾਬ ਕਰਨ ਆਂਦੇ ਸਨ, ਉਹਨਾਂ ਦੀਆਂ ਪੱਗਾਂ ਉਤਾਰ ਕੇ ਬਿਨਾਂ ਪੱਗਾਂ ਦੇ ਉਨ੍ਹਾਂ ਨੂੰ ਭੇਜ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਇਕ ਰਾਤ ਵਿਚ ਹੀ ਅੱਠ ਸੌ ਪਗੜੀ ਇਕੱਠੀ ਕਰ ਲਈ ਗਈ।

**ਜਬ ਪਯਾਦਨ ਐਸੇ ਸੁਨਿ ਪਾਯੋ ॥ ਤਿਹੀ ਭਾਂਤਿ ਮਿਲਿ ਸਭਨ ਕਮਾਯੋ ॥**
**ਜੋ ਮਨਮੁਖ ਤੀਰਥ ਤਿਹ ਆਯੋ ॥ ਪਾਗ ਬਿਨਾ ਕਰਿ ਤਾਹਿ ਪਠਾਯੋ ॥੭॥**

ਫਿਰ ਇਹ ਪੱਗਾਂ ਧੁਆ ਕੇ ਆਪਣੇ ਸਿਖ ਸੇਵਕਾਂ ਨੂੰ ਬੰਨਵਾ ਦਿੱਤੀਆਂ ਅਤੇ ਬਾਕੀ ਦੀਆਂ ਬਜ਼ਾਰ ਵਿਚ ਵੇਚ ਦਿੱਤੀਆਂ। ਇਸ ਦੇ ਬਾਅਦ ਵੀ ਜਿਹੜੀਆਂ ਬਚੀਆਂ ਉਹ ਸਿਪਾਹੀਆਂ ਨੂੰ ਦੇ ਦਿੱਤੀਆਂ।

**ਬਚੀ ਸੁ ਬੇਚਿ ਤੁਰਤ ਤਹ ਲਈ ॥**
**ਬਾਕੀ ਬਚੀ ਸਿਪਾਹਿਨ ਦਈ ॥੯॥**

ਇਹ ਪਯਾਦੇ ਅਤੇ ਸਿਪਾਹੀ ਰਾਜੇ ਰਜਵਾੜਿਆਂ ਦੇ ਹੀ ਹੁੰਦੇ ਹਨ, ਗੁਰੂ ਘਰ ਦੇ ਨਹੀਂ। ਇਸ ਕਹਾਣੀ ਦਾ ਕੇਂਦਰ ਬਿੰਦੂ ਹੈ ਹਿੰਦੂ ਤੀਰਥ ਕਪਾਲ ਮੋਚਨ। ਮਹਾਭਾਰਤ ਅਨੁਸਾਰ ਕਪਾਲ ਮੋਚਨ ਦਾ ਪੁਰਾਣਾ ਨਾਮ "ਔਸ਼ਨਸ ਤੀਰਥ" ਸੀ। ਪੌਰਾਣਕ ਕਥਾ ਅਨੁਸਾਰ ਸ਼ਿਵ ਨੇ ਬ੍ਰਹਮ-ਹੱਤਿਆ ਦੇ ਪਾਪ ਤੋਂ ਮੁਕਤੀ ਲਈ ਇੱਥੇ ਤੀਰਥ ਕੀਤਾ ਸੀ। ਇਸ ਤੋਂ ਇਲਾਵਾ, ਪਾਂਡਵਾਂ ਨੇ ਵੀ ਮਹਾਭਾਰਤ ਦੇ ਯੁੱਧ ਤੋਂ ਬਾਅਦ ਇੱਥੇ ਇਸ਼ਨਾਨ ਕਰਕੇ ਪਾਪ ਮੁਕਤੀ ਪ੍ਰਾਪਤ ਕੀਤੀ ਸੀ।

ਇਸ ਚਰਿੱਤ੍ਰ ਵਿਚ ਵੀ ਸਤਿਗੁਰੂ ਜੀ ਨੇ ਰੋਮਆਂ ਕਲੈ ("roman à clef") ਦਾ ਪ੍ਰਯੋਗ ਕੀਤਾ ਹੈ। ਇਸ ਦਾ ਅਰਥ ਹੈ ਕੁੰਜੀਵਤ ਸਾਹਿਤ ਜਾਂ ਘੁੰਡੀਸਹਿਤ ਸਾਹਿਤ। ਇਸ ਵਿਚ ਪ੍ਰਚਲਤ ਕਹਾਣੀ ਜਾਂ ਕਿਸੇ ਕਾਲਪਨਿਕ ਘਟਨਾ ਦਾ ਵਰਣਨ ਕਰਦਿਆਂ ਉਸ ਵਿਚ ਸਹੀ ਸਥਾਨ ਅਤੇ ਇਤਿਹਾਸਕ ਪਾਤਰ ਪਾ ਦਿੱਤੇ ਜਾਂਦੇ ਹਨ। ਇਹ ਇਸ ਕਹਾਣੀ ਨੂੰ ਇਕ ਦਮ ਕਾਲਪਨਿਕ ਜਗਤ ਤੋਂ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਨਾਲ ਜੋੜ ਦਿੰਦਾ ਹੈ। ਮਕਸਦ ਸਾਹਿਤ ਨੂੰ ਯਥਾਰਥ ਜਾਂ ਵਾਸਤਵਿਕਤਾ ਦੇ ਨੇੜੇ ਲੈ ਆਣਾ। ਜਿਵੇਂ ਗੁਰੂ ਜੀ ਨੇ ਕ੍ਰਿਸ਼ਨਾਵਤਾਰ ਵਿਚ ਖੜਗ ਸਿੰਘ, ਬੀਰ ਸਿੰਘ, ਗਜ ਸਿੰਘ ਅਤੇ ਨਿਹੰਗ ਖਾਂ, ਵਾਹਿਦ ਖਾਂ, ਨਿਜਾਬਤ ਖਾਂ, ਆਦਿ ਪਾਤਰ ਖੜੇ ਕਰ ਦਿੱਤੇ। ਇਸ ਨੂੰ ਨਾ ਸਮਝਣ ਕਾਰਨ ਕਈ ਇਸ ਤੇ ਵੀ ਸ਼ੰਕਾ ਕਰਨ ਲਗ ਜਾਂਦੇ ਹਨ ਕਿ ਉਸ ਯੁਗ ਵਿਚ ਸਿੰਘ ਅਤੇ ਮੁਸਲਮਾਨ ਨਾਵਾਂ ਵਾਲੇ ਵਿਅਕਤੀ ਕਿਸ ਤਰ੍ਹਾਂ ਆ ਗਏ।

ਹੁਣ ਇਸ ਪਾਵਟਾ ਵਾਲੇ ਚਰਿਤ੍ਰ ਵਿਚ ਵੀ ਪਾਵਟਾ, ਸਿਰਪਾਉ ਆਦਿ ਸ਼ਬਦਾਂ ਦਾ ਵਰਣਨ ਕੀਤਾ ਹੈ। ਪਰ ਨਾਲ ਹੀ ਰਾਜੇ ਦਾ ਸ਼ਿਵ ਤੀਰਥ ਕਪਾਲ ਮੋਚਨ ਦੇ ਦਰਸ਼ਨ ਕਰਨਾ ਆਦਿ ਸਪਸ਼ਟ ਕਰਦੇ ਹਨ ਕਿ ਇਹ ਮੰਤ੍ਰੀ ਵਲੋਂ ਰਾਜੇ ਨੂੰ ਸੁਣਾਈ ਗਈ ਇਕ ਕਾਲਪਨਿਕ ਕਹਾਣੀ ਹੈ ਜਿਸ ਵਿਚ ਰੋਮਆਂ ਕਲੈ (ਕੁੰਜੀਵਤ ਸਾਹਿਤ) ਦੀ ਵਰਤੋਂ ਕਰਕੇ ਇਸ ਨੂੰ ਯਥਾਰਥ ਦੇ ਨਿਕਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਵਿਚ ਸਤਿਗੁਰੂ ਜੀ ਬਾਖ਼ੂਬੀ ਕਾਮਯਾਬ ਵੀ ਹੋਏ ਹਨ। ਅਲਬੱਤਾ ਇਸ ਕਹਾਣੀ ਨੂੰ ਗੁਰੂ ਸਾਹਿਬ ਦੇ ਜੀਵਨ ਨਾਲ ਕਿਸੇ ਵੀ ਰੂਪ ਵਿਚ ਜੋੜਨਾ ਅਰਥ ਦਾ ਅਨਰਥ ਕਰਨਾ ਹੋਏਗਾ। ਸਤਿਗੁਰੂ ਜੀ ਦੇ ਬਚਨ ਹਨ,

**ਅਰਥਹ ਛਾਡਿ ਅਨਰਥ ਬਤਾਵਤ॥**
**(ਦਸਮ ਗ੍ਰੰਥ ਸਾਹਿਬ)**

ਇਸ ਚਰਿਤ੍ਰ ਵਿਚ ਅੰਤਮ ਪੰਗਤੀਆਂ ਬਹੁਤ ਹੀ ਮਹੱਤਵ ਪੂਰਨ ਹਨ ਕਿ ਸਿਰਮੌਰ ਦਾ ਰਾਇ ਜਾਂ ਰਾਜਾ ਇਹ ਚਰਿਤ੍ਰ ਖੇਡ ਗਿਆ ਅਤੇ ਮੂਰਖਾਂ ਨੂੰ ਪਤਾ ਹੀ ਨਹੀਂ ਲਗਾ।

**ਬਟਿ ਕੈ ਪਗਰੀ ਨਗਰ ਕੋ ਜਾਤ ਭਏ ਸੁਖ ਪਾਇ ॥**
**ਭੇਦ ਮੂਰਖਨ ਨ ਲਹਿਯੋ ਕਹਾ ਗਯੋ ਕਰਿ ਰਾਇ ? ॥੧੦॥**

ਇਸੇ ਲਈ ਤਾਂ ਚਰਿਤ੍ਰੋ ਪਾਖਯਾਨ ਗ੍ਰੰਥ ਦੇ ਅਖ਼ੀਰ ਵਿਚ ਸਤਿਗੁਰੂ ਜੀ ਘੁੰਡੀ ਖੋਲਦੇ ਹਨ,

**ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ॥**
**ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥**

# ਗ਼ਦਰੀ ਹਰੀ ਸਿੰਘ ਉਸਮਾਨ

ਜਸਦੇਵ ਸਿੰਘ ਲਲਤੋਂ
96464-02470

ਬਾਬਾ ਹਰੀ ਸਿੰਘ ਉਸਮਾਨ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਬੱਦੋਵਾਲ ਵਿੱਚ 20 ਅਕਤੂਬਰ 1879 ਨੂੰ ਹੋਇਆ। 19 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਕੇ (20 ਅਕਤੂਬਰ 1898 ਤੋਂ 01 ਅਪਰੈਲ 1905 ਤੱਕ) ਕਰੀਬ ਸਾਢੇ ਛੇ ਸਾਲ ਸਰਕਾਰੀ ਨੌਕਰੀ ਕੀਤੀ। ਅਣਖੀਲੇ ਸੁਭਾਅ ਦੇ ਮਾਲਕ ਹੋਣ ਕਰ ਕੇ ਫੌਜੀ ਗੁਲਾਮੀ ਨੂੰ ਲੱਤ ਮਾਰ ਕੇ ਪਿੰਡ ਵਾਪਸ ਆ ਗਏ ਤੇ ਢਾਈ ਸਾਲ ਖੇਤੀਬਾੜੀ ਦਾ ਕੰਮ ਕੀਤਾ। 30 ਅਕਤੂਬਰ 1907 ਨੂੰ ਰੋਟੀ-ਰੋਜ਼ੀ ਦੀ ਭਾਲ ਵਿੱਚ ਫਿਲਪੀਨਜ਼ ਲਈ ਰਵਾਨਾ ਹੋ ਗਏ। ਦੋ ਸਾਲ ਫਿਲਪੀਨਜ਼ ਦੇ ਸ਼ਹਿਰ ਮਨੀਲਾ ਵਿੱਚ ਮਜ਼ਦੂਰੀ ਅਤੇ ਪਹਿਰੇਦਾਰੀ ਕੀਤੀ। ਅਗਾਂਹ ਅਮਰੀਕਾ ਜਾ ਕੇ ਕੈਲੀਫੋਰਨੀਆ, ਇੰਪੀਰੀਅਲ ਵੈਲੀ 'ਚ ਮਜ਼ਦੂਰੀ ਕਰਨ ਪਿੱਛੋਂ ਅਮਰੀਕਾ-ਮੈਕਸਿਕੋ ਹੱਦ 'ਤੇ ਮੈਕਸੀਕਾਲੀ ਕਸਬੇ ਨੇੜੇ 200 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਕਪਾਹ ਦੀ ਖੇਤੀ ਕਰਨ ਲੱਗੇ।

ਹਰੀ ਸਿੰਘ ਬੇਹੱਦ ਮਿਹਨਤੀ ਅਤੇ ਸਿਰੜੀ ਸਨ, ਉਨ੍ਹਾਂ ਖ਼ੂਨ ਪਸੀਨਾ ਇੱਕ ਕਰ ਕੇ ਸਾਢੇ ਚਾਰ ਸਾਲਾਂ ਵਿੱਚ ਕਾਫੀ ਡਾਲਰ ਜਮ੍ਹਾਂ ਕਰ ਲਏ। ਦੂਜੇ ਪਾਸੇ ਗੋਰਿਆਂ ਦੇ ਪੈਰ-ਪੈਰ 'ਤੇ ਗੁਲਾਮੀ ਵਾਲਾ ਸਲੂਕ ਹਰੀ ਸਿੰਘ ਦੇ ਦਿਲ-ਓ-ਦਿਮਾਗ ਨੂੰ ਜ਼ਖ਼ਮੀ ਕਰਦਾ ਰਹਿੰਦਾ। ਅਜਿਹੇ ਹਾਲਾਤ ਅੰਦਰ ਸਾਨ ਫਰਾਂਸਿਸਕੋ ਦੇ ਯੁਗਾਂਤਰ ਆਸ਼ਰਮ (ਗ਼ਦਰ ਪਾਰਟੀ ਦਾ ਹੈੱਡਕੁਆਰਟਰ) ਤੋਂ ਨਿਕਲਦੇ 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਹਰੀ ਸਿੰਘ ਨੂੰ ਮਿਲਿਆ। ਆਪ ਨੇ ਹੇਠ ਲਿਖੇ ਚਾਰ ਸਬਕ ਪੜ੍ਹੇ:

ਪਹਿਲਾ ਸਬਕ: ਹਥਿਆਰਬੰਦ ਇਨਕਲਾਬ। ਦੂਜਾ ਸਬਕ: ਧਰਮ ਆਪੋ-ਆਪਣਾ। ਤੀਜਾ ਸਬਕ: ਸਭ ਗੁਲਾਮ ਦੇਸ਼ਾਂ ਦੀ ਆਜ਼ਾਦੀ ਦੇ ਘੋਲਾਂ 'ਚ ਹਿੱਸਾ ਲੈਣਾ। ਚੌਥਾ ਸਬਕ: ਤਨਖਾਹ ਮੌਤ ਤੇ ਇਨਾਮ ਆਜ਼ਾਦੀ। ਹਰੀ ਸਿੰਘ ਨੇ ਚਾਰੇ ਸਬਕ ਪਾਠ ਵਾਂਗ ਯਾਦ ਕਰ ਲਏ।

ਆਜ਼ਾਦੀ ਦੀ ਮੱਚਦੀ ਲਾਟ ਦੇ ਸੱਜਰੇ ਬਣੇ ਪਰਵਾਨੇ ਨੇ ਸੋਚਿਆ ਕਿ ਹੁਣ ਵੇਲਾ ਖੁੰਝਣ ਨਹੀਂ ਦੇਣਾ। 15 ਅਕਤੂਬਰ 1914 ਨੂੰ ਯੁਗਾਂਤਰ ਆਸ਼ਰਮ ਪੁੱਜ ਕੇ ਗ਼ਦਰ ਪਾਰਟੀ ਦੇ ਪੱਕੇ ਮੈਂਬਰ ਬਣ ਗਏ। ਗ਼ਦਰ ਪਾਰਟੀ ਦੇ ਫੈਸਲੇ ਮੁਤਾਬਿਕ ਆਪਣੇ ਸਾਥੀਆਂ-ਹਰਨਾਮ ਚੰਦ, ਕਿਸ਼ਨ ਚੰਦ, ਮੰਗੂ ਤੇ ਰਘਵੀਰ ਸਮੇਤ ਆਪ ਜਹਾਂਗੀਰ ਦੇ ਗੁਪਤ ਨਾਂ ਹੇਠ 15 ਅਪਰੈਲ 1915 ਨੂੰ ਜਰਮਨ ਕੌਂਸਲ ਦੀ ਮਦਦ ਨਾਲ ਅਮਰੀਕਾ ਤੋਂ ਹਿੰਦ ਦੀ ਗ਼ਦਰ ਪਾਰਟੀ ਵਾਸਤੇ ਹਥਿਆਰਾਂ ਦਾ ਭਰਿਆਂ ਸਮੁੰਦਰੀ ਜ਼ਹਾਜ ਲੈ ਕੇ ਰਵਾਨਾ ਹੋ ਗਏ ਪਰ 5 ਮਹੀਨੇ ਦੀਆਂ ਘੁੰਮਣ ਘੇਰੀਆਂ ਪਿੱਛੋਂ ਸਤੰਬਰ 1915 ਵਿੱਚ ਫੜੇ ਗਏ। ਉਂਝ, ਜਕਾਰਤਾ (ਜਾਵਾ) ਵਿੱਚ ਜਰਮਨ ਕੌਂਸਲ ਦੀ ਸਹਾਇਤਾ ਨਾਲ ਬਚ ਨਿਕਲੇ। ਜਾਵਾ ਦੇ ਪੱਛਮੀ ਹਿੱਸੇ ਦੇ ਪਹਾੜੀ ਖੇਤਰ ਗੰਗਾਹਾਲੂ ਦੇ ਜੰਗਲਾਂ ਵਿੱਚ ਪਹਿਲੀ ਜਨਵਰੀ 1916 ਤੋਂ ਪਹਿਲੀ ਜਨਵਰੀ 1938 ਤੱਕ ਉਸਮਾਨ ਖਾਂ ਦੇ ਨਾਂ ਹੇਠ ਤੀਜੇ ਰੂਪ 'ਚ ਰੂਪੋਸ਼ ਜੀਵਨ ਬਤੀਤ ਕਰਦੇ ਰਹੇ। ਉਥੋਂ ਦੇ ਸੁਡਾਨਿਸ਼ ਲੋਕਾਂ ਦੀ ਬੋਲੀ/ਸੱਭਿਆਚਾਰ ਨੂੰ ਬਹੁਤ ਜਲਦੀ ਗ੍ਰਹਿਣ ਕਰਨ ਮਗਰੋਂ ਇੱਕ ਬੀਬੀ ਨਾਲ ਵਿਆਹ ਕਰਵਾਇਆ, ਜਿਸ ਦੀ ਕੁੱਖੋਂ ਤਿੰਨ ਧੀਆਂ ਤੇ ਦੋ ਪੁੱਤਰਾਂ ਨੇ ਜਨਮ ਲਿਆ। ਇਸ ਵਕਤ ਉਨ੍ਹਾਂ 25 ਏਕੜ ਜ਼ਮੀਨ 'ਤੇ ਖੇਤੀ ਕੀਤੀ। ਸ਼ੰਘਾਈ ਦੀ ਪੁਲੀਸ ਉਨ੍ਹਾਂ ਨੂੰ ਤਿੰਨ ਸਾਲ ਜਾਵਾ ਵਿੱਚ ਭਾਲ-ਭਾਲ ਕੇ ਫੇਲ੍ਹ ਹੋ ਗਈ ਤੇ ਵਾਪਸ ਮੁੜ ਗਈ। ਉਨ੍ਹਾਂ ਦੇ ਦਿਲ-ਓ-ਦਿਮਾਗ ਵਿੱਚ ਗ਼ਦਰ ਵਾਲਾ ਸੁਫਨਾ ਸਦਾ ਜਿਉਂਦਾ ਰਿਹਾ।

ਇੰਗਲੈਂਡ ਅਤੇ ਜਾਪਾਨ ਵਿਚਕਾਰ ਜੰਗ ਦੇ ਆਸਾਰ ਬਣਦਿਆਂ ਹੀ ਉਨ੍ਹਾਂ ਹਿੰਦ ਵਿੱਚ ਗ਼ਦਰ ਕਰਨ ਦਾ ਦੂਜਾ ਮੌਕਾ ਮੇਲ ਬੁੱਝ ਲਿਆ। ਸਿੱਟੇ ਵਜੋਂ ਪਹਿਲੀ ਜਨਵਰੀ 1938 ਨੂੰ ਉਹ ਆਪਣੀ ਪਤਨੀ ਅਤੇ ਬੱਚਿਆਂ ਨੂੰ ਸੁੱਤੇ ਪਏ ਛੱਡ ਕੇ ਗ਼ਦਰ ਦੇ ਦੂਜੇ ਪੜਾਅ ਦੀ ਤਿਆਰੀ ਲਈ ਚੱਲ ਪਏ। ਸ਼ੰਘਾਈ ਤੇ ਸਿੰਗਾਪੁਰ ਨੂੰ ਗੜ੍ਹ ਬਣਾਉਂਦੇ ਹੋਏ, ਆਜ਼ਾਦ ਹਿੰਦ ਲੀਗ ਤੇ ਫੌਜ ਵਿੱਚ ਕ੍ਰਾਂਤੀਕਾਰੀ ਕੰਮ ਦੀ ਉਸਾਰੀ ਕਰਦੇ ਹੋਏ ਜਨਵਰੀ 1938 ਤੋਂ ਨਵੰਬਰ 1944 ਤੱਕ ਅਨੇਕ ਰਾਜਸੀ ਤੌਰ 'ਤੇ ਚੇਤਨ ਗ਼ਦਰੀ ਫੌਜੀ ਤਿਆਰ ਕੀਤੇ ਅਤੇ ਹਾਂਗਕਾਂਗ, ਪੀਨਾਂਗ, ਸਿੰਗਾਪੁਰ, ਰੰਗੂਨ (ਅੱਜ ਕੱਲ੍ਹ ਯੰਗੌਨ) ਤੇ ਬੈਂਕਾਕ ਵਿੱਚ ਪ੍ਰਚਾਰ ਕਰਨ ਲਈ ਅਤੇ ਹਿੰਦ 'ਚ ਗ਼ਦਰ ਦਾ ਯੁੱਧ ਕਰਨ ਲਈ ਭੇਜੇ। ਇਨ੍ਹਾਂ ਵਿੱਚੋਂ ਕਈ ਅੰਗਰੇਜ਼ ਹਕੂਮਤ ਨੇ ਫਾਂਸੀ ਲਾ ਦਿੱਤੇ, ਗੋਲੀਆਂ ਨਾਲ ਸ਼ਹੀਦ ਕੀਤੇ ਅਤੇ ਕਾਲੇ ਪਾਣੀ ਭੇਜ ਦਿੱਤੇ। ਬਾਕੀ ਗ਼ਦਰ ਲਈ ਜੂਝਦੇ ਰਹੇ।



ਹਰੀ ਸਿੰਘ ਦਾ ਪਹਿਲਾ ਪੁੱਤਰ ਵੱਡਾ ਹੈਰੀ (ਵੱਡਾ ਹਰੀ ਸਿੰਘ) ਆਜ਼ਾਦ ਹਿੰਦ ਫੌਜ ਦੇ ਲੈਫਟੀਨੈਂਟ ਦੇ ਰੂਪ 'ਚ ਇੰਫਾਲ ਫਰੰਟ 'ਤੇ ਅੰਗਰੇਜ਼ਾਂ ਵਿਰੁੱਧ ਹਿੰਦ ਦੀ ਮੁਕਤੀ ਲਈ ਲੜਦਾ ਹੋਇਆ ਸ਼ਹੀਦ ਹੋ ਗਿਆ। ਦੂਜਾ ਪੁੱਤਰ ਛੋਟਾ ਹੈਰੀ (ਛੋਟਾ ਹਰੀ ਸਿੰਘ) ਨੇ ਫੌਜ ਦੇ ਖੁਫੀਆ ਕਾਰਜਾਂ ਬਦਲੇ ਅੰਗਰੇਜ਼, ਡੱਚ ਤੇ ਜਾਵਾ ਹਾ ਕ ਮਾਂ ਦੇ ਅਸਿਹ ਤੇ ਅਕਿਹ ਤਸੀਹੇ ਝੱਲੇ। 1945 'ਚ ਮੁੜ ਜਾਵਾ ਵਾਪਸੀ 'ਤੇ ਨਵੰਬਰ 45 ਵਿੱਚ ਮੁਸਲਿਮ ਕੱਟੜ ਪੰਥੀਆਂ ਵੱਲੋਂ ਸੁਣਾਈ ਸਜ਼ਾ-ਏ-ਮੌਤ ਹੋਣ ਤੋਂ ਪਹਿਲਾਂ ਆਪ ਤੇ ਛੋਟਾ ਹੈਰੀ, ਦੋਨੋਂ ਬਚਣ ਵਿੱਚ ਸਫਲ ਹੋ ਗਏ। ਜਨਵਰੀ ਤੋਂ ਸਤੰਬਰ 1948 ਤੱਕ ਡੱਚ ਸਾਮਰਾਜੀਆਂ ਦੀ ਕੈਦ ਕੱਟੀ ਅਤੇ ਪਹਿਲੀ ਅਕਤੂਬਰ 1948 ਨੂੰ ਵਾਪਸ ਬੱਦੋਵਾਲ ਪਰਤੇ। ਗੁਮਨਾਮ ਪਰ ਚੜ੍ਹਦੀ ਕਲਾ ਵਾਲਾ, ਲੋਕ ਸੇਵਾ ਵਾਲਾ, ਕ੍ਰਾਂਤੀ 'ਚ ਅਟੱਲ ਵਿਸ਼ਵਾਸ ਵਾਲਾ, ਦੇਸ਼ ਨੂੰ ਸਮਰਪਣ ਵਾਲਾ ਫਕੀਰੀ ਜੀਵਨ ਜਿਉਂਦੇ ਹੋਏ 15 ਅਗਸਤ 1969 ਨੂੰ ਬੱਦੋਵਾਲ ਵਿੱਚ ਵਤਨ ਵਾਸੀਆਂ ਨੂੰ ਸਦੀਵੀ ਵਿਛੋੜਾ ਦੇ ਗਏ।

ਬਾਬਾ ਹਰੀ ਸਿੰਘ ਦਾ ਉੱਚੇ ਸੁੱਚੇ ਕਿਰਦਾਰ ਵਾਲਾ ਜੀਵਨ ਤੇ ਬੇਮਿਸਾਲ ਕੁਰਬਾਨੀਆਂ ਸੂਹੇ ਰਾਹਾਂ ਦੇ ਰਾਹੀਆਂ ਨੂੰ ਸਦਾ ਲਈ ਉਤਸ਼ਾਹ, ਜੋਸ਼, ਪ੍ਰੇਰਨਾ ਤੇ ਸਿੱਖਿਆ ਦਾ ਮੁੱਖ ਸੋਮਾ ਬਣੀਆਂ ਰਹਿਣਗੀਆਂ।

# ਕਲਾਮੇ ਆਬਿ ਹਯਾਤ – ਪੰਜ ਬਾਣੀਆਂ

ਅੰਮ੍ਰਿਤ ਦੇ ਦਾਤੇ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੇ ਅੰਮ੍ਰਿਤ (ਆਬਿ ਹਯਾਤ) ਅਤੇ ਅੰਮ੍ਰਿਤ ਸੰਚਾਰ ਦੀਆਂ ਪਾਵਨ ਬਾਣੀਆਂ ਬਾਰੇ ਬੜੀ ਹੀ ਰੌਚਕ ਟਿੱਪਣੀ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਵਲੋਂ ਅੰਕਤ ਕੀਤੀ ਗਈ ਹੈ। ਜਦੋਂ ਨਾਦਰ ਨੇ ਪੰਜਾਬ ਤੇ ਹਮਲਾ ਕੀਤਾ ਅਤੇ ਸਿੱਖਾਂ ਨੇ ਉਸ ਨੂੰ ਪੂਰੀ ਤਰ੍ਹਾਂ ਜਿੱਚ ਕਰ ਕੇ ਉਸਦਾ ਭਾਰ ਹੌਲਾ ਕੀਤਾ ਤਾਂ ਉਸ ਨੇ ਲਾਹੌਰ ਦੇ ਨਵਾਬ ਨੂੰ ਸਿੱਖਾਂ ਬਾਰੇ ਪੁਛਿਆ ਕਿ ਇਹ ਕੌਣ ਹਨ ਅਤੇ ਇਹ ਤਾਕਤ ਕਿੱਥੋਂ ਲੈਂਦੇ ਹਨ। ਮੈਂ ਇਹਨਾਂ ਦਾ ਖੁਰਾ ਖੋਜ ਮਿਟਾ ਦਿਆਂਗਾ। ਨਵਾਬ ਨੇ ਸਿਘਾਂ ਬਾਰੇ ਦੱਸਿਆ ਕਿ ਇਹਨਾਂ ਦਾ ਮੁਰਸ਼ਦ (ਗੁਰੂ) ਵਲੀ (ਰੱਬਦਾ ਮਿੱਤਰ) ਸੀ। ਮੁਰਸ਼ਦ ਨੇ ਐਸੀ ਕਲਾਮ (ਬਾਣੀ) ਦਿੱਤੀ ਜਿਸ ਨਾਲ ਇਹ ਸੁਧਾ (ਅੰਮ੍ਰਿਤ) ਤਿਆਰ ਕਰ ਲੈਂਦੇ ਹਨ।

**ਮੁਰਸ਼ਦ ਇਨਕਾ ਵਲੀ ਭਯੋਹੈ ਹੈ।**
**ਐਸੀ ਗਯੋ ਕਲਾਮ ਬਤੈਹੈ। ਜਿਸ ਸੈ ਸੁਧਾ ਬਨਾ ਇਹੁ ਲੈਹੈ।**
**ਸੋ ਪਿਲਾਇ ਲੋਗਨ ਕੇ ਤਾਈ। ਸਯਾਰਨ ਤੈ ਸਿੰਘ ਲੇਤ ਬਨਾਈ।**
**ਗਜਬ ਅਸਰ ਤਿਸਕਾ ਹਮ ਦੇਖਾ।**
**ਬੁਜ਼ਦਿਲ ਹੋਵਤ ਸ਼ੇਰ ਬਸੇਖਾ।**
**ਕਾਂਣਨ ਕਾਹੂੰ ਕੀ ਇਹੁ ਰਾਖਤ। ਸਹਿਨ ਸਾਹਿ ਖੁਦ ਹੀ ਕੋ ਲਾਖਤ।**
**ਔਰ ਸਬਨ ਕੋ ਜੀਵ ਚੁਰਾਸ। ਮਾਂਨਤ ਆਪ ਤਈਂ ਅਬਨਾਸੀ।**
**ਤਤ੍ਰ ਖਾਲਸਾ ਗੁਰ ਕਾ ਜਾਹਰ। ਕਹਿਤ ਚੁਰਾਸੀ ਤੈਹੈ ਬਾਹਰ।**

ਇਹ ਅੰਮ੍ਰਿਤ, ਬਾਣੀ ਅਤੇ ਵਿਧੀ ਉਹੀ ਸੀ ਜੋ ਸਤਿਗੁਰੂ ਜੀ ਨੇ ੧੬੯੯ ਦੀ ਵਿਸਾਖੀ ਤੇ ਸ੍ਰੀ ਅਨੰਦਪੁਰ ਸਾਹਿਬ ਵਿਚਅਰੰਭ ਕੀਤੀ ਸੀ।ਇਸ ਤੋਂ ਪੰਜਾਹ ਸਾਲ ਬਾਅਦ ਖਾਲਸੇ ਵਿਚ ਵਰਤ ਰਹੀ ਇਸ ਕਰਾਮਾਤ ਦਾ ਜ਼ਿਕਰ ਲਾਹੌਰ ਦੇ ਨਵਾਬ ਨੇ ਕੀਤਾ।

**ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।। (ਵਾਰ ੧ ਪਉੜੀ ੪੫)।**

ਨਿਆਰੇ ਪੰਥ ਅਤੇ ਗ੍ਰੰਥ (ਪੋਥੀ ਸਾਹਿਬ) ਦੀ ਤਿਆਰੀ ਤਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਖੁਦ ਹੀ ਅਰੰਭ ਦਿੱਤੀ ਸੀ। ਪਰ ਪੰਥ ਨੂੰ ਗੁਰੂ ਪੰਥ ਵਿਚ ਤਬਦੀਲ ਹੋਣ ਅਤੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਥਾਪਤ ਹੋਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤ ਸੰਚਾਰ ਦੀਆਂ ਪੰਜ ਬਾਣੀਆਂ ਨਾਲ ਖਾਲਸੇ ਦੀ ਸਿਰਜਨਾ ਕਰ ਕੇ ਇਸ ਨੂੰ ਗੁਰਿਆਈ ਸੌਂਪੀ। ਇਸ ਬਾਰੇ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਨੇ ਪੰਥਕ ਰਹਿਣੀ ਵਾਲੇ ਅਧਿਆਇ ਵਿਚ ਸੰਖੇਪ, ਪਰ ਸਪਸ਼ਟ ਰੂਪ ਵਿਚ ਅੰਕਤ ਕੀਤਾ,

**੧. (ੳ) 'ਗੁਰੂ ਪੰਥ' : ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।**

ਉਪਰੰਤ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਹਜ਼ੂਰ ਨੇ ਹਜ਼ੂਰ ਸਾਹਿਬ



ਵਾਲੇ ਪਾਵਨ ਸਥਾਨ ਤੇ ਆਦਿ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ ਕੇ ਇਸ ਨੂੰਜੁਗੋ ਜੁਗ ਅਟਲ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦੇ ਕੇ ਖਾਲਸੇ ਨੂੰ ਇਸ ਦੀ ਤਾਬਿਆ ਕਰ ਦਿੱਤਾ। ਹੁਣ ਇਸ ਤੋਂ ਬਾਅਦ ਚੰਵਰ ਤਖ਼ਤ ਦੇ ਮਾਲਕ ਕੇਵਲ ਅਤੇ ਕੇਵਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋ ਗਏ। ਹਰ ਸਿੱਖ ਨੂੰ ਗੁਰੂ ਗ੍ਰੰਥ - ਗੁਰੂ ਪੰਥ ਦੇ ਦੋ ਪੈਮਾਨਿਆਂ ਦੇ ਵਿਚ ਬੰਨ੍ਹ ਦਿੱਤਾ। ਇਹ ਹੱਦ ਬੰਨੇ ਹਨ ਖਾਲਸੇ ਲਈ। ਰੇਲ ਗੱਡੀਜੇ ਲਾਈਨਾਂ ਤੇ ਚਲੇਗੀ ਤਾਂ ਹੀ ਰੇਲ ਹੈ, ਜੇ ਜ਼ਰਾ ਜਿਨ੍ਹਾਂ ਵੀ ਅੱਗੇ ਪਿਛੇ ਹੋਈ ਤਾਂ 'ਖੁੱਡੇ ਲੈਨ' ਹੈ। ਸਿੱਖ ਨੇ ਵੀ ਗੁਰੂ ਗ੍ਰੰਥ - ਗੁਰੂ ਪੰਥ ਦੇ ਵਿਚਕਾਰ ਆਪਣਾ ਜੀਵਨ ਬਤੀਤ ਕਰਨਾ ਹੈ। ਇਸ ਤੋਂ ਬਾਹਰ ਜਾਣ ਵਾਲਾ ਗੁਰੂ ਕਾ ਸਿੱਖ ਨਹੀਂ ਅਖਵਾ ਸਕਦਾ। ਇਸ ਤੋਂ ਪਰੇ ਸਿੱਖ ਲਈ ਉਜਾੜ ਹੈ।


ਗੁਰਚਰਨਜੀਤ ਸਿੰਘ ਲਾਂਬਾ

ਉਪਜੇ ਸਿੰਘ ਭੁਜੰਗੀਏ ਨੀਲਾਂਬਰ ਧਾਰਾ। ੧੬੯੯ ਦੇ ਵਰਤਾਰੇ ਲਈ ਸੱਚੇ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਪੰਜ ਸੀਸ ਲੈ ਕੇਪੰਜ ਬਾਣੀਆਂ'ਜਪੁ ਜੀ ਸਾਹਿਬ', 'ਜਾਪੁ ਸਾਹਿਬ', 'ਸਵੈਯੇ' (ਸ੍ਰਾਵਗ ਸੁਧ ਸਮੂਹ), 'ਚੌਪਈ' (ਹਮਰੀ ਕਰੋ ਹਾਥ ਦੇ ਰੱਛਾ) ਅਤੇ 'ਅਨੰਦ ਸਾਹਿਬ' ਦਾ ਉਚਾਰਣ ਕੇ ਉਹਨਾਂ ਨੂੰ ਸਦਜੀਵਨ ਦਾਨ ਪ੍ਰਦਾਨ ਕੀਤਾ।ਫਿਰ ਖਾਲਸੇ ਨੂੰ ਪੰਜ ਕਕਾਰਾਂ ਦੀ ਬਖ਼ਸ਼ਿਸ ਕੀਤੀ, ਨਿਤਨੇਮ ਦੀਆਂ ਪੰਜ ਬਾਣੀਆਂ ਦੀ ਬਖ਼ਸ਼ਿਸ਼ ਕੀਤੀ, ਚਾਰ ਬੱਜਰ ਕੁਰਹਿਤਾ ਤੋਂ ਪਾਕ ਕੀਤਾ ਅਤੇ ਇਸ ਤੋਂ ਬਾਅਦ ਸਤਿਗੁਰੂ ਜੀ ਨੇ ਖੁਦ ਗੋਡਿਆਂ ਭਾਰ ਹੋ ਕੇ ਉਹਨਾਂ ਪੰਜਾਂ ਪਿਆਰਿਆ ਤੋਂ ਅੰਮ੍ਰਿਤ ਦੀ ਯਾਚਨਾ ਕੀਤੀ ਅਤੇ ਪ੍ਰਾਪਤ ਕੀਤੀ। ਇਸ ਬਾਰੇ ਕੰਕਣ ਕਵੀ ਨੇ ਭਾਵ ਪੂਰਤ ਲਫਜ਼ਾਂ ਵਿਚ ਅੰਕਤ ਕੀਤਾ,

**ਜਿਹ ਬਿਧਿ ਪਾਹੁਲ ਗੁਰ ਦਈ ਤਿਹ ਬਿਧਿ ਤਿਨਸੋਂ ਲੀਨ।**
**ਆਪ ਸਿਖ ਤਿਨਕਾ ਭਯਾ ਇਹੀ ਕਾਮ ਗੁਰ ਕੀਨ।।੨੧੭।।**
**ਚੌਪਈ- ਵਾਹਿਗੁਰੂ ਇਹੁ ਬਚਨ ਸੁਨਾਯਾ।ਗੁਰੂ ਖਾਲਸਾ ਨਾਮ ਧਰਾਯਾ।**
**ਤੁਮ ਮੇਰੇ ਮੈਂ ਤੁਮਰਾ ਹੂਆ।ਤੁਮਰਾ ਹਮਰਾ ਗੁਰੂ ਨ ਦੂਆ।।੨੧੮।।**

ਇੱਥੇ ਕਵੀ ਜੀ ਵਰਣਨ ਕਰਦੇ ਹਨ ਕਿ ਜਿਸ ਢੰਗ ਅਤੇ ਵਿਧੀਨਾਲ ਸਤਿਗੁਰੂ ਜੀ ਨੇ ਉਹਨਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਸੀ ਬਿਲਕੁਲ ਉਸੇ ਢੰਗ ਨਾਲ ਸਤਿਗੁਰੂ ਜੀ ਨੇ ਇਹ ਦਾਤ ਖੁਦ ਪ੍ਰਾਪਤ ਕੀਤੀ। ਇਸ ਤਰ੍ਹਾਂ ਸਤਿਗੁਰੂ ਜੀ ਨੇ ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾਵਾਲਾ ਕੌਤਕ ਪੂਰਾ ਕੀਤਾ। ਇਸ ਦੇ ਬਾਅਦ ਸਤਿਗੁਰ ਸੱਚੇ ਪਾਤਸ਼ਾਹ ਨੇ ਉਹਨਾਂ ਪੰਜਾਂ ਨੂੰ ਕਿਹਾ ਕਿ ਅੱਜ ਤੋਂ ਬਾਅਦ ਤੁਸੀ ਖਾਲਸਾ ਹੀ ਨਹੀਂ ਬਲਕਿ ਗੁਰੂ ਖਾਲਸਾ ਹੋ ਅਤੇ ਤੁਸੀ ਮੇਰੇ ਅਤੇ ਮੈਂ ਤੁਹਾਡਾ ਹਾਂ। ਹੁਣ ਮੇਰਾ ਅਤੇ ਤੁਹਾਡਾ ਗੁਰੂ ਇਕ ਅਕਾਲ ਪੁਰਖ ਹੈ, ਹੋਰ ਕੋਈ ਵਖਰਾ ਨਹੀਂ।

ਉਸ ਦਿਨ ਤੋਂ ਬਾਅਦ ਸਾਰੇ ਸੰਸਾਰ ਵਿਚ ਕੋਈ ਗੁਰਦੁਆਰਾ, ਸਭਾ, ਸੰਪਰਦਾ, ਜਥਾ, ਭੇਖ ਜਾਂ ਸਥਾਨ ਹੋਏ,ਬਿਲਕੁਲ ਉਸੇ ਵਿਧੀ ਨਾਲ ਹੀ ਉਹਨਾਂ ਪੰਜ ਬਾਣੀਆਂ ਦਾ ਹੀ ਪਾਠ ਕਰ ਕੇ ਅੰਮ੍ਰਿਤ ਛਕਾਇਆ ਜਾਂਦਾ ਹੈ।ਪੰਜਾਬੀ ਯੂਨਿਵਰਸਿਟੀ ਵਲੋਂ ਛਪੀ ਸਾਹਿਤ ਕੋਸ਼ - ਪਾਰਿਭਾਸ਼ਿਕ ਸ਼ਬਦਾਵਲੀ ਦੇ ਪੰਨਾ ੭੦੬ ਤੇ ਅੰਕਤ ਹੈ, **ਪਰ ਜਿਨ੍ਹਾਂ 'ਪੰਜ ਬਾਣੀਆਂ' ਦੀ ਗਿਣਤੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਪੱਕੇ ਤੌਰ 'ਤੇ 'ਪੰਜ' ਚਲੀ ਆ ਰਹੀ ਹੈ, ਉਹ ਅੰਮ੍ਰਿਤ ਦੀਆਂ ਬਾਣੀਆਂ ਹਨ ਜੋ ਅੰਮ੍ਰਿਤ ਛਕਾਉਣ ਸਮੇਂ ਪੜ੍ਹੀਆਂ ਜਾਂਦੀਆਂ ਹਨ, ਜਿਵੇਂ - 'ਜਪੁ' (ਗੁਰੂ ਨਾਨਕ), 'ਜਾਪੁ' (ਗੁਰੂ ਗੋਬਿੰਦ ਸਿੰਘ), 'ਸਵੈਯੇ' (ਸ੍ਰਾਵਗ ਸੁਧ ਸਮੂਹ- ਗੁਰੂ ਗੋਬਿੰਦ ਸਿੰਘ), 'ਚੌਪਈ' (ਹਮਰੀ ਕਰੋ ਹਾਥ ਦੇ ਰੱਛਾ - ਗੁਰੂ ਗੋਬਿੰਦ ਸਿੰਘ) ਅਤੇ 'ਅਨੰਦ' (ਗੁਰੂ ਅਮਰਦਾਸ ਜੀ)**

ਹੁਣ ਜਿਹੜਾ ਕਲਾਮ ਜਾਂ ਪੰਜ ਬਾਣੀਆਂ ਦਾ ਚਸ਼ਮਾ ਜੋ ਕਲਗੀਧਰ ਪਿਤਾ ਨੇ ੧੬੯੯ ਦੀ ਵਿਸਾਖੀ ਵਾਲੇ ਦਿਨ ਅਰੰਭ ਕੀਤਾ ਸੀ ਹੂਬਹੂ ਉਸੇ ਰੂਪ ਵਿਚ ਹਰ ਥਾਂ ਚਲ ਰਿਹਾ ਹੈ ਅਤੇ ਰਹਿੰਦੀ ਦੁਨੀਆ ਤਕ ਚਲੇਗਾ।ਪਰਿਣਾਮ ਨੂੰ ਪ੍ਰਮਾਣ ਦੀ ਲੋੜ ਨਹੀਂ। ਇਹ ਕਲਗੀਧਰ ਪਿਤਾ ਵਲੋਂ ਉਚਾਰੀਆਂ ਉਹੀ ਪੰਜ ਬਾਣੀਆਂ ਹਨ। ਕੀ ਕੋਈ ਐਸਾ ਵਿਅਕਤੀ ਹੈ ਜਾਂ ਦਾਅਵਾ ਕਰ ਸਕਦਾ ਹੈ ਕਿ ਉਸਨੇ ਇਹਨਾਂ ਪੰਜ ਪਾਵਨ ਬਾਣੀਆਂ ਦੇ ਅਲਾਵਾ ਕਿਸੇ ਹੋਰ ਬਾਣੀ ਨਾਲ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੈ?ਬਿਨਾਂ ਕਿਸੇ ਰੁਕਾਵਟ ਜਾਂ ਤਬਦੀਲੀ ਦੇ ਅੰਮ੍ਰਿਤ ਸੰਚਾਰ ਦਾ ਸੋਮਾਂ ਇਹ ਪੰਜ ਬਾਣੀਆਂ ਜਪੁ, ਜਾਪੁ, ਸਵੈਯੇ, ਚੌਪਈ ਅਤੇ ਅਨੰਦ ਸਾਹਿਬਦਾ ਪ੍ਰਵਾਹ ਨਿਰੰਤਰ ਚਲ ਰਿਹਾ ਹੈ ਅਤੇ ਅਨੰਤ ਕਾਲ ਤਕ ਚਲਦਾ ਰਹੇਗਾ।ਗੁਰੂ ਗ੍ਰੰਥ-ਗੁਰੂ ਪੰਥ ਦਾ ਇਹ ਸੋਮਾਂ ਹੈ।ਹੁਣ ਹਰ ਸਿੱਖ ਗੁਰੂ ਦੀ ਭੈਅ ਭਾਵਨੀ ਅਧੀਨ ਸਤਿਗੁਰੂ ਜੀ ਦੀ ਰਹਿਮਤ ਸਦਕਾ ਇਹਨਾਂ ਪੰਜ ਬਾਣੀਆਂ ਰਾਹੀਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਸਤਿਗੁਰੂ ਜੀ ਦਾ ਨਾਦੀ ਪੁੱਤਰ ਅਤੇ ਗੁਰ ਪੰਥ ਦਾ ਹਿੱਸਾ ਬਣਦਾ ਹੈ। ਪਰ ਸਿੱਖੀ ਭੇਖ ਵਿਚ ਕੁਝ ਐਸੇ ਵੀ ਹਨ ਜੋ ਬਾਣੀ, ਮਰਯਾਦਾ, ਅੰਮ੍ਰਿਤ ਨੂੰ ਮੰਨਦੇ ਹੀ ਨਹੀਂ ਹਨ। ਉਹਨਾਂ ਦੀ ਆਪਣੀ ਦੁਨੀਆ ਹੈ। ਸਤਿਗੁਰੂ ਰਹਿਮਤ ਕਰੇ।

ਇਸਦੇ ਅਲਾਵਾ ਕੁਝ ਐਸੇ ਦੁਬਾਜਰੇਵੀ ਹਨ ਜੋ ਇਹ ਪੰਜ ਬਾਣੀਆਂ ਪੜ੍ਹੀ ਵੀ ਜਾ ਰਹੇ ਹਨ, ਪ੍ਰਚਾਰੀ ਵੀ ਜਾ ਰਹੇ ਹਨ, ਅੰਮ੍ਰਿਤ ਦੀ ਗੱਲ ਵੀ ਕਰੀ ਜਾ ਰਹੇ ਹਨ, ਪਰ ਨਾਲ ਹੀ ਇਸ ਬਾਰੇ ਦੁਬਿਧਾ ਅਤੇ ਸ਼ੰਕੇ ਵੀ ਖੜੇ ਕਰੀ ਜਾ ਰਹੇ ਹਨ। ਇਸ ਬਿਰਤੀ ਬਾਰੇ ਭਾਈ ਗੁਰਦਾਸ ਜੀ ਦੇ ਬਚਨ ਹਨ,

**ਗੁਰਮੁਖਿ ਮਨਮੁਖਿ ਜਾਣੀਅਨ ਸਾਧ ਅਸਾਧ ਜਗਤ ਵਰਤਾਰਾ।**
**ਦੁਹ ਵਿਚਿ ਦੁਖੀ ਦੁਬਾਜਰੇ ਖਰਬੜ ਹੋਏ ਖੁਦੀ ਖੁਆਰਾ। (ਵਾਰ ੩੩ ਪਉੜੀ ੧)**

# ਸੌਖਾ ਨਹੀਂ ਕੈਨੇਡਾ 'ਚ ਵਿਦਿਆਰਥੀ ਜੀਵਨ

ਜਗਮੋਹਨ ਸਿੰਘ ਲੱਕੀ
9463819174

ਇਕ ਸਮਾਂ ਅਜਿਹਾ ਵੀ ਸੀ ਜਦੋਂ ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਦੀ 'ਸੁਪਨ ਨਗਰੀ' ਕਿਹਾ ਜਾਂਦਾ ਸੀ। ਹੁਣ ਇਹ ਸੁਪਨਾ ਬੁਰੀ ਤਰ੍ਹਾਂ ਟੁੱਟਦਾ ਜਾ ਰਿਹਾ ਹੈ। ਇਸ ਦੇ ਬਾਵਜੂਦ ਅਮਰੀਕਾ ਤੋਂ ਬਾਅਦ ਕੈਨੇਡਾ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਇਹੀ ਕਾਰਨ ਹੈ ਕਿ ਹਰ ਦਿਨ ਭਾਰਤੀ ਵਿਦਿਆਰਥੀਆਂ ਦੇ ਜਹਾਜ਼ ਭਰ ਕੇ ਕੈਨੇਡਾ ਜਾਂਦੇ ਹਨ। ਕੈਨੇਡਾ ਜਾਣ ਵਾਲੇ ਇਨ੍ਹਾਂ ਵਿਦਿਆਰਥੀਆਂ ਦੀਆਂ ਅੱਖਾਂ ਵਿਚ ਅਨੇਕਾਂ ਸੁਪਨੇ ਹੁੰਦੇ ਹਨ ਪਰ ਜਦੋਂ ਉਥੇ ਜਾ ਕੇ ਉਨ੍ਹਾਂ ਦੇ ਸੁਪਨਿਆਂ ਤੋਂ ਉਲਟ ਉਸ ਦੇਸ਼ ਦੀ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਇਨ੍ਹਾਂ ਦੇ ਸਾਰੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ।

ਕਿਸੇ ਸਮੇਂ ਵਿਸ਼ਵ ਦੀ ਵੱਡੀ ਆਰਥਿਕ ਸ਼ਕਤੀ ਰਹੇ ਕੈਨੇਡਾ ਦੀ ਹਾਲਤ ਇਸ ਸਮੇਂ ਇਹ ਹੈ ਕਿ ਉਥੇ ਰੁਜ਼ਗਾਰ, ਰਿਹਾਇਸ਼ ਦੀ ਘਾਟ, ਦਿਨੋਂ-ਦਿਨ ਵਧ ਰਹੀ ਮਹਿੰਗਾਈ, ਸਿਹਤ ਅਤੇ ਆਵਾਜਾਈ 'ਤੇ ਵਧਦੇ ਦਬਾਅ ਸਮੇਤ ਅਨੇਕਾਂ ਵੱਡੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਇਸ ਕਾਰਨ ਕੈਨੇਡਾ ਦੇ ਅਨੇਕਾਂ ਵਸਨੀਕ ਇਸ ਦੇਸ਼ ਨੂੰ ਛੱਡ ਕੇ ਅਮਰੀਕਾ ਅਤੇ ਹੋਰ ਮੁਲਕਾਂ 'ਚ ਚਲੇ ਗਏ ਹਨ। ਇੱਥੇ ਦੀ ਨਵੀਂ ਸਰਕਾਰ ਭਾਵੇਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਉਪਰਾਲੇ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਇਸ ਦੇ ਮੌਜੂਦਾ ਹਾਲਤ ਤੋਂ ਪੂਰੀ ਦੁਨੀਆ ਜਾਣੂੰ ਹੈ। ਕੈਨੇਡਾ 'ਚ ਮਾਨਸਿਕ ਤਣਾਅ, ਪਰਿਵਾਰ ਤੋਂ ਦੂਰ ਰਹਿਣ ਦਾ ਤਜਰਬਾ, ਕੰਮ ਨਾ ਮਿਲਣ ਦਾ ਦਬਾਅ ਵਿਦਿਆਰਥੀ ਜੀਵਨ ਦੇ ਸੰਘਰਸ਼ ਦਾ ਹਿੱਸਾ ਬਣੇ ਹੋਏ ਹਨ। ਇਸ ਦੇ ਬਾਵਜੂਦ ਪੰਜਾਬ ਸਮੇਤ ਭਾਰਤ ਦੇ ਲੋਕਾਂ ਵਿਚ ਇੱਥੇ ਜਾਣ ਦੀ ਜੋ ਚਾਹਤ ਦਿਨੋਂ ਦਿਨ ਵਧ ਰਹੀ ਹੈ, ਉਹ ਜ਼ਰੂਰ ਕਈ ਸਵਾਲ ਖੜ੍ਹੇ ਕਰਦੀ ਹੈ।

ਭਾਰਤ ਵਿਚ ਜਿਹੜੇ ਵਿਦਿਆਰਥੀਆਂ ਨੇ ਆਪਣੇ ਹੱਥ ਨਾਲ ਪਾਣੀ ਦਾ ਗਿਲਾਸ ਵੀ ਨਹੀਂ ਚੁੱਕਿਆ ਹੁੰਦਾ, ਉਨ੍ਹਾਂ ਨੂੰ ਵੀ ਕੈਨੇਡਾ ਵਿਚ ਜਾ ਕੇ ਸ਼ਿਫਟਾਂ ਵਿਚ ਕੰਮ ਕਰਨਾ ਪੈਂਦਾ ਹੈ ਅਤੇ ਬੇਸਮੈਂਟਾਂ ਵਿਚ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਫਿਰ ਅਜਿਹੇ ਵਿਦਿਆਰਥੀ ਉਸ ਸਮੇਂ ਨੂੰ ਪਛਤਾਉਂਦੇ ਹਨ ਜਦੋਂ ਉਹ ਦਿੱਲੀ ਦੇ ਏਅਰਪੋਰਟ ਦੀਆਂ ਰੰਗ-ਬਿਰੰਗੀਆਂ ਰੋਸ਼ਨੀਆਂ ਵਿਚ ਅੱਖਾਂ ਵਿਚ ਅਨੇਕਾਂ ਸੁਪਨੇ ਲੈ ਕੇ ਇਸ ਮੁਲਕ ਲਈ ਜਹਾਜ਼ ਚੜ੍ਹੇ ਸਨ।

ਅੰਕੜੇ ਕਹਿੰਦੇ ਹਨ ਕਿ ਕੈਨੇਡਾ 'ਚ ਸਾਲ 2023 ਦੌਰਾਨ 1,040,985 ਕੌਮਾਂਤਰੀ ਵਿਦਿਆਰਥੀ ਸਟੱਡੀ ਵੀਜ਼ਾ 'ਤੇ ਰਹਿ ਰਹੇ ਸਨ। ਜੋ ਕਿ 2022 ਨਾਲੋਂ 29 ਫ਼ੀਸਦੀ ਵੱਧ ਸਨ। ਸੰਸਾਰ ਭਰ ਵਿਚਲੇ ਕੌਮਾਂਤਰੀ ਵਿਦਿਆਰਥੀਆਂ ਵਿਚੋਂ ਹਰ 10 ਵਿਚੋਂ 4 ਵਿਦਿਆਰਥੀ ਭਾਰਤੀ ਹਨ।

ਕੈਨੇਡਾ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਾ ਪਰਮਿਟਾਂ ਦੀ ਗਿਣਤੀ ਨੂੰ ਲਗਾਤਾਰ ਘਟਾ ਰਿਹਾ ਹੈ। ਕੈਨੇਡੀਅਨ ਸਰਕਾਰ ਦੇ ਇਮੀਗ੍ਰੇਸ਼ਨ ਰਿਫਿਊਜੀ ਐਂਡ ਸਿਟੀਜ਼ਨਸ਼ਿਪ ਵਿਭਾਗ ਨੇ ਨਵੇਂ ਅੰਕੜੇ ਜਾਰੀ ਕੀਤੇ ਹਨ ਜਿਸ ਅਨੁਸਾਰ 2025 ਦੀ ਪਹਿਲੀ ਤਿਮਾਹੀ ਵਿਚ ਸਿਰਫ਼ 30,640 ਭਾਰਤੀ ਵਿਦਿਆਰਥੀਆਂ ਨੂੰ ਪਰਮਿਟ ਜਾਰੀ ਕੀਤੇ ਗਏ ਸਨ। ਪਿਛਲੇ ਸਾਲ ਦੀ ਪਹਿਲੀ ਤਿਮਾਹੀ ਦੇ ਮੁਕਾਬਲੇ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਵਿਚ 31 ਫ਼ੀਸਦੀ ਦੀ ਕਮੀ ਆਈ ਹੈ। 2024 ਦੀ ਪਹਿਲੀ ਤਿਮਾਹੀ ਵਿਚ 44,295 ਭਾਰਤੀ ਵਿਦਿਆਰਥੀਆਂ ਨੂੰ ਪਰਮਿਟ ਜਾਰੀ ਕੀਤੇ ਗਏ ਸਨ।

ਦਰਅਸਲ, ਕੈਨੇਡੀਅਨ ਸਰਕਾਰ ਵਿਦੇਸ਼ਾਂ ਤੋਂ ਪੜ੍ਹਾਈ ਲਈ ਕੈਨੇਡਾ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਕੰਟਰੋਲ ਕਰਨਾ ਚਾਹੁੰਦੀ ਹੈ। ਸਾਲ 2023 ਵਿਚ ਉਸ ਨੇ 6,81,155 ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕੀਤੇ, ਜਿਨ੍ਹਾਂ ਵਿਚੋਂ 2,78,045 ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਨ, ਪਰ ਉਦੋਂ ਤੋਂ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਸਾਲ 2024 ਵਿਚ ਕੈਨੇਡਾ ਨੇ ਕੁੱਲ 5,16,275 ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕੀਤੇ, ਜਿਨ੍ਹਾਂ ਵਿਚੋਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ ਦੀ ਗਿਣਤੀ 1,88,465 ਸੀ। ਇਥੇ ਰਿਕਾਰਡ ਇਮੀਗ੍ਰੇਸ਼ਨ ਅਤੇ ਇਸ ਦੇ ਨਤੀਜੇ ਵਜੋਂ ਉੱਥੇ ਘਰਾਂ ਦੀ ਕੀਮਤ ਵਿਚ ਵਾਧਾ ਅਤੇ ਸਿਹਤ ਅਤੇ ਆਵਾਜਾਈ 'ਤੇ ਵਧਦੇ ਦਬਾਅ ਕਾਰਨ ਕੈਨੇਡੀਅਨ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਾ ਪਰਮਿਟਾਂ ਵਿਚ ਕਟੌਤੀ ਕਰਨ ਦਾ ਫ਼ੈਸਲਾ ਕੀਤਾ। ਉਸ ਨੇ 2023 ਤੋਂ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ ਤੇ 2023 ਵਿਚ ਕੁੱਲ 6.81 ਲੱਖ ਸਟੱਡੀ ਪਰਮਿਟ ਜਾਰੀ ਕੀਤੇ, ਜਿਨ੍ਹਾਂ ਵਿਚੋਂ 2.78 ਲੱਖ ਭਾਰਤੀ ਵਿਦਿਆਰਥੀਆਂ ਲਈ ਸਨ। 2024 ਵਿਚ ਪਰਮਿਟਾਂ ਦੀ ਕੁੱਲ ਗਿਣਤੀ ਘਟ ਕੇ 5.16 ਲੱਖ ਹੋ ਗਈ, ਜਿਨ੍ਹਾਂ ਵਿਚੋਂ 1.88 ਲੱਖ ਭਾਰਤੀ ਵਿਦਿਆਰਥੀ ਸਨ। ਇਸ ਕਾਰਨ ਇਥੇ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਲਗਪਗ 40 ਫ਼ੀਸਦੀ ਘਟ ਗਈ ਹੈ।



ਕੈਨੇਡਾ ਵਿਚ ਰਹਿ ਰਹੇ ਵਿਦਿਆਰਥੀ ਦੱਸਦੇ ਹਨ ਕਿ ਇੱਥੇ ਵਿਦਿਆਰਥੀ ਜੀਵਨ ਬਹੁਤ ਸੰਘਰਸ਼ਮਈ ਹੈ। ਭਾਰਤ ਦੇ ਵਿਦਿਆਰਥੀਆਂ ਵਿਚੋਂ ਸਭ ਤੋਂ ਵੱਧ ਗਿਣਤੀ ਪੰਜਾਬ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੀ ਹੈ। ਇੱਥੇ ਦੀ ਸਰਕਾਰ ਦੇ ਅਧਿਕਾਰਤ ਅੰਕੜਿਆਂ ਮੁਤਾਬਕ 2022 ਦੇ ਮੁਕਾਬਲੇ 2023 ਵਿਚ ਐਕਟਿਵ ਸਟੂਡੈਂਟ ਵੀਜ਼ਿਆਂ ਦੀ ਗਿਣਤੀ ਤਕਰੀਬਨ 29 ਫ਼ੀਸਦੀ ਵਧ ਕੇ ਕਰੀਬ 10 ਲੱਖ 40 ਹਜ਼ਾਰ ਹੋ ਗਈ। ਇਨ੍ਹਾਂ ਵਿਚੋਂ ਕਰੀਬ ਚਾਰ ਲੱਖ 87 ਹਜ਼ਾਰ ਭਾਰਤੀ ਵਿਦਿਆਰਥੀ ਸਨ। ਇਸ ਤੋਂ ਇਲਾਵਾ ਭਾਰਤੀ ਖਾਸ ਕਰ ਕੇ ਪੰਜਾਬੀ ਵਿਦਿਆਰਥੀਆਂ ਵਿਚ ਇਕ-ਦੂਜੇ ਦੀ ਦੇਖਾ-ਦੇਖੀ ਵੀ ਕੈਨੇਡਾ ਜਾਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਕਈ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਥਾਂ ਭਾਰਤ ਵਿਚ ਰਹਿ ਕੇ ਹੀ ਉਚੇਰੀ ਪੜ੍ਹਾਈ ਕਰਨ ਲਈ ਕਹਿੰਦੇ ਹਨ ਪਰ ਵਿਦਿਆਰਥੀਆਂ ਵਿਚ ਵਿਦੇਸ਼ ਜਾਣ ਦੀ ਇੱਛਾ ਕਰਕੇ ਮਾਪਿਆਂ ਨੂੰ ਨਾ ਚਾਹੁੰਦਿਆਂ ਵੀ ਆਪਣੇ ਧੀਆਂ-ਪੁੱਤਰਾਂ ਨੂੰ ਉਚੇਰੀ ਪੜ੍ਹਾਈ ਲਈ ਦੂਸਰੇ ਮੁਲਕ ਭੇਜਣਾ ਪੈਂਦਾ ਹੈ।

ਇਸ ਸਮੇਂ ਪੂਰੀ ਦੁਨੀਆਂ ਕਿਸੇ ਨਾ ਕਿਸੇ ਰੂਪ ਵਿਚ ਆਰਥਿਕ ਤੰਗੀ ਨਾਲ ਜੂਝ ਰਹੀ ਹੈ ਤੇ ਸੁਭਾਵਿਕ ਹੈ ਕਿ ਇਸ ਦਾ ਅਸਰ ਕੈਨੇਡਾ ਵਿਚ ਵੀ ਹੋ ਰਿਹਾ ਹੈ। ਮਹਿੰਗਾਈ ਵਿਚ ਵਾਧਾ ਹੋਣ ਕਾਰਨ ਅਨੇਕਾਂ ਭਾਰਤੀ ਲੋਕ ਇਸ ਦੇਸ਼ ਨੂੰ ਛੱਡ ਕੇ ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿਚ ਜਾਣ ਲੱਗੇ ਹਨ। ਕੈਨੇਡਾ ਵਿਖੇ ਉਨ੍ਹਾਂ ਵਿਦਿਆਰਥੀਆਂ ਦੀ ਵੀ ਵੱਡੀ ਗਿਣਤੀ ਹੈ ਜੋ ਇੱਥੇ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨ ਤੋਂ ਬਾਅਦ ਵਾਪਸ ਭਾਰਤ ਪਰਤਣਾ ਚਾਹੁੰਦੇ ਹਨ ਪਰ ਉਹ ਇਹ ਸੋਚ ਕੇ ਵਾਪਸ ਨਹੀਂ ਜਾਂਦੇ ਕਿ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਪਿੰਡ ਵਾਸੀ ਕੀ ਕਹਿਣਗੇ?

ਕੈਨੇਡਾ ਰਹਿ ਰਹੇ ਕੌਮਾਂਤਰੀ ਵਿਦਿਆਰਥੀ ਕਹਿੰਦੇ ਹਨ ਕਿ ਇਹ ਤਾਂ ਉਨ੍ਹਾਂ ਲਈ ਮਿੱਠੀ ਜੇਲ੍ਹ ਹੈ ਜਿੱਥੇ ਹਰ ਚੀਜ਼ ਮਿਲ ਜਾਂਦੀ ਹੈ ਪਰ ਅਪਣੱਤ ਨਹੀਂ ਮਿਲਦੀ। ਇੱਥੇ ਇਹ ਗੱਲ ਕਹਿਣ ਵਾਲਾ ਕੋਈ ਨਹੀਂ ਹੁੰਦਾ ਕਿ 'ਪੁੱਤਰ ਰੋਟੀ ਖਾ ਲਈ ਹੈ ਕਿ ਨਹੀਂ?'। ਇੱਥੇ ਸਭ ਕੁਝ ਮਸ਼ੀਨੀ ਹੋ ਗਿਆ ਹੈ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਮਸ਼ੀਨਾਂ ਨਾਲ ਮਸ਼ੀਨਾਂ ਵਰਗਾ ਹੋ ਕੇ ਹੀ ਕੰਮ ਕਰਨਾ ਪੈਂਦਾ ਹੈ।

ਇਸ ਤੋਂ ਇਲਾਵਾ ਰੋਜ਼ੀ-ਰੋਟੀ ਕਮਾਉਣ ਵਿਦੇਸ਼ਾਂ ਵਿਚ ਗਏ ਬੱਚਿਆਂ ਦੀਆਂ ਮੌਤਾਂ ਦੀਆਂ ਖ਼ਬਰਾਂ ਸੁਣ ਕੇ ਵੀ ਦਿਲ ਦੁਖੀ ਹੋ ਜਾਂਦਾ ਹੈ। ਕੁਝ ਸਮਾਂ ਪਹਿਲਾਂ ਵਿਦੇਸ਼ ਰਾਜ ਮੰਤਰੀ ਨੇ ਰਾਜ ਸਭਾ ਵਿਚ ਪੁੱਛੇ ਗਏ ਇਕ ਸਵਾਲ ਦਾ ਲਿਖਤੀ ਜਵਾਬ ਦਿੰਦੇ ਹੋਏ ਦੱਸਿਆ ਸੀ ਕਿ 2018 ਤੋਂ ਲੈ ਕੇ 2023 ਦੇ ਦਸੰਬਰ ਮਹੀਨੇ ਤੱਕ ਵਿਦੇਸ਼ ਵਿਚ 403 ਭਾਰਤੀ ਵਿਦਿਆਰਥੀਆਂ ਦੀ ਮੌਤ ਹੋਈ, ਇਸ ਵਿਚੋਂ ਸਭ ਤੋਂ ਜ਼ਿਆਦਾ 91 ਮੌਤਾਂ ਕੈਨੇਡਾ ਵਿਚ ਹੋਈਆਂ। ਕੁਝ ਮੌਤਾਂ ਕੁਦਰਤੀ ਪਰ ਕੁਝ ਦਾ ਕਾਰਨ ਚਿੰਤਾ ਵੀ ਮੰਨਿਆ ਜਾ ਰਿਹਾ ਹੈ।

ਇਨ੍ਹਾਂ ਹਾਲਾਤ ਦੇ ਬਾਵਜੂਦ ਨੌਜਵਾਨ ਜਾਇਜ਼ ਤੇ ਨਾਜਾਇਜ਼ ਦੋਵਾਂ ਤਰੀਕਿਆਂ ਨਾਲ ਵਿਦੇਸ਼ ਜਾਣਾ ਚਾਹੁੰਦੇ ਹਨ। ਕੈਨੇਡਾ ਜਾਂ ਹੋਰ ਦੇਸ਼ ਜਾਣ ਦੇ ਚਾਹਵਾਨ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਪੈਸਿਆਂ ਨਾਲ ਪੰਜਾਬ 'ਚ ਹੀ ਕੋਈ ਕੰਮ ਸ਼ੁਰੂ ਕਰਨ। ਇਸ ਨਾਲ ਉਨ੍ਹਾਂ ਨੂੰ ਚੰਗੀ ਆਮਦਨੀ ਵੀ ਹੋਵੇਗੀ ਅਤੇ ਉਨ੍ਹਾਂ ਨੂੰ ਆਪਣੇ ਪਰਿਵਾਰ ਅਤੇ ਜੱਦੀ ਘਰਾਂ ਤੋਂ ਦੂਰ ਵੀ ਨਹੀਂ ਹੋਣਾ ਪਵੇਗਾ। ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰੇ।

# ਮਹਿੰਦਰਾ ਕਾਲਜ ਪਟਿਆਲਾ ਨੇ ਉੱਚ ਕੋਟੀ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੀ ਸਿਰਜਣਾ ਕੀਤੀ








ਪੰਜਾਬ ਦੀ ਧਰਤੀ 'ਤੇ ਜਿੱਥੇ ਸਿੱਖਿਆ ਅਤੇ ਸੱਭਿਆਚਾਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ, ਉੱਥੇ ਪਟਿਆਲਾ ਸ਼ਹਿਰ ਵਿੱਚ ਸਥਿਤ ਮਹਿੰਦਰਾ ਕਾਲਜ ਇੱਕ ਅਜਿਹਾ ਵਿੱਦਿਅਕ ਅਦਾਰਾ ਹੈ ਜੋ ਆਪਣੇ ਆਪ ਵਿੱਚ ਇੱਕ ਇਤਿਹਾਸ ਹੈ। ਅੱਜ ਤੋਂ ਡੇਢ ਸਦੀ ਪਹਿਲਾਂ ਇਸ ਕਾਲਜ ਦੀ ਸਥਾਪਨਾ ਸਿਰਫ਼ ਇੱਕ ਇਮਾਰਤ ਦਾ ਨਿਰਮਾਣ ਨਹੀਂ ਸੀ, ਸਗੋਂ ਇਹ ਪੰਜਾਬ ਅਤੇ ਸਮੁੱਚੇ ਦੇਸ਼ ਵਿੱਚ ਉੱਚ ਸਿੱਖਿਆ ਦਾ ਮੁੱਢ ਬੰਨ੍ਹਣ ਵਾਲਾ ਇੱਕ ਇਤਿਹਾਸਿਕ ਕਦਮ ਸੀ। ਉਸ ਸਮੇਂ, ਬਰਤਾਨਵੀ ਭਾਰਤ ਵਿੱਚ ਅਜਿਹੇ ਵਿੱਦਿਅਕ ਅਦਾਰੇ ਬਹੁਤ ਘੱਟ ਸਨ, ਜੋ ਸਥਾਨਕ ਰਾਜਿਆਂ ਦੁਆਰਾ ਸਥਾਪਿਤ ਕੀਤੇ ਗਏ ਹੋਣ। ਜ਼ਿਆਦਾਤਰ ਯੁਵਕ ਉੱਚ ਸਿੱਖਿਆ ਲਈ ਦਿੱਲੀ, ਲਾਹੌਰ ਜਾਂ ਕੋਲਕਾਤਾ ਵਰਗੇ ਸ਼ਹਿਰਾਂ ਜਾਣ ਲਈ ਮਜਬੂਰ ਸਨ। ਪਟਿਆਲਾ ਰਿਆਸਤ ਦੇ ਉਸ ਸਮੇਂ ਦੇ ਮਹਾਰਾਜਾ ਮਹਿੰਦਰ ਸਿੰਘ ਨੇ ਇਹ ਸਮਝ ਲਿਆ ਸੀ ਕਿ ਰਿਆਸਤ ਦੀ ਤਰੱਕੀ ਲਈ ਉੱਚ-ਸਿੱਖਿਆ ਲਾਜ਼ਮੀ ਹੈ। ਇਸ ਲਈ ਉਨ੍ਹਾਂ ਨੇ ਪਟਿਆਲਾ ਵਿੱਚ ਇੱਕ ਅਜਿਹਾ ਸੰਸਥਾਨ ਬਣਾਉਣ ਦਾ ਫੈਸਲਾ ਕੀਤਾ ਜੋ ਸਿਰਫ਼ ਰਿਆਸਤ ਹੀ ਨਹੀਂ, ਸਗੋਂ ਸਾਰੇ ਪੰਜਾਬ ਅਤੇ ਨੇੜਲੇ ਇਲਾਕਿਆਂ ਦੇ ਯੁਵਕਾਂ ਨੂੰ ਸਿੱਖਿਆ ਦੇ ਸਕੇ। ਮਹਿੰਦਰਾ ਕਾਲਜ ਨੂੰ ਨਾ ਸਿਰਫ਼ ਇੱਕ ਵਿੱਦਿਅਕ ਸੰਸਥਾ, ਸਗੋਂ ਰਾਜਕੁਮਾਰਾਂ ਅਤੇ ਆਮ ਲੋਕਾਂ ਲਈ ਸਿੱਖਿਆ ਦੇ ਦਰਵਾਜ਼ੇ ਖੋਲ੍ਹਣ ਵਾਲੇ ਇੱਕ ਕ੍ਰਾਂਤੀਕਾਰੀ ਕਦਮ ਵਜੋਂ ਦੇਖਿਆ ਜਾਂਦਾ ਹੈ।

ਦਰਅਸਲ ਸ਼ੁਰੂਆਤ ਅਰਥਾਤ 1860 ਵਿੱਚ, ਮਹਾਰਾਜਾ ਨਰਿੰਦਰ ਸਿੰਘ ਨੇ ਇੱਕ ਭਾਸ਼ਾ ਸਕੂਲ ਖੋਲ੍ਹਿਆ ਸੀ, ਜਿਸਦਾ ਉਦੇਸ਼ ਸੰਸਕ੍ਰਿਤ, ਫਾਰਸੀ ਅਤੇ ਅਰਬੀ ਵਰਗੀਆਂ ਕਲਾਸੀਕਲ ਭਾਸ਼ਾਵਾਂ ਦੀ ਪੜ੍ਹਾਈ ਕਰਾਉਣਾ ਸੀ। 1872 ਵਿੱਚ, ਇਸ ਭਾਸ਼ਾ ਸਕੂਲ ਨੂੰ ਅੱਪਗਰੇਡ ਕਰਕੇ ਸੈਂਟਰਲ ਸਕੂਲ ਵਿੱਚ ਤਬਦੀਲ ਕਰ ਦਿੱਤਾ ਗਿਆ, ਜਿੱਥੇ ਅੰਗਰੇਜ਼ੀ ਅਤੇ ਹਿਸਾਬ ਵਰਗੇ ਆਧੁਨਿਕ ਵਿਸ਼ੇ ਵੀ ਸ਼ਾਮਲ ਕੀਤੇ ਗਏ। ਇਸ ਨੂੰ ਕਾਲਜ ਦਾ ਰੂਪ ਦੇਣ ਦਾ ਸੁਪਨਾ ਮਹਾਰਾਜਾ ਮਹਿੰਦਰ ਸਿੰਘ ਦਾ ਸੀ। ਇਸ ਲਈ ਉਨ੍ਹਾਂ ਇਸ ਕਾਲਜ ਦੀ ਇਮਾਰਤ ਦਾ ਨੀਂਹ ਪੱਥਰ 30 ਮਾਰਚ, 1875 ਨੂੰ ਬਰਤਾਨਵੀ ਭਾਰਤ ਦੇ ਤਤਕਾਲੀਨ ਵਾਇਸਰਾਏ ਦੇ ਅਰਲ ਆਫ਼ ਨੌਰਥਬਰੁੱਕ ਪਾਸੋਂ ਰਖਵਾਇਆ ਸੀ। ਹਾਲਾਂਕਿ, ਉਨ੍ਹਾਂ ਦੀ ਜਲਦੀ ਹੀ ਮੌਤ ਹੋ ਜਾਣ ਕਰਨ, ਇਸ ਕਾਲਜ ਨੂੰ ਉਨ੍ਹਾਂ ਦੇ ਪੁੱਤਰ ਮਹਾਰਾਜਾ ਰਾਜਿੰਦਰ ਸਿੰਘ ਨੇ ਆਪਣੇ ਪਿਤਾ ਦੀ ਯਾਦ ਵਿੱਚ ਪੂਰਾ ਕਰਵਾਇਆ। ਕਾਲਜ ਦੀ ਇਮਾਰਤ ਦਾ ਨਿਰਮਾਣ ਕਾਰਜ ਲੱਗਭੱਗ 9 ਸਾਲਾਂ ਵਿੱਚ ਪੂਰਾ ਹੋਇਆ। ਕਾਲਜ ਦੇ ਨਿਰਮਾਣ 'ਤੇ ਉਸ ਸਮੇਂ 5 ਲੱਖ ਰੁਪਏ ਦਾ ਖਰਚਾ ਆਇਆ ਸੀ। ਇਸ ਸਮੇਂ ਦੇ ਵਾਇਸਰਾਏ ਲਾਰਡ ਰਿਪਨ ਨੇ 17 ਮਾਰਚ, 1884 ਨੂੰ ਇਸ ਦਾ ਉਦਘਾਟਨ ਕੀਤਾ। ਉਸ ਸਮੇਂ ਕਾਲਜ ਕਲਕੱਤਾ ਯੂਨੀਵਰਸਿਟੀ ਨਾਲ ਸੰਬੰਧਿਤ ਸੀ। ਕਾਲਜ 1937 ਤੱਕ ਰਾਜ ਦੇ ਵਿਸ਼ਿਆਂ ਨੂੰ ਮੁਫ਼ਤ ਸਿੱਖਿਆ ਦਿੰਦਾ ਸੀ। ਗ੍ਰੈਜੂਏਸ਼ਨ ਪੱਧਰ ਤੱਕ ਵਿਦਿਆਰਥਣਾਂ ਨੂੰ ਮੁਫ਼ਤ ਸਿੱਖਿਆ ਦੇਣ ਦੀ ਪਰੰਪਰਾ ਅਜੇ ਵੀ ਜਾਰੀ ਹੈ। ਸ਼ੁਰੂ ਵਿੱਚ ਕਾਲਜ ਵਿੱਚ ਸੰਸਕ੍ਰਿਤ, ਫਾਰਸੀ ਅਤੇ ਅਰਬੀ ਵਿੱਚ ਸਿੱਖਿਆ ਦਿੱਤੀ ਜਾਂਦੀ ਸੀ ਅਤੇ ਥੋੜ੍ਹੀ ਦੇਰ ਬਾਅਦ ਅੰਗਰੇਜ਼ੀ ਅਤੇ ਗਣਿਤ ਦੀ ਪੜ੍ਹਾਈ ਸ਼ੁਰੂ ਹੋ ਗਈ। 1880 ਵਿੱਚ, ਇੰਟਰਮੀਡੀਏਟ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਅਤੇ 1887 ਵਿੱਚ, ਮਹਾਰਾਣੀ ਵਿਕਟੋਰੀਆ ਦੇ ਰਾਜ ਦੇ 50ਵੇਂ ਸਾਲ ਦੀ ਯਾਦ ਵਿੱਚ, ਕਾਲਜ ਨੂੰ ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਬੀਏ ਮਿਆਰ ਵਿੱਚ ਅਪਗ੍ਰੇਡ ਕੀਤਾ ਗਿਆ। ਗਣਿਤ ਵਿੱਚ ਪੋਸਟ-ਗ੍ਰੈਜੂਏਸ਼ਨ 1912 ਵਿੱਚ, ਦਰਸ਼ਨ ਵਿੱਚ 1922 ਵਿੱਚ ਅਤੇ ਪੰਜਾਬੀ ਵਿੱਚ 1949 ਵਿੱਚ ਸ਼ੁਰੂ ਕੀਤੀ ਗਈ। ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਵੀ ਸੰਬੰਧਿਤ ਰਿਹਾ। ਭਾਰਤ ਦੇ ਸਾਬਕਾ ਰਾਸ਼ਟਰਪਤੀ ਸਵਰਗੀ ਐਸ. ਰਾਧਾਕ੍ਰਿਸ਼ਨਨ ਅਤੇ ਵਿਸ਼ਵ ਪ੍ਰਸਿੱਧ ਅੰਗਰੇਜ਼ੀ ਨਾਵਲਕਾਰ ਈ.ਐਮ. ਫੋਰਸਟਰ ਦੇ ਕਾਲਜ ਦੇ ਦੌਰੇ ਕਾਲਜ ਦੇ ਕੱਦ ਨੂੰ ਦਰਸਾਉਂਦੇ ਹਨ। ਆਪਣੀ ਸ਼ੁਰੂਆਤ ਤੋਂ ਲੈ ਕੇ, ਕਾਲਜ ਨੇ ਲਗਭਗ 140 ਸਾਲਾਂ ਦੀ ਇੱਕ ਲੰਬੀ ਯਾਤਰਾ ਨੂੰ ਇੱਕ ਸ਼ਾਹੀ ਸ਼ੈਲੀ ਵਿੱਚ ਪੂਰਾ ਕੀਤਾ ਹੈ ਜੋ ਕਿ ਅਧਿਆਪਨ ਫੈਕਲਟੀ ਦੇ ਅਣਥੱਕ ਯਤਨਾਂ ਅਤੇ ਮਨੁੱਖੀ ਗਤੀਵਿਧੀਆਂ ਦੇ ਸਾਰੇ ਖੇਤਰਾਂ ਵਿੱਚ ਇਸਦੇ ਸਾਬਕਾ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦੁਆਰਾ ਮਜ਼ਬੂਤ ਕੀਤਾ ਗਿਆ ਹੈ, ਭਾਵੇਂ ਉਹ ਖੇਡਾਂ, ਸੱਭਿਆਚਾਰ, ਅਕਾਦਮਿਕ, ਸਿਵਲ ਅਤੇ ਰੱਖਿਆ ਸੇਵਾਵਾਂ, ਉਦਯੋਗ, ਵਣਜ, ਵਪਾਰ, ਰਾਜਨੀਤੀ ਆਦਿ। ਇਹ 140 ਸਾਲਾਂ ਦੀ ਨੌਜਵਾਨ ਸੰਸਥਾ ਉੱਤਰੀ ਭਾਰਤ ਵਿੱਚ ਸਿੱਖਿਆ ਦੇ ਮਦਰੱਸਿਆਂ ਦੇ ਵਿਚਕਾਰ ਸਿਰ ਅਤੇ ਮੋਢੇ ਉੱਚੇ ਕਰਕੇ ਖੜ੍ਹੀ ਹੈ ਅਤੇ ਨਾ ਸਿਰਫ਼ ਸਿੱਖਿਆ ਦੀ ਪ੍ਰਾਪਤੀ ਲਈ ਸਮਰਪਿਤ ਵਿਦਵਾਨਾਂ ਅਤੇ ਸਿੱਖਿਅਕਾਂ ਲਈ, ਸਗੋਂ ਉਨ੍ਹਾਂ ਨੌਜਵਾਨਾਂ ਲਈ ਵੀ ਉਮੀਦ ਅਤੇ ਇੱਛਾਵਾਂ ਦਾ ਪ੍ਰਤੀਕ ਬਣ ਗਈ ਹੈ ਜਿਨ੍ਹਾਂ ਦੀਆਂ ਅੱਖਾਂ ਵਿੱਚ ਸੁਪਨੇ ਹਨ, ਜੋ ਹਾਲ ਹੀ ਦੇ ਸਮੇਂ ਵਿੱਚ



ਚਰਨਜੀਤ ਗਰੋਵਰ
ਮੋ:9814482727

ਫੈਲੀਆਂ ਬਹੁਤ ਸਾਰੀਆਂ ਨਿੱਜੀ ਸੰਸਥਾਵਾਂ ਵਿੱਚ ਮਹਿੰਗੀ ਸਿੱਖਿਆ ਨਹੀਂ ਦੇ ਸਕਦੇ। ਉੱਚ ਸਿੱਖਿਆ ਵਿੱਚ ਇਸਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ, ਭਾਰਤ ਸਰਕਾਰ ਨੇ 14 ਮਾਰਚ, 1988 ਨੂੰ ਮਹਿੰਦਰਾ ਕਾਲਜ ਤੇ ਇੱਕ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ। ਬਾਅਦ ਵਿੱਚ ਰਾਜ ਸਰਕਾਰ ਨੇ ਕਾਲਜ ਨੂੰ ਰਾਜ ਦੇ ਚਾਰ ਮਾਡਲ ਕਾਲਜਾਂ ਵਿੱਚੋਂ ਇੱਕ ਵਜੋਂ ਘੋਸ਼ਿਤ ਕੀਤਾ। ਕਾਲਜ ਨੂੰ ਅਪ੍ਰੈਲ 2003 ਵਿੱਚ ਨੈਕ ਦੁਆਰਾ ਰ+ ਗ੍ਰੇਡ ਦਿੱਤਾ ਗਿਆ ਸੀ ਅਤੇ ਸਾਈਕਲ-99 ਫਰਵਰੀ 2016 ਵਿੱਚ ਨੈਕ ਦੁਆਰਾ ਇਸ ਕਾਲਜ ਨੂੰ ਸੀਜੀਪੀਏ 3.86 ਦੇ ਨਾਲ ਏ ਗ੍ਰੇਡ ਨਾਲ ਸਨਮਾਨਿਤ ਕੀਤਾ ਗਿਆ ਸੀ, ਜੋ ਕਿ ਦੇਸ਼ ਦੇ ਕਿਸੇ ਵੀ ਕਾਲਜ ਨੂੰ ਦਿੱਤਾ ਗਿਆ ਸਭ ਤੋਂ ਵੱਧ ਸਕੋਰ ਹੈ। 2006 ਵਿੱਚ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਕਾਲਜ ਵਿਦ ਪੋਟੈਂਸ਼ੀਅਲ ਫਾਰ ਐਕਸੀਲੈਂਸ ਦੀ ਆਪਣੀ ਯੋਜਨਾ ਦੇ ਤਹਿਤ ਕਾਲਜ ਨੂੰ ਇੱਕ ਹੋਰ ਅਹਿਮ ਦਰਜਾ ਦਿੱਤਾ, ਇੱਕ ਅਜਿਹਾ ਦਰਜਾ ਜਿਸਦਾ ਕਾਲਜ 2014 ਤੱਕ ਮਾਣ ਕਰਦਾ ਰਿਹਾ। 2009 ਵਿੱਚ, ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਦੇ ਬਾਇਓਟੈਕਨਾਲੋਜੀ ਵਿਭਾਗ ਨੇ ਆਪਣੀ ਸਟਾਰ ਕਾਲਜ ਇਨ ਲਾਈਫ ਸਾਇੰਸਜ਼ ਸਕੀਮ ਦੇ ਤਹਿਤ ਵਿੱਤੀ ਸਹਾਇਤਾ ਲਈ ਕਾਲਜ ਦੀ ਚੋਣ ਕੀਤੀ। ਕਾਲਜ ਨੂੰ ਯੂਜੀਸੀ ਦੀ ਕਮਿਊਨਿਟੀ ਕਾਲਜ ਸਕੀਮ ਅਧੀਨ ਕਮਿਊਨਿਟੀ ਕਾਲਜ ਵਜੋਂ ਚੁਣਿਆ ਗਿਆ ਹੈ।

ਇਸ ਦੀ ਸ਼ੁਰੂਆਤ ਪੰਜਾਬੀ ਭੂਮੀ ਤੇ ਅੰਗਰੇਜ਼ੀ ਸਿੱਖਿਆ ਦਾ ਇੱਕ ਮਹੱਤਵਪੂਰਨ ਕੇਂਦਰ ਬਣਨ ਦੇ ਉਦੇਸ਼ ਨਾਲ ਕੀਤੀ ਗਈ ਸੀ। ਇਹ ਅਦਾਰਾ ਸਿਰਫ਼ ਪਟਿਆਲਾ ਰਿਆਸਤ ਲਈ ਹੀ ਨਹੀਂ, ਸਗੋਂ ਪੂਰੇ ਪੰਜਾਬ ਖੇਤਰ ਲਈ ਇੱਕ ਰੌਸ਼ਨ ਮੀਨਾਰ ਸਾਬਿਤ ਹੋਇਆ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸ਼ੁਰੂਆਤ ਵਿੱਚ, ਇਹ ਕਾਲਜ ਕੋਲਕਾਤਾ ਯੂਨੀਵਰਸਿਟੀ ਨਾਲ ਸੰਬੰਧਿਤ ਸੀ, ਜੋ ਉਸ ਸਮੇਂ ਭਾਰਤ ਦੀਆਂ ਸਭ ਤੋਂ ਮਸ਼ਹੂਰ ਯੂਨੀਵਰਸਿਟੀਆਂ ਵਿੱਚੋਂ ਇੱਕ ਸੀ। ਬਾਅਦ ਵਿੱਚ, ਇਸ ਨੂੰ ਪੰਜਾਬ ਯੂਨੀਵਰਸਿਟੀ, ਲਾਹੌਰ ਨਾਲ ਜੋੜਿਆ ਗਿਆ, ਜਿਸ ਨਾਲ ਇਸ ਦੀ ਪਛਾਣ ਹੋਰ ਵੀ ਮਜ਼ਬੂਤ ਹੋਈ। 1947 ਦੀ ਵੰਡ ਤੋਂ ਬਾਅਦ, ਇਹ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਸੰਬੰਧਿਤ ਹੋਇਆ ਅਤੇ ਫਿਰ 1962 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਤੋਂ ਬਾਅਦ, ਇਹ ਇਸ ਦਾ ਇੱਕ ਅਹਿਮ ਹਿੱਸਾ ਬਣ ਗਿਆ।

21 ਏਕੜ ਤੋਂ ਵਧੇਰੇ ਇਲਾਕੇ ਵਿਚ ਫੈਲੇ ਮਹਿੰਦਰਾ ਕਾਲਜ ਦੀ ਇਮਾਰਤ ਆਪਣੇ ਆਪ ਵਿੱਚ ਇੱਕ ਕਲਾ ਦਾ ਨਮੂਨਾ ਹੈ। ਇਸ ਦਾ ਨਿਰਮਾਣ ਇੱਕ ਬ੍ਰਿਟਿਸ਼ ਆਰਕੀਟੈਕਟ ਬਲੈਕਵੁੱਡ ਦੁਆਰਾ ਕੀਤਾ ਗਿਆ ਸੀ। ਇਹ ਇਮਾਰਤ ਗੌਥਿਕ ਅਤੇ ਮੁਗਲ ਆਰਕੀਟੈਕਚਰ ਦਾ ਇੱਕ ਅਦਭੁਤ ਮਿਸ਼ਰਣ ਪੇਸ਼ ਕਰਦੀ ਹੈ। ਲਾਲ ਇੱਟਾਂ ਨਾਲ ਬਣੀ ਇਸ ਇਮਾਰਤ ਦੀਆਂ ਉੱਚੀਆਂ ਕਮਾਨਾਂ, ਵਿਸ਼ਾਲ ਖਿੜਕੀਆਂ ਅਤੇ ਖੁੱਲ੍ਹੇ ਵੇਹੜੇ ਇਸ ਨੂੰ ਇੱਕ ਸ਼ਾਨਦਾਰ ਦਿੱਖ ਦਿੰਦੇ ਹਨ। ਕਾਲਜ ਦੀ ਮੁੱਖ ਇਮਾਰਤ ਅੰਗਰੇਜ਼ੀ ਦੇ ਐਮ ਅੱਖਰ ਦੇ ਰੂਪ ਵਿਚ ਹੈ ਜੋ ਮਹਾਰਾਜਾ ਮਹਿੰਦਰ ਸਿੰਘ ਦੇ ਨਾਂ ਦੀ ਪ੍ਰਤੀਕ ਹੈ। ਇਸ ਵਿੱਚ ਕਲਾਸਰੂਮ, ਲਾਇਬ੍ਰੇਰੀ ਅਤੇ ਪ੍ਰਬੰਧਕੀ ਦਫ਼ਤਰ ਸਥਿਤ ਹਨ। ਇਮਾਰਤ ਦੇ ਅੰਦਰ, ਲੱਕੜ ਦੇ ਬੀਮ ਅਤੇ ਪੁਰਾਣੀਆਂ ਲਾਈਟਾਂ ਇੱਕ ਇਤਿਹਾਸਕ ਮਾਹੌਲ ਪੈਦਾ ਕਰਦੀਆਂ ਹਨ। ਕਾਲਜ ਦਾ ਬੁਨਿਆਦੀ ਢਾਂਚਾ ਉਸ ਸਮੇਂ ਦੀਆਂ ਲੋੜਾਂ ਅਨੁਸਾਰ ਬਣਾਇਆ ਗਿਆ ਸੀ, ਜਿਸ ਵਿੱਚ ਵਿਦਿਆਰਥੀਆਂ ਲਈ ਹੋਸਟਲ, ਖੇਡ ਮੈਦਾਨ ਅਤੇ ਇੱਕ ਵਿਸ਼ਾਲ ਲਾਇਬ੍ਰੇਰੀ ਸ਼ਾਮਲ ਸਨ। ਕਾਲਜ ਦੀ ਲਾਇਬ੍ਰੇਰੀ ਵਿੱਚ ਅੱਜ ਵੀ ਕਈ ਪੁਰਾਣੀਆਂ ਅਤੇ ਦੁਰਲੱਭ ਕਿਤਾਬਾਂ ਦਾ ਭੰਡਾਰ ਹੈ, ਜੋ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਗਿਆਨ ਦਾ ਇੱਕ ਕੀਮਤੀ ਸਰੋਤ ਹਨ। ਕਾਲਜ ਦੇ ਮੈਦਾਨ ਵਿੱਚ ਹਾਕੀ, ਕ੍ਰਿਕਟ ਅਤੇ ਫੁੱਟਬਾਲ ਦੀਆਂ ਸੁਵਿਧਾਵਾਂ ਉਪਲਬਧ ਹਨ, ਜਿੱਥੇ ਕਈ ਪੀੜ੍ਹੀਆਂ ਦੇ ਖਿਡਾਰੀਆਂ ਨੇ ਆਪਣੀ ਪ੍ਰਤਿਭਾ ਨੂੰ ਨਿਖਾਰਿਆ ਹੈ।

ਮਹਿੰਦਰਾ ਕਾਲਜ ਨੇ ਸ਼ੁਰੂ ਤੋਂ ਹੀ ਸਿੱਖਿਆ ਦੇ ਖੇਤਰ ਵਿੱਚ ਉੱਚ ਮਿਆਰ ਸਥਾਪਿਤ ਕੀਤੇ ਹਨ। ਇਸ ਕਾਲਜ ਨੇ ਨਾ ਸਿਰਫ਼ ਪੰਜਾਬ ਦੇ ਵਿਦਿਆਰਥੀਆਂ ਨੂੰ, ਸਗੋਂ ਰਾਜਸਥਾਨ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਵਿਦਿਆਰਥੀਆਂ ਨੂੰ ਵੀ ਉੱਚ ਸਿੱਖਿਆ ਪ੍ਰਦਾਨ ਕੀਤੀ ਹੈ। ਕਾਲਜ ਵਿੱਚ ਸ਼ੁਰੂਆਤ ਵਿੱਚ ਕਲਾ, ਵਿਗਿਆਨ ਅਤੇ ਵਣਜ ਦੇ ਵਿਸ਼ੇ ਪੜ੍ਹਾਏ ਜਾਂਦੇ ਸਨ। ਇਸ ਦੇ ਅਧਿਆਪਕ ਬਹੁਤ ਹੀ ਯੋਗ ਅਤੇ ਸਮਰੱਥ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ।

ਮਹਿੰਦਰਾ ਕਾਲਜ ਨੇ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਵੀ ਹਮੇਸ਼ਾ ਉਤਸ਼ਾਹਿਤ ਕੀਤਾ ਹੈ। ਕਾਲਜ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਖੇਡਾਂ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ। ਹਾਕੀ, ਫੁੱਟਬਾਲ, ਕ੍ਰਿਕਟ, ਬਾਸਕਿਟਬਾਲ ਅਤੇ ਐਥਲੈਟਿਕਸ ਵਰਗੀਆਂ ਖੇਡਾਂ ਵਿੱਚ ਕਾਲਜ ਦਾ ਨਾਮ ਹਮੇਸ਼ਾ ਮੋਹਰੀ ਰਿਹਾ ਹੈ। 1940 ਦੇ ਦਹਾਕਾ ਵਿਚ ਕਾਲਜ ਦੀ ਹਾਕੀ ਅਤੇ ਐਥਲੈਟਿਕਸ ਟੀਮ ਨੇ ਰਿਆਸਤਾਂ ਦੇ ਖੇਡ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਸੱਭਿਆਚਾਰਕ ਪੱਖ ਤੋਂ, ਕਾਲਜ ਦਾ ਆਰਟਸ ਕਲੱਬ, ਡਰਾਮਾ ਕਲੱਬ ਅਤੇ ਡਿਬੇਟਿੰਗ ਕਲੱਬ ਬਹੁਤ ਸਰਗਰਮ ਰਹੇ ਹਨ। ਇਨ੍ਹਾਂ ਕਲੱਬਾਂ ਨੇ ਵਿਦਿਆਰਥੀਆਂ ਨੂੰ ਆਪਣੀ ਕਲਾ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਦਿੱਤਾ। ਕਾਲਜ ਵਿੱਚ ਹਰ ਸਾਲ ਮਨਾਏ ਜਾਣ ਵਾਲੇ ਸੱਭਿਆਚਾਰਕ ਮੇਲੇ ਅਤੇ ਮੁਕਾਬਲੇ ਵਿਦਿਆਰਥੀਆਂ ਨੂੰ ਨਵੀਂ ਊਰਜਾ ਅਤੇ ਉਤਸ਼ਾਹ ਦਿੰਦੇ ਰਹੇ ਹਨ। ਅੱਜ ਵੀ ਮਹਿੰਦਰਾ ਕਾਲਜ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਇੱਕ ਮਹੱਤਵਪੂਰਨ ਅੰਗ ਹੈ। ਇਹ ਆਪਣੀ ਪੁਰਾਣੀ ਵਿਰਾਸਤ ਨੂੰ ਸੰਭਾਲਦੇ ਹੋਏ ਆਧੁਨਿਕ ਸਿੱਖਿਆ ਪ੍ਰਣਾਲੀ ਦੇ ਅਨੁਕੂਲ ਆਪਣੇ ਆਪ ਨੂੰ ਢਾਲ ਰਿਹਾ ਹੈ। ਕਾਲਜ ਵਿੱਚ ਨਵੇਂ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ ਅਤੇ ਤਕਨੀਕੀ ਸਿੱਖਿਆ ਨੂੰ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਕਾਲਜ ਦੇ ਪ੍ਰਬੰਧਕ ਅਤੇ ਅਧਿਆਪਕ ਇਸ ਗੱਲ ਲਈ ਯਤਨਸ਼ੀਲ ਹਨ ਕਿ ਕਾਲਜ ਦੀ ਪੁਰਾਣੀ ਸ਼ਾਨ ਬਰਕਰਾਰ ਰਹੇ ਅਤੇ ਨਵੇਂ ਸਮੇਂ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ।

## ਚੰਡੀਗੜ੍ਹ ਵਿੱਚ ਲੈਂਡ ਸਟੇਕਿੰਗ ਪ੍ਰੋਜੈਕਟ ਨੂੰ ਪਾਇਲਟ ਆਧਾਰ 'ਤੇ ਲਾਗੂ ਕਰਨ ਲਈ ਮੀਟਿੰਗ

ਚੰਡੀਗੜ੍ਹ, 18 ਅਗਸਤ (ਅੰਮ੍ਰਿਤਪਾਲ ਸਿੰਘ) : ਚੰਡੀਗੜ੍ਹ ਵਿੱਚ ਲੈਂਡ ਸਟੇਕਿੰਗ ਪ੍ਰੋਜੈਕਟ ਨੂੰ ਪਾਇਲਟ ਆਧਾਰ 'ਤੇ ਲਾਗੂ ਕਰਨ ਲਈ ਗਠਿਤ ਕਮੇਟੀ ਦੀ ਪਹਿਲੀ ਮੀਟਿੰਗ ਅੱਜ ਐਸ. ਚੋਕਲਿੰਗਮ, ਪ੍ਰਮੁੱਖ ਸਕੱਤਰ ਅਤੇ ਸੀਈਓ, ਮਹਾਰਾਸ਼ਟਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ, ਚੰਡੀਗੜ੍ਹ ਅਤੇ ਹੋਰ ਕਮੇਟੀ ਮੈਂਬਰਾਂ ਨੇ ਸ਼ਿਰਕਤ ਕੀਤੀ। ਲੈਂਡ ਸਟੇਕਿੰਗ ਪ੍ਰੋਜੈਕਟ ਇੱਕ ਮੋਹਰੀ ਪਹਿਲਕਦਮੀ ਹੈ, ਜਿਸਦਾ ਉਦੇਸ਼ ਇੱਕ ਵਿਆਪਕ, ਪਾਰਦਰਸ਼ੀ ਅਤੇ ਤਕਨਾਲੋਜੀ-ਅਧਾਰਤ ਭੂਮੀ ਰਿਕਾਰਡ ਪ੍ਰਬੰਧਨ ਪ੍ਰਣਾਲੀ ਬਣਾਉਣਾ ਹੈ। ਇਹ ਇੱਕ ਏਕੀਕ੍ਰਿਤ ਭੂਮੀ ਜਾਣਕਾਰੀ ਪ੍ਰਣਾਲੀ ਹੋਵੇਗੀ ਜਿਸ ਵਿੱਚ ਕਿਸੇ ਵੀ ਜ਼ਮੀਨ ਨਾਲ ਸਬੰਧਤ ਸਾਰੇ ਵੇਰਵੇ ਇੱਕ ਸਿੰਗਲ ਡੇਟਾਬੇਸ ਵਿੱਚ ਉਪਲਬਧ ਹੋਣਗੇ। ਇਸ ਰਾਹੀਂ, ਵਿਭਾਗ ਅਤੇ ਨਾਗਰਿਕ ਸਿਰਫ਼ ਇੱਕ ਕਲਿੱਕ ਨਾਲ ਜਾਣਕਾਰੀ ਪ੍ਰਾਪਤ ਕਰ ਸਕਣਗੇ ਕਿ ਕੋਈ ਪਲਾਟ ਨਿਰਮਾਣ ਅਧੀਨ ਹੈ ਜਾਂ ਨਹੀਂ। ਇਹ ਪ੍ਰਣਾਲੀ ਜ਼ਮੀਨ ਨਾਲ ਸਬੰਧਤ ਭਰੋਸੇਯੋਗ ਜਾਣਕਾਰੀ ਦੀ ਘਾਟ ਨੂੰ ਵੀ ਦੂਰ ਕਰੇਗੀ, ਜੋ ਕਿ ਮਾਲਕੀ, ਜ਼ੋਨਿੰਗ ਜਾਂ ਕਾਨੂੰਨੀ ਪਾਬੰਦੀਆਂ ਦੀ ਪੁਸ਼ਟੀ ਕਰਨ ਲਈ ਜਾਇਦਾਦ ਦੇ ਲੈਣ-ਦੇਣ ਦੇ ਸਮੇਂ ਬਹੁਤ ਮਹੱਤਵਪੂਰਨ ਹੈ।



ਲੈਂਡ ਸਟੈਕ ਪ੍ਰੋਜੈਕਟ ਦੇ ਉਦੇਸ਼ ਅਤੇ ਟੀਚੇ ਇੱਕ ਏਕੀਕ੍ਰਿਤ ਅਤੇ ਪਾਰਦਰਸ਼ੀ ਭੂਮੀ ਰਿਕਾਰਡ ਡੇਟਾਬੇਸ ਬਣਾਉਣਾ, ਪ੍ਰਮਾਣਿਤ ਡਿਜੀਟਲ ਰਿਕਾਰਡਾਂ ਰਾਹੀਂ ਜਾਇਦਾਦ ਦੇ ਲੈਣ-ਦੇਣ ਨੂੰ ਸਰਲ ਬਣਾਉਣਾ, ਸਹੀ ਭੂ-ਸਥਾਨਕ ਡੇਟਾ ਰਾਹੀਂ ਸ਼ਹਿਰੀ ਯੋਜਨਾਬੰਦੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਸ਼ਕਤੀ ਪ੍ਰਦਾਨ ਕਰਨਾ, ਅਤੇ ਜ਼ਮੀਨ ਨਾਲ ਸਬੰਧਤ ਮਾਮਲਿਆਂ ਵਿੱਚ ਵਿਵਾਦਾਂ, ਮੁਕੱਦਮੇਬਾਜ਼ੀ ਅਤੇ ਦੇਰੀ ਨੂੰ ਘਟਾ ਕੇ ਨਾਗਰਿਕ ਸੇਵਾਵਾਂ ਨੂੰ ਮਜ਼ਬੂਤ ਕਰਨਾ ਹੈ। ਇਹ ਜਵਾਬਦੇਹੀ, ਵਿਭਾਗੀ ਤਾਲਮੇਲ ਅਤੇ ਘੱਟੋ-ਘੱਟ ਮਨੁੱਖੀ ਦਖਲਅੰਦਾਜ਼ੀ ਨੂੰ ਯਕੀਨੀ ਬਣਾ ਕੇ ਚੰਗੇ ਸ਼ਾਸਨ ਨੂੰ ਵੀ ਉਤਸ਼ਾਹਿਤ ਕਰੇਗਾ। ਇਸ ਤੋਂ ਇਲਾਵਾ, ਬਲਾਕਚੈਨ ਅਤੇ ਆਧੁਨਿਕ ਆਈ.ਟੀ. ਹੱਲਾਂ ਦੀ ਵਰਤੋਂ ਕਰਕੇ ਡੇਟਾ ਦੀ ਪ੍ਰਮਾਣਿਕਤਾ, ਗੁਪਤਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ।

ਮੀਟਿੰਗ ਦੌਰਾਨ, ਚੇਅਰਮੈਨ ਨੇ ਜ਼ੋਰ ਦੇ ਕੇ ਕਿਹਾ ਕਿ ਡਿਜੀਟਾਈਜ਼ੇਸ਼ਨ ਦੇ ਉਦੇਸ਼ ਨੂੰ ਪੂਰੀ ਤਰ੍ਹਾਂ ਪ੍ਰਾਪਤ ਕਰਨ ਲਈ ਭੂਮੀ ਰਿਕਾਰਡ ਵਿਭਾਗਾਂ ਦੇ ਨੋਡਲ ਅਧਿਕਾਰੀਆਂ ਅਤੇ ਐਨ.ਆਈ.ਸੀ. ਅਧਿਕਾਰੀਆਂ ਵਿਚਕਾਰ ਨਜ਼ਦੀਕੀ ਤਾਲਮੇਲ ਜ਼ਰੂਰੀ ਹੈ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਨਕਸ਼ਿਆਂ ਅਤੇ ਰਿਕਾਰਡਾਂ ਦੇ ਡਿਜੀਟਾਈਜ਼ੇਸ਼ਨ ਲਈ ਡੀਓਐਲਆਰ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ, ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਸਪੱਸ਼ਟ ਪ੍ਰੋਟੋਕੋਲ ਸਥਾਪਤ ਕੀਤੇ ਜਾਣ, ਅਤੇ ਵਿਭਾਗਾਂ ਨੂੰ ਇਕਸਾਰਤਾ ਬਣਾਈ ਰੱਖਣ ਲਈ ਨਵੇਂ ਕਾਲਮਾਂ ਨੂੰ ਜੋੜਨ ਦੀ ਬਜਾਏ ਮੌਜੂਦਾ ਕਾਲਮਾਂ ਨੂੰ ਅਪਡੇਟ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬਲਾਕਚੈਨ ਅਧਾਰਤ ਹੱਲਾਂ ਦੀ ਵਰਤੋਂ ਕਰਕੇ ਸਹੀ, ਸੁਰੱਖਿਅਤ ਅਤੇ ਛੇੜਛਾੜ-ਰੋਧਕ ਰਿਕਾਰਡ-ਕੀਪਿੰਗ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

ਇਸ ਮੌਕੇ ਬੋਲਦਿਆਂ, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐਸ, ਡਿਪਟੀ ਕਮਿਸ਼ਨਰ, ਚੰਡੀਗੜ੍ਹ ਨੇ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਲੈਂਡ ਸਟੈਕ ਪ੍ਰੋਜੈਕਟ ਨੂੰ ਪ੍ਰਭਾਵਸ਼ਾਲੀ ਅਤੇ ਸਮੇਂ ਸਿਰ ਲਾਗੂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਭੂਮੀ ਪ੍ਰਸ਼ਾਸਨ ਦੀ ਪਾਰਦਰਸ਼ਤਾ, ਜਵਾਬਦੇਹੀ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਵਿੱਚ ਇਸ ਪਹਿਲਕਦਮੀ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਪ੍ਰੋਜੈਕਟ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਲੋੜੀਂਦੀ ਹਰ ਸਹਾਇਤਾ ਪ੍ਰਦਾਨ ਕਰੇਗਾ, ਜਿਸ ਵਿੱਚ ਸਮਰਪਿਤ ਮਨੁੱਖੀ ਸ਼ਕਤੀ, ਵਿਭਾਗੀ ਤਾਲਮੇਲ ਅਤੇ ਐਨਆਈਸੀ ਨੂੰ ਤਕਨੀਕੀ ਸਹਾਇਤਾ ਸ਼ਾਮਲ ਹੈ। ਉਨ੍ਹਾਂ ਦੁਹਰਾਇਆ ਕਿ ਪ੍ਰਸ਼ਾਸਨ ਮਾਨਯੋਗ ਚੇਅਰਮੈਨ ਦੁਆਰਾ ਦਿੱਤੇ ਗਏ ਸਾਰੇ ਸੁਝਾਵਾਂ ਨੂੰ ਅਪਣਾਏਗਾ ਅਤੇ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰੇਗਾ, ਤਾਂ ਜੋ ਇਹ ਦੇਸ਼ ਦੇ ਹੋਰ ਹਿੱਸਿਆਂ ਵਿੱਚ ਦੁਹਰਾਉਣ ਲਈ ਇੱਕ ਮਾਡਲ ਬਣ ਸਕੇ।

## ਸੂਬੇ ਭਰ ਵਿੱਚ ਕਾਸੋ ਦੌਰਾਨ 272 ਨਸ਼ਿਆਂ ਦੇ ਹਾਟਸ ਪਾਟਸ 'ਤੇ ਛਾਪੇਮਾਰੀ

ਚੰਡੀਗੜ੍ਹ, 18 ਅਗਸਤ (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਅਣਥੱਕ ਯਤਨਾਂ ਵਿੱਚ ਨਸ਼ਾ ਵਿਰੋਧੀ ਮੁਹਿੰਮ ਦੇ 170ਵੇਂ ਦਿਨ, ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਪਛਾਣੇ ਗਏ ਡਰੱਗ ਹਾਟਸਪਾਟਸ - ਨਸ਼ਿਆਂ ਅਤੇ ਮਨੋਰੋਗ ਪਦਾਰਥਾਂ ਦੀ ਵਿਕਰੀ ਵਾਲੇ ਸਥਾਨਾਂ-'ਤੇ ਇੱਕ ਰਾਜ ਵਿਆਪੀ ਘੇਰਾਬੰਦੀ ਅਤੇ ਖੋਜ ਮੁਹਿੰਮ (ਕਾਸੋ) ਚਲਾਈ। ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਰਾਜ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਕਾਸੋ ਮੁਹਿੰਮ ਚਲਾਈ ਗਈ। ਦੱਸਣਯੋਗ ਹੈ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ ਨਸ਼ੀਲੇ ਪਦਾਰਥਾਂ ਸਬੰਧੀ 272 ਹਾਟਸਪਾਟਾਂ 'ਤੇ ਛਾਪੇਮਾਰੀ ਕੀਤੀ, ਜਿਸ ਵਿੱਚ 164 ਐਫਆਈਆਰਜ਼ ਦਰਜ ਕਰਨ ਤੋਂ ਬਾਅਦ 196 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 2.4 ਕਿਲੋਗ੍ਰਾਮ ਹੈਰੋਇਨ, 2 ਕਿਲੋਗ੍ਰਾਮ ਅਫੀਮ, 30 ਕਿਲੋਗ੍ਰਾਮ ਗਾਂਜਾ, 13,451 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 15,020 ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਨਿਰਦੇਸ਼ ਦਿੱਤੇ ਹਨ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।


### ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ — ਪੰਜਾਬ ਸਟੇਟ ਡੀਅਰ 50 ਬੰਪਰ ਸੋਮਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ — ਡਰਾਅ ਮਿਤੀ : 18.08.2025

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 25 ਲੱਖ (ਲੜੀਆਂ ਨਾਲ 5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1 ਲੱਖ + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 25 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁ. 26.25 ਲੱਖ)

A 64260

ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1000/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 10,100/- ਹਰੇਕ)

| | | | | | | | | | |
|---|---|---|---|---|---|---|---|---|---|
| 02925 | 20895 | 46670 | 49210 | 51521 | 75073 | 79907 | 82664 | 90648 | 94744 |

ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 500/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 5,600/- ਹਰੇਕ)

| | | | | |
|---|---|---|---|---|
| 3348 | 5183 | 5882 | 7491 | 9274 |

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 200/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 2,250/- ਹਰੇਕ)

| | | | | | | | | | |
|---|---|---|---|---|---|---|---|---|---|
| 1352 | 3244 | 3266 | 4874 | 5248 | 5356 | 7254 | 8091 | 8931 | 9655 |

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 100/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 1,150/- ਹਰੇਕ)

| | | | | | | | | | |
|---|---|---|---|---|---|---|---|---|---|
| 0887 | 1673 | 2228 | 3895 | 5540 | 6565 | 6931 | 8631 | 8864 | 9288 |

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 500/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 50/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 20/-, ਕੁੱਲ ਇਨਾਮੀ ਰਾਸ਼ੀ ਰੁ. 570/- ਹਰੇਕ)

| | | | | | | | | | |
|---|---|---|---|---|---|---|---|---|---|
| 3014 | 4288 | 7119 | 7502 | 7902 | 8002 | 8436 | 8785 | 9396 | 9477 |

ਸੱਤਵੇਂ ਇਨਾਮ ਦੀ ਰਾਸ਼ੀ (40,000) ਰੁਪਏ 100/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 20/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 5/-, ਕੁੱਲ ਇਨਾਮੀ ਰਾਸ਼ੀ ਰੁ. 125/- ਹਰੇਕ)

| | | | | | | | | | |
|---|---|---|---|---|---|---|---|---|---|
| 0017 | 0040 | 0041 | 0066 | 0108 | 0113 | 0172 | 0177 | 0201 | 0213 |
| 0232 | 0242 | 0250 | 0252 | 0257 | 0260 | 0267 | 0276 | 0286 | 0294 |
| 0316 | 0323 | 0325 | 0332 | 0350 | 0354 | 0365 | 0372 | 0398 | 0434 |
| 0440 | 0462 | 0465 | 0467 | 0478 | 0491 | 0495 | 0504 | 0541 | 0557 |
| 0559 | 0564 | 0566 | 0576 | 0584 | 0591 | 0594 | 0597 | 0621 | 0624 |
| 0654 | 0703 | 0706 | 0730 | 0731 | 0748 | 0796 | 0805 | 0812 | 0822 |
| 0834 | 0878 | 0881 | 0886 | 0902 | 0915 | 0920 | 0957 | 0961 | 1012 |
| 1013 | 1027 | 1049 | 1058 | 1075 | 1121 | 1130 | 1150 | 1152 | 1153 |
| 1175 | 1179 | 1181 | 1182 | 1193 | 1219 | 1222 | 1227 | 1234 | 1239 |
| 1240 | 1241 | 1247 | 1269 | 1275 | 1295 | 1341 | 1344 | 1347 | 1363 |
| 1384 | 1402 | 1405 | 1431 | 1475 | 1480 | 1482 | 1484 | 1489 | 1491 |
| 1502 | 1517 | 1523 | 1529 | 1531 | 1539 | 1551 | 1568 | 1577 | 1586 |
| 1594 | 1610 | 1617 | 1618 | 1629 | 1702 | 1705 | 1722 | 1738 | 1740 |
| 1756 | 1759 | 1791 | 1798 | 1807 | 1809 | 1810 | 1822 | 1830 | 1833 |
| 1837 | 1839 | 1852 | 1861 | 1894 | 1901 | 1904 | 1909 | 1912 | 1946 |
| 1961 | 1985 | 1998 | 2007 | 2010 | 2027 | 2051 | 2063 | 2072 | 2099 |
| 2100 | 2108 | 2113 | 2119 | 2120 | 2130 | 2136 | 2158 | 2159 | 2212 |
| 2221 | 2234 | 2236 | 2238 | 2250 | 2254 | 2256 | 2264 | 2265 | 2266 |
| 2271 | 2276 | 2291 | 2295 | 2297 | 2310 | 2327 | 2330 | 2333 | 2347 |
| 2351 | 2352 | 2358 | 2362 | 2391 | 2409 | 2410 | 2424 | 2427 | 2449 |
| 2474 | 2498 | 2536 | 2554 | 2561 | 2567 | 2613 | 2614 | 2621 | 2677 |
| 2678 | 2679 | 2686 | 2698 | 2711 | 2722 | 2732 | 2737 | 2753 | 2779 |
| 2822 | 2825 | 2826 | 2831 | 2832 | 2839 | 2846 | 2868 | 2872 | 2883 |
| 2884 | 2892 | 2895 | 2908 | 2918 | 2927 | 2935 | 2948 | 2955 | 2960 |
| 2976 | 2988 | 3024 | 3032 | 3037 | 3059 | 3068 | 3094 | 3095 | 3097 |
| 3105 | 3109 | 3110 | 3124 | 3128 | 3142 | 3144 | 3145 | 3162 | 3174 |
| 3206 | 3209 | 3234 | 3245 | 3246 | 3248 | 3252 | 3258 | 3259 | 3264 |
| 3271 | 3274 | 3276 | 3304 | 3322 | 3333 | 3336 | 3339 | 3350 | 3351 |
| 3354 | 3367 | 3375 | 3381 | 3386 | 3395 | 3398 | 3404 | 3432 | 3433 |
| 3442 | 3444 | 3449 | 3455 | 3465 | 3472 | 3481 | 3494 | 3500 | 3517 |
| 3538 | 3555 | 3561 | 3584 | 3589 | 3606 | 3607 | 3610 | 3631 | 3632 |
| 3634 | 3635 | 3644 | 3648 | 3674 | 3678 | 3688 | 3712 | 3735 | 3742 |
| 3751 | 3758 | 3770 | 3814 | 3820 | 3831 | 3835 | 3845 | 3849 | 3864 |
| 3875 | 3888 | 3890 | 3894 | 3897 | 3899 | 3903 | 3912 | 3934 | 3940 |
| 3954 | 3959 | 3960 | 3969 | 4018 | 4019 | 4025 | 4044 | 4046 | 4063 |
| 4076 | 4091 | 4103 | 4109 | 4125 | 4130 | 4137 | 4156 | 4168 | 4172 |
| 4185 | 4190 | 4193 | 4202 | 4228 | 4248 | 4274 | 4286 | 4301 | 4343 |
| 4356 | 4365 | 4368 | 4373 | 4375 | 4413 | 4436 | 4458 | 4461 | 4469 |
| 4480 | 4481 | 4500 | 4506 | 4513 | 4520 | 4534 | 4544 | 4549 | 4566 |
| 4591 | 4596 | 4619 | 4636 | 4665 | 4711 | 4714 | 4715 | 4731 | 4752 |
| 4760 | 4782 | 4785 | 4787 | 4812 | 4834 | 4842 | 4845 | 4907 | 4931 |
| 4933 | 4945 | 4954 | 4979 | 4981 | 5027 | 5030 | 5053 | 5055 | 5060 |
| 5068 | 5074 | 5079 | 5090 | 5106 | 5141 | 5149 | 5152 | 5156 | 5181 |
| 5227 | 5238 | 5251 | 5266 | 5279 | 5282 | 5303 | 5316 | 5318 | 5331 |
| 5343 | 5385 | 5387 | 5409 | 5428 | 5441 | 5442 | 5443 | 5467 | 5469 |
| 5485 | 5496 | 5506 | 5538 | 5546 | 5558 | 5564 | 5585 | 5587 | 5628 |
| 5636 | 5647 | 5659 | 5679 | 5703 | 5708 | 5751 | 5759 | 5767 | 5773 |
| 5782 | 5783 | 5795 | 5804 | 5812 | 5815 | 5829 | 5842 | 5843 | 5855 |
| 5878 | 5879 | 5880 | 5892 | 5893 | 5905 | 5910 | 5919 | 5935 | 5939 |
| 5969 | 5976 | 5992 | 5994 | 6015 | 6021 | 6036 | 6038 | 6051 | 6064 |
| 6080 | 6083 | 6085 | 6087 | 6088 | 6094 | 6135 | 6138 | 6143 | 6153 |
| 6156 | 6163 | 6168 | 6171 | 6176 | 6187 | 6190 | 6221 | 6236 | 6240 |
| 6242 | 6286 | 6289 | 6303 | 6307 | 6308 | 6317 | 6323 | 6328 | 6341 |
| 6349 | 6373 | 6392 | 6395 | 6428 | 6430 | 6442 | 6471 | 6472 | 6484 |
| 6492 | 6494 | 6495 | 6498 | 6507 | 6512 | 6523 | 6524 | 6538 | 6567 |
| 6574 | 6592 | 6598 | 6602 | 6615 | 6624 | 6638 | 6662 | 6667 | 6676 |
| 6700 | 6748 | 6755 | 6764 | 6771 | 6777 | 6795 | 6800 | 6805 | 6812 |
| 6822 | 6849 | 6852 | 6854 | 6865 | 6873 | 6877 | 6880 | 6893 | 6925 |
| 6970 | 6996 | 7010 | 7031 | 7037 | 7052 | 7054 | 7057 | 7072 | 7098 |
| 7134 | 7140 | 7141 | 7143 | 7156 | 7159 | 7175 | 7180 | 7185 | 7211 |
| 7233 | 7235 | 7249 | 7262 | 7298 | 7300 | 7333 | 7341 | 7350 | 7360 |
| 7361 | 7386 | 7387 | 7391 | 7407 | 7458 | 7482 | 7501 | 7503 | 7505 |
| 7511 | 7519 | 7545 | 7562 | 7576 | 7584 | 7599 | 7600 | 7601 | 7611 |
| 7655 | 7674 | 7684 | 7687 | 7706 | 7711 | 7714 | 7745 | 7756 | 7763 |
| 7782 | 7785 | 7801 | 7825 | 7844 | 7856 | 7898 | 7918 | 7922 | 7943 |
| 7955 | 7960 | 7965 | 7978 | 7980 | 7990 | 8006 | 8038 | 8054 | 8068 |
| 8136 | 8170 | 8204 | 8217 | 8226 | 8247 | 8286 | 8288 | 8317 | 8335 |
| 8346 | 8349 | 8363 | 8366 | 8373 | 8382 | 8407 | 8432 | 8439 | 8440 |
| 8473 | 8476 | 8494 | 8506 | 8508 | 8523 | 8554 | 8557 | 8559 | 8569 |
| 8575 | 8608 | 8632 | 8644 | 8650 | 8660 | 8699 | 8700 | 8701 | 8706 |
| 8708 | 8722 | 8725 | 8755 | 8772 | 8788 | 8805 | 8844 | 8855 | 8858 |
| 8862 | 8876 | 8882 | 8906 | 8918 | 8924 | 8950 | 8982 | 9014 | 9029 |
| 9047 | 9050 | 9068 | 9083 | 9122 | 9136 | 9158 | 9170 | 9206 | 9214 |
| 9246 | 9322 | 9324 | 9355 | 9358 | 9368 | 9378 | 9403 | 9430 | 9444 |
| 9510 | 9521 | 9533 | 9534 | 9557 | 9567 | 9572 | 9576 | 9577 | 9578 |
| 9593 | 9614 | 9619 | 9626 | 9636 | 9637 | 9639 | 9685 | 9691 | 9692 |
| 9694 | 9701 | 9702 | 9711 | 9716 | 9719 | 9737 | 9739 | 9742 | 9745 |
| 9751 | 9755 | 9764 | 9785 | 9790 | 9803 | 9809 | 9813 | 9819 | 9825 |
| 9826 | 9833 | 9839 | 9841 | 9844 | 9870 | 9890 | 9899 | 9905 | 9908 |
| 9914 | 9920 | 9924 | 9946 | 9950 | 9959 | 9971 | 9980 | 9985 | 9990 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਤੋਂ ਪੜਤਾਲ ਲਓ

RO. No. PR-Advt. No. 1118/11/2025-26/2119/Dated CHD 11.8.2025


## ਹਰਦੀਪ ਸਿੰਘ ਮੁੰਡੀਆਂ ਵੱਲੋਂ 1.11 ਕਰੋੜ ਰੁਪਏ ਦੀ ਲਾਗਤ ਨਾਲ ਬਣੀਆਂ ਨਵੀਆਂ ਜਲ ਸਪਲਾਈ ਸਕੀਮਾਂ ਦਾ ਉਦਘਾਟਨ

ਚੰਡੀਗੜ੍ਹ/ਗੁਰਦਾਸਪੁਰ, 18 ਅਗਸਤ (ਚ.ਨ.ਸ.) : ਪੰਜਾਬ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਅੱਜ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਨਾਹਰਪੁਰ ਅਤੇ ਨਾਰੋਵਾਲੀ ਵਿਖੇ 1.11 ਕਰੋੜ ਰੁਪਏ ਦੀ ਲਾਗਤ ਨਾਲ ਬਣੀਆਂ ਨਵੀਆਂ ਜਲ ਸਪਲਾਈ ਸਕੀਮਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਨਾਲ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਆਪ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਨਵ-ਨਿਯੁਕਤ ਚੇਅਰਮੈਨ ਸ੍ਰੀ ਜੋਬਨ ਰੰਧਾਵਾ ਵੀ ਮੌਜੂਦ ਸਨ। ਇਸ ਮੌਕੇ ਕੈਬਨਿਟ ਮੰਤਰੀ ਨੇ ਦੋਵੇਂ ਜਲ ਸਕੀਮਾਂ ਵਿਖੇ ਪੌਦੇ ਵੀ ਲਗਾਏ। ਇਨ੍ਹਾਂ ਦੋਵਾਂ ਜਲ ਸਪਲਾਈ ਸਕੀਮਾਂ ਨੂੰ ਲੋਕ ਅਰਪਣ ਕਰਦਿਆਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ 100 ਫ਼ੀਸਦੀ ਵਸੋਂ ਨੂੰ ਪੀਣ ਲਈ ਸ਼ੁੱਧ ਤੇ ਸਾਫ਼ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਨਾਹਰਪੁਰ ਵਿਖੇ 62.36 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਦੇ 153 ਘਰਾਂ ਨੂੰ ਪੀਣਯੋਗ ਪਾਣੀ ਦੀ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜਲ ਸਪਲਾਈ ਦਾ ਡੂੰਘਾ ਬੋਰ ਕਰਕੇ 25000 ਲੀਟਰ ਦੀ ਟੈਂਕੀ ਬਣਾਈ ਗਈ ਹੈ ਅਤੇ ਪਾਈਪ ਲਾਈਨ, ਸੋਲਰ ਪੈਨਲ, ਕਲੋਰੀਨੇਟਰ, ਪਾਣੀ ਦੇ ਨਵੇਂ ਕੁਨੈਕਸ਼ਨ ਆਦਿ ਦਾ ਕੰਮ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਪਿੰਡ ਵਿੱਚ ਸਵੱਛ ਭਾਰਤ ਮਿਸ਼ਨ ਤਹਿਤ 7.20 ਲੱਖ ਰੁਪਏ ਦੀ ਲਾਗਤ ਨਾਲ 48 ਪਖਾਨੇ ਬਣਾਏ ਗਏ ਹਨ। ਇਸੇ ਤਰ੍ਹਾਂ ਪਿੰਡ ਨਾਰੋਵਾਲੀ ਵਿਖੇ 48.68 ਲੱਖ ਰੁਪਏ ਦੀ ਲਾਗਤ ਨਾਲ ਜਲ ਸਪਲਾਈ ਸਕੀਮ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦੇ ਸ਼ੁਰੂ ਹੋਣ ਨਾਲ ਪਿੰਡ ਦੇ 58 ਘਰਾਂ ਨੂੰ ਸਾਫ਼ ਤੇ ਸ਼ੁੱਧ ਪਾਣੀ ਦੀ ਸਹੂਲਤ ਮਿਲੀ ਹੈ। ਪਿੰਡ ਵਿੱਚ ਸਵੱਛ ਭਾਰਤ ਮਿਸ਼ਨ ਤਹਿਤ 4.05 ਲੱਖ ਰੁਪਏ ਖ਼ਰਚ ਕਰਕੇ 27 ਪਖਾਨੇ ਬਣਾਏ ਗਏ ਹਨ। ਇਸ ਮੌਕੇ ਜਨਤਕ ਇਕੱਠਾਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਅਵਾਮ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੀ ਸਹੂਲਤ ਨਾਲ 90 ਫ਼ੀਸਦੀ ਤੋਂ ਵੱਧ ਖਪਤਕਾਰਾਂ ਦਾ ਜ਼ੀਰੋ ਬਿੱਲ ਆ ਰਿਹਾ ਹੈ। ਮਾਨ ਸਰਕਾਰ ਨੇ ਸਾਢੇ ਤਿੰਨ ਸਾਲਾਂ ਵਿੱਚ 55,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਸਿੱਖਿਆ ਕ੍ਰਾਂਤੀ ਤੇ ਸਿਹਤ ਕ੍ਰਾਂਤੀ ਤਹਿਤ ਵੱਡੇ ਸੁਧਾਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਕਤੂਬਰ 2025 ਤੋਂ ਮਾਨ ਸਰਕਾਰ ਵੱਲੋਂ ਹਰ ਪਰਿਵਾਰ ਲਈ 10 ਲੱਖ ਰੁਪਏ ਤੱਕ ਮੁਫ਼ਤ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਹਰ ਖੇਤਰ ਵਿੱਚ ਵਿਕਾਸ ਦੀ ਨਵੀਂ ਇਬਾਰਤ ਲਿਖੀ ਹੈ।



ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਜਲ ਸਪਲਾਈ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਦਾ ਧੰਨਵਾਦ ਕਰਦਿਆਂ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਇਹ ਦੋਵੇਂ ਜਲ ਸਪਲਾਈ ਸਕੀਮਾਂ ਰਿਕਾਰਡ ਸਮੇਂ ਵਿੱਚ ਤਿਆਰ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਜਦੋਂ ਦੀ ਆਮ ਆਦਮੀ ਪਾਰਟੀ ਸਰਕਾਰ ਬਣੀ ਹੈ ਉਦੋਂ ਤੋਂ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਵਿੱਚ 6.82 ਕਰੋੜ ਰੁਪਏ ਦੀ ਲਾਗਤ ਨਾਲ 13 ਜਲ ਸਪਲਾਈ ਸਕੀਮਾਂ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਇਸ ਤੋਂ ਇਲਾਵਾ ਹਲਕੇ ਵਿੱਚ 1.62 ਕਰੋੜ ਰੁਪਏ ਦੀ ਲਾਗਤ ਨਾਲ 54 ਕਮਿਊਨਿਟੀ ਸੈਨੇਟਰੀ ਕੰਪਲੈਕਸ ਬਣਾਏ ਗਏ ਹਨ। ਇਸ ਦੇ ਨਾਲ ਹੀ ਇਸ ਅਰਸੇ ਦੌਰਾਨ ਡੇਰਾ ਬਾਬਾ ਨਾਨਕ ਹਲਕੇ ਵਿੱਚ 13.4 ਕਰੋੜ ਰੁਪਏ ਦੀ ਲਾਗਤ ਨਾਲ 1480 ਪਖਾਨੇ ਬਣਾਏ ਜਾ ਰਹੇ ਹਨ, ਜਿਨ੍ਹਾਂ ਵਿੱਚੋਂ 898 ਬਣ ਚੁੱਕੇ ਹਨ ਜਦਕਿ ਬਾਕੀ ਰਹਿੰਦੇ 582 ਪਖ਼ਾਨਿਆਂ ਦਾ ਕੰਮ ਜਾਰੀ ਹੈ। ਰੰਧਾਵਾ ਨੇ ਕਿਹਾ ਕਿ ਹਲਕੇ ਦੇ ਵਿਕਾਸ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ ਅਤੇ ਹਲਕੇ ਨੂੰ ਵਿਕਾਸ ਪੱਖੋਂ ਮੋਹਰੀ ਬਣਾਇਆ ਜਾਵੇਗਾ। ਇਸ ਮੌਕੇ ਐੱਸ.ਡੀ.ਐੱਮ. ਜਯੋਤਸਨਾ ਸਿੰਘ, ਜਲ ਸਪਲਾਈ ਵਿਭਾਗ ਦੇ ਚੀਫ਼ ਇੰਜੀਨੀਅਰ ਰਾਜੇਸ਼ ਦੂਬੇ, ਐੱਸ.ਈ. ਨਰਿੰਦਰ ਸਿੰਘ, ਐਕਸੀਅਨ ਵਿਜੇ ਕੁਮਾਰ, ਐਕਸੀਅਨ ਧਾਲੀਵਾਲ, ਐੱਸ.ਡੀ.ਓ. ਕੰਵਰਜੀਤ ਸਿੰਘ ਰੱਤੜਾ, ਐੱਸ.ਡੀ.ਓ. ਰਾਹੁਲ ਅਤੇ ਤਹਿਸੀਲਦਾਰ ਰਜਿੰਦਰ ਸਿੰਘ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਪਿੰਡ ਨਾਰੋਵਾਲੀ ਦੇ ਸਰਪੰਚ ਹੰਸਾ ਸਿੰਘ, ਪਿੰਡ ਨਾਹਰਪੁਰ ਦੇ ਸਰਪੰਚ ਕਸ਼ਮੀਰ ਸਿੰਘ, ਰਾਜਵਿੰਦਰ ਕੌਰ ਸਰਪੰਚ ਖੱਦਰ ਤੋਂ ਇਲਾਵਾ ਇਲਾਕੇ ਦੇ ਹੋਰ ਮੋਹਤਬਰ ਵੀ ਹਾਜ਼ਰ ਸਨ।

## ਡੇਰਿਆਂ ਦੇ ਘੇਰਿਆਂ 'ਚ ਫ਼ਸੇ ਪੰਜਾਬ ਨੂੰ ਇੱਕ ਦਿਨ ਔਖਾ ਹੋ ਜਾਵੇਗਾ ਬਾਹਰ ਕੱਢਣਾ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
7589155501



ਬੇਸ਼ਕ ਪੰਜਾਬ ਹਰ ਇੱਕ ਧਰਮ ਦੀ ਇਜ਼ੱਤ ਕਰਦਾ ਹੈ । ਪੰਜਾਬ ਦੁਨੀਆਂ ਦਾ ਇੱਕੋ ਇੱਕ ਨਿਵੇਕਲਾ ਸੂਬਾ ਹੈ। ਜਿਥੇ ਕਦਮ ਕਦਮ 'ਤੇ ਧਰਮ ਸਥਾਨ ਬਣੇ ਹਨ। ਇੱਥੇ ਕਿਸੇ ਨੂੰ ਵੀ ਮਨਾਹੀ ਨਹੀਂ।ਕੋਈ ਵੀ ਇਨਸਾਨ ਕਿਸੇ ਵੀ ਧਰਮ ਵਿੱਚ ਆ ਜਾ ਸਕਦਾ ਹੈ। ਧਰਮ ਪਰਿਵਰਤਨ ਦਾ ਰਿਵਾਜ਼ ਸਭ ਤੋਂ ਜਿਆਦਾ ਅੱਜਕਲ ਪੰਜਾਬ ਵਿੱਚ ਹੀ ਚੱਲ ਰਿਹਾ ਹੈ। ਪੰਜਾਬ ਦੇ ਲੋਕਾਂ ਜਿੰਨੀ ਕਿਸੇ ਹੋਰ ਲੋਕਾਂ ਦੀ ਧਰਮ ਪ੍ਰਤੀ ਆਸਥਾ ਨਹੀਂ ਹੁੰਦੀ। ਪੰਜਾਬ ਗੁਰੂਆਂ ,ਪੀਰਾਂ ,ਪੈਗੰਬਰਾਂ ,ਯੋਧਿਆਂ ਸੂਰਬੀਰਾਂ ,ਦੇਵੀ ਦੇਵਤਿਆਂ ,ਯੋਗੀਆਂ ,ਨਿਰਮਲਿਆਂ ,ਸਾਧੂਆਂ ਸੰਤਾਂ ਦੀ ਧਰਤੀ ਹੈ।ਇਸ ਧਰਤੀ ਨੂੰ ਪਰਮਾਤਮਾ ਵਲੋਂ ਹੀ ਵਰਦਾਨ ਹੈ ਕਿ ਇੱਥੇ ਸਭ ਕੁਝ ਉਗਦਾ ਹੈ ਜੇ ਨਹੀਂ ਉੱਗਦਾ ਤੇ ਉਹ ਨਫਰਤ ਦਾ ਬੀਜ ਨਹੀਂ ਉੱਗਦਾ। ਇਹ ਸਭ ਕੁਝ ਵੇਖਦੇ ਹੋਏ ਕਈ ਵੇਹਲੜ੍ਹ ਨਿਕੰਮੇ ਜੁਮਲੇਬਾਜ਼ ਲੋਕਾਂ ਨੇ ਭੋਲੇ ਭਲੇ ਲੋਕਾਂ ਨੂੰ ਲੁੱਟਣ ਦਾ ਇੱਕ ਢੰਗ ਤਰੀਕਾ ਲੱਭ ਲਿਆ ਹੈ।ਆਪਣੇ ਡੇਰੇ ਬਣਾ ਕੇ ਸਾਰਾ ਸਾਰਾ ਦਿਨ ਲੋਕਾਂ ਨੂੰ ਭੰਬਲਭੂਸਿਆਂ ਵਿੱਚ ਪਾ ਕੇ ਫਿਰ ਲੁੱਟਣਾ। ਇਹ ਲੋਕ ਸੱਜਣ ਠੱਗ ਦੀ ਪ੍ਰਜਾਤੀ ਵਿੱਚੋ ਨਿੱਕਲ ਕੇ ਆਏ ਹਨ। ਚੰਗਾ ਖਾਣਾ ਚੰਗਾ ਹੰਢਾਉਣਾ ਕੋਈ ਕੰਮ ਨਹੀਂ ਕਰਨਾ ਇਹ ਇਹਨਾਂ ਲੋਕਾਂ ਦੀ ਫ਼ਿਤਰਤ ਬਣ ਗਈ ਹੈ। ਲੋਕਾਂ ਨੂੰ ਕਹੀ ਜਾਣਾ ਕਿ ਮਾਇਆ ਨਾਗਣੀ ਹੈ। ਇਸ ਦਾ ਲਾਲਚ ਨਹੀਂ ਕਰਨਾ ਚਾਹੀਦਾ। ਇਹ ਇਨਸਾਨ ਨੂੰ ਨਰਕ ਵਿੱਚ ਲੈ ਜਾਂਦੀ ਹੈ । ਆਪ ਮਾਇਆ ਦੇ ਚੱਕਰਾਂ ਵਿੱਚੋ ਬਾਹਰ ਨਹੀਂ ਨਿੱਕਲਦੇ । ਵਹਿਮਾਂ ਭਰਮਾਂ ਵਿੱਚ ਲੋਕਾਂ ਨੂੰ ਫਸਾ ਕੇ ਫਿਰ ਆਪ ਹੀ ਉਹਨਾਂ ਦਾ ਸੋਸ਼ਣ ਕਰਦੇ ਹਨ । ਅੱਜ ਕਿੰਨੇ ਇਹੋ ਜਿਹੇ ਆਪਣੇ ਆਪ ਨੂੰ ਧਰਮੀ ਅਖਵਾਉਣ ਵਾਲੇ ਜੇਲ੍ਹਾਂ ਦੀਆਂ ਸੀਖਾਂ ਪਿੱਛੇ ਸੜ ਰਹੇ ਹਨ। ਕੀ ਕੋਈ ਸਮਾਂ ਆਵੇਗਾ ਕਿ ਲੋਕ ਇਹਨਾਂ ਦੇ ਜੰਜਾਲਾਂ ਵਿੱਚੋ ਬਾਹਰ ਨਿੱਕਲ ਸੱਕਣਗੇ ।ਜਾਂ ਫਿਰ ਇਹਨਾਂ ਦੇ ਚੱਕਰ ਕਟੱਦੇ ਕੱਟਦੇ ਹੀ ਖ਼ਤਮ ਹੋ ਜਾਣਗੇ। ਹੁਣ ਜ਼ਮਾਨਾ ਸਾਇੰਸ ਦਾ ਆ ਗਿਆ ਹੈ। ਕੋਈ ਲੁੱਕ ਛੁੱਪ ਨਹੀਂ ਰਹੀ ਫਿਰ ਵੀ ਲੋਕ ਇਹਨਾਂ ਦੇ ਘੇਰਿਆਂ ਵਿੱਚ ਕਿਉਂ ਫਸ ਰਹੇ ਹਨ। ਇਹ ਗੱਲ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੋ ਗਈ ਹੈ।ਹੁਣ ਪੰਜਾਬ ਵਿੱਚ ਸਕੂਲਾਂ ਦੀ ਗਿਣਤੀ ਘੱਟ ਰਹੀ ਹੈ। ਡੇਰਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।ਬਾਕੀ ਹਰ ਕੰਮ ਕਰਨ ਵਾਸਤੇ ਲਾਇਸੈਂਸ ਦੀ ਜ਼ਰੂਰਤ ਪੈਂਦੀ ਹੈ।ਪਰ ਇੱਕ ਡੇਰੇਦਾਰ ਨੂੰ ਡੇਰਾ ਬਣਾਉਣ ਲਈ ਕੋਈ ਕਾਗਜ਼ ਪੱਤਰ ਦੀ ਵੀ ਜ਼ਰੂਰਤ ਨਹੀਂ ਪੈਂਦੀ। ਜੇ ਕਿਸੇ ਨੇ ਕੋਈ ਫੈਕਟਰੀ ਲਾਉਣੀ ਹੋਵੇ ਤਾਂ ਪ੍ਰਦੂਸ਼ਨ ਵਾਲਿਆਂ ਤੋਂ ਸਰਟੀਫਿਕੇਟ ਲੈਣਾ ਪੈਂਦਾ ਹੈ। ਇੱਥੇ ਉਹ ਵੀ ਨਹੀਂ ਬਿਜਲੀ ਪਾਣੀ ਸਭ ਫਰੀ ਵਿੱਚ ਲੈ ਲੈਂਦੇ ਹਨ। ਫਿਰ ਇੱਕ ਸਭ ਤੋਂ ਵੱਡੀ ਗੱਲ ਇਹਨਾਂ ਡੇਰਿਆਂ ਵਾਲਿਆਂ ਦੀ ਹੈ ਕਿ ਇਹ ਅਗਲਾ ਗੱਦੀਨਸ਼ੀਨ ਪਹਿਲਾਂ ਹੀ ਆਪਣਾ ਰਿਸਤੇਦਾਰ ਚੁਣ ਕੇ ਰੱਖ ਲੈਂਦੇ ਹਨ ।ਕਈਆਂ ਡੇਰਿਆਂ ਵਿੱਚ ਗੋਲੀਆਂ ਤੱਕ ਚਲਦੀਆਂ ਵੇਖਣ ਸੁਣਨ ਨੂੰ ਮਿਲ ਰਹੀਆਂ ਹਨ । ਗੱਲਾਂ ਤਾ ਹੋਰ ਵੀ ਬਹੁਤ ਜਿਆਦਾ ਕਰਣ ਵਾਲੀਆਂ ਹਨ, ਪਰ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੁਣ ਇਨਾਂ ਹੀ ਕਹਿਣਾ ਹੈ । ਅਗਰ ਪੰਜਾਬ ਵਿੱਚ ਲੋਕਾਂ ਨੂੰ ਖੁੱਲੀ ਛੁੱਟੀ ਮਿਲਦੀ ਰਹੀ ਤਾਂ ਇੱਕ ਦਿਨ ਡੇਰਿਆਂ ਦੇ ਘੇਰਿਆਂ 'ਚ ਫ਼ਸੇ ਹੋਏ ਪੰਜਾਬ ਨੂੰ ਬਾਹਰ ਕੱਢਣਾ ਔਖਾ ਹੋ ਜਾਵੇਗਾ।

# ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿੱਚ ਧਰਮ ਪ੍ਰਚਾਰ ਲਹਿਰ ਮਹਾਂਰਾਸ਼ਟਰ ਵਿਖੇ ਤੀਸਰੇ ਪੜਾਅ 'ਚ ਪੁੱਜੀ

## ਪੂਣੇ ਦੇ ਵੱਖ-ਵੱਖ ਗੁਰਘਰਾਂ ਵਿੱਚ ਵਿਸ਼ਾਲ ਗੁਰਮਤਿ ਸਮਾਗਮ ਹੋਏ ਨਗਰ ਕੀਰਤਨਾਂ ਸਮੇਂ ਮਹਾਂਰਾਸ਼ਟਰ ਸੰਗਤ ਦਾ ਉਮੜਿਆ ਸੈਲਾਬ

ਪੂਣੇ/ਅੰਮ੍ਰਿਤਸਰ,18 ਅਗਸਤ (ਅੰਮ੍ਰਿਤਪਾਲ ਸਿੰਘ) : ਗੁਰਮਤਿ ਸਮਾਗਮ ਅਤੇ ਨਗਰ ਕੀਰਤਨ ਕੌਮ ਅੰਦਰ ਨਵੀਂ ਸ਼ਕਤੀ ਅਤੇ ਊਰਜਾ ਪੈਦਾ ਕਰਦੇ ਹਨ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ 350 ਸਾਲਾ ਦਿਵਸ ਅਤੇ ਗੁਰੂ ਗੋਬਿੰਦ ਜੀ ਦਾ ਗੁਰਤਾਗੱਦੀ ਦਾ 350 ਸਾਲਾ ਦਿਵਸ ਦੀਆਂ ਸ਼ਤਾਬਦੀਆਂ ਨੂੰ ਸਮਰਪਿਤ ਵਿਸ਼ੇਸ਼ ਧਰਮ ਪ੍ਰਚਾਰ ਲਹਿਰ ਮਹਾਂਰਾਸ਼ਟਰਾ ਵਿਖੇ ਅਯੋਜਿਤ ਕੀਤੀ ਗਈ ਹੈ ਅਤੇ ਪੂਣੇ ਸ਼ਹਿਰ ਤੇ ਇਸ ਦੇ ਆਸਪਾਸ ਦੇ ਇਲਾਕਿਆ ਵਿੱਚ ਵਿਸ਼ੇਸ ਗੁਰਮਤਿ ਸਮਾਗਮ ਤੇ ਨਗਰ ਕੀਰਤਨ ਅਰੰਭ ਕੀਤੇ ਗਏ ਹਨ। ਉਨ੍ਹਾਂ ਦਸਿਆ ਕਿ ਪਹਿਲੇ ਦਿਨ ਗੁ: ਸਿੰਘ ਸਭਾ ਦੇਹੁਰੋਡ, ਗੁਰਮਤਿ ਸਮਾਗਮ ਹੋਇਆ ਗੁਰਦੁਆਰਾ ਨਾਨਕ ਦਰਬਾਰ ਪੂਣੇ ਤੋਂ ਨਗਰ ਕੀਰਤਨ ਅਰੰਭ ਹੋ ਕੇ ਗੁ: ਭਾਈ ਦਯਾ ਸਿੰਘ, ਭਾਈ ਸਾਹਿਬ ਸਿੰਘ, ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਲੰਗਰ ਸਾਹਿਬ ਅਤੇ ਅਖੀਰ ਗੁ: ਸਿੰਘ ਸਭਾ ਸਸ਼ਬਾਜ਼ੀ ਨਗਰ ਪੁੱਜਣ 'ਤੇ ਨਗਰ ਕੀਰਤਨ ਸੰਪੂਰਨ ਹੋਇਆ ਉਪਰੰਤ ਰਾਤ ਦੇ ਗੁਰਮਤਿ ਸਮਾਗਮ ਹੋਏ। ਸਮਾਗਮਾਂ ਬਾਰੇ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਗੁਰਮਤਿ ਸਮਾਗਮ ਵਿੱਚ ਹਰੇਕ ਬੁਲਾਰੇ ਨੇ ਗੁਰੂ ਸ਼ਬਦ ਦਾ ਹੋਕਾ ਦੇਂਦਿਆ ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਘਰਸ਼, ਉਪਦੇਸ਼ ਦੇ ਸੰਦੇਸ਼ ਬਾਰੇ ਬਹੁਤ ਕੀਮਤੀ ਵਿਖਿਆਨ ਨਾਲ ਪੇਸ਼ ਕੀਤੇ। ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਧਰਮ ਪ੍ਰਚਾਰ ਲਹਿਰ ਦਾ ਮਨੋਰਥ ਦਸਦਿਆਂ ਕਿਹਾ ਕਿ ਬੁੱਢਾ ਦਲ ਦਾ ਮੁਖ ਮਨੋਰਥ ਧਰਮ ਪ੍ਰਚਾਰ ਤੇ ਧਰਮ ਦੀ ਪ੍ਰਫੁਲਤਾ ਲਈ ਕਾਰਜ ਕਰਨਾ ਹੈ। ਇਹ ਦਾਤ ਬੁੱਢਾ ਦਲ ਨੂੰ ਗੁਰੂ ਸਾਹਿਬਾਨ ਵੱਲੋਂ ਅਸ਼ੀਸ ਤੇ ਵਿਸ਼ੇਸ਼ ਬਖਸ਼ਿਸ਼ ਵਜੋਂ ਪ੍ਰਾਪਤ ਹੋਈ ਹੈ।



ਉਨ੍ਹਾਂ ਕਿਹਾ ਮਹਾਂਰਾਸ਼ਟਰ ਦੀ ਸੰਗਤਾਂ ਨੇ ਨਗਰ ਕੀਰਤਨ ਅਤੇ ਗੁਰਮਤਿ ਸਮਾਗਮਾਂ ਵਿਚ ਵਿਸ਼ਾਲ ਪੱਧਰ 'ਤੇ ਹਾਜ਼ਰੀ ਭਰ ਕੇ ਗੁਰੂ ਸਾਹਿਬ ਨਾਲ ਆਪਣੀ ਵਚਨਬੱਧਤਾ ਨਿਭਾਈ ਹੈ। ਉਨ੍ਹਾਂ ਦਸਿਆ ਕਿ ਵੱਖ-ਵੱਖ ਗੁਰੂ ਸਾਹਿਬਾਨ ਅਤੇ ਮਹਾਨ ਸਿੱਖ ਜਰਨੈਲਾਂ ਦੇ ਸ਼ਸਤਰ ਜੋ ਬੁੱਢਾ ਦਲ ਨੂੰ ਵਿਰਾਸਤ ਵਿਚ ਪ੍ਰਾਪਤ ਹੋਏ ਹਨ ਦੇ ਬੁੱਢਾ ਦਲ ਦੇ ਮੁਖੀ ਵੱਲੋਂ ਸਮੁੱਚੀ ਸੰਗਤ ਨੂੰ ਦਰਸ਼ਨ ਕਰਵਾਏ ਅਤੇ ਬੁੱਢਾ ਦਲ ਦੇ ਇਤਿਹਾਸ ਬਾਰੇ ਸੰਗਤਾਂ ਨਾਲ ਪ੍ਰੀਤ ਸਾਂਝੀ ਕੀਤੀ।

ਨਗਰ ਕੀਰਤਨ ਵਿੱਚ ਮੱਧ ਪ੍ਰਦੇਸ਼ ਦੇ ਮੈਂਬਰ ਪਾਰਲੀਮੈਂਟ ਸ੍ਰੀ ਨੀਲੇਸ਼ ਲੰਕੇ, ਮੱਧ ਪ੍ਰਦੇਸ਼ ਦੇ ਐਮ.ਐਲ.ਏ ਸ੍ਰੀ ਸੰਗਰਾਮ ਜਗਤਾਪ, ਸ੍ਰੀ ਸੋਮਨਾਥ ਘੜਗੇ ਐਸ.ਪੀ, ਅਤੇ ਜ਼ਿਲ੍ਹਾ ਕਲੈਕਟਰ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਨਗਰ ਕੀਰਤਨ ਵਿੱਚ ਹਜ਼ਾਰਾ ਸੰਗਤਾਂ ਨੇ ਹਾਜ਼ਰੀ ਭਰ ਕੇ ਅਸੀਸ ਪ੍ਰਾਪਤ ਕੀਤੀ। ਇਸ ਸਮੇਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਕਥਾਵਾਚਕ ਭਾਈ ਸਾਹਿਬ ਭਾਈ ਤਨਵੀਰ ਸਿੰਘ, ਸ. ਜੈਮਲ ਸਿੰਘ ਐਸਿ: ਸੁਪਰੀਡੈਂਟ, ਸ. ਇੰਦਰਪਾਲ ਸਿੰਘ ਫੌਜੀ, ਚਰਨਜੀਤ ਸਿੰਘ ਸਾਹਨੀ, ਸ. ਬਲਦੇਵ ਸਿੰਘ ਵਾਹੀ, ਸ. ਅਮਰਜੀਤ ਸਿੰਘ, ਸ. ਮਹਿੰਦਰ ਸਿੰਘ, ਸ. ਬਾਬਾ ਗੁਰਮੀਤ ਸਿੰਘ, ਬਾਬਾ ਗੁਰਮੁਖ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਪਰਮਜੀਤ ਸਿੰਘ, ਬਾਬਾ ਸ਼ਿੰਦਾ ਸਿੰਘ, ਬਾਬਾ ਲਛਮਣ ਸਿੰਘ, ਬਾਬਾ ਕਰਮ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਲਖਵੀਰ ਸਿੰਘ, ਬਾਬਾ ਗੁਰਸ਼ੇਰ ਸਿੰਘ, ਬਾਬਾ ਗੁਰਪਾਲ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਸਤਨਾਮ ਸਿੰਘ, ਬਾਬਾ ਜਸਬੀਰ ਸਿੰਘ, ਦਲਜੀਤ ਸਿੰਘ, ਬਾਬਾ ਗਗਨਦੀਪ ਸਿੰਘ ਨੇ ਸ਼ਮੂਲੀਅਤ ਕੀਤੀ।

## ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ

### 30 ਮਿੰਟ ਦੀ ਜੌਗਿੰਗ ਦਿਲ ਦੇ ਮਰੀਜ਼ਾਂ ਲਈ ਵਰਦਾਨ

ਬਹੁਤ ਸਾਰੇ ਲੋਕ ਸਵੇਰ ਦੇ ਸਮੇਂ ਜੌਗਿੰਗ ਕਰਦੇ ਹਨ, ਜੋ ਸਰੀਰ ਲਈ ਫ਼ਾਇਦੇਮੰਦ ਹੁੰਦੀ ਹੈ। ਰੋਜ਼ਾਨਾ 20 ਤੋਂ 30 ਮਿੰਟ ਜੌਗਿੰਗ ਕਰਨ ਨਾਲ ਸਰੀਰ ਤੰਦਰੁਸਤ ਅਤੇ ਫਿੱਟ ਰਹਿੰਦਾ ਹੈ ਅਤੇ ਬੀਮਾਰੀਆਂ ਦੂਰ ਹੁੰਦੀਆਂ ਹਨ। ਜੌਗਿੰਗ ਕਰਨ ਨਾਲ ਭਾਰ ਘੱਟ ਹੁੰਦਾ ਹੈ ਅਤੇ ਤੁਹਾਡਾ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ। ਜੇਕਰ ਤੁਹਾਡੀ ਉਮਰ 30 ਸਾਲ ਤੋਂ ਵੱਧ ਹੈ ਤਾਂ ਤੁਹਾਨੂੰ ਜੌਗਿੰਗ ਕਰਨੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਕਈ ਲੋਕ ਆਪਣੇ ਦਿਨ ਦੀ ਸ਼ੁਰੂਆਤ ਜੌਗਿੰਗ ਨਾਲ ਕਰਦੇ ਹਨ, ਜਦਕਿ ਕਈ ਰਾਤ ਨੂੰ ਜਾਗਿੰਗ ਕਰਦੇ ਹਨ।



**ਦੂਰ ਹੁੰਦੀ ਹੈ ਤਣਾਅ ਦੀ ਸਮੱਸਿਆ :** ਸਾਰਾ ਦਿਨ ਕੰਮ ਵਿੱਚ ਵਿਅਸਥ ਹੋਣ ਕਾਰਨ ਸਾਨੂੰ ਕੰਮ ਸੰਬੰਧੀ ਚਿੰਤਾਵਾਂ ਜਾਂ ਸਮੱਸਿਆਵਾਂ ਹੋਣ ਲੱਗਦੀਆਂ ਹਨ, ਜਿਸ ਕਾਰਨ ਅਸੀਂ ਤਣਾਅ ਦਾ ਸ਼ਿਕਾਰ ਹੋ ਜਾਂਦੇ ਹਨ। ਤਣਾਅ ਦੀ ਸਮੱਸਿਆ ਤੋਂ ਨਿਜ਼ਾਤ ਪਾਉਣ ਲਈ ਜੌਗਿੰਗ ਕਰਨੀ ਬਹੁਤ ਜ਼ਰੂਰੀ ਹੈ। ਜੌਗਿੰਗ ਕਰਨ ਨਾਲ ਸਰੀਰ ਵਿੱਚੋਂ ਐਂਡੋਰਫਿਨ ਨਾਮਕ ਹਾਰਮੋਨ ਨਿਕਲਦੇ ਹਨ, ਜੋ ਸਰੀਰ ਨੂੰ ਤਣਾਅ ਮੁਕਤ ਕਰ ਦਿੰਦੇ ਹਨ।

**ਆਉਂਦੀ ਹੈ ਚੰਗੀ ਨੀਂਦ :** ਸਾਰਾ ਦਿਨ ਕੰਮ ਕਰਨ ਕਰਕੇ ਸਰੀਰ ਥੱਕ ਜਾਂਦਾ ਹੈ, ਜਿਸ ਨਾਲ ਰਾਤ ਦੇ ਸਮੇਂ ਨੀਂਦ ਚੰਗੀ ਨਹੀਂ ਆਉਂਦੀ। ਕਈ ਵਾਰ ਕੰਮ ਦੀ ਚਿੰਤਾ ਹੋਣ ਕਾਰਨ ਵੀ ਨੀਂਦ ਨਾ ਆਉਣ ਦੀ ਸਮੱਸਿਆ ਹੋ ਜਾਂਦੀ ਹੈ। ਇਸ ਹਾਲਤ ਵਿੱਚ ਜੌਗਿੰਗ ਕਰਨੀ ਚਾਹੀਦੀ ਹੈ। ਜੌਗਿੰਗ ਕਰਨ ਨਾਲ ਸਰੀਰ ਦੀ ਥਕਾਵਟ, ਚਿੰਤਾ ਅਤੇ ਪਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ, ਜਿਸ ਨਾ ਚੰਗੀ ਨੀਂਦ ਆਉਂਦੀ ਹੈ।

**ਮੋਟਾਪਾ:** ਰੋਜ਼ਾਨਾ ਜੌਗਿੰਗ ਕਰਨ ਨਾਲ ਮੋਟਾਪਾ ਦੂਰ ਹੁੰਦਾ ਹੈ। ਜੌਗਿੰਗ ਕਰਨ ਨਾਲ ਸਰੀਰ ਦੀ ਬੇਲੋੜੀ ਚਰਬੀ ਬਰਨ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਨਾਲ ਮੋਟਾਪਾ ਅਤੇ ਭਾਰ ਵਧਣ ਦੀ ਸਮੱਸਿਆ ਦੂਰ ਹੁੰਦੀ ਹੈ। ਜੌਗਿੰਗ ਕਰਨ ਨਾਲ ਸਾਡਾ ਖਾਣਾ ਜਲਦੀ ਹਜ਼ਮ ਹੋ ਜਾਂਦਾ ਹੈ।

**ਸਰੀਰ ਨੂੰ ਊਰਜਾ ਮਿਲਦੀ ਹੈ :** ਰੋਜ਼ਾਨਾ 30 ਮਿੰਟ ਜੌਗਿੰਗ ਕਰਨ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ। ਜੌਗਿੰਗ ਕਰਨ ਤੋਂ ਬਾਅਦ ਸਰੀਰ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ, ਜਿਸ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ। ਜੌਗਿੰਗ ਕਰਨ ਨਾਲ ਨਾਸ਼ਤਾ ਵੀ ਜਲਦੀ ਹਜ਼ਮ ਹੁੰਦਾ ਹੈ, ਜਿਸ ਨਾਲ ਸਰੀਰਕ ਊਰਜਾ ਵੱਧਦੀ ਹੈ।

**ਦਿਲ ਨਾਲ ਜੁੜੀਆਂ ਸਮੱਸਿਆਵਾਂ ਤੋਂ ਰਾਹਤ :** ਸਵੇਰ ਦੇ ਸਮੇਂ ਰੋਜ਼ਾਨਾ ਜੌਗਿੰਗ ਕਰਨ ਨਾਲ ਸਰੀਰ ਵਿੱਚ ਆਕਸੀਜਨ ਦੀ ਘਾਟ ਨਹੀਂ ਹੁੰਦੀ। ਇਸ ਨਾਲ ਦਿਲ ਦੀ ਧੜਕਣ ਵੱਧਦੀ ਹੈ ਅਤੇ ਸਰੀਰ ਵਿੱਚ ਖ਼ੂਨ ਦਾ ਸੰਚਾਰ ਚੰਗੇ ਤਰੀਕੇ ਨਾਲ ਹੁੰਦਾ ਹੈ। ਮਾਹਿਰਾਂ ਅਨੁਸਾਰ ਰੋਜ਼ਾਨਾ 30 ਮਿੰਟ ਜੌਗਿੰਗ ਕਰਨ ਨਾਲ ਦਿਲ ਨਾਲ ਜੁੜੀਆਂ ਸਮੱਸਿਆਵਾਂ ਤੋਂ ਵੀ ਕਾਫ਼ੀ ਹੱਦ ਤੱਕ ਰਾਹਤ ਮਿਲਦੀ ਹੈ।

**ਹੱਡੀਆਂ ਅਤੇ ਮਾਸਪੇਸ਼ੀਆਂ ਹੁੰਦੀਆਂ ਹਨ ਮਜ਼ਬੂਤ :** ਰੋਜ਼ਾਨਾ ਸਵੇਰ ਦੇ ਸਮੇਂ ਜੌਗਿੰਗ ਕਰਨ ਨਾਲ ਹੱਡੀਆਂ ਅਤੇ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ। ਜੌਗਿੰਗ ਕਰਨ ਨਾਲ ਗੋਡਿਆਂ ਵਿੱਚ ਹੋਣ ਵਾਲਾ ਦਰਦ ਦੀ ਦੂਰ ਹੋ ਜਾਂਦਾ ਹੈ ਅਤੇ ਸਰੀਰ ਫਿੱਟ ਰਹਿੰਦਾ ਹੈ। ਜੌਗਿੰਗ ਕਰਨ ਨਾਲ ਸਰੀਰ ਨੂੰ ਤਾਕਤ ਮਿਲਦੀ ਹੈ।

## ਅਮਰੀਕਾ 'ਚ ਪ੍ਰਵਾਸੀ ਭਾਰਤੀਆਂ ਨੇ ਦੇਸ਼ ਭਗਤੀ ਦੀ ਭਾਵਨਾ ਨੂੰ ਜ਼ਿੰਦਾ ਰੱਖਿਆ: ਸਤਨਾਮ ਸੰਧੂ



ਨਿਊਯਾਰਕ, (ਅਮਰੀਕਾ), 18 ਅਗਸਤ (ਚ.ਨ.ਸ.) : ਭਾਰਤ ਦੇ 79ਵੇਂ ਆਜ਼ਾਦੀ ਦਿਵਸ ਨੂੰ ਮਨਾਉਣ ਲਈ, ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਨਿਊਯਾਰਕ ਸ਼ਹਿਰ, ਅਮਰੀਕਾ ਵਿੱਚ ਭਾਰਤੀ ਕੌਂਸਲੇਟ ਅਤੇ ਫੈਡਰੇਸ਼ਨ ਆਫ਼ ਇੰਡੀਅਨ ਐਸੋਸੀਏਸ਼ਨ (ਐਫਆਈਏ) ਦੁਆਰਾ ਸਾਂਝੇ ਤੌਰ ਤੇ ਆਯੋਜਿਤ 43ਵੇਂ ਇੰਡੀਆ ਡੇਅ ਪਰੇਡ ਸਮਾਰੋਹ ਦੌਰਾਨ ਪ੍ਰਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੂੰ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਅਤੇ ਅਣਗੌਲੇ ਨਾਇਕਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਪ੍ਰਸ਼ੰਸਾ ਕੀਤੀ ਕਿ ਪ੍ਰਵਾਸੀ ਆਪਣੀ ਜਨਮ ਭੂਮੀ ਤੋਂ ਹਜ਼ਾਰਾਂ ਮੀਲ ਦੂਰ ਹੋਣ ਦੇ ਬਾਵਜੂਦ, ਆਪਣੇ ਦਿਲਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਨੂੰ ਜ਼ਿੰਦਾ ਰੱਖਦੇ ਹਨ ਅਤੇ ਆਪਣੀ ਕਰਮਭੂਮੀ ਵਿੱਚ ਅਣਥੱਕ ਮਿਹਨਤ ਵੀ ਕਰ ਰਹੇ ਹਨ। ਅੱਜ ਭਾਰਤ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ ਅਤੇ ਮਾਣ ਨਾਲ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਵਜੋਂ ਖੜ੍ਹਾ ਹੈ। ਇੱਕ ਅਜਿਹੇ ਦੇਸ਼ ਵਿੱਚ ਜੋ ਕਦੇ ਦਹਾਕਿਆਂ ਤੋਂ ਗਰੀਬੀ ਦੇ ਜ਼ੰਜੀਰਾਂ ਵਿੱਚ ਜਕੜਿਆ ਹੋਇਆ ਸੀ, ਪਿਛਲੇ ਕੁਝ ਸਾਲਾਂ ਵਿੱਚ 25 ਕਰੋੜ ਤੋਂ ਵੱਧ ਲੋਕ ਗਰੀਬੀ ਤੋਂ ਬਾਹਰ ਆ ਗਏ ਹਨ, ਰਾਜ ਸਭਾ ਮੈਂਬਰ ਨੇ ਕਿਹਾ। ਇੰਡੀਆ ਡੇਅ ਪਰੇਡ ਵਿੱਚ ਕਾਂਗਰਸਮੈਨ ਥਾਣੇਦਾਰ, ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼, ਐਡੀਸਨ ਦੇ ਮੇਅਰ ਸੈਮ ਜੋਸ਼ੀ, ਵੈਸਟ ਵਿੰਡਸਰ ਦੇ ਮੇਅਰ ਹੇਮੰਤ ਮਰਾਠੇ, ਸੰਸਦ ਮੈਂਬਰ ਸਤਨਾਮ ਸਿੰਘ ਸੰਧੂ, ਨਿਊਯਾਰਕ ਵਿੱਚ ਭਾਰਤ ਦੇ ਕੌਂਸਲ ਜਨਰਲ ਬਿਨਯਾ ਐਸ. ਪ੍ਰਧਾਨ, ਨਿਊਯਾਰਕ ਵਿੱਚ ਭਾਰਤ ਦੇ ਡਿਪਟੀ ਕੌਂਸਲ ਜਨਰਲ ਵਿਸ਼ਾਲ ਜਯੇਸ਼ਭਾਈ ਹਰਸ਼, ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਜ਼ ਦੇ ਪ੍ਰਧਾਨ ਅੰਕੁਰ ਵੈਦਿਆ ਅਤੇ ਨਿਊਯਾਰਕ ਸਟੇਟ ਅਸੈਂਬਲੀ ਮੈਂਬਰ ਜੈਨੀਫਰ ਰਾਜਕੁਮਾਰ ਸਮੇਤ ਕਈ ਪ੍ਰਮੁੱਖ ਕਾਰੋਬਾਰੀਆਂ ਨੇ ਸ਼ਿਰਕਤ ਕੀਤੀ।

## ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਹਫਤਾਵਾਰੀ ਕੀਰਤਨ ਸਮਾਗਮ ਕਰਵਾਇਆ

ਪਟਿਆਲਾ, 18 ਅਗਸਤ (ਚ.ਨ.ਸ.) : ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਹਫਤਾਵਾਰੀ ਕੀਰਤਨ ਸਮਾਗਮ ਸ਼ਰਧਾ ਨਾਲ ਕਰਵਾਇਆ । ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸੰਸਥਾ ਦੇ ਬੱਚਿਆਂ ਨੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਗਿਆਨੀ ਲਖਬੀਰ ਸਿੰਘ ਫਰੀਦਕੋਟ ਵਾਲਿਆਂ ਨੇ ਕਥਾ ਅਤੇ ਨਾਮ ਸਿਮਰਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ 'ਪਦਮ ਸ੍ਰੀ' ਡਾ. ਜਗਜੀਤ ਸਿੰਘ ਦਰਦੀ



ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਬਾਰੇ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ ਅਤੇ ਸਮੂਹ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ । ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਵੀ ਹਾਜ਼ਰ ਸਨ।

## 17ਵਾਂ ਭਗਵਤੀ ਜਾਗਰਣ ਕਰਵਾਇਆ

ਰੋਮ, 18 ਅਗਸਤ (ਕਲਸੀ) : ਜੈ ਮਾਤਾ ਸਰਸਵਤੀ ਜਾਗਰਣ ਕਮੇਟੀ ਬੇਰਗਾਸੋ ਵੱਲੋਂ 17ਵਾਂ ਵਿਸ਼ਾਲ ਭਗਵਤੀ ਜਾਗਰਣ ਕਰਵਾਇਆ ਗਿਆ ਜਿਸ ਵਿੱਚ ਰੌਸ਼ਨ ਪ੍ਰਿੰਸ ਨੇ ਮਾਤਾ ਰਾਣੀ ਦੇ ਦਰਬਾਰ ਵਿੱਚ ਨਤਮਸਤਕ ਹੋ ਕੇ ਮਾਤਾ ਰਾਣੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਆਈਆਂ ਹੋਈਆਂ ਸੰਗਤਾਂ ਨੇ ਮਾਤਾ ਰਾਣੀ ਦੀਆਂ ਭੇਟਾਂ ਗਾ ਕੇ ਮਾਤਾ ਦਾ ਗੁਣਗਾਨ ਕੀਤਾ। ਇਸ ਮੌਕੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਵੀ ਮਨਾਈ ਗਈ ਅਤੇ ਸੰਗਤਾਂ ਵੱਲੋਂ ਸ੍ਰੀ ਕ੍ਰਿਸ਼ਨ ਜੀ ਦੇ ਭਜਨ ਗਾ ਕੇ ਖੂਬ ਰੌਣਕਾਂ ਲਗਾਈਆਂ। ਇਸ ਜਾਗਰਣ ਵਿੱਚ ਹਜ਼ਾਰਾਂ ਸੰਗਤਾ ਨੇ ਹਾਜ਼ਰੀ ਭਰੀ ਅਤੇ ਮਾਤਾ ਦੇ ਦਰਬਾਰ ਵਿੱਚ ਮੱਥਾ ਟੇਕਿਆ। ਇਸ ਮੌਕੇ ਖਾਣ-ਪੀਣ ਦੀਆਂ ਸਟਾਲਾਂ ਵੀ ਲਗਾਈਆਂ ਗਈ। ਇਸ ਮੌਕੇ ਗੱਲਬਾਤ ਕਰਦਿਆਂ ਪ੍ਰਧਾਨ ਕੁਲਦੀਪ ਸਿੰਘ, ਵਾਇਸ ਪ੍ਰਧਾਨ ਜਸਵੀਰ ਸ਼ਿੰਦਾ, ਖਜ਼ਾਨਚੀ ਗੁਰਮੀਤ ਸਿੰਘ, ਸੈਕਟਰੀ ਬੰਟੀ ਸਿੰਘ, ਅਮਨਦੀਪ ਸਿੰਘ, ਸੁਰਿੰਦਰ ਸਿੰਘ,



ਰਾਮ ਰਵੀ, ਰਾਮ ਸਿਕੰਦਰ, ਲਾਲ ਕ੍ਰਿਸ਼ਨ ਜੱਗੀ ਇਨ੍ਹਾਂ ਸਾਰੇ ਮੈਂਬਰਾਂ ਨੇ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਅਗਲੇ ਸਾਲ ਇਸ ਤੋਂ ਵਧੀਆ ਜਾਗਰਣ ਕਰਵਾਉਣ 'ਤੇ ਆਸ ਪ੍ਰਗਟਾਈ।



ਚੜ੍ਹਦੀਕਲਾ ਮੀਡੀਆ ਗੁਰਦਾਸਪੁਰ ਦੇ ਇੰਚਾਰਜ ਜਗੀਰ ਸਿੰਘ ਮੰਡ ਦੇ ਸਪੁੱਤਰ ਸਮਰਦੀਪ ਸਿੰਘ ਮੰਡ ਵੱਲੋਂ ਆਪਣੇ ਨਵੇਂ ਮਕਾਨ ਵਿੱਚ ਗ੍ਰਹਿ ਪ੍ਰਵੇਸ਼ ਕਰਨ ਲਈ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ, ਜਿਸ ਵਿੱਚ ਰਿਸ਼ਤੇਦਾਰ, ਮਿੱਤਰ, ਸਨੇਹੀਆਂ ਵੱਲੋਂ ਵਿਸ਼ੇਸ਼ ਰੂਪ 'ਚ ਪਹੁੰਚ ਕੇ ਅਸ਼ੀਰਵਾਦ ਦਿੱਤਾ। ਇਸ ਪ੍ਰੋਗਰਾਮ ਵਿੱਚ ਜਗੀਰ ਸਿੰਘ ਮੰਡ ਇੰਡੀਆ ਤੋਂ ਕੈਲਗਰੀ ਵਿਖੇ ਪਹੁੰਚੇ ਅਤੇ ਸੁਖਮਨੀ ਸਾਹਿਬ ਜੀ ਦੇ ਜਾਪ ਵਿੱਚ ਸ਼ਮੂਲੀਅਤ ਕੀਤੀ ਅਤੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਬੱਚੇ 'ਤੇ ਮਿਹਰ ਭਰਿਆ ਹੱਥ ਰੱਖੇ ਤੰਦਰੁਸਤੀਆਂ ਅਤੇ ਤਰੱਕੀਆਂ ਬਖਸ਼ੇ।

## ਸੈਂਟਰਲ ਬੈਂਕ ਆਫ਼ ਇੰਡੀਆ ਵੱਲੋਂ ਵਿੱਤੀ ਸਮਾਵੇਸ਼ ਦਾ ਆਯੋਜਨ

ਚੰਡੀਗੜ੍ਹ, 18 ਅਗਸਤ (ਅੰਮ੍ਰਿਤਪਾਲ ਸਿੰਘ) : ਸੈਂਟਰਲ ਬੈਂਕ ਆਫ਼ ਇੰਡੀਆ ਰਿਜਨਲ ਆਫਿਸ ਚੰਡੀਗੜ੍ਹ ਦੇ ਅਧੀਨ, ਉਗਾਲਾ ਬ੍ਰਾਂਚ ਨੇ ਬੈਂਕ ਦੇ ਸੈਂਟਰਲ ਆਫਿਸ, ਮੁੰਬਈ ਤੋਂ ਆਏ ਜਨਰਲ ਮੈਨੇਜਰ (ਸਰਪ੍ਰਸਤ) ਸ਼੍ਰੀ ਵਸਤੀ ਵੈਂਕਟੇਸ਼ ਦੀ ਪ੍ਰਧਾਨਗੀ ਹੇਠ ਵਿੱਤੀ ਸਮਾਵੇਸ਼ ਸੰਤ੍ਰਿਪਤਾ ਮੁਹਿੰਮ ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਵਿੱਚ ਸ਼੍ਰੀ ਰਾਮ ਕੁਮਾਰ ਯਾਦਵ, ਰਿਜਨਲ



ਹੈਡ ਚੰਡੀਗੜ੍ਹ, ਸ਼੍ਰੀ ਅਸ਼ੋਕ ਪੂਨੀਆ, ਡਿਪਟੀ ਰੀਜਨਲ ਹੈੱਡ ਵੀ ਮੌਜੂਦ ਸਨ। ਰਿਜਨਲ ਹੈੱਡ ਨੇ ਗਾਹਕਾਂ ਨੂੰ ਬੈਂਕ ਵਿੱਚ ਚੱਲ ਰਹੀਆਂ ਸਰਕਾਰੀ ਯੋਜਨਾਵਾਂ ਦੇ ਫਾਇਦਿਆਂ ਬਾਰੇ ਦੱਸਿਆ, ਕਿਵੇਂ ਥੋੜ੍ਹੀ ਜਿਹੀ ਰਕਮ ਜਮ੍ਹਾਂ ਕਰਵਾ ਕੇ ਅਸੀਂ ਲੱਖਾਂ ਦਾ ਬੀਮਾ ਪ੍ਰਾਪਤ ਕਰ ਸਕਦੇ ਹਾਂ, ਜੋ ਕਿ ਦੁਰਘਟਨਾ ਦੇ ਮਾਮਲੇ ਵਿੱਚ ਪਰਿਵਾਰ ਦੀ ਮਦਦ ਕਰਦਾ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਜਨ ਧਨ ਖਾਤੇ ਵਿੱਚ ਉਪਲਬਧ ਸਹੂਲਤਾਂ ਅਤੇ ਅੱਜਕੱਲ੍ਹ ਹੋ ਰਹੀਆਂ ਡਿਜੀਟਲ ਧੋਖਾਧੜੀਆਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ, ਜਨਰਲ ਮੈਨੇਜਰ ਨੇ ਗਾਹਕਾਂ ਨੂੰ ਬੈਂਕਿੰਗ ਖੇਤਰ ਵਿੱਚ ਹੋਣ ਵਾਲੀਆਂ ਆਮ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਖਤਮ ਕਰਨ ਦਾ ਭਰੋਸਾ ਵੀ ਦਿੱਤਾ। ਸਥਾਨਕ ਲੋਕਾਂ ਵਿੱਚ, ਉਗਾਲਾ ਦੇ ਸਰਪੰਚ ਸ਼੍ਰੀ ਸ਼ੇਰ ਸਿੰਘ ਰਾਣਾ, ਬਰਾੜਾ ਦੇ ਐਚਡੀਓ ਸ਼੍ਰੀ ਵਿਸ਼ਾਲ ਕੁਮਾਰ ਅਤੇ ਬਲਾਕ ਪਲਾਨਿੰਗ ਮੈਨੇਜਰ ਸ਼੍ਰੀ ਨਿਰੰਜਨ ਪ੍ਰੋਗਰਾਮ ਵਿੱਚ ਮੌਜੂਦ ਸਨ। ਪ੍ਰੋਗਰਾਮ ਬਹੁਤ ਹੀ ਆਕਰਸ਼ਕ ਢੰਗ ਨਾਲ ਆਯੋਜਿਤ ਕੀਤਾ ਗਿਆ ਸੀ ਅਤੇ ਸਥਾਨਕ ਗਾਹਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਇਸਨੂੰ ਇੱਕ ਸ਼ਾਨਦਾਰ ਸਫਲਤਾ ਦਿੱਤੀ।

## ਪਤੰਜਲੀ ਨੇ ਵਪਾਰਕ ਖੇਤਰ ਵਿੱਚ ਉਦਮਤਾ ਦਾ ਇੱਕ ਨਵਾਂ ਰਿਕਾਰਡ ਕੀਤਾ ਕਾਇਮ

### ਪਤੰਜਲੀ ਨੂੰ ਅੰਤਰਰਾਸ਼ਟਰੀ ਪੱਧਰ ਦਾ ਏ.ਈ.ਓ. ਟੀਅਰ-2 ਸਰਟੀਫ਼ਿਕੇਟ ਮਿਲਿਆ

ਨਵੀਂ ਦਿੱਲੀ, 18 ਅਗਸਤ (ਅੰਮ੍ਰਿਤਪਾਲ ਸਿੰਘ) : ਦੇਸ਼ ਦੀ ਆਜ਼ਾਦੀ ਦੀ 78ਵੀਂ ਵਰ੍ਹੇਗੰਢ ਦੇ ਮੌਕੇ ਤੇ, ਪਤੰਜਲੀ ਫੂਡਜ਼ ਲਿਮਟਿਡ, ਜੋ ਕਿ ਭਾਰਤ ਦੇ ਹਰ ਘਰ ਵਿੱਚ ਵਿਸ਼ਵਾਸ ਦਾ ਪ੍ਰਤੀਕ ਬਣ ਗਿਆ ਹੈ, ਨੇ ਸਵਦੇਸ਼ੀ ਦੇ ਇਤਿਹਾਸ ਵਿੱਚ ਇੱਕ ਹੋਰ ਸੁਨਹਿਰੀ ਅਧਿਆਏ ਜੋੜਿਆ ਹੈ। ਵਿਸ਼ਵ ਕਸਟਮ ਸੰਗਠਨ ਅਤੇ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ - ਭਾਰਤੀ ਕਸਟਮਜ਼ ਨੇ ਪਤੰਜਲੀ ਨੂੰ (ਅਧਿਕਾਰਤ ਆਰਥਿਕ ਆਪਰੇਟਰ) ਟੀਅਰ-2 ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਹੈ। ਇਹ ਸਰਟੀਫਿਕੇਟ ਵਿਸ਼ਵ ਵਪਾਰ ਵਿੱਚ ਇਮਾਨਦਾਰੀ, ਪਾਰਦਰਸ਼ਤਾ ਅਤੇ ਸਪਲਾਈ ਚੇਨ ਸੁਰੱਖਿਆ ਦੇ ਉੱਚਤਮ ਮਿਆਰਾਂ ਦਾ ਪ੍ਰਤੀਕ ਹੈ। ਭਾਰਤ ਦੀਆਂ ਚੋਟੀ ਦੀਆਂ ਕੰਪਨੀਆਂ ਵਿੱਚੋਂ ਸਿਰਫ਼ ਕੁਝ ਮੁੱਠੀ ਭਰ ਕੰਪਨੀਆਂ ਨੂੰ ਹੀ ਇਹ ਦਰਜਾ ਪ੍ਰਾਪਤ ਹੈ, ਅਤੇ FMCG ਖੇਤਰ ਵਿੱਚ, ਸਿਰਫ਼ ਕੁਝ ਕੰਪਨੀਆਂ ਨੂੰ ਹੀ ਇਹ ਵੱਕਾਰੀ ਸਰਟੀਫਿਕੇਟ ਪ੍ਰਾਪਤ ਹੋਇਆ ਹੈ। ਹੁਣ ਪਤੰਜਲੀ ਦਾ ਨਾਮ ਇਸ ਸੂਚੀ ਵਿੱਚ ਸੁਨਹਿਰੀ ਅੱਖਰਾਂ ਵਿੱਚ ਜੋੜਿਆ ਗਿਆ ਹੈ। ਇਹ ਜ਼ਿਕਰਯੋਗ ਹੈ ਕਿ ਇਸ AEO ਟੀਅਰ-2 ਸਰਟੀਫਿਕੇਟ ਨਾਲ, ਪਤੰਜਲੀ ਫੂਡਜ਼ ਨੂੰ ਡਿਊਟੀ ਡੇਫਰਡ ਪੇਮੈਂਟ, ਬੈਂਕ ਗਰੰਟੀ ਛੋਟ, ਡਾਇਰੈਕਟ ਪੋਰਟ ਡਿਲੀਵਰੀ ਕਲੀਅਰੈਂਸ ਸਹੂਲਤ ਆਦਿ ਦੇ ਨਾਲ 28 ਤੋਂ ਵੱਧ ਕਿਸਮਾਂ ਦੇ ਅੰਤਰਰਾਸ਼ਟਰੀ ਵਪਾਰ ਲਾਭ ਮਿਲਣਗੇ।



ਇਹ ਕਿਸੇ ਵੀ ਕੰਪਨੀ ਦੀ ਗੁਣਵੱਤਾ, ਇਮਾਨਦਾਰੀ, ਪਾਰਦਰਸ਼ੀ ਕਾਰਜ ਪ੍ਰਣਾਲੀ ਅਤੇ ਰਾਸ਼ਟਰੀ ਹਿੱਤ ਵਿੱਚ ਯੋਗਦਾਨ ਦਾ ਸਬੂਤ ਹੈ। ਪਤੰਜਲੀ ਨੇ ਆਪਣੀ ਗੁਣਵੱਤਾ, ਪ੍ਰਮਾਣਿਕਤਾ, ਕਰਮਯੋਗ, ਸਮਰਪਣ ਅਤੇ ਸਵਦੇਸ਼ੀ ਭਾਵਨਾ ਦੇ ਆਧਾਰ ਤੇ ਇਹ ਵਿਸ਼ੇਸ਼ ਮਿਆਰ ਪ੍ਰਾਪਤ ਕੀਤਾ ਹੈ। ਇਹ ਸਿਰਫ਼ ਇੱਕ ਸਰਟੀਫਿਕੇਟ ਨਹੀਂ ਹੈ, ਸਗੋਂ ਇੱਕ ਸਨਮਾਨ ਹੈ ਜੋ ਭਾਰਤ ਦੀ ਆਰਥਿਕ ਆਜ਼ਾਦੀ ਨੂੰ ਹੋਰ ਮਜ਼ਬੂਤ ਕਰਦਾ ਹੈ।

ਅੱਜ ਪਤੰਜਲੀ ਪਰਿਵਾਰ ਲਈ ਹੀ ਨਹੀਂ ਸਗੋਂ ਹਰ ਭਾਰਤੀ ਲਈ ਮਾਣ ਦਾ ਦਿਨ ਹੈ। ਪਤੰਜਲੀ ਭਰੋਸੇਯੋਗਤਾ, ਪ੍ਰਮਾਣਿਕਤਾ, ਮੁਕਾਬਲੇ ਅਤੇ ਗੁਣਵੱਤਾ ਦੇ ਖੇਤਰ ਵਿੱਚ ਹਰ ਰੋਜ਼ ਇੱਕ ਨਵੀਂ ਗਤੀ ਨਾਲ ਅੱਗੇ ਵਧ ਰਿਹਾ ਹੈ ਅਤੇ ਵਪਾਰਕ ਖੇਤਰ ਵਿੱਚ ਉੱਦਮਤਾ ਦੇ ਨਵੇਂ ਮਾਪਦੰਡ ਸਥਾਪਤ ਕਰ ਰਿਹਾ ਹੈ, ਜੋ ਭਾਰਤ ਨੂੰ ਆਰਥਿਕ ਤੌਰ 'ਤੇ ਵਿਸ਼ਵ ਨੇਤਾ ਬਣਦੇ ਦੇਖਣਾ ਚਾਹੁੰਦਾ ਹੈ। ਇਹ ਸਰਟੀਫਿਕੇਟ ਰਾਸ਼ਟਰ ਨਿਰਮਾਣ ਦੇ ਸਾਡੇ ਇਰਾਦੇ ਨੂੰ ਹੋਰ ਮਜ਼ਬੂਤ ਕਰਦਾ ਹੈ। ਇਹ ਸਨਮਾਨ ਸਾਡੀ ਤਪੱਸਿਆ, ਗੁਣਵੱਤਾ ਅਤੇ ਇਮਾਨਦਾਰੀ ਦੀ ਮਾਨਤਾ ਹੈ। ਅਸੀਂ ਵਾਅਦਾ ਕਰਦੇ ਹਾਂ ਕਿ ਅਸੀਂ ਸਵਦੇਸ਼ੀ ਸੇ ਸਵਾਭੀਮਾਨ ਦੇ ਇਸ ਮਾਰਗ ਤੇ ਤੇਜ਼ ਰਫ਼ਤਾਰ ਨਾਲ ਅੱਗੇ ਵਧਾਂਗੇ ਅਤੇ 'ਮੇਕ ਇਨ ਇੰਡੀਆ' ਨੂੰ ਗਲੋਬਲ ਸੰਮੇਲਨ ਵਿੱਚ ਲੈ ਜਾਵਾਂਗੇ।

ਆਚਾਰੀਆ ਬਾਲਕ੍ਰਿਸ਼ਨ ਨੇ ਕਿਹਾ ਕਿ ਇਹ ਪ੍ਰਾਪਤੀ ਪੂਰੇ ਪਤੰਜਲੀ ਪਰਿਵਾਰ, ਕਰਮਚਾਰੀਆਂ ਅਤੇ ਖਪਤਕਾਰਾਂ ਦੇ ਸਮੂਹਿਕ ਯਤਨਾਂ ਦਾ ਨਤੀਜਾ ਹੈ।

## ਬੈਂਕ ਆਫ਼ ਇੰਡੀਆ ਨੇ ਉਦਮੀ ਵਿਕਾਸ ਮਹੋਤਸਵਕਰਵਾਇਆ

ਲੁਧਿਆਣਾ, 18 ਅਗਸਤ (ਚ.ਨ.ਸ.) : ਜਨਤਕ ਖੇਤਰ ਦੇ ਮੋਹਰੀ ਬੈਂਕ, ਬੈਂਕ ਆਫ਼ ਇੰਡੀਆ ਦੇ



ਲੁਧਿਆਣਾ ਜ਼ੋਨ ਨੇ ਗਾਹਕ ਪਹਿਲਾਂ ਥੀਮ ਨਾਲ ਉਦਯਾਮੀ ਵਿਕਾਸ ਮਹੋਤਸਵ ਦਾ ਆਯੋਜਨ ਕੀਤਾ, ਜਿਸ ਵਿੱਚ ਗਾਹਕ-ਕੇਂਦ੍ਰਿਤ ਸੇਵਾਵਾਂ ਅਤੇ ਐਮਐਸਐਮਈ ਸਸ਼ਕਤੀਕਰਨ ਪ੍ਰਤੀ ਬੈਂਕ ਦੀ ਵਚਨਬੱਧਤਾ ਨੂੰ ਦੁਹਰਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਕੁਲਦੀਪ ਜਿੰਦਲ, ਜਨਰਲ ਮੈਨੇਜਰ, ਮੁੱਖ ਦਫ਼ਤਰ ਨੇ ਕੀਤੀ, ਜਿਸ ਵਿੱਚ ਰੋਹਿਤ ਗੋਇਲ, ਜਨਰਲ ਮੈਨੇਜਰ, ਐਨਐਸਆਈਸੀ ਲੁਧਿਆਣਾ ਅਤੇ ਵੈਭਵ ਆਨੰਦ, ਜ਼ੋਨਲ ਮੈਨੇਜਰ ਲੁਧਿਆਣਾ ਸ਼ਾਮਲ ਸਨ। ਉੱਚ ਅਧਿਕਾਰੀਆਂ ਨੇ ਬੈਂਕ ਦੀਆਂ ਵੱਖ-ਵੱਖ ਐਮਐਸਐਮਈ ਸਕੀਮਾਂ, ਐਨਐਸਆਈਸੀ ਨਾਲ ਸਹਿਯੋਗ ਅਤੇ ਐਮਐਸਐਮਈ ਖੇਤਰ ਵਿੱਚ ਗਾਹਕ ਅਨੁਭਵ ਨੂੰ ਵਧਾਉਣ ਦੇ ਉਦੇਸ਼ ਨਾਲ ਸਥਾਨਕ ਪਹਿਲਕਦਮੀਆਂ ਬਾਰੇ ਪਤਵੰਤੇ ਗਾਹਕਾਂ ਨਾਲ ਚਰਚਾ ਕੀਤੀ। ਇਸ ਮੌਕੇ 80 ਕਰੋੜ ਰੁਪਏ ਦੇ 11 ਕਰਜ਼ੇ ਦੇ ਮਨਜ਼ੂਰੀ ਪੱਤਰ ਦਿੱਤੇ ਗਏ, ਜੋ ਐਮਐਸਐਮਈ ਖੇਤਰ ਵਿੱਚ ਕਾਰੋਬਾਰੀ ਵਿਕਾਸ ਅਤੇ ਵਿੱਤੀ ਵਿਕਾਸ ਪ੍ਰਤੀ ਲੁਧਿਆਣਾ ਜ਼ੋਨ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੇ ਹਨ।

## ਸੈਂਟਰਲ ਬੈਂਕ ਆਫ਼ ਇੰਡੀਆ ਨੇ ਆਜ਼ਾਦੀ ਦਿਵਸ ਮਨਾਇਆ

ਲੁਧਿਆਣਾ, 18 ਅਗਸਤ (ਚ.ਨ.ਸ.) : ਜਨਤਕ ਖੇਤਰ ਦੇ ਪ੍ਰਮੁੱਖ ਬੈਂਕ ਸੈਂਟਰਲ ਬੈਂਕ ਆਫ਼ ਇੰਡੀਆ, ਲੁਧਿਆਣਾ ਦੇ ਖੇਤਰੀ ਦਫ਼ਤਰ ਵਿਖੇ ਆਜ਼ਾਦੀ ਦਿਵਸ 'ਤੇ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਸਭ ਤੋਂ ਪਹਿਲਾਂ ਡਿਪਟੀ ਰਿਜਨਲ ਹੈੱਡ ਜੀ.ਐਨ. ਰਾਏ, ਚੀਫ਼ ਮੈਨੇਜਰ ਮਿਥਲੇਸ਼ ਕੁਮਾਰ, ਅਸ਼ੋਕ ਯਾਦਵ, ਪ੍ਰਦੀਪ ਅਤੇ ਹੋਰ ਅਧਿਕਾਰੀਆਂ ਨੇ ਤਿਰੰਗਾ ਲਹਿਰਾਇਆ। ਇਸ ਤੋਂ ਬਾਅਦ ਸਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਆਜ਼ਾਦੀ ਦੇ ਗੀਤ ਗਾਏ ਅਤੇ ਜੀ.ਐਨ. ਰਾਏ ਨੇ ਕੁਇਜ਼ ਪ੍ਰੋਗਰਾਮ ਵਿੱਚ ਕੁਝ ਸਵਾਲ ਪੁੱਛੇ, ਜਿਨ੍ਹਾਂ ਦੇ ਜੇਤੂਆਂ ਨੂੰ ਇਨਾਮ ਦਿੱਤੇ ਗਏ।



## ਪੰਜਾਬ ਵਿੱਚ ਅਨਾਜ ਵੰਡ ਸੁਧਾਰਾਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਤੀਜੀ ਰਾਜ ਪੱਧਰੀ ਵਰਕਸ਼ਾਪ ਕਰਵਾਈ




ਚੰਡੀਗੜ੍ਹ, 18 ਅਗਸਤ (ਅੰਮ੍ਰਿਤਪਾਲ ਸਿੰਘ) : ਅਨਾਜ ਖਰੀਦ ਈਕੋਸਿਸਟਮ ਦੀ ਕੁਸ਼ਲਤਾ, ਪਾਰਦਰਸ਼ਤਾ ਅਤੇ ਡਿਜੀਟਲ ਏਕੀਕਰਨ ਨੂੰ ਮਜ਼ਬੂਤ ਕਰਨ ਲਈ ਚੱਲ ਰਹੀ ਰਾਸ਼ਟਰੀ ਪਹਿਲਕਦਮੀ ਦੇ ਹਿੱਸੇ ਵਜੋਂ, ਭਾਰਤ ਸਰਕਾਰ ਦੇ ਖ਼ੁਰਾਕ ਅਤੇ ਜਨਤਕ ਵੰਡ ਵਿਭਾਗ ਨੇ ਅੱਜ 18 ਅਗਸਤ ਨੂੰ ਚੰਡੀਗੜ੍ਹ ਵਿੱਚ ਪੰਜਾਬ ਲਈ ਇੱਕ ਰਾਜ-ਪੱਧਰੀ ਵਰਕਸ਼ਾਪ ਦਾ ਆਯੋਜਨ ਕੀਤਾ। ਵਰਕਸ਼ਾਪ ਦਾ ਉਦਘਾਟਨ ਭਾਰਤ ਸਰਕਾਰ ਦੇ ਖ਼ੁਰਾਕ ਅਤੇ ਜਨਤਕ ਵੰਡ ਵਿਭਾਗ ਦੇ ਸਕੱਤਰ ਸ਼੍ਰੀ ਸੰਜੀਵ ਚੋਪੜਾ ਅਤੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਸ਼੍ਰੀ ਕੇ.ਏ.ਪੀ. ਸਿਨਹਾ ਨੇ ਸੰਯੁਕਤ ਸਕੱਤਰ (ਨੀਤੀ ਅਤੇ ਖੁਰਾਕ ਨਿਗਮ), ਭਾਰਤੀ ਖੁਰਾਕ ਨਿਗਮ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਪ੍ਰਮੁੱਖ ਸਕੱਤਰ ਦੀ ਮੌਜੂਦਗੀ ਵਿੱਚ ਕੀਤਾ। ਇਸ ਸਮਾਗਮ ਵਿੱਚ ਪੰਜਾਬ ਦੀਆਂ ਵੱਖ-ਵੱਖ ਖਰੀਦ ਏਜੰਸੀਆਂ ਦੇ 125 ਰਾਜ ਅਤੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ (ਪਨਸਪ), ਪੰਜਾਬ ਅਨਾਜ ਖਰੀਦ ਨਿਗਮ (ਪਨਗ੍ਰੇਨ), ਰਾਜ ਵੇਅਰਹਾਊਸਿੰਗ ਨਿਗਮ (ਐਸਡਬਲਯੂਸੀ) ਅਤੇ ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮਾਰਕੀਟਿੰਗ ਫੈਡਰੇਸ਼ਨ (ਮਾਰਕਫੈੱਡ) ਦੇ ਪ੍ਰਬੰਧ ਨਿਦੇਸ਼ਕ ਸ਼ਾਮਲ ਸਨ। ਵਰਕਸ਼ਾਪ ਸਮਰੱਥਾ ਨਿਰਮਾਣ, ਗਿਆਨ ਸਾਂਝ ਅਤੇ ਖਰੀਦ ਨੀਤੀਆਂ ਅਤੇ ਡਿਜੀਟਲ ਸੁਧਾਰਾਂ ਦੀ ਵਿਹਾਰਕ ਜਾਣ-ਪਛਾਣ ਤੇ ਕੇਂਦਰਿਤ ਸੀ। ਇਹ ਵਰਕਸ਼ਾਪ 18 ਪ੍ਰਮੁੱਖ ਅਨਾਜ ਖਰੀਦ ਰਾਜਾਂ ਲਈ ਖੁਰਾਕ ਅਤੇ ਜਨਤਕ ਵੰਡ ਵਿਭਾਗ ਵਲੋਂ ਸ਼ੁਰੂ ਕੀਤੇ ਗਏ ਖਰੀਦ ਸੁਧਾਰਾਂ ਤੇ ਰਾਜ ਪੱਧਰੀ ਵਰਕਸ਼ਾਪਾਂ ਦੀ ਇੱਕ ਵਿਆਪਕ ਲੜੀ ਦਾ ਹਿੱਸਾ ਹੈ। ਇਸਦਾ ਮੰਤਵ ਜਾਗਰੂਕਤਾ ਵਧਾਉਣਾ, ਮੁੱਖ ਨੀਤੀਗਤ ਉਪਾਵਾਂ ਨੂੰ ਲਾਗੂ ਕਰਨ ਵਿੱਚ ਸੁਧਾਰ ਕਰਨਾ ਅਤੇ ਖਰੀਦ ਕੇਂਦਰ ਸਵੈ-ਮੁਲਾਂਕਣ ਪੋਰਟਲ (ਪੀਸੀਐਸਏਪੀ), ਸੰਯੁਕਤ ਭੌਤਿਕ ਤਸਦੀਕ ਗੈਰ ਪਾਲਿਸ਼ ਚੌਲਾਂ (ਜੇਪੀਵੀ), ਕੇਂਦਰੀ ਅਨਾਜ ਖਰੀਦ ਪੋਰਟਲ (ਸੀਐਫਪੀਪੀ), ਕੇਂਦਰੀ ਅਨਾਜ ਭੰਡਾਰਨ ਪੋਰਟਲ (ਸੀਐਫਐਸਪੀ), ਐਗਰੀ-ਸਟੈਕ, 10% ਟੁੱਟੇ ਹੋਏ ਚੌਲ ਵਿਧੀ, ਰੂਟ ਅਨੁਕੂਲਨ ਅਤੇ ਖਰੀਦ ਅਤੇ ਭੰਡਾਰਨ ਨੀਤੀ ਲਈ ਸਕੈਨ ਮੌਡੀਊਲ ਵਰਗੇ ਡਿਜੀਟਲ ਪਲੇਟਫਾਰਮਾਂ ਨੂੰ ਸੁਖਾਲੇ ਤੌਰ 'ਤੇ ਅਪਣਾਉਣ ਨੂੰ ਯਕੀਨੀ ਬਣਾਉਣਾ ਹੈ।

### ਜਨਮ ਦਿਨ ਮੁਬਾਰਕ



ਵਰਿੰਦਰ ਚੌਬੇ



ਰਾਹੁਲ ਸੋਢੀ ਤੇ ਰਜ਼ਨੀ ਸੋਢੀ ਨੂੰ ਵਿਆਹ ਦੀ 8ਵੀਂ ਵਰ੍ਹੇਗੰਢ ਮੁਬਾਰਕ

# ਸ੍ਰੀ ਸਾਹਿਬ ਪਹਿਨ ਕੇ ਰਾਸ਼ਟਰੀ ਸਮਾਗਮ ਵਿੱਚ ਸ਼ਾਮਿਲ ਹੋਣ ਤੋਂ ਰੋਕਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ : ਪ੍ਰੋ. ਬਡੂੰਗਰ

ਫਤਿਹਗੜ੍ਹ ਸਾਹਿਬ, 18 ਅਗਸਤ (ਹਰਪ੍ਰੀਤ ਕੌਰ ਟਿਵਾਣਾ)ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਪਟਿਆਲਾ ਦੇ ਨਾਭਾ ਅਧੀਨ ਪੈਂਦੇ ਪਿੰਡ ਕਾਲਸਨਾ ਦੇ ਅੰਮ੍ਰਿਤਧਾਰੀ ਸਰਪੰਚ ਗੁਰਧਿਆਨ ਸਿੰਘ ਨੂੰ ਸ੍ਰੀ ਸਾਹਿਬ ਪਹਿਨ ਕੇ ਦਿੱਲੀ ਦੇ ਲਾਲ ਕਿਲੇ ਵਿੱਚ ਆਜ਼ਾਦੀ ਦਿਵਸ ਦੇ ਰਾਸ਼ਟਰੀ ਸਮਾਗਮ ਵਿੱਚ ਸ਼ਾਮਿਲ ਨਾ ਹੋਣ ਦਿੱਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ ।ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਨਾਭਾ ਦੇ ਪਿੰਡ ਕਾਲਸਨਾ ਦੀ ਪੰਚਾਇਤ ਦੀ ਸਵੱਛ ਭਾਰਤ ਮੁਹਿੰਮ ਤਹਿਤ ਚੋਣ ਹੋਈ ਸੀ ਤੇ ਕੇਂਦਰੀ ਜਲ ਸ਼ਕਤੀ ਮੰਤਰੀ ਵੱਲੋਂ ਪਿੰਡ ਦੀ ਪੰਚਾਇਤ ਨੂੰ ਪ੍ਰਧਾਨ ਮੰਤਰੀ ਦੇ ਸਮਾਗਮ ਵਿੱਚ ਸ਼ਾਮਿਲ ਹੋ ਕੇ ਸਨਮਾਨਤ ਕਰਨ ਲਈ ਸੱਦਾ ਦਿੱਤਾ ਗਿਆ ਸੀ, ਪਰੰਤੂ ਅੰਮ੍ਰਿਤਧਾਰੀ ਸਰਪੰਚ ਗੁਰਧਿਆਨ ਸਿੰਘ ਨੂੰ ਸ੍ਰੀ ਸਾਹਿਬ ਉਤਾਰ ਕੇ ਰਾਸ਼ਟਰੀ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਕਿਹਾ ਗਿਆ, ਜਦਕਿ ਸਰਪੰਚ ਗੁਰਧਿਆਨ ਸਿੰਘ ਨੇ ਸ੍ਰੀ ਸਾਹਿਬ ਉਤਾਰ ਕੇ ਸਮਾਗਮ ਵਿੱਚ ਜਾਣ ਤੋਂ ਮਨਾ ਕਰ ਦਿੱਤਾ । ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਬਹੁਤ ਹੀ ਅਫਸੋਸ ਦੀ ਗੱਲ ਹੈ ਕਿ ਆਪਣੇ ਹੀ ਦੇਸ਼ ਵਿੱਚ ਅਜਿਹੀਆਂ ਕਾਰਵਾਈਆਂ ਗੁਰਸਿੱਖ ਵਿਅਕਤੀਆਂ ਨਾਲ ਹੋ ਰਹੀਆਂ ਹਨ, ਉਹਨਾਂ ਕਿਹਾ ਕਿ ਇਸ ਮਾਮਲੇ ਵਿੱਚ ਸ਼ਾਮਿਲ ਵਿਅਕਤੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਅੱਗੇ ਤੋਂ ਗੁਰਸਿੱਖ ਵਿਅਕਤੀਆਂ ਨਾਲ ਅਜਿਹੀਆਂ ਕਿਸੇ ਵੀ ਪ੍ਰਕਾਰ ਦੀਆਂ ਕਾਰਵਾਈਆਂ ਨਾ ਹੋ ਸਕਣ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਬਹੁਤ ਹੀ ਅਫਸੋਸ ਦੀ ਗੱਲ ਹੈ ਕਿ ਆਪਣੇ ਹੀ ਦੇਸ਼ ਵਿੱਚ ਅਜਿਹੀਆਂ ਕਾਰਵਾਈਆਂ ਗੁਰਸਿੱਖ ਵਿਅਕਤੀਆਂ ਨਾਲ ਹੋ ਰਹੀਆਂ ਹਨ, ਉਹਨਾਂ ਕਿਹਾ ਕਿ ਇਸ ਮਾਮਲੇ ਵਿੱਚ ਸ਼ਾਮਿਲ ਵਿਅਕਤੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਅੱਗੇ ਤੋਂ ਗੁਰਸਿੱਖ ਵਿਅਕਤੀਆਂ ਨਾਲ ਅਜਿਹੀਆਂ ਕਿਸੇ ਵੀ ਪ੍ਰਕਾਰ ਦੀਆਂ ਕਾਰਵਾਈਆਂ ਨਾ ਹੋ ਸਕਣ।ਉਹਨਾਂ ਕਿਹਾ ਕਿ ਦੇਸ਼ ਭਰ ਵਿੱਚ ਕਿਤੇ ਨਾ ਕਿਤੇ ਅਜਿਹੀਆਂ ਘਟਨਾਵਾਂ ਨਿਤ ਦਿਨ ਵਾਪਰਦੀਆਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਤੇ ਵਿਦਿਆਰਥੀਆਂ ਨੂੰ ਵੀ ਪ੍ਰੀਖਿਆ ਕੇਂਦਰਾਂ ਵਿੱਚ ਕੜਾ ਉਤਾਰ ਕੇ ਜਾਣ ਲਈ ਕਿਹਾ ਜਾਂਦਾ ਹੈ, ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਅੰਮ੍ਰਿਤਧਾਰੀ ਸਿੱਖਾਂ ਦੇ ਪੰਜ ਕਕਾਰਾਂ ਨੂੰ ਲੈ ਕੇ ਵਿਸ਼ੇਸ਼ ਤੌਰ ਤੇ ਹੁਕਮ ਜਾਰੀ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਸਿੱਖਾਂ ਨੂੰ ਇਨ੍ਹਾਂ ਪਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ ।

# ਧਾਰੀਵਾਲ ਦੇ ਸ਼ੱਕੀ ਸੰਵੇਦਨਸ਼ੀਲ ਇਲਾਕੇ 'ਚ ਸਰਚ ਅਭਿਆਨ ਚਲਾਇਆ ਗਿਆ



ਧਾਰੀਵਾਲ, 18 ਅਗਸਤ ( ਅਸ਼ੋਕ ਕੁਮਾਰ ) - ਯੁੱਧ ਨਸ਼ਿਆ ਵਿਰੁੱਧ ਵਿੱਢੀ ਮੁਹਿੰਮ ਤਹਿਤ, ਅੱਜ ਮਾਣਯੋਗ ਐਸ.ਐਸ.ਪੀ. ਗੁਰਦਾਸਪੁਰ ਸ੍ਰੀ ਆਦਿੱਤਯ ਵੱਲੋਂ ਖੁੱਦ, ਧਾਰੀਵਾਲ ਦੇ ਸੰਵੇਦਨਸ਼ੀਲ ਇਲਾਕੇ ਮਿੱਲ ਕੁਆਵਰ, ਲੁਧਿਆਣਾ ਮੁਹੱਲਾ ਅਤੇ ਸ਼ਿਵ ਕਲੌਨੀ ਧਾਰੀਵਾਲ ਵਿਖੇ ਕਾਸ਼ੋ ਆਪ੍ਰੇਸ਼ਨ ਤਹਿਤ ਰਿਸਰਚ ਅਭਿਆਨ ਚਲਾਇਆ ਗਿਆ ਜਿਸ ਦੌਰਾਨ ਨਸ਼ਾ ਤਸ਼ੱਕਰ ਨੂੰ ਗ੍ਰਿਫਤਾਰ ਕਰਕੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਕੀਤੀ ਗਈ । ਇਸ ਮੌਕੇ ਤੇ ਐਸ.ਐਸ.ਪੀ.ਗੁਰਦਾਸਪੁਰ ਸ੍ਰੀ ਆਦਿੱਤਯ ਨੇ ਕਿਹਾ ਕਿ ਪੰਜਾਬ ਪੁਲਿਸ, ਸੂਬੇ ਵਿੱਚੋ ਨਸ਼ੇ ਨੂੰ ਜੜ੍ਹ ਤੋ ਖਤਮ ਲਈ ਦ੍ਰਿੜਤਾ ਅਤੇ ਸੰਜੀਦਗੀ ਨਾਲ ਨਸ਼ਾ ਤਸੱਕਰਾਂ ਵਿਰੁੱਧ ਕਾਰਵਾਈ ਕਰ ਰਹੀ ਹੈ ਅਤੇ ਆਮ ਪਬਲਿਕ ਦੇ ਸ਼ਹਿਯੋਗ ਸਦਕਾ ਪੰਜਾਬ ਪੁਲਿਸ ਨੂੰ ਨਸ਼ੇ ਦੇ ਖਾਤਮੇ ਸਬੰਧੀ ਕਾਫੀ ਹੱਦ ਤੱਕ ਸਲਫਤਾ ਹਾਸਿਲ ਹੋਈ ਹੈ ਅਤੇ ਸੀ.ਐਮ. ਪੋਟਲ. ਤੋਂ ਆਮ ਜਨਤਾ ਦਾ ਸਾਥ ਮਿਲ ਰਿਹਾ ਹੈ । ਐਸ.ਐਸ.ਪੀ. ਗੁਰਦਾਸਪੁਰ ਨੇ ਸਥਾਨਿਕ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਨਸ਼ਾ ਅਤੇ ਹੋਰ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਨੌਜਵਾਨਾਂ ਨੂੰ ਪ੍ਰਸ਼ਾਸ਼ਨ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ । ਉਨ੍ਹਾਂ ਨੇ ਕਿਹਾ ਕਿ ਪੁਲਿਸ ਨੂੰ ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ । ਇਸ ਮੌਕੇ ਤੇ ਐਸ.ਐਸ.ਪੀ.ਗੁਰਦਾਸਪੁਰ ਸ੍ਰੀ ਆਦਿੱਤਯ ਤੋਂ ਇਲਾਵਾ ਡੀ.ਐਸ.ਪੀ. ਕੁਲਵੰਤ ਸਿੰਘ ਮਾਨ, ਡੀ.ਐਸ.ਪੀ. ਰਜਿੰਦਰ ਕੁਮਾਰ ਸ਼ਰਮਾ, ਸ਼ਪੈਸ਼ਲ ਬ੍ਰਾਂਚ ਗੁਰਦਾਸਪੁਰ ਦੇ ਇੰਚਾਰਜ ਇੰਸਪੈਕਟਰ ਰਕੇਸ਼ ਗੌਤਮ, ਐਸ.ਐਚ.ਓ. ਧਾਰੀਵਾਲ ਇੰਸਪੈਕਟਰ ਹਰਪਾਲ ਸਿੰਘ, ਥਾਣਾ ਭੈਣੀ ਮੀਆਂ ਖਾਂ ਦੇ ਐਸ.ਐਚ.ਓ. ਮੈਡਮ ਦੀਪਿਕਾ, ਥਾਣਾ ਕਾਹਨੂੰਵਾਨ ਦੇ ਐਸ.ਐਚ.ਓ. ਸਬ ਇੰਸਪੈਕਟਰ ਗੁਰਨਾਮ ਸਿੰਘ, ਸਬ ਇੰਸਪੈਕਟਰ ਯੂਸ਼ਫ ਮਸੀਹ, ਹਰਜਿੰਦਰ ਸਿੰਘ, ਜੇ.ਪੀ.ਸਿੰਘ, ਜਤਿੰਦਰ ਸਿੰਘ ਬੋਪਾਰਾਏ ਸਪੈਸ਼ਲ ਬ੍ਰਾਂਚ ਗੁਰਦਾਸਪੁਰ ਤੋਂ ਇਲਾਵਾ ਭਾਰੀ ਪੁਲਿਸ ਜਵਾਨ ਮੌਜੂਦ ਸਨ ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਫ਼ਤਹਿਗੜ੍ਹ ਸਾਹਿਬ ਪੁਲਿਸ ਨੇ ਜ਼ਿਲ੍ਹੇ 'ਚ ਚਲਾਇਆ ਕਾਸੋ ਆਪ੍ਰੇਸ਼ਨ



ਫਤਹਿਗੜ੍ਹ ਸਾਹਿਬ, 18 ਅਗਸਤ: (ਹਰਪ੍ਰੀਤ ਕੌਰ ਟਿਵਾਣਾ)ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਪੁਲਿਸ ਵੱਲੋਂ ਅੱਜ ਜ਼ਿਲ੍ਹੇ ਭਰ ਚ 10 ਥਾਵਾਂ ਤੇ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਕਾਸੋ) ਚਲਾਈ ਗਈ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਚਲਾਈ ਇਸ ਮੁਹਿੰਮ ਦੀ ਅਗਵਾਈ ਕਰਦਿਆਂ ਐਸ.ਐਸ.ਪੀ. ਸ਼ੁਭਮ ਅਗਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਡੀ.ਜੀ.ਪੀ. ਗੌਰਵ ਯਾਦਵ ਦੀਆਂ ਹਦਾਇਤਾਂ ਅਨੁਸਾਰ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਵਿੱਢੀ ਲੜਾਈ ਤਹਿਤ ਅੱਜ ਜ਼ਿਲ੍ਹੇ ਦੀ ਹਰੇਕ ਸਬ ਡਵੀਜ਼ਨ ਅੰਦਰ ਕਾਸੋ ਆਪ੍ਰੇਸ਼ਨ ਚਲਾਇਆ ਗਿਆ।ਜ਼ਿਲ੍ਹਾ ਪੁਲਿਸ ਮੁਖੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਸ਼ੱਕੀ ਸਥਾਨਾਂ ਤੇ ਪੁਲਿਸ ਵੱਲੋਂ ਰਾਤ ਦੀ ਗਸ਼ਤ ਵਿੱਚ ਵਾਧਾ ਕੀਤਾ ਗਿਆ ਹੈ ਤੇ ਸਮੇਂ ਸਮੇਂ ਤੇ ਕਾਸੋ ਅਤੇ ਆਪ੍ਰੇਸ਼ਨ ਸੀਲ ਤਹਿਤ ਵੱਡੀ ਪੱਧਰ ਤੇ ਤਲਾਸ਼ੀ ਮੁਹਿੰਮ ਵੀ ਚਲਾਈ ਜਾਂਦੀ ਹੈ। ਐਸ.ਐਸ.ਪੀ ਨੇ ਦੱਸਿਆ ਕਿ ਅੱਜ ਮੰਡੀ ਗੋਬਿੰਦਗੜ੍ਹ ਦੀ ਮਾਸਟਰ ਕਲੋਨੀ, ਢੇਹਾ ਕਲੋਨੀ ਸਮੇਤ ਜ਼ਿਲ੍ਹੇ ਦੀਆਂ ਸਾਰੀਆਂ ਸਬ-ਡਵੀਜ਼ਨਾਂ ਅੰਦਰ ਸਥਿਤ ਥਾਣਿਆਂ ਅਧੀਨ ਆਉਂਦੇ ਇਲਾਕਿਆਂ ਚ ਜੰਗੀ ਪੱਧਰ ਤੇ ਤਲਾਸ਼ੀ ਮੁਹਿੰਮ ਚਲਾਈ ਗਈ।ਐਸ.ਐਸ.ਪੀ. ਸ਼ੁਭਮ ਅਗਰਵਾਲ ਨੇ ਦੱਸਿਆ ਕਿ ਅੱਜ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਦੌਰਾਨ ਜ਼ਿਲ੍ਹੇ ਚ 10 ਥਾਵਾਂ ਤੇ ਤਲਾਸ਼ੀ ਕੀਤੀ ਗਈ ਹੈ ਤੇ 12 ਐਫ.ਆਈ.ਆਰ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ 12 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ 187 ਨਸ਼ੀਲੀਆਂ ਗੋਲੀਆਂ, 550 ਰੁਪਏ ਡਰੱਗ ਮਨੀ, 2 ਇੰਜੈਕਸ਼ਨ ਅਤੇ 25 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਸ ਦੌਰਾਨ ਐਸ.ਪੀ. ਰਾਕੇਸ਼ ਕੁਮਾਰ ਯਾਦਵ, ਗੁਰਦੀਪ ਸਿੰਘ ਡੀਐਸਪੀ ਅਮਲੋਹ, ਰਾਜ ਕੁਮਾਰ ਡੀਐਸਪੀ ਬੱਸੀ ਪਠਾਣਾ, ਮਨਪ੍ਰੀਤ ਸਿੰਘ ਦਿਓਲ ਐਸਐਚਓ ਮੰਡੀ ਗੋਬਿੰਦਗੜ੍ਹ, ਰਾਜਵੰਤ ਸਿੰਘ ਐਸਐਚਓ ਥਾਣਾ ਮੂਲੇਪੁਰ, ਬਲਜਿੰਦਰ ਸਿੰਘ ਐਸਐਚਓ ਥਾਣਾ ਅਮਲੋਹ ਤੋਂ ਇਲਾਵਾ ਬਾਕੀ ਸਬ-ਡਵੀਜ਼ਨਾਂ ਵਿਖੇ ਡੀ.ਐਸ.ਪੀਜ਼ ਤੇ ਹੋਰ ਅਧਿਕਾਰੀਆਂ ਨੇ ਤਲਾਸ਼ੀ ਮੁਹਿੰਮ ਦੀ ਕਮਾਨ ਸੰਭਾਲੀ।

# 20, 21 ਤੇ 22 ਅਗਸਤ ਨੂੰ ਪੁਰਾਣੇ ਬੱਸ ਸਟੈਂਡ ਵਿਖੇ ਲੱਗੇਗਾ ਉਮੀਦ ਬਜ਼ਾਰ



ਗੁਰਦਾਸਪੁਰ, 18 ਅਗਸਤ ( ਜਗੀਰ ਸਿੰਘ ਮੰਡ /ਜਸਮੋਹਨ ਬਾਗੋਵਾਣੀ ) – ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਇੱਕ ਨਿਵੇਕਲੀ ਪਹਿਲ ਕਰਦਿਆਂ ਜ਼ਿਲ੍ਹੇ ਵਿਚਲੇ ਪੇਂਡੂ ਤੇ ਸ਼ਹਿਰੀ ਖੇਤਰ ਦੇ ਸਵੈ ਸਹਾਇਤਾ ਸਮੂਹਾਂ ਨਾਲ ਜੁੜ ਕੇ ਕੰਮ ਕਰ ਰਹੀਆਂ ਔਰਤਾਂ ਨੂੰ ਆਪਣਾ ਸਮਾਨ ਵੇਚਣ ਲਈ ਪਲੇਟਫਾਰਮ ਮੁਹੱਈਆ ਕਰਵਾਉਣ ਦੇ ਮਕਸਦ ਤਹਿਤ ਇੱਕ ਵਾਰ ਫਿਰ ਮਿਤੀ 20, 21 ਅਤੇ 22 ਅਗਸਤ (ਦਿਨ ਬੁੱਧਵਾਰ, ਵੀਰਵਾਰ ਤੇ ਸ਼ੁੱਕਰਵਾਰ) ਨੂੰ ਪੁਰਾਣੇ ਬੱਸ ਅੱਡੇ ਗੁਰਦਾਸਪੁਰ ਵਿਖੇ ਉਮੀਦ ਬਜ਼ਾਰ ਲਗਾਇਆ ਜਾ ਰਿਹਾ ਹੈ। ਇਸ ਉਮੀਦ ਬਜ਼ਾਰ ਵਿੱਚ ਜਿੱਥੇ ਸਵੈ ਸਹਾਇਤਾ ਨਾਲ ਜੁੜੀਆਂ ਔਰਤਾਂ ਆਪਣੇ ਉਤਪਾਦ ਵਾਜਬ ਰੇਟਾਂ ਉੱਪਰ ਵੇਚਣਗੀਆਂ ਓਥੇ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨ ਵੀ ਵਿਸ਼ੇਸ਼ ਸਟਾਲ ਲਗਾ ਕੇ ਆਪਣੇ ਖੇਤੀ ਉਤਪਾਦ ਵੇਚਣਗੇ।ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਉਮੀਦ ਬਜ਼ਾਰ ਦੌਰਾਨ ਲਗਾਏ ਜਾਣ ਵਾਲੇ ਸਟਾਲਾਂ ਵਿੱਚ ਖਾਣ-ਪੀਣ ਦੇ ਸਮਾਨ ਤੋਂ ਇਲਾਵਾ, ਡੈਕੋਰੇਸ਼ਨ ਦਾ ਸਮਾਨ, ਸੂਟ ਤੇ ਫੁਲਕਾਰੀਆਂ, ਔਰਤਾਂ ਲਈ ਸ਼ਿੰਗਾਰ ਦਾ ਸਮਾਨ, ਅਚਾਰ, ਮੁਰੱਬੇ, ਦੇਸੀ ਹਲਦੀ, ਸ਼ਹਿਦ, ਬੱਚਿਆਂ ਦੇ ਖਿਡੌਣੇ ਅਤੇ ਹੋਰ ਰੋਜ਼ਾਨਾ ਦੀ ਜ਼ਰੂਰਤ ਦਾ ਸਮਾਨ ਵੇਚਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਮੀਦ ਬਜ਼ਾਰ ਦੌਰਾਨ ਵੇਚਿਆ ਜਾਣ ਵਾਲਾ ਸਾਰਾ ਸਮਾਨ ਜ਼ਿਲ੍ਹੇ ਦੇ ਸਵੈ ਸਹਾਇਤਾ ਸਮੂਹਾਂ ਦੀਆਂ ਮਿਹਨਤੀ ਸਵਾਣੀਆਂ ਵੱਲੋਂ ਆਪਣੇ ਘਰਾਂ ਵਿੱਚ ਤਿਆਰ ਕੀਤਾ ਜਾਂਦਾ ਹੈ, ਜਿਸ ਦੀ ਕੁਆਲਿਟੀ ਬਹੁਤ ਵਧੀਆ ਹੋਣ ਦੇ ਨਾਲ ਕੀਮਤਾਂ ਵੀ ਬਹੁਤ ਵਾਜਬ ਹਨ। ਇਸ ਤੋਂ ਇਲਾਵਾ ਕਿਸਾਨਾਂ ਵੱਲੋਂ ਆਪਣੇ ਖੇਤੀ ਉਤਪਾਦਾਂ ਦੀ ਵਿੱਕਰੀ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਉਮੀਦ ਬਜ਼ਾਰ ਦਾ ਸਮਾਂ ਮਿਤੀ 20, 21 ਅਤੇ 22 ਅਗਸਤ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹੋਵੇਗਾ ਅਤੇ ਬਜ਼ਾਰ ਦੌਰਾਨ ਬੱਚਿਆਂ ਦੇ ਮਨੋਰੰਜਨ ਲਈ ਪੰਘੂੜੇ ਤੇ ਖਾਣ-ਪੀਣ ਲਈ ਫੂਡ ਸਟਾਲ ਵੀ ਲਗਾਏ ਜਾਣਗੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ 20, 21 ਅਤੇ 22 ਅਗਸਤ ਨੂੰ ਪੁਰਾਣੇ ਬੱਸ ਸਟੈਂਡ ਗੁਰਦਾਸਪੁਰ ਵਿੱਚ ਲਗਾਏ ਜਾਣ ਵਾਲੇ ਉਮੀਦ ਬਜ਼ਾਰ ਵਿੱਚ ਪਹੁੰਚ ਕੇ ਖ਼ਰੀਦਦਾਰੀ ਕਰਨ ਤਾਂ ਜੋ ਇਨ੍ਹਾਂ ਮਿਹਨਤੀ ਔਰਤਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਮਿਲ ਸਕੇ।ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲਾਂ ਵੀ ਇਸ ਮਹੀਨੇ 2 ਤੇ 3 ਅਗਸਤ ਨੂੰ ਪੁਰਾਣੇ ਬੱਸ ਅੱਡੇ ਗੁਰਦਾਸਪੁਰ ਵਿਖੇ ਦੋ ਰੋਜ਼ਾ ਉਮੀਦ ਬਜ਼ਾਰ ਲਗਾਇਆ ਗਿਆ ਸੀ ਜਿਸ ਵਿੱਚ ਲੋਕਾਂ ਵੱਲੋਂ ਖ਼ਰੀਦਦਾਰੀ ਵਿੱਚ ਵੱਡਾ ਉਤਸ਼ਾਹ ਦਿਖਾਇਆ ਗਿਆ ਸੀ। ਸਵੈ-ਸਹਾਇਤਾ ਸਮੂਹਾਂ ਨੂੰ ਉਨ੍ਹਾਂ ਦੇ ਉਤਪਾਦ ਵੇਚਣ ਲਈ ਪਲੇਟਫਾਰਮ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦੁਬਾਰਾ ਤਿੰਨ ਰੋਜ਼ਾ ਇਹ ਉਮੀਦ ਬਜ਼ਾਰ ਲਗਾਇਆ ਜਾ ਰਿਹਾ ਹੈ।

# ਗੋਲਕ ਚੋਰਾਂ ਤੇ ਕਾਰਵਾਈ ਨਾ ਹੋਣ ਤੇ ਥਾਣਾ ਮੁਖੀ ਨਾਲ ਮੀਟਿੰਗ




ਭੋਗਪੁਰ 18 ਅਗਸਤ ਅਮਰਜੀਤ ਸਿੰਘ ਸੈਣੀ .ਪਿੰਡ ਧੀਰੋਵਾਲ ਭਗਵਾਨ ਵਾਲਮੀਕਿ ਮੰਦਿਰ ਵਿੱਚ ਕੁਝ ਦਿਨ ਪਹਿਲੇ ਗੋਲਕ ਚੋਰੀ ਹੋ ਗਈ ਸੀ, ਅਤੇ ਚਾਰ ਮਹੀਨੇ ਬੀਤ ਜਾਣ ਦੇ ਬਾਅਦ ਵੀ ਦੋਸ਼ੀਆਂ ਤੇ ਕੋਈ ਕਾਰਵਾਈ ਨਹੀਂ ਸੀ ਹੋਈ,ਇਸ ਦੇ ਤਹਿਤ ਅੱਜ ਵਾਲਮੀਕਿ ਸਮਾਜ ਦੇ ਆਗੂਆਂ ਵੱਲੋਂ ਥਾਣਾ ਆਦਮਪੁਰ ਪੁਲਿਸ ਪ੍ਰਸ਼ਾਸਨ ਨਾਲ ਮੁਲਾਕਾਤ ਕੀਤੀ ਗਈ,ਸੰਘਰਸ਼ ਮੋਰਚਾ ਤੇ ਮੋਨੂ ਤੇਜੀ, ਅਤੇ ਪ੍ਰਧਾਨ ਜੱਸ ਰਾਵਣ ਦੀ ਅਗਵਾਈ ਹੇਠ ਅੱਜ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤੇ ਅਧਿਕਾਰੀਆਂ ਨੇ ਵਿਸ਼ਵਾਸ ਦਵਾਇਆ ਗਿਆ ਕਿ ਉਹ ਦੋਸ਼ੀਆਂ ਖਿਲਾਫ ਪਰਚਾ ਦਰਜ ਕਰਨ ਗੇ ਅਤੇ ਜਲਦ ਗਿ$ਫਤਾਰ ਵੀ ਕਰਨ ਗੇ.ਇਸ ਮੌਕੇ ਤੇ ਪ੍ਰਧਾਨ ਜੱਸ ਰਾਵਣ,ਮੋਨੂੰ ਤੇਜ਼ੀ ਪ$ਧਾਨ ,ਸਵਰਨਜੀਤ ਨਾਹਰ ,ਦੀਦਾਰ ਮੱਟੂ,ਸੰਨੀ ਗਿੱਲ,ਸੁਰਿੰਦਰ ਆਦੀਆ,ਮੰਗੀ, ਕਸ਼ਮੀਰ ਲਾਲ, ਗੁਰਦੀਪ ਮਾਨ,ਆਦਿ ਹਾਜਰ ਸਨ

# ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਵਿਭਾਗ ਵੱਲੋਂ ਰਚਨਾਤਮਕ ਲੇਖਣ ਮੁਕਾਬਲੇ ਦਾ ਆਯੋਜਨ

ਫ਼ਤਹਿਗੜ੍ਹ ਸਾਹਿਬ, 18 ਅਗਸਤ (ਹਰਪ੍ਰੀਤ ਕੌਰ ਟਿਵਾਣਾ)ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਵੱਲੋਂ ਨਵੇਂ ਦਾਖਲ ਹੋਏ ਬੀ.ਏ.ਜੇ.ਐਮ.ਸੀ. ਭਾਗ-ਪਹਿਲਾ ਦੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਵਿਸ਼ੇਸ਼ ਰਚਨਾਤਮਕ ਲੇਖਣ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੂੰ ਪੱਤਰਕਾਰੀ ਨਾਲ ਸਬੰਧਿਤ ਮਹੱਤਵਪੂਰਨ ਵਿਸ਼ਿਆਂ ਤੇ ਆਪਣੇ ਵਿਚਾਰ ਲੇਖ ਰੂਪ ਵਿੱਚ ਪ੍ਰਗਟ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਸਾਰੂ ਮੁਕਾਬਲੇ ਪੱਤਰਕਾਰੀ ਦੇ ਵਿਦਿਆਰਥੀਆਂ ਲਈ ਬਹੁਤ ਜ਼ਰੂਰੀ ਹਨ ਕਿਉਂਕਿ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਨਾਲ ਹੀ ਉਨ੍ਹਾਂ ਨੂੰ ਲੇਖ ਲਿਖਣ ਦੀਆਂ ਬਰੀਕੀਆਂ ਬਾਰੇ ਪਤਾ ਲੱਗਦਾ ਹੈ। ਪੱਤਰਕਾਰੀ ਵਿਭਾਗ ਦੇ ਮੁਖੀ ਡਾ. ਹਰਗੁਣਪ੍ਰੀਤ ਸਿੰਘ ਨੇ ਵਿਦਿਆਰਥੀਆਂ ਦੇ ਵਿਹਾਰਕ ਹੁਨਰ ਨੂੰ ਨਿਖਾਰਨ ਲਈ ਅਜਿਹੇ ਮੁਕਾਬਲਿਆਂ ਦੀ ਮਹੱਤਤਾ ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਮੁਕਾਬਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀ ਆਮ ਜਾਣਕਾਰੀ ਵਿੱਚ ਵਾਧਾ ਕਰਨਾ ਅਤੇ ਲਿਖਣ ਦੀ ਸਹੀ ਸ਼ੈਲੀ ਸਬੰਧੀ ਜਾਣਕਾਰੀ ਪ੍ਰਦਾਨ ਕਰਨਾ ਸੀ। ਇਸ ਮੁਕਾਬਲੇ ਵਿੱਚ ਪੱਤਰਕਾਰੀ ਵਿਭਾਗ ਦੇ ਬੀ.ਏ.ਜੇ.ਐਮ.ਸੀ. ਭਾਗ ਪਹਿਲਾ ਦੀ ਜਸਲੀਨ ਕੌਰ, ਪ੍ਰਭਜੋਤ ਕੌਰ, ਅਮਨਪ੍ਰੀਤ ਕੌਰ, ਪ੍ਰਭਨੂਰ ਸਿੰਘ, ਸਹਿਜਪ੍ਰੀਤ ਕੌਰ ਅਤੇ ਸੰਤੋਸ਼ ਨੇ ਵਧੀਆ ਪ੍ਰਦਰਸ਼ਨ ਕੀਤਾ। ਇਸ ਮੌਕੇ ਪ੍ਰੋਗਰਾਮ ਕੋਆਰਡੀਨੇਟਰ ਪ੍ਰੋ. ਲਵਨੀਤ ਵਸ਼ਿਸ਼ਠ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਮੁਕਾਬਲੇ ਵਿੱਚ ਨਿਰਧਾਰਤ ਸਮੇਂ ਅੰਦਰ ਆਪਣੇ ਵਿਚਾਰ ਬੜੀ ਸਰਲਤਾ, ਸੰਖੇਪਤਾ ਅਤੇ ਸਪਸ਼ਟਤਾ ਨਾਲ ਪੇਸ਼ ਕੀਤੇ। ਇਸ ਮੌਕੇ ਵਿਭਾਗ ਦੇ ਪ੍ਰੋ. ਭਗਵੰਤ ਸਿੰਘ, ਪ੍ਰੋ. ਹਰਪ੍ਰੀਤ ਕੌਰ ਪਬਰੀ, ਪ੍ਰੋ. ਨਾਦਿਸ਼ ਅਤੇਬੀ.ਏ.ਜੇ.ਐਮ.ਸੀ. ਭਾਗ-ਪਹਿਲਾ ਦੇ ਵਿਦਿਆਰਥੀ ਹਾਜ਼ਰ ਸਨ

# ਬੀ.ਐਮ.ਪੀ.ਐਸ . ਬੰਗਾ ਦੇ ਵਿਦਿਆਰਥੀਆਂ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਦੌਰਾ ਕੀਤਾ



ਬੰਗਾ - 18 ਅਗਸਤ (ਪ੍ਰਭਜੋਤ ਸਿੰਘ ) ਬੀ.ਐਮ .ਪੀ.ਐਸ.ਬੰਗਾ ਹਮੇਸ਼ਾ ਆਪਣੇ ਵਿਦਿਆਰਥੀਆਂ ਨੂੰ ਸਿਧਾਂਤਕ ਸਿੱਖਿਆ ਦੇ ਨਾਲ-ਨਾਲ ਵਿਹਾਰਕ ਗਿਆਨ ਦੇਣ ਵਿੱਚ ਵਿਸ਼ਵਾਸ ਰੱਖਦਾ ਹੈ ਇਸ ਲਈ ਉਹ ਵਿਦਿਆਰਥੀਆਂ ਨੂੰ ਕਲਾਸ ਤੋਂ ਬਾਹਰ ਬਾਹਰੀ ਗਿਆਨ ਪ੍ਰਦਾਨ ਕਰਨ ਲਈ ਵੱਖ-ਵੱਖ ਥਾਵਾਂ ਤੇ ਦੌਰੇ ਕਰਵਾਉਂਦਾ ਹੈ। ਇਸੇ ਵਿਹਾਰਕ ਗਿਆਨ ਦੇਣ ਲਈ ਸਕੂਲ ਦੇ ਵਿਗਿਆਨ ਵਿਸ਼ੇ ਦੇ ਅਧਿਆਪਕ ਸ਼੍ਰੀਮਤੀ ਮਨਜੀਤ ਕੌਰ, ਸਕੂਲ ਮੈਨੇਜਰ ਸ਼੍ਰੀ ਕੇਸ਼ਵ ਜੈਨ ਅਤੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਕੇ. ਵਸੁਧਾ ਜੈਨ ਜੀ ਦੇ ਨਾਲ ਨੌਵੀਂ ਅਤੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਬੱਲੋਵਾਲ ਸੌਂਖੜੀ ਵਿੱਚ ਵਿੱਦਿਅਕ ਦੌਰੇ ਲਈ ਲੈ ਕੇ ਗਏ। ਜਿੱਥੇ ਉਨ੍ਹਾਂ ਨੇ ਖੇਤੀਬਾੜੀ ਅਤੇ ਇਸ ਦੀ ਵਿਗਿਆਨਕ ਨੀਂਹ ਦੇ ਵੱਖ-ਵੱਖ ਪਹਿਲੂਆਂ ਦੀ ਖੋਜ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਇਸ ਵਿਦਿਅਕ ਦੌਰੇ ਵਿੱਚ ਸਭ ਤੋਂ ਪਹਿਲਾਂ ਵਿਦਿਆਰਥੀਆਂ ਨੇ ਮਿੱਟੀ ਨਾਲ ਸੰਬੰਧਿਤ ਵਿਗਿਆਨ ਪ੍ਰਯੋਗਸ਼ਾਲਾ ਵਿੱਚ ਡਾ. ਐਮ. ਏ. ਭੱਟ ਤੋਂ ਮਿੱਟੀ ਦੇ ਟੈਸਟ , ਮਿੱਟੀ ਦੇ ਗੁਣ ਅਤੇ ਫ਼ਸਲ ਦੇ ਵਿਕਾਸ ਵਿੱਚ ਉਨ੍ਹਾਂ ਦੀ ਭੂਮਿਕਾ ਦੇ ਮਹੱਤਵ ਨੂੰ ਸਮਝਿਆ। ਇਸ ਤੋਂ ਬਾਅਦ ਉਨ੍ਹਾਂ ਨੇ ਡਾ. ਬਲਵਿੰਦਰ ਸਿੰਘ ਢਿੱਲੋਂ ਤੋਂ ਯੂਨੀਵਰਸਿਟੀ ਦੇ ਖੋਜ ਕਾਰਜ , ਖੇਤੀ ਵਿੱਚ ਨਵੀਨਤਮ ਅਤੇ ਆਧੁਨਿਕ ਸਮੇਂ ਵਿੱਚ ਕ੍ਰਿਸ਼ੀ ਸਿੱਖਿਆ ਦੇ ਮਹੱਤਵ ਬਾਰੇ ਜਾਣਿਆ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਡਾ. ਵਰੁਣ ਅਤਰੀ ਨੇ ਵੱਖ-ਵੱਖ ਕਿਸਮਾਂ ਦੇ ਔਸ਼ਧੀ ਪੌਦਿਆਂ ਨਾਲ ਜਾਣੂ ਕਰਵਾਇਆ। ਇਸਦੇ ਨਾਲ-ਨਾਲ ਵਿਦਿਆਰਥੀਆਂ ਨੂੰ ਮੌਸਮੀ ਫਲਾਂ ਅਤੇ ਉੱਚ ਉਪਜ ਵਾਲੀ ਸਬਜ਼ੀ ਬਾਰੇ ਵਿਸਤ੍ਰਿਤ ਗਿਆਨ ਦਿੱਤਾ ਗਿਆ। ਅੰਤ ਵਿੱਚ, ਵੈਦਰ ਲੈਬ ਦੀ ਯਾਤਰਾ ਕਰਵਾਈ ਗਈ ਜਿੱਥੇ ਡਾ. ਜਸਪ੍ਰੀਤ ਸਿੰਘ ਨੇ ਵਾਸ਼ਪੀਕਰਨ, ਸਵੈਚਾਲਿਤ ਮੌਸਮ ਸਟੇਸ਼ਨ, ਮਿੱਟੀ ਦੇ ਥਰਮੋਮੀਟਰ ਆਦਿ ਵਰਗੇ ਮੌਸਮ ਵਿਸ਼ਲੇਸ਼ਣ ਲਈ ਵਰਤੇ ਜਾਣ ਵਾਲੇ ਕਈ ਉਪਕਰਨਾਂ ਦੀ ਮਹੱਤਵਪੂਰਨ ਜਾਣਕਾਰੀ ਦਿੱਤੀ।ਜਦੋਂ ਇਸ ਸੰਦਰਭ ਵਿੱਚ ਸਕੂਲ ਮੈਨੇਜਰ ਅਤੇ ਅਕਾਦਮਿਕ ਸਲਾਹਕਾਰ ਸ਼੍ਰੀ ਕੇਸ਼ਵ ਜੈਨ ਜੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਹ ਵਿੱਦਿਅਕ ਦੌਰਾ ਬਹੁਤ ਮਹੱਤਵਪੂਰਨ ਰਿਹਾ

# ਘੋੜਾ ਟਰਾਲਾ ਹਾਦਸਾ ਗ੍ਰਸਤ



ਸ੍ਰੀ ਕੀਰਤਪੁਰ ਸਾਹਿਬ 18 ਅਗਸਤ (ਬੀ ਐਸ ਰਾਣਾ) ਰੂਪਨਗਰ ਸ਼੍ਰੀ ਕੀਰਤਪੁਰ ਸਾਹਿਬ ਕੌਮੀ ਮਾਰਗ ਤੇ ਪਿੰਡ ਡਾਢੀ ਨਜ਼ਦੀਕ ਇੱਕ ਕਾਰ ਨੂੰ ਬਚਾਉਂਦਾ ਹੋਇਆ ਇੱਕ ਘੋੜਾ ਟਰਾਲਾ ਹਾਦਸਾ ਗ੍ਰਸਤ ਹੋ ਗਿਆ ਜਿਸ ਜਾਰਨ ਟਰਾਲੇ ਨੂੰ ਕਾਫੀ ਨੁਕਸਾਨ ਪੁੱਜਿਆ ਹੈ ਜਦਕਿ ਡਰਾਈਵਰ ਦੇ ਮਾਮੂਲੀ ਸੱਟਾਂ ਲੱਗੀਆਂ ਹਨ।ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਹਰਿਆਣਾ ਨੰਬਰ ਦਾ ਘੋੜਾ ਟਰਾਲਾ ਜਦੋਂ ਪਿੰਡ ਡਾਢੀ ਨਜਦੀਕ ਪੁੱਜਾ ਤਾਂ ਆਪਣੇ ਅੱਗੇ ਆਈ ਇੱਕ ਕਾਰ ਨੂੰ ਬਚਾਉਂਦੇ ਹੋਏ ਡਰਾਈਵਰ ਨੇ ਜਦੋਂ ਸਟੇਰਿੰਗ ਘੁਮਾਇਆ ਤਾਂ ਟਰਾਲਾ ਬੇਕਾਬੂ ਹੋ ਕੇ ਸੜਕ ਦੇ ਨਾਲ ਪਲਟ ਗਿਆ। ਟਰਾਲਾ ਚਾਲਕ ਦੇ ਮਾਮੂਲੀ ਸੱਟਾਂ ਲੱਗੀਆਂ ਹਨ ਜਿਸ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ। ਟਰਾਲਾ ਚਾਲਕ ਦੇ ਅਨੁਸਾਰ ਉਸ ਦੇ ਬਰਾਬਰ ਜਾ ਰਹੀ ਇੱਕ ਕਾਰ ਦੇ ਅੱਗੇ ਅਵਾਰਾ ਪਸ਼ੂ ਆ ਜਾਣ ਕਾਰਨ ਉਸ ਦੇ ਡਰਾਈਵਰ ਨੇ ਕਾਰ ਟਰਾਲੇ ਦੇ ਅੱਗੇ ਇੱਕਦਮ ਰੋਕ ਲਈ ਜਿਸ ਕਾਰਨ ਉਸ ਨੂੰ ਆਪਣਾ ਟਰਾਲਾ ਇਕਦਮ ਰੋਕਣਾ ਪਿਆ ਜਿਸ ਕਾਰਨ ਟਰਾਲਾ ਸੰਤੁਲਨ ਵਿਗੜਨ ਕਾਰਨ ਪਲਟ ਗਿਆ।

# ਯੁਵਕ ਸੇਵਾਵਾਂ ਵਿਭਾਗ ਵੱਲੋਂ ਨਸ਼ਿਆਂ ਵਿਰੁੱਧ ਅਭਿਆਨ ਤਹਿਤ ਜਾਗਰੂਕਤਾ ਪ੍ਰੋਗਰਾਮ ਕਰਵਾਏ



ਮੱਖੂ/ ਜ਼ੀਰਾ (ਫ਼ਿਰੋਜ਼ਪੁਰ), 18 ਅਗਸਤ: ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਦਵਿੰਦਰ ਸਿੰਘ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਫ਼ਿਰੋਜ਼ਪੁਰ ਦੀ ਅਗਵਾਈ ਵਿੱਚ ਵਿਭਾਗ ਨਾਲ ਐਫੀਲੀਏਟਡ ਯੂਥ ਕਲੱਬਾਂ ਰਾਹੀਂ ਕਰਵਾਏ ਜਾ ਰਹੇ ਨਸਿ‹ਆਂ ਵਿਰੁੱਧ ਜਾਗਰੂਕਤਾ ਅਭਿਆਨ ਦੌਰਾਨ ਯੁਵਕ ਸੇਵਾਵਾਂ ਕਲੱਬ ਦੇ ਨਾਲ ਮਿਲ ਕੇ ਪਿੰਡ ਕੈਨਾਲ ਕਲੋਨੀ (ਮੱਖੂ) ਅਤੇ ਪਿੰਡ ਪੰਡੋਰੀ ਖੱਤਰੀਆਂ (ਜ਼ੀਰਾ) ਵਿੱਚ ਸੈਮੀਨਾਰ ਅਤੇ ਨੁੱਕੜ ਨਾਟਕ ਰਾਹੀਂ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਇਸ ਮੌਕੇ ਦਵਿੰਦਰ ਸਿੰਘ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵੱਲੋਂ ਨੌਜਵਾਨਾਂ ਦਾ ਨਸ਼ਿਆਂ ਵੱਲ ਵੱਧ ਰਿਹਾ ਰੁਝਾਨ ਅਤੇ ਇਸ ਦੇ ਭਿਆਨਕ ਨਤੀਜਿਆਂ ਬਾਰੇ ਨੌਜਵਾਨਾਂ ਨਾਲ ਵਿਚਾਰ- ਵਟਾਂਦਰਾ ਕੀਤਾ। ਉਨ੍ਹਾਂ ਇਸ ਦੀ ਰੋਕਥਾਮ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਯੁਵਕ ਸੇਵਾਵਾਂ ਵਿਭਾਗ ਨਾਲ ਜੁੜ ਕੇ ਸਰਕਾਰ ਦੀਆਂ ਯੁੱਧ ਨਸਿ‹ਆ ਵਿਰੁੱਧ ਮੁਹਿੰਮ ਵਰਗੀਆਂ ਲਹਿਰਾਂ ਨੂੰ ਸਫਲ ਬਣਾਉਣ ਲਈ ਨੌਜਵਾਨਾਂ ਨੂੰ ਪ੍ਰੇਰਿਆ। ਉਨ੍ਹਾਂ ਯੁਵਕ ਸੇਵਾਵਾਂ ਵਿਭਾਗ ਨਾਲ ਨੌਜਵਾਨਾਂ ਨੂੰ ਜੁੜ ਕੇ ਨਸਿ‹ਆ ਤੋਂ ਦੂਰ ਰਹਿ ਕੇ ਆਪਣੀ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਨ ਤੰਦਰੁਸਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰਰਿਤ ਕੀਤਾ।ਸ੍ਰੀਮਤੀ ਪ੍ਰਿਆ, ਮਿਸ ਦਵਿੰਦਰ ਕੌਰ, ਸ੍ਰ. ਦਿਦਾਰ ਸਿੰਘ, ਸ੍ਰੀਮਤੀ ਕੁਲਦੀਪ ਕੌਰ, ਸੰਦੀਪ ਕੌਰ ਅਤੇ ਹੋਰ ਟੀਮ ਮੈਂਬਰ ਸਿਹਤ ਵਿਭਾਗ ਤੋਂ ਆਏ ਅਤੇ ਉਨ੍ਹਾਂ ਨੌਜਵਾਨਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਸਰਕਾਰ ਦੁਆਰਾ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਨੁੱਕੜ ਨਾਟਕ ਦੀ ਟੀਮ ਵੱਲੋਂ ਨਾਟਕ ਰਾਹੀਂ ਨਸ਼ਿਆਂ ਬਾਰੇ ਨੌਜਵਾਨਾਂ ਨੂੰ ਜਾਗਰੂਕ ਕੀਤਾ। ਸ੍ਰ. ਜਸਪ੍ਰੀਤ ਸਿੰਘ ਹੈਡਮਾਸਟਰ ਸਰਕਾਰੀ ਹਾਈ ਸਕੂਲ, ਪੰਡੋਰੀ ਖੱਤਰੀਆਂ ਵੱਲੋਂ ਵੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਇਸ ਸਮੇਂ ਪਿੰਡ ਦੇ ਸਰਪੰਚ ਸ੍ਰ. ਗੁਰਜੀਤ ਸਿੰਘ ਪਿੰਡ ਪੱਧਰ ਤੇ ਨਸ਼ਿਆਂ ਨੂੰ ਰੋਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ। ਕਲੱਬ ਪ੍ਰਧਾਨ ਰਵੀ ਕੁਮਾਰ ਪਿੰਡ ਕੈਨਾਲ ਕਲੋਨੀ ਅਤੇ ਕਲੱਬ ਪ੍ਰਧਾਨ ਇੰਜ: ਕੁਲਬੀਰ ਸਿੰਘ ਪਿੰਡ ਪੰਡੋਰੀ ਖੱਤਰੀਆਂ ਵੱਲੋਂ ਪੂਰਨ ਸਹਿਯੋਗ ਕਰਕੇ ਇਸ ਜਾਗਰੂਕਤਾ ਪ੍ਰੋਗਰਾਮ ਨੂੰ ਸਫਲ ਬਣਾਇਆ। ਪੱਤਵੰਤੇ ਸੱਜਣਾਂ ਅਤੇ ਨੌਜਵਾਨਾਂ ਨੂੰ ਮੋਮੈਂਟੋ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤਰਨਜੀਤ ਕੌਰ, ਗੁਰਜੀਤ ਸਿੰਘ ਸਰਪੰਚ ਅਤੇ ਸਮੂਹ ਪੰਚਾਇਤ ਪਿੰਡ ਪੰਡੋਰੀ ਖੱਤਰੀਆਂ, ਗੁਰਦੇਵ ਸਿੰਘ, ਦਵਿੰਦਰ ਸਿੰਘ, ਅੰਗਰੇਜ਼ ਸਿੰਘ, ਸੀਤਲ ਸਿੰਘ, ਪ੍ਰੇਮ ਸਿੰਘ, ਰਣਧੀਰ ਸਿੰਘ ਲਵਪ੍ਰੀਤ ਸਿੰਘ ਸਰਪੰਚ ਤਲਵੰਡੀ ਨਿਪਾਲਾਂ, ਅੰਕਿਤਾ ਸ਼ਰਮਾ, ਸੁਰਿੰਦਰਪਾਲ, ਮੁਕੇਸ਼ ਕੁਮਾਰ, ਤੁਸ਼ਾਰ ਕੁਮਾਰ, ਹਰਸੁਖਪ੍ਰੀਤ ਸਿੰਘ, ਨਿਤਿਸ਼ ਕੁਮਾਰ, ਲਲਿਤ ਸ਼ਰਮਾ, ਨਿਤਿਸ਼ ਕੁਮਾਰ, ਅਕਾਸ਼ਦੀਪ, ਸਹਿਲ, ਸੁਖਮਨਪ੍ਰੀਤ ਸਿੰਘ, ਦਿਕਸ਼ਿਤ ਕੁਮਾਰ ਅਤੇ ਯੁਵਕ ਸੇਵਾਵਾਂ ਕਲੱਬਾਂ ਦੇ ਮੈਂਬਰ ਸ਼ਾਮਲ ਹੋਏ।

# ਐਸ.ਪੀ.ਐਨ. ਕਾਲਜ ਦੇ ਐਮ.ਐਸ.ਸੀ. ਫਿਜ਼ਿਕਸ ਦੇ ਵਿਦਿਆਰਥੀਆਂ ਨੇ ਮੈਰਿਟ ਸੂਚੀ ਵਿੱਚ ਪ੍ਰਾਪਤ ਕੀਤਾ ਸਥਾਨ

ਮੁਕੇਰੀਆਂ,18 ਅਗਸਤ ( ਧਰਮ ਚੰਦ ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਐਲਾਨੇ ਗਏ ਐਮ.ਐਸ.ਸੀ. ਫਿਜ਼ਿਕਸ ਚੌਥੇ ਸਮੈਸਟਰ ਦੇ ਨਤੀਜਿਆਂ ਵਿੱਚ, ਸਵਾਮੀ ਪ੍ਰੇਮਾਨੰਦ ਮਹਾਵਿਦਿਆਲਾ, ਮੁਕੇਰੀਆਂ ਨੇ ਇੱਕ ਵਾਰ ਫਿਰ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੂਰੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਆਪਣੀ ਅਕਾਦਮਿਕ ਉੱਤਮਤਾ ਦਾ ਝੰਡਾ ਲਹਿਰਾਇਆ ਹੈ। ਕਾਲਜ ਦੀ ਵਿਦਿਆਰਥਣ ਉਮਾ ਦੇਵੀ ਨੇ ਯੂਨੀਵਰਸਿਟੀ ਮੈਰਿਟ ਸੂਚੀ ਵਿੱਚ 81.5% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਅਤੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਇੱਸੇ ਤਰ੍ਹਾਂ ਊਸ਼ਾ ਚੌਧਰੀ ਨੇ 76.6% ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਦੂਜਾ ਸਥਾਨ ਅਤੇ ਰੱਜੂ ਸ਼ਰਮਾ ਨੇ 74.6% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਐਮ. ਐਸ. ਸੀ. ਫਿਜ਼ਿਕਸ ਚੌਥੇ ਸਮੈਸਟਰ ਦੇ ਨਤੀਜਿਆਂ ਦੀ ਤਰ੍ਹਾਂ ਹੀ ਐਮ.ਐਸ.ਸੀ. ਫਿਜ਼ਿਕਸ ਦੂਜੇ ਸਮੈਸਟਰ ਦੇ ਨਤੀਜਿਆਂ ਵਿੱਚ ਵੀ ਵਿਦਿਆਰਥੀਆਂ ਨੇ ਸ਼ਾਨਦਾਰ ਸਫਲਤਾ ਦਰਜ ਕੀਤੀ। ਅੰਕਿਤਾ ਸ਼ਰਮਾ ਨੇ 83% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਸੂਚੀ ਵਿੱਚ ਚੌਥਾ ਸਥਾਨ ਅਤੇ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ, ਚਾਹਤ ਨੇ 81.6% ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਦੂਜਾ ਸਥਾਨ ਅਤੇ ਭਾਰਤੀ ਸ਼ਰਮਾ ਨੇ 79.8% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਜੀ ਨੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਸਫਲਤਾ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਪ੍ਰਾਪਤੀ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਅਧਿਆਪਕਾਂ ਦੀ ਲਗਨ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਐਸ.ਪੀ.ਐਨ. ਕਾਲਜ ਦਾ ਐਮ.ਐਸ.ਸੀ. ਫਿਜ਼ਿਕਸ ਵਿਭਾਗ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਮੈਰਿਟ ਪੁਜੀਸ਼ਨਾਂ ਪ੍ਰਾਪਤ ਕਰਦਾ ਆ ਰਿਹਾ ਹੈ, ਜੋ ਕਿ ਵਿਭਾਗ ਦੀ ਅਕਾਦਮਿਕ ਗੁਣਵੱਤਾ ਦਾ ਸਬੂਤ ਹੈ। ਇਸ ਮੌਕੇ ਤੇ ਕਾਲਜ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਜੀ ਨੇ ਵਿਭਾਗ ਦੇ ਮੁਖੀ ਡਾ. ਅਰੁਣ ਕੁਮਾਰ, ਪ੍ਰੋ. ਨਾਰਾਇਣ ਸਿੰਘ, ਡਾ. ਦੀਪਿਕਾ ਸ਼ਰਮਾ, ਪ੍ਰੋ. ਅਰਵਿੰਦ ਸਿੰਘ ਚੌਹਾਨ, ਡਾ. ਅਸ਼ੋਕ ਚੌਧਰੀ ਅਤੇ ਹੋਰ ਵਿਭਾਗੀ ਅਧਿਆਪਕਾਂ ਦੀ ਉਨ੍ਹਾਂ ਦੇ ਯੋਗ ਮਾਰਗਦਰਸ਼ਨ ਲਈ ਪ੍ਰਸ਼ੰਸਾ ਕੀਤੀ। ਇਸਦੇ ਨਾਲ ਹੀ ਉਨ੍ਹਾਂ ਹੋਣਹਾਰ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ ਤੇ ਵਧਾਈ ਵੀ ਦਿੱਤੀ।

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਬੀ. ਕਾਮ ਸਮੈਸਟਰ ਚੌਥਾ ਦਾ ਨਤੀਜਾ ਰਿਹਾ ਸ਼ਾਨਦਾਰ



ਬੰਗਾ 18 ਅਗਸਤ ( ਪ੍ਰਭਜੋਤ ਸਿੰਘ ) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਐਲਾਨੇ ਮਈ, 2025 ਦੌਰਾਨ ਲਈ ਬੀ. ਕਾਮ ਸਮੈਸਟਰ ਚੌਥਾ ਦੀ ਪ੍ਰੀਖਿਆ ਦੇ ਐਲਾਨੇ ਨਤੀਜਿਆਂ ਚ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਨੇ ਚੰਗੇ ਨੰਬਰ ਲੈ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ । ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਦੱਸਿਆ ਕਿ ਵਿਦਿਆਰਥਣ ਅਦਿਤੀ ਅਤੇ ਮਹਿਕਪ੍ਰੀਤ ਕੌਰ ਨੇ 8.00 ਐਸ ਜੀ ਪੀ ਏ ਨਾਲ ਯੂਨੀਵਰਸਿਟੀ ਚੋਂ 9ਵਾਂ , ਜ਼ਿਲ੍ਹੇ ਚੋਂ ਦੂਜਾ ਅਤੇ ਕਾਲਜ ਚੋਂ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸੰਜਨਾ ਤੇ ਕਰਨ ਬਸਨਪਾਲ ਨੇ 7.85 ਐਸ ਜੀ ਪੀ ਏ ਨਾਲ ਯੂਨੀਵਰਸਿਟੀ ਚੋਂ 11ਵਾਂ ਅਤੇ ਕਾਲਜ ਵਿੱਚ ਦੂਜਾ ਸਥਾਨ ਹਾਸਲ ਕੀਤਾ। ਵਿਦਿਆਰਥਣ ਤਾਨੀਆ ਨੇ 7.77 ਐਸ ਜੀ ਪੀ ਏ ਨਾਲ ਯੂਨੀਵਰਸਿਟੀ ਚੋਂ 12ਵਾਂ ਅਤੇ ਕਾਲਜ ਵਿੱਚ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਸਾਹਿਬ ਨੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰਦਿਆਂ ਦੱਸਿਆ ਕਿ ਕਾਮਰਸ ਵਿਭਾਗ ਦੇ ਵਿਦਿਆਰਥੀ ਲਗਾਤਾਰ ਯੂਨੀਵਰਸਿਟੀ ਨਤੀਜਿਆਂ ਵਿਚ ਮੱਲਾਂ ਮਾਰ ਕੇ ਕਾਲਜ ਦਾ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਨੇ ਵਿਭਾਗ ਦੇ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ ਅਤੇ ਉਨ੍ਹਾਂ ਵੱਲੋਂ ਸਮੇਂ ਸਮੇਂ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਯੋਗ ਅਗਵਾਈ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਵਿਭਾਗ ਮੁਖੀ ਡਾ. ਕਮਲਦੀਪ ਕੌਰ ਨੇ ਵੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਭਵਿੱਖ ਵਿੱਚ ਇਸ ਤੋਂ ਵੀ ਵੱਧ ਸ਼ਾਨਦਾਰ ਨਤੀਜਿਆਂ ਦੀ ਆਸ ਵੀ ਪ੍ਰਗਟਾਈ। ਇਸ ਮੌਕੇ ਵਿਭਾਗ ਮੁਖੀ ਡਾ. ਕਮਲਦੀਪ ਕੌਰ, ਡਾ. ਦਵਿੰਦਰ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਮਨਰਾਜ ਕੌਰ, ਪ੍ਰੋ. ਹਰਦੀਪ ਕੌਰ, ਪ੍ਰੋ. ਪ੍ਰਿਆ ਲੱਧੜ, ਪ੍ਰੋ. ਅਵਨੀਤ ਕੌਰ, ਪ੍ਰੋ. ਦੀਪਿਕਾ, ਪ੍ਰੋ. ਗੁਰਿੰਦਰ ਕੌਰ ਅਤੇ ਪ੍ਰੋ. ਮਨੀਸ਼ਾ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਸਰਕਾਰੀ ਕਾਲਜ ਵਿਖੇ ਇਤਿਹਾਸ ਗੈਲਰੀ ਤੇ ਮਹਾਰਾਜਾ ਰਣਜੀਤ ਸਿੰਘ ਭਵਨ ਦਾ ਉਦਘਾਟਨ



ਗੁਰਦਾਸਪੁਰ, 18 ਅਗਸਤ (ਜਗੀਰ ਸਿੰਘ ਮੰਡ ) - ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਇਤਿਹਾਸ ਗੈਲਰੀ ਅਤੇ ਮਹਾਰਾਜਾ ਰਣਜੀਤ ਸਿੰਘ ਭਵਨ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਤੇ ਕਾਲਜ ਦਾ ਸਟਾਫ਼ ਵੀ ਹਾਜ਼ਰ ਸੀ।ਸਰਕਾਰੀ ਕਾਲਜ ਗੁਰਦਾਸਪੁਰ ਦੇ ਇਤਿਹਾਸ ਨੂੰ ਸਟੀਲ ਫਰੇਮ ਵਿੱਚ ਜੁੜਵਾ ਕੇ ਕਾਲਜ ਦੇ ਵਿਹੜੇ ਵਿੱਚ ਲਗਾਇਆ ਗਿਆ ਹੈ ਤਾਂ ਕਿ ਵਿਦਿਆਰਥੀਆਂ ਅਤੇ ਹਰ ਆਉਣ ਜਾਣ ਵਾਲੇ ਨੂੰ ਕਾਲਜ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕੇ। ਇਸ ਇਤਿਹਾਸ ਵਿੱਚ ਕਾਲਜ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਦੇ ਗੌਰਵਮਈ ਇਤਿਹਾਸ ਨੂੰ ਇਤਿਹਾਸਿਕ ਤੱਥਾਂ ਨਾਲ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਕਾਲਜ ਵੱਲੋਂ ਨਵੇਂ ਰੈਨੋਵੇਟ ਕੀਤੇ ਬਲਾਕ, ਜਿਸ ਨੂੰ ਮਹਾਰਾਜਾ ਸਿੰਘ ਭਵਨ ਦਾ ਨਾਮ ਦਿੱਤਾ ਗਿਆ ਹੈ ਅਤੇ ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੋਟੋ ਵੀ ਲਗਾਈ ਗਈ ਹੈ।ਇਸ ਮੌਕੇ ਹਾਜ਼ਰ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਸਰਕਾਰੀ ਕਾਲਜ ਗੁਰਦਾਸਪੁਰ ਸਾਡੇ ਜ਼ਿਲ੍ਹੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਹੈ ਜੋ ਪਿਛਲੇ 5 ਦਹਾਕਿਆਂ ਦੇ ਵੱਧ ਸਮੇਂ ਤੋਂ ਗਿਆਨ ਦਾ ਚਾਨਣ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਾਲਜ ਦੇ ਸ਼ਾਨਾਮੱਤੇ ਇਤਿਹਾਸ ਬਾਰੇ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣਾ ਅਤੇ ਕਾਲਜ ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਮ ਉੱਪਰ ਕਾਲਜ ਦੇ ਬਲਾਕ ਦਾ ਨਾਮ ਰੱਖਣਾ ਸ਼ਲਾਘਾਯੋਗ ਉਪਰਾਲਾ ਹੈ। ਇਸ ਤੋਂ ਪਹਿਲਾਂ ਕਾਲਜ ਆਉਣ ਤੇ ਡਿਪਟੀ ਕਮਿਸ਼ਨਰ ਦਾ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ, ਵਾਈਸ ਪ੍ਰਿੰਸੀਪਲ ਡਾ. ਕਰਨਜੀਤ ਸ਼ਰਮਾ ਅਤੇ ਕਾਲਜ ਕੌਂਸਲ ਦੇ ਮੈਂਬਰਾਂ ਨੇ ਭਰਵਾਂ ਸਵਾਗਤ ਕੀਤਾ ਅਤੇ ਕਾਲਜ ਦੀ ਗਿੱਧਾ ਟੀਮ ਨੇ ਗਿੱਧਾ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਗਿੱਧਾ ਪਾਉਂਦੀਆਂ ਇਹ ਵਿਦਿਆਰਥਣਾਂ ਉਨ੍ਹਾਂ ਨੂੰ ਉਦਘਾਟਨ ਸਥਲ ਤੇ ਲੈ ਕੇ ਗਈਆਂ। ਇਸ ਮੌਕੇ ਤੇ ਬੋਲਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਵੱਲੋਂ ਡਿਪਟੀ ਕਮਿਸ਼ਨਰ ਦਾ ਸਵਾਗਤ ਕਰਦੇ ਹੋਏ ਕਾਲਜ ਦੀਆਂ ਲੋੜਾਂ ਤੋਂ ਜਾਣੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਨਵੇਂ ਬਲਾਕ ਵਿੱਚ ਸਾਲ 2025-26 ਤੋਂ ਨਵੇਂ ਸ਼ੁਰੂ ਕੀਤੇ ਕੋਰਸਾਂ ਜਿੰਨਾ ਵਿੱਚ ਬੀ.ਕਾਮ (ਟੈਕਸ ਪਲੈਨਿੰਗ) ਬੀ.ਬੀ.ਏ., ਐਮ.ਏ. (ਪੰਜਾਬੀ) ਅਤੇ ਐਮ.ਕਾਮ ਦੀਆਂ ਕਲਾਸਾਂ ਲੱਗਣਗੀਆਂ। ਇਸ ਸਮਾਰੋਹ ਵਿੱਚ ਮਹੰਤ ਡਾ. ਏ.ਐਨ. ਕੌਸ਼ਲ, ਮਹੰਤ ਰਮੇਸ਼ਵਰ ਨਾਥ, ਸ਼ੈਲੀ ਮਹੰਤ, ਕੇ.ਕੇ. ਸ਼ਰਮਾ, ਪ੍ਰੋ. ਜੇ.ਐਸ. ਗਰੋਵਰ, ਹਰਮਨਪ੍ਰੀਤ ਸਿੰਘ, ਮਹੰਤ ਹਰਦੇਸ਼ਵਰ ਨਾਥ, ਮਹੰਤ ਰਮੇਸ਼ਵਰ ਨਾਥ, ਮਨੀਸ਼ ਮਹੰਤ ਅਤੇ ਮਹੰਤ ਪਰਿਵਾਰ ਦੇ ਮੈਂਬਰ ਵੀ ਸ਼ਾਮਿਲ ਸਨ। ਇਸ ਮੌਕੇ ਤੇ ਸ਼ਹਿਰ ਦੇ ਬਹੁਤ ਪਤਵੰਤੇ ਸੱਜਣ ਜਿਨ੍ਹਾਂ ਵਿੱਚ ਸਾਬਕਾ ਪ੍ਰਿੰਸੀਪਲ ਸ੍ਰੀ ਅਵਤਾਰ ਸਿੰਘ ਸਿੱਧੂ, ਪ੍ਰਿੰਸੀਪਲ ਰਮੇਸ਼ ਸ਼ਰਮਾ, ਬਲਵਿੰਦਰ ਡੋਗਰਾ, ਅਨੁਰੰਜਨ ਸੈਣੀ, ਰਾਕੇਸ਼ ਸ਼ਰਮਾ ਅਤੇ ਪਰਮਿੰਦਰ ਸਿੰਘ ਸੈਣੀ ਸ਼ਾਮਿਲ ਸਨ।

# ਜਗਦੀਪ ਚੀਮਾ ਦਾ ਮੰਡੀ ਗੋਬਿੰਦਗੜ੍ਹ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਕੀਤਾ ਸਨਮਾਨ



ਫਤਿਹਗੜ੍ਹ ਸਾਹਿਬ, 18 ਅਗਸਤ (ਹਰਪ੍ਰੀਤ ਕੌਰ ਟਿਵਾਣਾ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਨੂੰ ਚੁਸਤ ਦਰੁਸਤ ਕਰਨ ਅਤੇ ਪਾਰਟੀ ਦੇ ਟਕਸਾਲੀ ਅਕਾਲੀਆਂ ਨੂੰ ਨਵੇਂ ਪੱਧਰ ਤੇ ਦਿੱਤੀਆਂ ਜਾ ਰਹੀਆਂ ਅਹੁਦੇਦਾਰੀਆਂ ਦੌਰਾਨ ਹਲਕਾ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਜਗਦੀਪ ਸਿੰਘ ਚੀਮਾ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਬਣਾਏ ਜਾਣ ਤੇ ਭਾਰਤ ਭੂਸ਼ਣ ਟੋਨੀ ਪ੍ਰਧਾਨ ਸਟੀਲ ਸਿਟੀ ਫਰਨੇਸ਼ਨ ਮੰਡੀ ਗੋਬਿੰਦਗੜ੍ਹ, ਹਰਮੀਤ ਸਿੰਘ ਖਾਲਸਾ ਐਗਜੈਕਟਿਵ ਮੈਂਬਰ ਸਟੀਲ ਚੈਂਬਰ ਮੰਡੀ ਗੋਬਿੰਦਗੜ੍ਹ ਤੇ ਭਗਵਾਨ ਦਾਸ ਸ਼ਰਮਾ ਭਗਵਾਨ ਦਾ ਸ਼ਰਮਾ ਪ੍ਰਧਾਨ ਸਕਰੈਪ ਐਸੋਸੀਏਸ਼ਨ ਮੰਡੀ ਗੋਬਿੰਦਗੜ੍ਹ ਵਲੋਂ ਮੂੰਹ ਮਿੱਠਾ ਕਰਵਾ ਕੇ ਵਿਸ਼ੇਸ ਸਨਮਾਨ ਕੀਤਾ ਗਿਆ।ਮੰਡੀ ਗੋਬਿੰਦਗੜ੍ਹ ਦੇ ਇਹਨਾਂ ਪ੍ਰਮੁੱਖ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਫਤਿਹਗੜ੍ਹ ਸਾਹਿਬ ਤੋਂ ਇੰਚਾਰਜ ਜਗਦੀਪ ਸਿੰਘ ਚੀਮਾ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦਾ ਜਨਰਲ ਸਕੱਤਰ ਲਗਾਏ ਜਾਣ ਨਾਲ ਪਾਰਟੀ ਵਰਕਰਾਂ ਵਿੱਚ ਕਾਫੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਟਕਸਾਲੀ ਪਰਿਵਾਰ ਮੁੱਢ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਦਿਨ ਰਾਤ ਇੱਕ ਕਰਕੇ ਕੰਮ ਕਰ ਰਿਹਾ ਹੈ ਅਤੇ ਚੀਮਾ ਪਰਿਵਾਰ ਦਾ ਜਿਲਾ ਫਤਿਹਗੜ੍ਹ ਸਾਹਿਬ ਤੇ ਤਿੰਨੋ ਵਿਧਾਨ ਸਭਾ ਹਲਕਿਆਂ ਫਤਿਹਗੜ੍ਹ ਸਾਹਿਬ, ਬਸੀ ਪਠਾਣਾ ਅਤੇ ਅਮਲੋਹ ਵਿੱਚ ਪੂਰਨ ਆਧਾਰ ਹੈ ।

## ਨੰਨ੍ਹੇ ਬੱਚਿਆਂ ਨੇ ਦਿੱਤਾ ਸੁਨੇਹਾ: ਮੋਬਾਈਲ ਛੱਡੋ, ਖੇਡਾਂ ਅਪਨਾਓ



ਬਰਨਾਲਾ, 18 ਅਗਸਤ (ਅਮਨਦੀਪ ਸਿੰਘ): ਬੀ ਵੀ ਐਮ ਇੰਟਰਨੈਸ਼ਨਲ ਸਕੂਲ ਵਿੱਚ ਨਰਸਰੀ ਵਰਗ ਦੇ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ 'ਸਵਿੱਚ ਆਫ਼ ਟੂ ਪਲੇ ਆਨ' ਨਾਮਕ ਗਤੀਵਿਧੀ ਪੇਸ਼ ਕਰਕੇ ਸਭ ਦਾ ਦਿਲ ਜਿੱਤ ਲਿਆ। ਇਸ ਨੰਨ੍ਹੇ ਸਟੇਜ ਦਾ ਮਕਸਦ ਸੀ - ਬੱਚਿਆਂ ਅਤੇ ਮਾਪਿਆਂ ਨੂੰ ਇਹ ਸੁਨੇਹਾ ਦੇਣਾ ਕਿ ਮੋਬਾਈਲ ਫੋਨ ਦੀ ਲਤ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਅਸਲੀ ਖੇਡਾਂ ਅਤੇ ਰਚਨਾਤਮਕ ਗਤੀਵਿਧੀਆਂ ਵਿੱਚ ਸਮਾਂ ਬਿਤਾਉਣਾ ਹੀ ਸੱਚੀ ਖੁਸ਼ੀ ਹੈ ਗਤੀਵਿਧੀ ਵਿੱਚ ਬੱਚਿਆਂ ਨੇ ਮੋਬਾਈਲ ਫੋਨ ਦੀ ਆਦਤ ਨਾਲ ਹੋਣ ਵਾਲੇ ਨੁਕਸਾਨ ਜਿਵੇਂ - ਅੱਖਾਂ ਦੀ ਰੌਸ਼ਨੀ 'ਤੇ ਅਸਰ, ਸਮਾਜਿਕ ਦੂਰੀ, ਪੜ੍ਹਾਈ 'ਤੇ ਨਕਾਰਾਤਮਕ ਪ੍ਰਭਾਵ ਅਤੇ ਸਿਹਤ ਸਮੱਸਿਆਵਾਂ ਨੂੰ ਆਪਣੀਆਂ ਮਾਸੂਮ ਅਦਾਵਾਂ ਰਾਹੀਂ ਦਰਸਾਇਆ। ਇਸ ਤੋਂ ਬਾਅਦ ਉਹਨਾਂ ਇਹ ਸੁਨੇਹਾ ਦਿੱਤਾ ਕਿ ਜੇ ਮੋਬਾਈਲ ਬੰਦ ਕਰ ਦਿੱਤਾ ਜਾਵੇ ਤਾਂ ਪਰਿਵਾਰ ਅਤੇ ਦੋਸਤਾਂ ਨਾਲ ਖੇਡਾਂ, ਗੱਲਬਾਤ ਅਤੇ ਰਚਨਾਤਮਕ ਗਤੀਵਿਧੀਆਂ ਦਾ ਆਨੰਦ ਲਿਆ ਜਾ ਸਕਦਾ ਹੈ। ਇਸ ਮੌਕੇ ਤੇ ਸਕੂਲ ਦੇ ਚੇਅਰਮੈਨ ਸ੍ਰੀ ਪ੍ਰਮੋਦ ਅਰੋੜਾ ਜੀ, ਡਾਇਰੈਕਟਰ ਸ਼੍ਰੀਮਤੀ ਗੀਤਾ ਅਰੋੜਾ ਜੀ, ਸ਼੍ਰੀ ਨਿਖਿਲ ਅਰੋੜਾ ਜੀ ਅਤੇ ਸ਼੍ਰੀਮਤੀ ਨੇਹੁਲ ਅਰੋੜਾ ਜੀ ਨੇ ਬੱਚਿਆਂ ਦੀ ਪੇਸ਼ਕਸ਼ ਦੀ ਪ੍ਰਸ਼ੰਸਾ ਕਰਦਿਆਂ ਕਿਹਾ, "ਅੱਜ ਦੇ ਸਮੇਂ ਵਿੱਚ ਇਹ ਵਿਸ਼ਾ ਬਹੁਤ ਹੀ ਪ੍ਰਸੰਗਿਕ ਹੈ। ਮੋਬਾਈਲ ਨੇ ਬੱਚਿਆਂ ਅਤੇ ਵੱਡਿਆਂ ਦੋਹਾਂ ਨੂੰ ਆਪਣੀ ਗਿਰਫ਼ਤ ਵਿੱਚ ਲੈ ਲਿਆ ਹੈ। ਐਸੇ ਵਿੱਚ ਨੰਨੇ ਬੱਚਿਆਂ ਵੱਲੋਂ ਦਿੱਤਾ ਗਿਆ ਇਹ ਸੁਨੇਹਾ ਸਾਡੇ ਲਈ ਚੇਤਾਵਨੀ ਅਤੇ ਪ੍ਰੇਰਨਾ ਹੈ ਕਿ ਸਾਨੂੰ ਤਕਨਾਲੋਜੀ ਦਾ ਉਪਯੋਗ ਸੀਮਿਤ ਰੱਖਣਾ ਚਾਹੀਦਾ ਹੈ ਅਤੇ ਅਸਲੀ ਜੀਵਨ ਦੇ ਤਜਰਬਿਆਂ 'ਤੇ ਧਿਆਨ ਦੇਣਾ ਚਾਹੀਦਾ ਹੈ।"

## ਵਾਈ.ਐਸ. ਸਕੂਲ ਦੇ ਯੰਗ ਇਨੋਵੇਟਰ ਮੈਗਾ ਟਿੰਕਰਿੰਗ ਡੇ 2025 ਵਿੱਚ ਚਮਕੇ







ਬਰਨਾਲਾ, 18 ਅਗਸਤ (ਹਿਮਾਂਸ਼ੂ ਗਰਗ): ਵਾਈਐਸ ਸਕੂਲ ਹਮੇਸ਼ਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਪ੍ਰਤੀ ਆਪਣੀ ਉੱਤਮਤਾ, ਰਚਨਾਤਮਕਤਾ ਅਤੇ ਵਚਨਬੱਧਤਾ ਲਈ ਜਾਣਿਆ ਜਾਂਦਾ ਰਿਹਾ ਹੈ। ਨਵੀਨਤਾ ਅਤੇ ਵਿਹਾਰਕ ਸਿੱਖਿਆ 'ਤੇ ਵਿਸ਼ੇਸ਼ ਧਿਆਨ ਦੇ ਨਾਲ, ਸਕੂਲ ਆਪਣੇ ਵਿਦਿਆਰਥੀਆਂ ਨੂੰ ਖੋਜ, ਸਿਰਜਣ ਅਤੇ ਵਧਣ ਦੇ ਅਸੀਮ ਮੌਕੇ ਪ੍ਰਦਾਨ ਕਰਦਾ ਹੈ। ਸਾਲ ਦਰ ਸਾਲ, ਸਾਡੇ ਵਿਦਿਆਰਥੀ ਅਕਾਦਮਿਕ ਪ੍ਰਾਪਤੀਆਂ, ਤਕਨੀਕੀ ਤਰੱਕੀ ਅਤੇ ਰਚਨਾਤਮਕ ਪ੍ਰੋਜੈਕਟਾਂ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਕੂਲ ਦਾ ਨਾਮ ਰੌਸ਼ਨ ਕਰਦੇ ਹਨ, ਇਹ ਸਾਬਤ ਕਰਦੇ ਹਨ ਕਿ ਵਾਈਐਸ ਸਕੂਲ ਸੱਚਮੁੱਚ ਨੌਜਵਾਨ ਪ੍ਰਤਿਭਾ ਦਾ ਕੇਂਦਰ ਹੈ।ਵਾਈਐਸ ਸਕੂਲ ਨੇ ਅਟਲ ਇਨੋਵੇਸ਼ਨ ਮਿਸ਼ਨ (ਏਆਈਐਮ), ਨੀਤੀ ਆਯੋਗ ਦੁਆਰਾ ਆਯੋਜਿਤ ਮੈਗਾ ਟਿੰਕਰਿੰਗ ਦਿਵਸ 2025 ਦੇ ਰਾਸ਼ਟਰੀ ਜਸ਼ਨ ਵਿੱਚ ਮਾਣ ਨਾਲ ਹਿੱਸਾ ਲਿਆ। ਇਸ ਸ਼ਾਨਦਾਰ ਸਮਾਗਮ ਦਾ ਉਦੇਸ਼ ਭਾਰਤ ਭਰ ਦੇ ਨੌਜਵਾਨਾਂ ਵਿੱਚ ਰਚਨਾਤਮਕਤਾ, ਨਵੀਨਤਾ ਅਤੇ ਹੱਥੀਂ ਸਿਖਲਾਈ ਨੂੰ ਉਤਸ਼ਾਹਿਤ ਕਰਨਾ ਸੀ। ਇਸ ਮੌਕੇ 'ਤੇ, ਸਾਡੇ ਵਿਦਿਆਰਥੀਆਂ ਨੇ ਵੱਖ-ਵੱਖ ਟਿੰਕਰਿੰਗ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਉਨ੍ਹਾਂ ਨੇ ਵਿਲੱਖਣ ਵਿਚਾਰਾਂ 'ਤੇ ਵਿਚਾਰ ਕਰਨ, ਸਮੱਸਿਆਵਾਂ ਦੇ ਹੱਲ ਲੱਭਣ ਅਤੇ ਅਸਲ ਜੀਵਨ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਆਪਣੇ ਹੁਨਰ ਦੀ ਵਰਤੋਂ ਕਰਨ ਲਈ ਟੀਮਾਂ ਬਣਾਈਆਂ। ਸਾਡੇ ਸਮਰਪਿਤ ਸਲਾਹਕਾਰਾਂ ਦੀ ਅਗਵਾਈ ਹੇਠ, ਵਿਦਿਆਰਥੀਆਂ ਨੇ ਨਵੀਨਤਾਕਾਰੀ ਪ੍ਰੋਜੈਕਟ ਬਣਾਏ ਜਿਨ੍ਹਾਂ ਨੇ ਨਾ ਸਿਰਫ਼ ਉਨ੍ਹਾਂ ਦੀ ਤਕਨੀਕੀ ਮੁਹਾਰਤ, ਸਗੋਂ ਬਾਕਸ ਤੋਂ ਬਾਹਰ ਸੋਚਣ ਦੀ ਉਨ੍ਹਾਂ ਦੀ ਯੋਗਤਾ ਦਾ ਪ੍ਰਦਰਸ਼ਨ ਵੀ ਕੀਤਾ। ਪੂਰਾ ਦਿਨ ਉਤਸ਼ਾਹ, ਟੀਮ ਵਰਕ ਅਤੇ ਖੋਜ ਦੀ ਭਾਵਨਾ ਨਾਲ ਭਰਿਆ ਰਿਹਾ।ਮੈਗਾ ਟਿੰਕਰਿੰਗ ਡੇ ਨੇ ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਤੋਂ ਪਰੇ ਜਾਣ ਅਤੇ ਆਪਣੇ ਗਿਆਨ ਨੂੰ ਵਿਹਾਰਕ ਵਰਤੋਂ ਵਿੱਚ ਲਿਆਉਣ ਦਾ ਮੌਕਾ ਦਿੱਤਾ। ਇਸਨੇ ਉਨ੍ਹਾਂ ਵਿੱਚ ਇੱਕ ਵਿਗਿਆਨਕ ਰਵੱਈਆ ਪੈਦਾ ਕੀਤਾ, ਉਤਸੁਕਤਾ ਪੈਦਾ ਕੀਤੀ ਅਤੇ ਉਨ੍ਹਾਂ ਨੂੰ ਅਜਿਹੇ ਹੱਲ ਲੱਭਣ ਲਈ ਪ੍ਰੇਰਿਤ ਕੀਤਾ ਜੋ ਦੁਨੀਆ ਵਿੱਚ ਸਕਾਰਾਤਮਕ ਬਦਲਾਅ ਲਿਆ ਸਕਦੇ ਹਨ। ਵਾਈਐਸ ਸਕੂਲ ਬਰਨਾਲਾ ਆਪਣੇ ਵਿਦਿਆਰਥੀਆਂ ਨੂੰ ਹਮੇਸ਼ਾ ਵੱਡੇ ਸੁਪਨੇ ਦੇਖਣ, ਰਚਨਾਤਮਕ ਸੋਚਣ ਅਤੇ ਬਿਹਤਰ ਭਵਿੱਖ ਬਣਾਉਣ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕਰਨ ਵਿੱਚ ਮਾਣ ਮਹਿਸੂਸ ਕਰਦਾ ਹੈ। ਮੈਗਾ ਟਿੰਕਰਿੰਗ ਡੇ ਵਰਗੇ ਸਮਾਗਮ ਇੱਕ ਯਾਦ ਦਿਵਾਉਂਦੇ ਹਨ ਕਿ ਸਹੀ ਮਾਰਗਦਰਸ਼ਨ ਅਤੇ ਮੌਕਾ ਦਿੱਤੇ ਜਾਣ 'ਤੇ, ਸਾਡੇ ਵਿਦਿਆਰਥੀ ਅਸਾਧਾਰਨ ਪ੍ਰਾਪਤੀਆਂ ਪ੍ਰਾਪਤ ਕਰ ਸਕਦੇ ਹਨ।

## ਕ੍ਰਿਸ਼ਨ ਜਨਮ ਅਸ਼ਟਮੀ 'ਤੇ ਸ਼ਿਆਮ ਪ੍ਰਚਾਰ ਮੰਡਲ ਨੇ ਕੱਢੀ ਪ੍ਰਭਾਤ ਫੇਰੀ



ਤਪਾ ਮੰਡੀ, 18 ਅਗਸਤ (ਭੂਸ਼ਨ ਘੜੈਲਾ):ਸ਼੍ਰੀ ਸ਼ਿਆਮ ਪ੍ਰਚਾਰ ਮੰਡਲ ਤਪਾ ਮੰਡੀ ਵੱਲੋਂ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਸਾਰੇ ਹੀ ਮੰਡੀ ਨਿਵਾਸੀਆਂ ਅਤੇ ਕ੍ਰਿਸ਼ਨ ਭਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਧੂਮ ਧਾਮ ਨਾਲ ਮਨਾਇਆ ਗਿਆ ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਉੱਤੇ ਸ੍ਰੀ ਸ਼ਿਆਮ ਪ੍ਰਚਾਰ ਮੰਡਲ ਅਤੇ ਮੰਡੀ ਨਿਵਾਸੀਆਂ ਵੱਲੋਂ ਪ੍ਰਭਾਤ ਫੇਰੀ ਕੀਤੀ ਗਈ ਸਭ ਨੇ ਹੀ ਪ੍ਰਭੂ ਪ੍ਰੇਮੀਆਂ ਨੇ ਨੱਚ ਟੱਪ ਕੇ ਬਹੁਤ ਆਨੰਦ ਮਾਣਿਆ। ਪ੍ਰਭਾਤ ਫੇਰੀ ਤੋਂ ਬਾਅਦ ਜੁਗਲ ਜੋੜੀ ਸਰਕਾਰ ਦੀ ਆਰਤੀ ਕਰਨ ਤੋਂ ਬਾਅਦ ਸਾਰੇ ਕ੍ਰਿਸ਼ਨ ਭਗਤਾਂ ਨੂੰ ਪ੍ਰਸ਼ਾਦ ਵੰਡਿਆ ਗਿਆ।

## ਗੁਰਦੁਆਰਾ ਪਾਤਸ਼ਾਹੀ ਛੇਵੀਂ ਸ਼ਹਿਣਾ ਦੀ ਕਾਰ ਸੇਵਾ ਲਈ ਰਾਸ਼ੀ ਦਾਨ ਕੀਤੀ



ਸ਼ਹਿਣਾ /ਭਦੌੜ ,18 ਅਗਸਤ (ਸੁਖਵਿੰਦਰ ਪਲਾਹਾ): ਪਾਤਸ਼ਾਹੀ ਛੇਵੀਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਪਾਤਸ਼ਾਹੀ ਛੇਵੀਂ ਸ਼ਹਿਣਾ ਵਿਖੇ ਦਰਸ਼ਨੀ ਡਿਊੜੀ ਦੀ ਚੱਲ ਰਹੀ ਕਾਰ ਸੇਵਾ ਅਤੇ ਹੋਰ ਕੰਮਾਂ ਲਈ ਮਹਿੰਦਰ ਸਿੰਘ ਬੀਕਾਨੇਰ ਮਿਠਾਈ ਭੰਡਾਰ ਸ਼ਹਿਣਾ ਵੱਲੋਂ ਗੁਰਦੁਆਰਾ ਪਾਤਸ਼ਾਹੀ ਛੇਵੀਂ ਸ਼ਹਿਣਾ ਦੀ ਪ੍ਰਬੰਧਕ ਕਮੇਟੀ ਨੂੰ 20 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਦਾਨ ਵਜੋਂ ਭੇਟ ਕੀਤੀ ਗਈ । ਗੁਰਦੁਆਰਾ ਪਾਤਸ਼ਾਹੀ ਛੇਵੀਂ ਸ਼ਹਿਣਾ ਦੇ ਪ੍ਰਧਾਨ ਹਰਜੀਤ ਸਿੰਘ ਖਹਿਰਾ ਅਤੇ ਖਜ਼ਾਨਚੀ ਹਰਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਹੀ ਦਰਸ਼ਨੀ ਡਿਊੜੀ ਦੀ ਕਾਰ ਸੇਵਾ ਦਾ ਕੰਮ ਆਰੰਭ ਕੀਤਾ ਹੋਇਆ ਹੈ ਅਤੇ ਜਲਦੀ ਹੀ ਦਰਸ਼ਨੀ ਡਿਊੜੀ ਦਾ ਕੰਮ ਨੇਪਰੇ ਚਾੜ੍ਹਿਆ ਜਾਵੇਗਾ। ਇਸ ਮੌਕੇ ਮਾਂ ਬਲਦੇਵ ਸਿੰਘ, ਪ੍ਰੀਤਮ ਸਿੰਘ, ਗੁਰਸੇਵਕ ਸਿੰਘ ਸਿੱਧੂ ,ਬਿੱਲੂ ਸਿੰਘ ਝੱਲੀ, ਰੂਪ ਸਿੰਘ ਮੌੜ, ਸੁਖਵਿੰਦਰ ਸਿੰਘ ਧਾਲੀਵਾਲ ਸਾਬਕਾ ਪੰਚਾਇਤ ਮੈਂਬਰ, ਅਵਤਾਰ ਸਿੰਘ, ਗੁਰਜੀਤ ਸਿੰਘ ਗੋਰਾ ਆਦਿ ਹਾਜ਼ਿਰ ਸਨ।

## ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ







ਤਪਾ ਮੰਡੀ, 18 ਅਗਸਤ (ਭੂਸ਼ਨ ਘੜੈਲਾ): ਤਪਾ ਮੰਡੀ ਸ਼ਹਿਰ ਵਾਸੀਆਂ ਨੇ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਜਨਮ ਦਿਹਾੜਾ ਬੜੀ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਇਆ। ਇਸ ਮੌਕੇ ਪ੍ਰਬੰਧਕ ਕਮੇਟੀਆਂ ਵੱਲੋਂ ਸ਼ਹਿਰ ਦੇ ਸਾਰੇ ਮੰਦਰਾਂ ਨੂੰ ਰੰਗ-ਬਿਰੰਗੀਆਂ ਇਲੈਕਟਰਾਨਿਕ ਲਾਈਟਾਂ ਨਾਲ ਸਜਾਇਆ ਗਿਆ। ਇਸ ਮੌਕੇ ਸ਼ਹਿਰ ਦੇ ਸਮੂਹ ਮੰਦਰਾਂ ਵਿੱਚ ਭਗਵਾਨ ਕ੍ਰਿਸ਼ਨ ਜੀ ਦੀ ਜੈ ਜੈ ਕਾਰ ਹੋ ਰਹੀ ਸੀ।ਪ੍ਰਬੰਧਕ ਕਮੇਟੀਆਂ ਵੱਲੋਂ ਮੰਦਰਾਂ ਵਿੱਚ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਝੂਲਾ, ਪੀਂਘਾਂ ਅਤੇ ਝਾਕੀਆ ਦਾ ਪ੍ਰਬੰਧ ਕੀਤਾ ਹੋਇਆ ਸੀ ਜੋ ਬਹੁਤ ਹੀ ਸੁੰਦਰ ਤੇ ਦੇਖਣ ਯੋਗ ਸੀ। ਸ਼ਾਮ ਹੁੰਦੇ ਹੀ ਸ਼ਹਿਰ ਦੇ ਪ੍ਰਾਚੀਨ ਸਰਨ ਮੰਦਰ, ਪੰਚਾਇਤੀ ਮੰਦਰ, ਸ਼੍ਰੀ ਗੀਤਾ ਭਵਨ ਸਮੇਤ ਸਾਰੇ ਮੰਦਰਾਂ ਦੇ ਦਰਸ਼ਨ ਕਰਨ ਲਈ ਸ਼ਰਧਾਲੂਆਂ ਦੀ ਭੀੜ ਇਕੱਠੀ ਹੋਣ ਲੱਗੀ। ਇਹ ਭੀੜ ਅੱਧੀ ਰਾਤ ਤੱਕ ਜਾਰੀ ਰਹੀ। ਸ਼ਹਿਰ ਦੇ ਮੰਦਰਾਂ 'ਚ ਵ੍ਰਿੰਦਾਵਨ ਵਰਗਾ ਮਾਹੌਲ ਬਣਿਆ ਹੋਇਆ ਸੀ। ਅੱਧੀ ਰਾਤ ਨੂੰ ਠੀਕ 12 ਵਜੇ, ਸਾਰੇ ਮੰਦਰਾਂ ਵਿੱਚ ਘੰਟੀਆਂ ਵੱਜਣ ਲੱਗੀਆਂ ਅਤੇ ਭਗਵਾਨ ਕ੍ਰਿਸ਼ਨ ਦੇ ਜਨਮ ਦੀ ਖੁਸ਼ੀ ਵਿੱਚ ਜਸ਼ਨ ਸ਼ੁਰੂ ਹੋ ਗਏ ਅਤੇ ਲੋਕ ਜੈ-ਜੈ ਦੇ ਜੈਕਾਰੇ ਬਲਉਣ ਲੱਗੇ। ਸੰਖ ਪੂਰਿਆ ਗਿਆ। ਮੰਦਰ ਦੇ ਪੁਜਾਰੀਆਂ ਨੇ ਭਗਵਾਨ ਕ੍ਰਿਸ਼ਨ ਨੂੰ ਦੁੱਧ, ਦਹੀਂ, ਗੰਗਾਜਲ, ਸ਼ਹਿਦ ਆਦਿ ਨਾਲ ਇਸ਼ਨਾਨ ਕਰਵਾਇਆ ਅਤੇ ਉਨ੍ਹਾਂ ਨੂੰ ਇੱਕ ਸੁੰਦਰ ਫੁੱਲਾਂ ਦੀ ਟੋਕਰੀ ਵਿੱਚ ਬਿਠਾਇਆ ਅਤੇ ਮੰਤਰਾਂ ਦਾ ਜਾਪ ਕਰਦੇ ਹੋਏ ਸਾਰਿਆਂ ਨੂੰ ਭਗਵਾਨ ਕ੍ਰਿਸ਼ਨ ਜੀ ਦਰਸ਼ਨ ਕਰਵਾਏ ਗਏ। ਅੰਤ ਵਿੱਚ, ਭਗਵਾਨ ਦੀ ਆਰਤੀ ਕੀਤੀ ਗਈ ਅਤੇ ਭੋਜਨ ਲਗਵਾਉਣ ਤੋਂ ਬਾਅਦ, ਇਸਨੂੰ ਪ੍ਰਸ਼ਾਦ ਦੇ ਰੂਪ ਵਿੱਚ ਲੋਕਾਂ ਵਿੱਚ ਵੰਡਿਆ ਗਿਆ। ਇਸ ਮੌਕੇ ਕ੍ਰਿਸ਼ਨ ਪ੍ਰੇਮੀਆਂ ਵੱਲੋਂ ਪ੍ਰਾਚੀਨ ਸਰਾਂ ਮੰਦਰ, ਪੰਚਾਇਤੀ ਮੰਦਰ ਅਤੇ ਗੀਤਾਂ ਭਵਨ ਵਿੱਚ ਕੀਤੀ ਹੋਈ ਸਜਾਵਟ ਦੀ ਵੀ ਪ੍ਰਸ਼ੰਸਾ ਕੀਤੀ।ਸ਼ਹਿਰ ਦੇ ਵੱਖ ਵੱਖ ਮੰਦਰਾਂ ਚ ਸ਼ਰਧਾਲੂਆਂ ਲਈ ਖੀਰ ਪੂੜੇ, ਛੋਲੇ ਪੂਰੀ,ਛਲੇਡੀ ਖੀਰ ਅਤੇ ਅਮ੍ਰਿਤੀਆ ਦਾ ਲੰਗਰ ਲਗਾਇਆ ਗਿਆ।

## ਤਪਾ ਪੁਲਿਸ ਨੇ ਨੌਜਵਾਨ ਨੂੰ ਨਸ਼ੀਲੇ ਪਾਊਡਰ ਸਮੇਤ ਕੀਤਾ ਕਾਬੂ

ਤਪਾ ਮੰਡੀ, 18 ਅਗਸਤ (ਭੂਸ਼ਨ ਘੜੈਲਾ):ਪੁਲਿਸ ਜ਼ਿਲ੍ਹਾ ਬਰਨਾਲਾ ਦੇ ਐਸ ਐਸ ਪੀ ਮੁੰਹਮਦ ਸਰਫਰਾਜ ਆਲਮ ਦੀਆ ਹਦਾਇਤ ਅਨੁਸਾਰ ਸਬ ਡਵੀਜਨ ਤਪਾ ਦੇ ਉੱਪ ਕਪਤਾਨ ਗੁਰਬਿੰਦਰ ਸਿੰਘ ਦੀ ਅਗਵਾਈ ਹੇਠ ਥਾਣਾ ਤਪਾ ਦੇ ਸ਼ਰੀਫ ਖਾਨ ਨੇ ਦੱਸਿਆ ਕਿ ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਤਹਿਤ ਨੌਜਵਾਨ ਨੂੰ ਨਸ਼ੀਲੇ ਪਾਊਡਰ 15 ਗ੍ਰਾਮ ਸਮੇਤ ਕਾਬੂ ਕੀਤਾ ਗਿਆ ਹੈ। ਥਾਣਾ ਤਪਾ ਦੇ ਮੁਖੀ ਨੇ ਕਿਹਾ ਕਿ ਪ੍ਰਦੀਪ ਸਿੰਘ ਪੁੱਤਰ ਅਤਵਾਰ ਸਿੰਘ ਵਾਸੀ ਰੂੜੇਕੇ ਖੁਰਦ ਨੂੰ ਪਿੰਡ ਘੁੰਨਸ ਤੋਂ ਨਸ਼ੀਲੇ ਪਾਊਡਰ ਸਮੇਤ ਕਾਬੂ ਕੀਤਾ ਹੈ। ਉਨਾਂ ਨੇ ਕਿਹਾ ਕਿ ਇਲਾਕੇ ਵਿਚ ਪੁਲਿਸ ਵੱਲੋਂ ਪੂਰੀ ਮੁਸਤੈਦੀ ਵਰਤੀ ਜਾਵੇਗੀ ਅਤੇ ਕਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਮਾੜੇ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਇਲਾਕੇ ਵਿਚ ਕਿਸੇ ਵੀ ਪ੍ਰਕਾਰ ਦੇ ਨਸ਼ੇ ਦੀ ਵਿਕਰੀ, ਨਸ਼ਾ ਕਰਨ ਵਾਲੇ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਨਸ਼ਾ ਕਰਨ ਜਾਂ ਵੇਚਣ ਵਾਲੇ ਦਾ ਪਤਾ ਲੱਗਦਾ ਹੈ ਤਾਂ ਉਹ ਮੇਰੇ ਨਾਲ ਤਰੁੰਤ ਸੰਪਰਕ ਕਰਕੇ ਮੈਨੂੰ ਦੱਸ ਸਕਦਾ ਹੈ ਅਤੇ ਪੁਲਿਸ ਵੱਲੋਂ ਉਸਦਾ ਨਾਮ ਗੁਪਤ ਰੱਖਿਆ ਜਾਵੇਗਾ।

## ਅਕੈਡੀਆ ਵਰਲਡ ਸਕੂਲ ਵਿੱਚ ਜਨਮ ਅਸ਼ਟਮੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ

ਸੁਨਾਮ ਊਧਮ ਸਿੰਘ ਵਾਲਾ, 18 ਅਗਸਤ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ):ਅਕੇਡੀਆ ਵਰਲਡ ਸਕੂਲ ਸੁਨਾਮ ਵਿਖੇ ਜਮਾਤ ਪਹਿਲੀ ਐਸਟਰ ਅਤੇ ਲਾਇਲੈਕ ਦੇ ਵਿਦਿਆਰਥੀਆਂ ਦੁਆਰਾ ਜਨਮ ਅਸ਼ਟਮੀ ਦਾ ਤਿਉਹਾਰ ਬੜੇ ਜੋਸ਼ ਅਤੇ ਧੂਮ-ਧਾਮ ਨਾਲ ਮਨਾਇਆ ਗਿਆ ।ਇਸ ਮੌਕੇ ਬੱਚਿਆਂ ਨੇ ਵੱਖ-ਵੱਖ ਗਤੀ ਵਿਧੀਆਂ ਵਿੱਚ ਭਰਪੂਰ ਰੁਚੀ ਦਿਖਾਈ ਅਤੇ ਵੱਖ-ਵੱਖ ਵਿਦਿਆਰਥੀਆਂ ਨੇ ਰਾਧਾ ਕ੍ਰਿਸ਼ਨ ਦੀ ਪੁਸ਼ਾਕਾਂ ਵਿੱਚ ਸੁੰਦਰ ਭੂਮਿਕਾਵਾਂ ਨਿਭਾਈਆਂ। ਬੱਚਿਆਂ ਨੇ ਲੱਡੂ ਗੋਪਾਲ ਵਾਂਗ ਭੇਸ ਬਣਾਇਆ ਅਤੇ ਕ੍ਰਿਸ਼ਨ ਲੀਲਾਵਾਂ ਦਾ ਨਾਟਕ ਪੇਸ਼ ਕੀਤਾ ।ਇਸ ਮੌਕੇ ਭਜਨ ਗਾਇਨ ਅਤੇ ਕ੍ਰਿਸ਼ਨ ਜੀ ਦੀ ਜੀਵਨੀ ਉੱਤੇ ਵਿਸ਼ੇਸ਼ ਭਾਸ਼ਣ ਕਰਵਾਏ ਗਏ। ਵਿਦਿਆਰਥੀਆਂ ਨੇ ਆਪਣੇ -ਆਪਣੇ ਕਿਰਦਾਰ ਨੂੰ ਬਹੁਤ ਸੋਹਣੇ ਢੰਗ ਨਾਲ ਪੇਸ਼ ਕੀਤਾ ।ਉਹਨਾਂ ਨੇ ਪੂਰੇ ਹੌਸਲੇ ਅਤੇ ਆਤਮ ਵਿਸ਼ਵਾਸ ਨਾਲ ਇਸ ਸਮਾਗਮ ਵਿੱਚ ਹਿੱਸਾ ਲਿਆ। ਇਸ ਸਮਾਗਮ ਦੀ ਤਿਆਰੀ ਮੈਡਮ ਮਿਸ ਗੀਤਾ, ਮਿਸ ਬਲਦੀਪ ,ਮਿਸਟਰ ਕੌਸ਼ਲ ਅਤੇ ਮਿਸਟਰ ਅਮਨ ਵੱਲੋਂ ਕਰਵਾਈ ਗਈ। ਅਧਿਆਪਕ ਵੱਲੋਂ ਵਿਦਿਆਰਥੀਆਂ ਨੂੰ ਭਗਵਾਨ ਕ੍ਰਿਸ਼ਨ ਦੀਆਂ ਸਿੱਖਿਆਵਾਂ ਸੱਚਾਈ ਨਿਆਂਅਤੇ ਕਰਮ ਦੇ ਮਾਰਗ ਬਾਰੇ ਸਮਝਾਇਆ ਗਿਆ। ਸਭ ਨੇ ਧਾਰਮਿਕ ਪ੍ਰੇਰਨਾ ਲੈ ਕੇ ਤਿਉਹਾਰ ਨੂੰ ਮਨਾਇਆ ।

## ਕੁਦਰਤ-ਮਾਨਵ ਕੇਂਦਰਿਤ ਲੋਕ ਲਹਿਰ ਇਲਾਕਾ ਕਮੇਟੀ ਦੀ ਸਾਂਝੀ ਮੀਟਿੰਗ



ਬਰਨਾਲਾ, 18 ਅਗਸਤ (ਬਘੇਲ ਸਿੰਘ ਧਾਲੀਵਾਲ): ਕੁਦਰਤ-ਮਾਨਵ ਕੇਂਦਰਿਤ ਲੋਕ ਲਹਿਰ, ਇਲਾਕਾ ਕਮੇਟੀ ਸ਼ੇਰਪੁਰ ਅਤੇ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ, ਇਲਾਕਾ ਕਮੇਟੀ ਸ਼ੇਰਪੁਰ ਦੀ ਸਾਂਝੀ ਮੀਟਿੰਗ ਸਥਾਨਕ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਵਿਖੇ ਕਨਵੀਨਰ ਸੰਦੀਪ ਸਿੰਘ ਗਰੇਵਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਵਾਤਾਵਰਨ ਵਿਚ ਆਏ ਵੱਡੇ ਪੱਧਰ 'ਤੇ ਵਿਗਾੜ ਤੇ ਚਰਚਾ ਕਰਦਿਆਂ ਇਸ ਦੇ ਮਨੁੱਖੀ ਸਿਹਤ 'ਤੇ ਪੈ ਰਹੇ ਮਾੜੇ ਪ੍ਰਭਾਵ ਦੀ ਵਿਸਥਾਰ ਚ ਚਰਚਾ ਹੋਈ । ਇਸ ਮੌਕੇ ਇਹ ਮਹਿਸੂਸ ਕੀਤਾ ਗਿਆ ਕਿ ਭੋਜਨ ਸੁਰੱਖਿਆ ਕਿਸੇ ਵੀ ਤਰ੍ਹਾਂ ਰਾਸ਼ਟਰੀ ਸੁਰੱਖਿਆ ਤੋਂ ਘੱਟ ਮਹੱਤਵਪੂਰਨ ਨਹੀਂ ਹੈ। ਇਸ ਲਈ ਜਿੰਨਾ ਧਿਆਨ ਸਰਕਾਰੀ ਨੀਤੀਆਂ ਅਤੇ ਖਰਚੇ ਵਿੱਚ ਰਾਸ਼ਟਰੀ ਸੁਰੱਖਿਆ ਤੇ ਦਿੱਤਾ ਜਾਂਦਾ ਹੈ, ਉਸ ਤੋਂ ਵੀ ਵੱਧ ਮਹੱਤਵ ਸਰਕਾਰੀ ਨੀਤੀਆਂ ਅਤੇ ਖਰਚੇ ਵਿੱਚ ਭੋਜਨ ਸੁਰੱਖਿਆ ਨੀਤੀ ਨੂੰ ਵੀ ਦਿੱਤਾ ਜਾਵੇ। ਇਸ ਬਾਰੇ ਦੋਵਾਂ ਜਥੇਬੰਦੀਆਂ ਵੱਲੋਂ ਇੱਕ ਸੈਮੀਨਾਰ ਕਰਵਾਉਣ ਦਾ ਫ਼ੈਸਲਾ ਹੋਇਆ। ਸੈਮੀਨਾਰ ਦਾ ਵਿਸ਼ਾ ਹੋਵੇਗਾ ਸਰਕਾਰਾਂ ਦੀਆਂ ਖੇਤੀਬਾੜੀ ਵਿਰੋਧੀ ਨੀਤੀਆਂ ਅਤੇ ਸਾਡੀ ਭੋਜਨ ਸੁਰੱਖਿਆ ਦਾ ਭਵਿੱਖ । ਇਸ ਵਿਸ਼ੇ 'ਤੇ 30 ਅਗਸਤ, 2025, ਦਿਨ ਸ਼ਨੀਵਾਰ, ਸਥਾਨ : ਗੁਰੂਦੁਆਰਾ ਅਕਾਲ ਪ੍ਰਕਾਸ਼ ਸਾਹਿਬ, ਸ਼ੇਰਪੁਰ ਜ਼ਿਲ੍ਹਾ ਸੰਗਰੂਰ ਵਿਖੇ ਸਵੇਰੇ 10:30 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤੱਕ ਵਿਚਾਰ ਚਰਚਾ ਕਰਨ ਲਈ ਅਸੀਂ ਸਾਰੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਸਮਾਜਿਕ ਸਰੋਕਾਰ ਰੱਖਣ ਵਾਲੇ ਸੰਗਠਨਾਂ ਅਤੇ ਨਾਗਰਿਕਾਂ ਨੂੰ ਇਸ ਸੈਮੀਨਾਰ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਦਾ ਖੁੱਲ੍ਹਾ ਸੱਦਾ ਦਿੰਦੇ ਹਾਂ। ਇਸ ਮੀਟਿੰਗ ਵਿੱਚ ਹਰਗੋਬਿੰਦ ਸ਼ੇਰਪੁਰ, ਅਮਰਜੀਤ ਸਿੰਘ ਜੱਸੀ, ਸਰਪੰਚ ਰਣਜੀਤ ਸਿੰਘ ਕਾਲ਼ਾ ਬੂਲਾ, ਗੁਰਮੇਲ ਸਿੰਘ ਮੇਘ, ਕਰਮਿੰਦਰ ਸਿੰਘ ਹੇੜੀਕੇ, ਕੇਸਰ ਸਿੰਘ ਗਰੇਵਾਲ, ਮਾ. ਈਸ਼ਰ ਸਿੰਘ ਕੁਠਾਲਾ, ਬਹਾਦਰ ਸਿੰਘ ਚੌਧਰੀ, ਮਾ. ਦਿਆਲ ਸਿੰਘ, ਬਲਦੇਵ ਸਿੰਘ ਘਨੌਰੀ ਖੁਰਦ ਹਾਜ਼ਰ ਸਨ।

## ਸ਼੍ਰੀਮਦ ਭਾਗਵਤ ਕਥਾ ਸੁਣਨ ਨਾਲ ਮਨੁੱਖ ਜੀਵਨ ਦਾ ਅਸਲੀ ਆਨੰਦ ਲੈ ਸਕਦੈ : ਅਚਾਰੀਆ ਸਿਰੀ ਨਿਵਾਸ



ਬਰਨਾਲਾ, 18 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਸ਼੍ਰੀ ਲਕਸ਼ਮੀ ਨਰਾਇਣ ਮੰਦਰ ਬਰਨਾਲਾ ਵਿਖੇ ਸ੍ਰੀਮਦ ਭਾਗਵਤ ਕਥਾ ਦੇ ਛੇਵੇਂ ਦਿਨ ਪ੍ਰਵਚਨਾਂ ਨਾਲ ਕਥਾ ਸੰਪੰਨ ਹੋਈ। ਇਸ ਮੌਕੇ ਪ੍ਰਸਿੱਧ ਕਥਾ ਵਿਆਸ ਅਤੇ ਮੰਦਰ ਲਕਸ਼ਮੀ ਨਰਾਇਣ ਬਰਨਾਲਾ ਦੇ ਸੰਚਾਲਕ ਸੁਆਮੀ ਅਚਾਰੀਆ ਸਿਰੀ ਨਿਵਾਸ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਸ਼੍ਰੀਮਦ ਭਾਗਵਤ ਮਨੁੱਖੀ ਜੀਵਨ ਦੀ ਸਹੀ ਦਿਸ਼ਾ ਦਿਖਾਉਣ ਵਾਲਾ ਆਧਿਆਤਮਿਕ ਗ੍ਰੰਥ ਹੈ। ਇਹ ਗ੍ਰੰਥ ਸਿਰਫ ਪੜ੍ਹਨ ਲਈ ਨਹੀਂ, ਸਗੋਂ ਜੀਵਨ ਵਿੱਚ ਉਤਾਰਨ ਲਈ ਹੈ। ਉਨ੍ਹਾਂ ਕਿਹਾ ਕਿ ਜਿਸ ਘਰ ਵਿੱਚ ਭਾਗਵਤ ਕਥਾ ਸੁਣੀ ਜਾਂਦੀ ਹੈ, ਉਥੇ ਨਕਾਰਾਤਮਕਤਾ ਦੂਰ ਹੋ ਕੇ ਸਾਂਤੀ, ਸੁਖ ਅਤੇ ਖੁਸ਼ਹਾਲੀ ਦਾ ਵਾਸ ਹੋ ਜਾਂਦਾ ਹੈ। ਅਚਾਰੀਆ ਜੀ ਨੇ ਕਿਹਾ ਕਿ ਜੀਵਨ ਦਾ ਮੂਲ ਸਾਰ ਹੈ ਨੇਕ ਕਰਮ, ਸੇਵਾ ਭਾਵ ਅਤੇ ਭਗਵਾਨ ਪ੍ਰਤੀ ਅਟੁੱਟ ਵਿਸਵਾਸ। ਮਾਇਆ ਦੇ ਮੋਹ ਵਿਚ ਫ਼ਸ ਕੇ ਮਨੁੱਖ ਅਸਲੀ ਸੱਚ ਤੋਂ ਦੂਰ ਹੋ ਜਾਂਦਾ ਹੈ ਪਰ ਭਗਵਤ ਕਥਾ ਉਸਨੂੰ ਮੁੜ ਸੱਚਾਈ ਨਾਲ ਜੋੜਦੀ ਹੈ। ਉਨ੍ਹਾਂ ਨੇ ਭਗਤਾਂ ਨੂੰ ਸੰਦੇਸ਼ ਦਿੱਤਾ ਕਿ ਧਨ-ਦੌਲਤ ਜਾਂ ਸ਼ਕਤੀ ਹੀ ਨਹੀਂ, ਸਗੋਂ ਭਗਵਾਨ ਦਾ ਨਾਮ ਹੀ ਮਨੁੱਖ ਦਾ ਅਸਲੀ ਆਸਰਾ ਹੈ। ਪ੍ਰਵਚਨਾਂ ਦੌਰਾਨ ਉਨ੍ਹਾਂ ਨੇ ਧਾਰਮਿਕ ਦ੍ਰਿਸ਼ਟਾਂਤਾਂ ਰਾਹੀਂ ਸਮਝਾਇਆ ਕਿ, ਕਿਵੇਂ ਭਗਵਾਨ ਦੇ ਚਰਨਾਂ ਵਿੱਚ ਸ਼ਰਧਾ ਰੱਖਣ ਨਾਲ ਮਨੁੱਖ ਹਰ ਕਿਸਮ ਦੀਆਂ ਮੁਸ਼ਕਿਲਾਂ ਤੋਂ ਬਚ ਸਕਦਾ ਹੈ ਅਤੇ ਜੀਵਨ ਦਾ ਅਸਲੀ ਆਨੰਦ ਲੈ ਸਕਦਾ ਹੈ। ਇਸ ਧਾਰਮਿਕ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਰਧਾਲੂ ਸ਼ਾਮਿਲ ਹੋਏ। ਇਸ ਮੌਕੇ ਗਊ ਭਗਤ ਅਤੇ ਅਚਾਰੀਆ ਸਿਰੀ ਨਿਵਾਸ ਦੇ ਸ਼ਰਧਾਲੂ ਮੁਨੀਸ਼ ਗੋਇਲ ਭਾਰਤੀ ਫੈਸ਼ਨਜ ਵਾਲਿਆਂ ਦਾ ਅਚਾਰੀਆ ਨੇ ਸਨਮਾਨ ਕੀਤਾ। ਅੰਤ 'ਚ ਆਰਤੀ ਉਪਰੰਤ ਸਭਨਾਂ ਨੂੰ ਪ੍ਰਸ਼ਾਦ ਵਿਤਰਣ ਕੀਤਾ ਗਿਆ। ਇਸ ਮੌਕੇ ਗਊ ਭਗਤ ਅਤੇ ਅਚਾਰੀਆ ਸਿਰੀ ਨਿਵਾਸ ਦੇ ਸ਼ਰਧਾਲੂ ਮੁਨੀਸ਼ ਗੋਇਲ ਭਾਰਤੀ ਫੈਸ਼ਨਜ ਵਾਲਿਆਂ ਦਾ ਅਚਾਰੀਆ ਨੇ ਸਨਮਾਨ ਕੀਤਾ।ਅੰਤ ਚ ਆਰਤੀ ਉਪਰੰਤ ਸਭਨਾਂ ਨੂੰ ਪ੍ਰਸ਼ਾਦ ਵਿਤਰਣ ਕੀਤਾ ਗਿਆ।

## ਪਿੱਕਅਪ ਚਾਲਕ 'ਤੇ ਸਬਜ਼ੀ ਦੀ ਭਰੀ ਤੇਜ਼ ਰਫਤਾਰ ਪਿੱਕਅਪ ਗੱਡੀ ਚੜ੍ਹੀ, ਹੋਈ ਮੌਤ







ਤਪਾ ਮੰਡੀ, 18 ਅਗਸਤ (ਭੂਸ਼ਨ ਘੜੈਲਾ, ਰਾਜੂ ਮਹਿਰਾ):ਐਤਵਾਰ ਦਾ ਰਾਤ ਕੋਈ 11 ਵਜੇ ਦੇ ਕਰੀਬ ਬਠਿੰਡਾ-ਬਰਨਾਲਾ ਹਾਈਵੇ 'ਤੇ ਸਥਿਤ ਘੁੜੈਲੀ ਓਵਰਬਿਰਜ 'ਤੇ ਸਬਜ਼ੀ ਦੀ ਭਰੀ ਪਿੱਕਅਪ 'ਚ ਸਟੀਫਨੀ ਟਾਇਰ ਬਦਲ ਰਹੇ ਪਿੱਕਅਪ ਦੇ ਚਾਲਕ 'ਤੇ ਚੜ੍ਹ ਜਾਣ ਕਾਰਨ ਚਾਲਕ ਦੀ ਮੌਕੇ 'ਤੇ ਹੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਮ੍ਰਿਤਕ ਕਸ਼ਮੀਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਏਲਨਾਬਾਦ (ਹਰਿਆਣਾ) ਦੇ ਭਰਾ ਰਾਜਵੀਰ ਸਿੰਘ ਨੇ ਪੁਲਿਸ ਪਾਸ ਬਿਆਨ ਦਰਜ ਕਰਵਾਏ ਹਨ ਕਿ ਮੇਰਾ ਭਰਾ ਕਸ਼ਮੀਰ ਸਿੰਘ ਤਲਵੰਡੀ ਤੋਂ ਸਬਜ਼ੀ ਭਰਕੇ ਮੋਗਾ ਜਾ ਰਿਹਾ ਸੀ ਜਦ ਤਪਾ ਹਾਈਵੇ 'ਤੇ ਪੁੱਜਾ ਤਾਂ ਇੱਕ ਟਾਇਰ ਪੈਂਚਰ ਹੋਣ ਕਾਰਨ ਸਟੀਫਨੀ ਜੈਂਕ ਲਗਾਕੇ ਟਾਇਰ ਬਦਲ ਰਿਹਾ ਸੀ ਤਾਂ ਪਿੱਛੋਂ ਹੀ ਸਬਜੀ ਦੀ ਭਰੀ ਪਿਕਅਪ ਗੱਡੀ ਜੋ ਅਣਗਹਿਲੀ ਨਾਲ ਚਲਾ ਰਿਹਾ ਸੀ,ਟਾਇਰ ਬਦਲ ਰਹੇ ਮੇਰੇ ਭਰਾ ਤੇ ਚੜ੍ਹਾ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਅਤੇ ਗੱਡੀ ਪਲਟ ਗਈ। ਮੈਂ ਤੇ ਮੇਰੇ ਭਰਾ ਜੋ ਪਿੱਛੇ ਇੱਕ ਹੋਰ ਗੱਡੀ 'ਚ ਆ ਰਹੇ ਸੀ,ਕਸ਼ਮੀਰ ਸਿੰਘ ਸੰਭਾਲਿਆਂ ਪਰ ਜਿਆਦਾ ਸੱਟਾਂ ਲੱਗਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਗੱਡੀ ਨੁਕਸਾਨੀ ਗਈ। ਬਾਅਦ 'ਚ ਪਤਾ ਲੱਗਾ ਕਿ ਹਾਦਸਾ ਕਰਨ ਵਾਲੀ ਗੱਡੀ ਵਿਕਰਮ ਮੀਨਾ ਪੁੱਤਰ ਰਾਮ ਕਰਨ ਮੀਨਾ (ਰਾਜਸਥਾਨ) ਚਲਾ ਰਿਹਾ ਸੀ। ਜੋ ਆਸ-ਪਾਸ ਲੋਕਾਂ ਦਾ ਇਕੱਠ ਹੁੰਦਾ ਦੇਖ ਮੌਕੇ ਤੋਂ ਫਰਾਰਹੋ ਗਿਆ। ਇਹ ਹਾਦਸਾ ਵਿਕਰਮ ਮੀਨਾ ਦੀ ਲਾਪ੍ਰਵਾਹੀ ਕਾਰਨ ਵਾਪਰਿਆਂ ਹੈ। ਇਸ ਹਾਦਸੇ 'ਚ ਦੋਵੇਂ ਪਿੱਕਅਪ ਗੱਡੀਆਂ ਨੁਕਸਾਨੀਆਂ ਗਈਆਂ ਅਤੇ ਲੋਡ ਕੀਤੀਆਂ ਸਬਜੀਆਂ ਦੂਰ-ਦੂਰ ਤੱਕ ਖਿਲਰ ਗਈਆਂ।ਘਟਨਾ ਦਾ ਪਤਾ ਲੱਗਦੈ ਹੀ ਥਾਣਾ ਮੁੱਖੀ ਸਰੀਫ ਖਾਂ,ਚੌਂਕੀ ਇੰਚਾਰਜ ਬਲਜੀਤ ਸਿੰਘ ਢਿੱਲੋਂ,ਥਾਣੇਦਾਰ ਸਤਿਗੁਰ ਸਿੰਘ ਦੀ ਅਗਵਾਈ 'ਚ ਪੁੱਜੀ ਪੁਲਸ ਪਾਰਟੀ ਨੇ ਪਹੁੰਚਕੇ ਲਾਸ਼ ਨੂੰ ਕਬਜੇ 'ਚ ਲੈਕੇ ਮੋਰਚਰੀ ਰੂਮ ਬਰਨਾਲਾ ਵਿਖੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਹਾਦਸੇ ਦਾ ਪਤਾ ਲੱਗਦੈ ਹੀ ਪਰਿਵਾਰਿਕ ਮੈਂਬਰ,ਸਕੇ ਸੰਬੰਧੀ,ਰਿਸ਼ਤੇਦਾਰਾਂ ਨੇ ਮੌਕੇ 'ਤੇ ਪਹੁੰਚਕੇ ਮਾਮਲਾ ਦਰਜ ਕਰਵਾ ਦਿੱਤਾ ਹੈ। ਜਦ ਜਾਂਚ ਅਧਿਕਾਰੀ ਥਾਣੇਦਾਰ ਸਤਿਗੁਰ ਨਾਲ ਗੱਲਬਾਤ ਕੀਤੀ, ਤਾਂ ਉਨ੍ਹਾਂ ਦੱਸਿਆ ਕਿ ਵਿਕਰਮ ਮੀਨਾ ਖ਼ਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਲੋਕ ਜਨ ਸ਼ਕਤੀ ਪਾਰਟੀ ਜ਼ਿਲ੍ਹਾ ਮੁੱਖ ਦਫ਼ਤਰ ਦਾ ਉਦਘਾਟਨ ਪੰਜਾਬ ਪ੍ਰਧਾਨ ਨੇ ਕੀਤਾ



ਬਠਿੰਡਾ, 18 ਅਗਸਤ (ਚ.ਨ.ਸ.): ਅੱਜ ਲੋਕ ਜਨ ਸ਼ਕਤੀ ਪਾਰਟੀ ਰਾਮ ਬਿਲਾਸ ਸੁਪਰੀਮੋ ਚਿਰਾਗ ਪਾਸਵਾਨ ਕੈਬਨਿਟ ਮੰਤਰੀ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਅਮਰ ਸਿੰਘ ਮਹਿਮੀ ਨੇ ਅੱਜ ਜ਼ਿਲ੍ਹਾ ਬਠਿੰਡਾ ਪ੍ਰਧਾਨ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਦੇ ਸੱਦੇ 'ਤੇ ਬਠਿੰਡਾ ਪਹੁੰਚ ਕੇ ਲੋਕ ਜਨਸ਼ਕਤੀ ਪਾਰਟੀ ਰਾਮਬਿਲਾਸ ਬਠਿੰਡਾ ਜ਼ਿਲ੍ਹਾ ਮੁੱਖ ਦਫਤਰ ਦਾ ਉਦਘਾਟਨ ਆਪਣੇ ਕਰ ਕਮਲਾ ਨਾਲ ਕੀਤਾ ਗਿਆ ਹੈ। ਇਸ ਮੌਕੇ ਬਠਿੰਡਾ ਜ਼ਿਲ੍ਹਾ ਪ੍ਰਧਾਨ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਨੇ ਆਪਣੇ ਬਠਿੰਡਾ ਜ਼ਿਲ੍ਹਾ ਟੀਮ ਸਮੇਤ ਪੰਜਾਬ ਪ੍ਰਧਾਨ ਸਰਦਾਰ ਅਮਰ ਸਿੰਘ ਮਹਿਮੀ ਦਾ ਬਠਿੰਡਾ ਪਹੁੰਚਣ ਤੇ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾਪੰਜਾਬ ਪ੍ਰਧਾਨ ਸਰਦਾਰ ਅਮਰ ਸਿੰਘ ਮਹਿਮੀ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬਠਿੰਡਾ ਜ਼ਿਲ੍ਹੇ ਦਾ ਮੁੱਖ ਸੇਵਾਦਾਰ ਪ੍ਰਧਾਨ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਨੂੰ ਲੋਕ ਜਨ ਸ਼ਕਤੀ ਪਾਰਟੀ ਰਾਮਬਿਲਾਸ ਵੱਲੋਂ ਸਾਡੇ ਮਾਨਯੋਗ ਸੁਪਰੀਮੋ ਚਿਰਾਗ ਪਾਸਵਾਨ ਕੈਬਨਿਟ ਮੰਤਰੀ ਭਾਰਤੀ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਬਠਿੰਡਾ ਜ਼ਿਲ੍ਹੇ ਦਾ ਪ੍ਰਭਾਵਸ਼ਾਲੀ ਪ੍ਰਧਾਨ ਅਤੇ ਪੰਜਾਬ ਦਾ ਸੀਨੀਅਰ ਮੀਡੀਆ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਅਗਰ ਬਠਿੰਡਾ ਜ਼ਿਲ੍ਹੇ ਵਿੱਚ ਕਿਸੇ ਵਿਅਕਤੀ ਨੂੰ ਕੋਈ ਤਕਲੀਫ ਪਰੇਸ਼ਾਨੀ ਆਉਂਦੀ ਹੈ, ਤਾਂ ਉਹ ਲੋਕ ਜਨ ਸ਼ਕਤੀ ਪਾਰਟੀ ਦੇ ਮੁੱਖ ਦਫਤਰ ਬਠਿੰਡਾ ਵਿਖੇ ਆ ਕੇ ਜਾਂ ਸਾਡੇ ਜ਼ਿਲ੍ਹਾ ਪ੍ਰਧਾਨ ਚੌਧਰੀ ਰਾਜ਼ੇਸ਼ ਕੁਮਾਰ ਗਹਿਰੀਵਾਲਾ ਮੀਡੀਆ ਇੰਚਾਰਜ ਪੰਜਾਬ ਪ੍ਰਦੇਸ਼ ਨਾਲ ਸੰਪਰਕ ਕਰ ਸਕਦਾ ਹੈ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਪੰਜਾਬ ਪ੍ਰਧਾਨ ਸਰਦਾਰ ਅਮਰ ਸਿੰਘ ਮਹਿਮੀ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਲੋਕ ਜਨ ਸ਼ਕਤੀ ਪਾਰਟੀ ਬਿਲਾਸ ਵੱਲੋਂ ਪੰਜਾਬ ਵਿੱਚ ਸਾਰੀਆਂ ਸੀਟਾਂ 'ਤੇ ਵਿਧਾਨ ਸਭਾ ਚੋਣਾਂ ਲੜੀਆਂ ਜਾ ਰਹੀਆਂ ਹਨ ਅਤੇ ਖਾਸ ਤੌਰ 'ਤੇ ਬਠਿੰਡਾ ਨਗਰ ਨਿਗਮ ਦੀਆਂ ਚੋਣਾਂ ਲੜਨ ਲਈ ਪਾਰਟੀ ਵੱਲੋਂ ਪੂਰੇ ਜੋਰਾ ਸ਼ੋਰਾਂ 'ਤੇ ਤਿਆਰੀ ਸ਼ੁਰੂ ਕੀਤੀ ਗਈ ਹੈ । ਪਾਰਟੀ ਬਠਿੰਡਾ ਲੀਡਰਸ਼ਿਪ ਵੱਲੋਂ ਬਠਿੰਡਾ ਸ਼ਹਿਰ ਅੰਦਰ ਘਰ-ਘਰ ਜਾ ਕੇ ਪਾਰਟੀ ਦੀਆਂ ਗਤੀਵਿਧੀਆਂ ਬਾਬਤ ਲੋਕਾਂ ਨੂੰ ਵੱਡੇ ਪੱਧਰ 'ਤੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੀਟਿੰਗ ਤੋਂ ਬਾਅਦ ਚੌਧਰੀ ਰਜੇਸ਼ ਕੁਮਾਰ ਗਹਿਰੀ ਵਾਲਾ ਨੇ ਪੰਜਾਬ ਪ੍ਰਧਾਨ ਅਮਰ ਸਿੰਘ ਮਹਿਮੀ ਸਮੇਤ ਬਠਿੰਡਾ ਜ਼ਿਲ੍ਹੇ ਅੰਦਰ ਕਈ ਥਾਵਾਂ 'ਤੇ ਗੁਪਤ ਨੁਕੜ ਮੀਟਿੰਗਾਂ ਵੀ ਕੀਤੀਆਂ ਇਸ ਮੌਕੇ ਪੰਜਾਬ ਦੀ ਉਪ ਪ੍ਰਧਾਨ ਨਿਰਮਲ ਸਿੰਘ ਰਾਜਿਆਣਾ ਬਠਿੰਡਾ ਸ਼ਹਿਰੀ ਜਨਰਲ ਸਕੱਤਰ ਅਸ਼ੋਕ ਕੁਮਾਰ ਵਿੱਕੀ ਬਲਾਕ ਪ੍ਰਧਾਨ ਸੰਜੇ ਕੁਮਾਰ ਗੋਰਾ ਸਿੰਘ ਬਠਿੰਡਾ ਤੋਂ ਉੱਘੇ ਵਪਾਰੀ ਆਗੂ ਰਾਧੇ ਸ਼ਾਮ ਧਾਰਮਿਕ ਸੰਗਠਨ ਨਾਲ ਜੁੜੇ ਬਾਬਾ ਜੀਤੀ ਜੀਵਨ ਲਾਲ ਐਡਵੋਕੇਟ ਬਲਜਿੰਦਰ ਸਿੰਘ ਰਾਹੀ ਸਿੰਘ ਬਲਜਿੰਦਰ ਸਿੰਘ ਸੁਖਵਿੰਦਰ ਸਿੰਘ ਰਕੇਸ਼ ਕੁਮਾਰ ਰਾਜ ਕੁਮਾਰ ਰਾਜੂ ਹੰਸ ਰਾਜ ਨੀਟੂ ਸਤਪਾਲ ਬੰਸਲ ਅੰਮ੍ਰਿਤਪਾਲ ਗਰਗ ਡਾਕਟਰ ਭੀਮ ਗੋਇਲ ਤਰਸੇਮ ਗਰਗ ਸਮੇਤ ਬਠਿੰਡਾ ਸ਼ਹਿਰ ਦੇ ਅਨੇਕਾਂ ਵਪਾਰੀ ਆਗੂ ਮੌਜੂਦ ਸਨ।

## ਮਾਨਸਿਕ ਸਿਹਤ ਸਮੱਸਿਆਵਾਂ ਟੈਲੀਫੋਨ ਹੈਲਪਲਾਈਨ ਅਤੇ ਵੀਡੀਓ ਕੰਸਲਟੇਸ਼ਨ ਰਾਹੀਂ ਘਰ ਬੈਠੇ ਕਰ ਸਕਦੇ ਹੋ ਹੱਲ : ਸਿਵਲ ਸਰਜਨ



ਬਰਨਾਲਾ, 18 ਅਗਸਤ (ਬਘੇਲ ਸਿੰਘ ਧਾਲੀਵਾਲ): ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਹੁਕਮਾਂ ਅਨੁਸਾਰ ਅਤੇ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਦੇ ਪੱਤਰ ਅਨੁਸਾਰ ਮਾਨਸਿਕ ਸਿਹਤ ਸਮੱਸਿਆਵਾਂ ਸਬੰਧੀ ਲੋਕ ਘਰ ਬੈਠੇ ਟੈਲੀਫੋਨ ਹੈਲਪਲਾਈਨ ਟੋਲ ਫਰੀ ਨੰਬਰ 14416 ਰਾਹੀਂ ਸਿਹਤ ਸਮੱਸਿਆਵਾਂ ਦਾ ਹੱਲ ਕਰਵਾ ਸਕਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਡਾ. ਬਲਜੀਤ ਸਿੰਘ ਵੱਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅੱਜ ਕੱਲ ਮਾਨਸਿਕ ਸਿਹਤ ਸਮੱਸਿਆਵਾਂ ਲਗਾਤਾਰ ਵਧ ਰਹੀਆਂ ਹਨ।ਅਜਿਹੀ ਸਥਿਤੀ ਵਿੱਚ ਵਿਅਕਤੀ ਨੂੰ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਦੇ ਸੁਝਾਅ ਲੈਣੇ ਬਹੁਤ ਜ਼ਰੂਰੀ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਟੈਲੀ ਮਾਨਸ ਸੇਵਾ ਇੱਕ ਐਪਲੀਕੇਸ਼ਨ ਅਤੇ ਇੱਕ ਹੈਲਪਲਾਈਨ ਨੰਬਰ ਦੁਆਰਾ ਪ੍ਰਦਾਨ ਕੀਤੀ ਗਈ ਸੇਵਾ ਹੈ, ਜਿਸ ਵਿੱਚ ਤੁਸੀਂ 14416 'ਤੇ ਕਾਲ ਕਰ ਸਕਦੇ ਹੋ ਅਤੇ ਮਾਨਸਿਕ ਸਿਹਤ ਮਾਹਿਰਾਂ ਨਾਲ ਆਪਣੀ ਸਮੱਸਿਆ ਸਾਂਝੀ ਕਰ ਸਕਦੇ ਹੋ। ਇਸ ਤਰ੍ਹਾਂ ਟੈਲੀਫੋਨ ਹੈਲਪਲਾਈਨ ਅਤੇ ਵੀਡੀਓ ਕੰਸਲਟੇਸ਼ਨ ਰਾਹੀਂ ਮਾਹਿਰ ਸਮੱਸਿਆਵਾਂ ਸੁਣਨਗੇ ਅਤੇ ਕਾਉਂਸਲਿੰਗ ਰਾਹੀਂ ਤੁਰੰਤ ਰਾਹਤ ਦੇਣ ਦੀ ਕੋਸ਼ਿਸ਼ ਕਰਨਗੇ। ਮਰੀਜ਼ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਆਦਿ ਇਸ ਟੌਲ ਫਰੀ ਹੈਲਪਲਾਈਨ ਨੰਬਰ 'ਤੇ ਕਾਲ ਕਰ ਕੇ ਮਦਦ ਲੈ ਸਕਦੇ ਹਨ। ਇਸ ਸਬੰਧੀ ਸਿਹਤ ਵਿਭਾਗ ਦੇ ਕਰਮਚਾਰੀਆਂ ਅਤੇ ਆਸ਼ਾ ਵੱਲੋਂ ਵੀ ਇਸ ਨੰਬਰ 'ਤੇ ਕਾਲ ਕਰ ਕੇ ਆਪਣੇ ਏਰੀਏ ਦੇ ਅਜਿਹੇ ਲੋਕਾਂ ਨੂੰ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

## ਟੰਡਨ ਇੰਟਰਨੈਸ਼ਨਲ ਸਕੂਲ ਵਿੱਖੇ ਸੁਤੰਤਰਤਾ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ



ਬਰਨਾਲਾ, 18 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਟੰਡਨ ਇੰਟਰਨੈਸ਼ਨਲ ਸਕੂਲ ਵਿੱਖੇ ਸੁਤੰਤਰਤਾ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਸਕੂਲ ਦੇ ਵਿਦਿਆਰਥੀ ਇਸ ਮੌਕੇ ਆਪਣੇ - ਆਪਣੇ ਮਨਪਸੰਦ ਸੁਤੰਤਰਤਾ ਸੈਨਾਨੀ ਭਗਤ ਸਿੰਘ , ਰਾਜਗੁਰੂ , ਸੁਖਦੇਵ , ਸੁਭਾਸ਼ ਚੰਦਰ ਬੋਸ, ਮਹਾਤਮਾ ਗਾਂਧੀ , ਚੰਦਰਸ਼ੇਖਰ ਆਜ਼ਾਦ , ਝਾਂਸੀ ਦੀ ਰਾਣੀ ਅਤੇ ਹੋਰ ਕਈ ਆਜ਼ਾਦੀ ਘੁਲਾਟੀਆਂ ਦੀ ਤਰ੍ਹਾਂ ਘਰੋਂ ਤਿਆਰ ਹੋ ਕੇ ਸਕੂਲ ਆਏ। ਇਸ ਮੌਕੇ ਸਕੂਲ ਵਿੱਖੇ ਰੰਗਾਰੰਗ ਪ੍ਰੋਗਰਾਮ ਵੀ ਰੱਖਿਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਆਜ਼ਾਦੀ ਦੇ ਗੀਤ , ਨਾਟਕ , ਕਵਿਤਾਵਾਂ ਅਤੇ ਡਾਂਸ ਆਦਿ ਦੀ ਪੇਸ਼ਕਾਰੀ ਕੀਤੀ। ਆਜ਼ਾਦੀ ਦੇ ਨਾਅਰੇ ਨਾਲ ਸਕੂਲ ਦਾ ਮਾਹੌਲ ਦੇਸ਼ ਭਗਤੀ ਵਾਲਾ ਹੋ ਗਿਆ। ਟੰਡਨ ਇੰਟਰਨੈਸ਼ਨਲ ਸਕੂਲ ਦੀ ਪ੍ਰਿੰਸੀਪਲ ਸ਼ਾਲਿਨੀ ਕੌਸ਼ਲ ਨੇ ਸੁਤੰਤਰਤਾ ਦਿਵਸ ਬਾਰੇ ਕਿਹਾ ਕਿ ਪੂਰੇ ਭਾਰਤ ਅਤੇ ਵਿਦੇਸ਼ ਵਿਚ ਵੀ ਸਾਰੇ ਭਾਰਤ ਵਾਸੀ ਸੁਤੰਤਰਤਾ ਦਿਵਸ ਨੂੰ ਤਿਉਹਾਰ ਦੀ ਅਤੇ ਪਰੰਪਰਾਗਤ ਤਰੀਕੇ ਨਾਲ ਮਨਾਉਂਦੇ ਹਨ । ਅੰਤ ਵਿੱਚ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਸੁਤੰਤਰਤਾ ਦਿਵਸ ਦੀ ਵਧਾਈ ਦਿੱਤੀ।ਸਕੂਲ ਦੇ ਡਾਇਰੈਕਟਰ ਸ਼ਿਵ ਸਿੰਗਲਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਹਰ ਸਾਲ 15 ਅਗਸਤ ਨੂੰ ਭਾਰਤ ਆਪਣਾ ਸੁਤੰਤਰਤਾ ਦਿਵਸ ਮਨਾਉਂਦਾ ਹੈ। ਹਰ ਸਾਲ ਦੇਸ਼ ਭਰ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਸਾਨੂੰ ਆਪਣੇ ਦੇਸ਼ ਲਈ ਕੁਰਬਾਨੀਆਂ ਦੇਣ ਵਾਲੇ ਆਜ਼ਾਦੀ ਘੁਲਾਟੀਆਂ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ। ਲੰਮੇ ਸੰਘਰਸ਼ ਤੇ ਅਨੇਕਾਂ ਸ਼ਹੀਦੀਆਂ ਤੋਂ ਬਾਅਦ 15 ਅਗਸਤ 1947 ਨੂੰ ਸਾਡਾ ਦੇਸ਼ ਅੰਗਰੇਜ਼ਾਂ ਤੋਂ ਆਜ਼ਾਦ ਹੋਇਆ ਸੀ। ਇਸ ਸਾਲ ਅਸੀਂ 79ਵਾਂ ਸੁਤੰਤਰਤਾ ਦਿਵਸ ਮਨਾ ਰਹੇ ਹਾਂ।ਅੰਤ ਵਿੱਚ ਸਕੂਲ ਦੇ ਸਾਰੇ ਵਿਦਿਆਰਥੀਆਂ ਅਤੇ ਸਕੂਲ ਦੇ ਸਾਰੇ ਸਟਾਫ਼ ਨੂੰ ਸੁਤੰਤਰਤਾ ਦਿਵਸ ਦੀ ਵਧਾਈ ਦਿੱਤੀ।

## ਯਾਦਵਿੰਦਰ ਸਿੰਘ ਭੁੱਲਰ ਦੀ ਪੁਸਤਕ 'ਵਿੱਦਿਆ ਦੇ ਧਾਮ' ਲੋਕ ਅਰਪਣ



ਬਰਨਾਲਾ, 18 ਅਗਸਤ (ਬਘੇਲ ਸਿੰਘ ਧਾਲੀਵਾਲ): ਸਾਹਿਤ ਸਰਬਰ ਬਰਨਾਲਾ ਵੱਲੋਂ ਸਥਾਨਕ ਚਿੰਟੂ ਪਾਰਕ ਵਿਖੇ ਲੇਖਕ ਤੇ ਪੱਤਰਕਾਰ ਯਾਦਵਿੰਦਰ ਸਿੰਘ ਭੁੱਲਰ ਦੀ ਸੱਤਵੀਂ ਪੁਸਤਕ 'ਵਿੱਦਿਆ ਦੇ ਧਾਮ' ਦਾ ਰੀਲੀਜ਼ ਸਮਾਗਮ ਕੀਤਾ ਗਿਆ। ਪੁਸਤਕ ਨੂੰ ਰੀਲੀਜ਼ ਕਰਨ ਦੀ ਰਸਮ ਭਾਰਤੀ ਸਹਿਤ ਅਕੈਡਮੀ ਦਿੱਲੀ ਦੇ ਗਰਵਨਰ ਕੌਂਸਲ ਮੈਂਬਰ ਤੇ ਪੰਜਾਬੀ ਦੇ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਤੇ ਕਹਾਣੀਕਾਰ ਭੋਲਾ ਸਿੰਘ ਸੰਘੇੜਾ ਨੇ ਸਾਂਝੇ ਤੌਰ 'ਤੇ ਅਦਾ ਕੀਤੀ। ਇਸ ਮੌਕੇ ਬੂਟਾ ਸਿੰਘ ਚੌਹਾਨ ਨੇ ਬੋਲਦਿਆਂ ਕਿਹਾ ਕਿ ਯਾਦਵਿੰਦਰ ਸਿੰਘ ਭੁੱਲਰ ਵਾਰਤਕ ਵੀ ਲਿਖਦਾ ਹੈ, ਗੀਤ ਤੇ ਨਾਵਲ ਵੀ ਲਿਖਦਾ ਹੈ। ਉਸ ਦੀ ਸ਼ੁਰੂਆਤ ਭਾਵੇਂ ਵਾਰਤਕ ਲਿਖਣ ਤੋਂ ਹੋਈ ਫਿਰ ਉਹ ਗੀਤ ਲਿਖਣ ਲੱਗਿਆ ਤੇ ਉਸ ਦੇ ਗੀਤ ਬਹੁਤ ਸਾਰੇ ਪੰਜਾਬੀ ਗਾਇਕਾਂ ਨੇ ਗਾਏ ਹਨ। ਜਲੰਧਰ ਦੂਰਦਰਸ਼ਨ 'ਤੇ ਉਸ ਦੇ ਲਿਖੇ ਕਈ ਪੰਜਾਬੀ ਨਾਟਕ ਟੈਲੀਕਾਸਟ ਹੋ ਚੁੱਕੇ ਹਨ। ਉਸ ਦੁਆਰਾ ਲਿਖਿਆ ਤੇ ਨਿਰਮਾਣ ਕੀਤੀਆਂ ਟੈਲੀਫਿਲਮਾਂ ਵੀ ਰੀਲੀਜ਼ ਹੋਈਆਂ ਹਨ। ਇਸ ਮੌਕੇ ਭੋਲਾ ਸਿੰਘ ਸੰਘੇੜਾ ਨੇ ਕਿਹਾ ਕਿ ਯਾਦਵਿੰਦਰ ਸਿੰਘ ਭੁੱਲਰ ਨੇ ਯਾਤਰਾ ਸ੍ਰੀ ਹੇਮਕੁੰਡ ਸਾਹਿਬ ਤੇ ਯਾਤਰਾ ਸ੍ਰੀ ਹਜ਼ੂਰ ਸਾਹਿਬ ਦੋ ਸਫ਼ਰਨਾਮੇ ਲਿਖੇ ਹਨ। 'ਚੁੱਪਾਂ ਤਿੜਕ ਪਈਆਂ' ਉਸ ਦਾ ਗੀਤ ਸੰਗ੍ਰਹਿ ਹੈ। 'ਬਾਲ ਵੰਡਣ ਖੁਸ਼ਬੋਆਂ' ਉਸ ਦੀ ਬਾਲ ਪੁਸਤਕ ਹੈ। 'ਜਿੰਦ ਦੇਸ਼ ਦੇ ਲੇਖੇ' ਉਸ ਦਾ ਇੱਕ ਇਤਿਹਾਸਕ ਦਸਤਾਵੇਜ਼ ਹੈ। ਨਾਵਲ 'ਮਨਹੁ ਕੁਸੁਧਾ ਕਾਲੀਆ' ਉਸ ਦਾ ਚਰਚਿਤ ਨਾਵਲ ਹੈ।ਉਸ ਦੀ ਸੱਤਵੀਂ ਪੁਸਤਕ 'ਵਿੱਦਿਆ ਦਾ ਧਾਮ' ਵੀ ਇੱਕ ਵਿੱਦਿਅਕ ਅਦਾਰਿਆਂ 'ਤੇ ਲਿਖੇ ਲੇਖ ਇੱਕ ਸਾਂਭਣ ਯੋਗ ਦਸਤਾਵੇਜ਼ ਹੈ। ਸਾਇਰ ਤਰਸੇਮ ਨੇ ਕਿਹਾ ਕਿ ਯਾਦਵਿੰਦਰ ਸਿੰਘ ਭੁੱਲਰ ਲੇਖਕ ਤੇ ਪੱਤਰਕਾਰਤਾ ਦੇ ਖੇਤਰ 'ਚ ਜਾਣਿਆ ਪਹਿਚਾਣਿਆ ਨਾਮ ਹੈ। ਮਾਲਵਾ ਸਾਹਿਤ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਲੇਖਕ ਭੁੱਲਰ ਨੇ ਬਰਨਾਲਾ ਇਲਾਕੇ 'ਚ ਪੱਤਰਕਾਰੀ ਮਿਆਰ ਨੂੰ ਉੱਚਾ ਚੁੱਕਿਆ ਹੈ। ਇਸ ਮੌਕੇ ਲੇਖਕ ਯਾਦਵਿੰਦਰ ਸਿੰਘ ਭੁੱਲਰ ਨੇ ਆਏ ਹੋਏ ਇਸ ਸਮਾਗਮ 'ਚ ਲੇਖਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ ਲਈ ਸਾਹਿਤ ਲਿਖਣਾ ਸ਼ੌਕ ਨਹੀਂ ਸਗੋਂ ਮੇਰੇ ਜੀਵਨ ਦੀ ਲੋੜ ਹੈ ਤੇ ਸਮੇਂ-ਸਮੇਂ ਸਿਰ ਮੇਰੀਆਂ ਪੁਸਤਕਾਂ ਛਪਦੀਆਂ ਰਹੀਆਂ ਹਨ ਤੇ ਮੈਂ ਅੱਗੇ ਤੋਂ ਵੀ ਨਿਰੰਤਰ ਲਿਖਣਾ ਜਾਰੀ ਰੱਖਾਂਗਾ। ਇਸ ਮੌਕੇ ਭਾਰਤੀ ਸਹਿਤ ਅਕੈਡਮੀ ਦਿੱਲੀ ਦੇ ਗਰਵਨਰ ਕੌਂਸਲ ਮੈਂਬਰ ਤੇ ਪੰਜਾਬੀ ਦੇ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਤੇ ਕਹਾਣੀਕਾਰ ਭੋਲਾ ਸਿੰਘ ਸੰਘੇੜਾ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਸ਼ਾਇਰ ਤਰਸੇਮ ਤੇ ਕਹਾਣੀਕਾਰ ਪਵਨ ਪਰਿੰਦਾ, ਗਾਇਕ ਤੇ ਲੇਖਕ ਡਾ. ਅਮਨਦੀਪ ਸਿੰਘ ਟੱਲੇਵਾਲੀਆ, ਕਹਾਣੀਕਾਰ ਦਰਸ਼ਨ ਸਿੰਘ ਗੁਰੂ, ਇਕਬਾਲ ਕੌਰ ਉਦਾਸੀ, ਰਘਵੀਰ ਸਿੰਘ ਕੱਟੂ, ਪਾਲ ਸਿੰਘ ਲਹਿਰੀ, ਮਾਲਵਿੰਦਰ ਸ਼ਾਇਰ, ਲਛਮਣ ਦਾਸ ਮੁਸਾਫਿਰ, ਹਾਣੀ ਮੈਗਜੀਨ ਦੇ ਸੰਪਾਦਕ ਗੋਰਾ ਸੰਧੂ, ਬੀਆਰ ਗ੍ਰਾਫਿਕਸ ਤੋਂ ਗੁਰਵਿੰਦਰ ਰੁਪਾਲ, ਨਵਦੀਪ ਸੇਖਾ, ਪਾਲ ਸਿੰਘ ਲਹਿਰੀ, ਮੇਜਰ ਸਿੰਘ ਸਹੌਰ ਆਦਿ ਲੇਖਕ ਹਾਜ਼ਰ ਸਨ।

# ਡੇਰਾ ਬਾਬਾ ਰਾਧਿਕਾ ਦਾਸ ਲੌਂਗੋਵਾਲ ਵਿਖੇ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ



ਲੌਂਗੋਵਾਲ,18 ਅਗਸਤ (ਭਗਵੰਤ ਸ਼ਰਮਾ ): ਅੱਜ ਸਥਾਨਕ ਡੇਰਾ ਬਾਬਾ ਰਾਧਿਕਾ ਦਾਸ ਲੌਂਗੋਵਾਲ ਵਿਖੇ ਬ੍ਰਹਮਲੀਨ 108 ਮਹੰਤ ਸ੍ਰੀ ਪਰਸ਼ੋਤਮ ਦਾਸ ਜੀ ਦੀ ਬਣਾਈ ਗਈ ਪਰੰਪਰਾ ਅਨੁਸਾਰ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ, ਜਿਸ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਮੌਕੇ ਸੰਗਤਾਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੂੰ ਝੂਲਾ ਝੁਲਾਇਆ ਅਤੇ ਮੰਦਰ ਵਿੱਚ ਭਗਵਾਨ ਕ੍ਰਿਸ਼ਨ ਦੇ ਦਰਸ਼ਨ ਕੀਤੇ ਸਮੂਹ ਸੰਗਤਾਂ ਨੇ ਵੱਧ ਚੜ ਕੇ ਭਗਵਾਨ ਕ੍ਰਿਸ਼ਨ ਦੇ ਦਰਸ਼ਨ ਕੀਤੇ ਲੰਬੀਆਂ ਕਤਾਰਾਂ ਵਿੱਚ ਖੜੇ ਸ਼ਰਧਾਲੂ ਭਗਵਾਨ ਕ੍ਰਿਸ਼ਨ ਦੇ ਭਜਨ ਗਾਉਂਦੇ ਨਜ਼ਰ ਆਏ ਸਨ ਲੰਮੇ ਸਮੇਂ ਤੋਂ ਇੱਥੇ ਜਨਮ ਅਸ਼ਟਮੀ ਹਰ ਸਾਲ ਮਨਾਈ ਜਾਂਦੀ ਹੈ ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਵੱਲੋਂ ਸਵੇਰੇ ਮੰਦਰ ਵਿਖੇ ਕੀਰਤਨ ਕੀਤਾ ਗਿਆ ਅਤੇ ਸ਼ਾਮ ਦੇ ਤਕਰੀਬਨ 7 ਵਜੇ ਤੋਂ ਲੈ ਕੇ 12 ਵਜੇ ਤੱਕ ਭਗਵਾਨ ਕ੍ਰਿਸ਼ਨ ਦਾ ਜਾਗਰਨ ਵੀ ਕੀਤਾ ਗਿਆ ਅਤੇ 12 ਵਜੇ ਭਗਵਾਨ ਕ੍ਰਿਸ਼ਨ ਦੇ ਜਨਮ ਟਾਈਮ ਤੇ ਭਗਵਾਨ ਨੂੰ ਭੋਗ ਲਗਾ ਕੇ ਮਾਲ ਪੂੜਿਆਂ ਦਾ ਭੰਡਾਰਾ ਸ਼ੁਰੂ ਕੀਤਾ ਗਿਆ ਜਿਸ ਵਿੱਚ ਇਲਾਕੇ ਦੇ ਲਗਭਗ 25 ਪਿੰਡਾਂ ਦੇ ਸ਼ਰਧਾਲੂ ਇੱਥੇ ਆ ਕੇ ਨਮਸਤਕ ਹੋਏ ਇਸ ਸਾਲ ਵਿੱਚ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਸ੍ਰੀ ਰਾਧਾ ਰਾਣੀ ਪ੍ਰਭਾਤ ਤੇਰੇ ਵੱਲੋਂ ਵੀ ਭਗਵਾਨ ਕ੍ਰਿਸ਼ਨ ਦਾ ਗੁਣਗਾਨ ਮੰਦਰ ਵਿਖੇ ਕੀਤਾ ਗਿਆ ਅਤੇ ਬਾਅਦ ਵਿੱਚ ਕੀਰਤਨ ਮੰਡਲੀਆਂ ਨੂੰ ਚਾਹ ਪਾਣੀ ਦਾ ਵੀ ਭੰਡਾਰਾ ਵੀ ਵਰਤਾਇਆ ਗਿਆ ਖੀਰ ਪੂੜਿਆਂ ਦਾ ਭੰਡਾਰਾ ਅਤੁੱਟ ਵਰਤਿਆ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਅਤੇ ਲੌਂਗੋਵਾਲ ਦੇ ਸਮੂਹ ਵਰਕਰਾਂ ਵੱਲੋਂ ਡੇਰਾ ਬਾਬਾ ਰਾਧਿਕਾ ਦਾਸ ਵਿਖੇ ਹਾਜ਼ਰੀ ਲਗਾਈ ਗਈ ਪ੍ਰੀਤਮਾ ਦੇਵੀ ਮਹੰਤ ਹੀਰਾ ਦਾਸ ਗੀਟਾ ਰਾਣੀ ਅਤੇ ਸਮੂਹ ਪਰਿਵਾਰ ਵੱਲੋਂ ਸੰਗਤ ਦਾ ਆਉਣ ਤੇ ਧੰਨਵਾਦ ਕੀਤਾ ਗਿਆ ਵਧਾਈ ਦਿੰਦਿਆ ਰੌਣਕਾਂ ਲਾਈਆਂ। ਪ੍ਰਸਿੱਧ ਜੋਤਿਸ਼ ਅਚਾਰੀਆ ਆਰ.ਵੀ.ਵਸ਼ਿਸਟ ਦੇ ਨਾਲ ਆਏ ਪੰਜਾਬੀ ਗਾਇਕ ਗੁਣਤਾਰ ਦੰਦੀਵਾਲ ਗੀਤਕਾਰ ਮਨੀ ਸ਼ੇਰੋਂ ਨੇ ਵੀ ਸੰਗਤਾਂ ਨੂੰ ਜਨਮ ਅਸ਼ਟਮੀ ਦੀਆਂ ਵਧਾਈਆ ਦਿੱਤੀਆਂ। ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਵੀ ਇਸ ਪਵਿੱਤਰ ਸਥਾਨ ਤੇ ਪੁੱਜ ਕੇ ਨਤਮਸਤਕ ਹੋਏ।'ਆਪ' ਦੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਸਿੱਧੂ, ਸੀਨੀਅਰ ਕਾਂਗਰਸੀ ਆਗੂ ਰਾਜਿੰਦਰ ਦੀਪਾ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਅਸ਼ੀਰਵਾਦ ਲਿਆ। ਜੋਤਿਸ਼ ਅਚਾਰੀਆ ਆਰ.ਵੀ ਵਸ਼ਿਸਟ,ਪ੍ਰਧਾਨ ਪਰਮਿੰਦਰ ਕੌਰ ਬਰਾੜ,ਮੀਤ ਪ੍ਰਧਾਨ ਸ਼ੁਸ਼ਮਾ ਰਾਣੀ,ਕੌਂਸਲਰ ਗੀਨਾ ਰਾਣੀ,ਸੁਖਵਿੰਦਰ ਪਾਲ ਸੁਖੀ,ਬਾਬਾ ਕੁਲਵੰਤ ਸਿੰਘ ਕਾਂਤੀ,ਬਲਵਿੰਦਰ ਸਿੰਘ ਢਿੱਲੋਂ,ਰਾਜ ਸਿੰਘ ਰਾਜੂ,ਵਿੱਕੀ ਵਸ਼ਿਸਟ,ਗੌਰਵ ਗਰਗ ਸ਼ੇਰਪੁਰ,ਭਾਜਪਾ ਦੇ ਮੰਡਲ ਪ੍ਰਧਾਨ ਰਤਨ ਕੁਮਾਰ ਮੰਗੂ,ਨਾਇਬ ਸਿੰਘ,ਕੋ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਵੀ ਹਾਜ਼ਰੀ ਲਗਵਾਈ ਸਮੂਹ ਨਗਰ ਦੇ ਐਮ ਸੀ ਇਲਾਕੇ ਦੇ ਸਰਪੰਚ ਪੰਚ ਕਲੱਬਾਂ ਦੇ ਦੇ ਮੈਂਬਰ ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਦੇ ਸੰਚਾਲਕ ਸ੍ਰੀ ਵਿਜੇ ਕੁਮਾਰ ਏਜੰਟ ਐਲਆਈਸੀ ਆਸ਼ੂ ਆਰੀਆ ਕਾਲਾ ਮਿੱਤਰ ਸੰਜੇ ਕੁਮਾਰ ਸੁਨੀਤਾ ਰਾਣੀ ਗੀਤੂ ਗੋਇਲ ਰਾਣੀ ਗੀਤੂ ਸ਼ਰਮਾ ਹਰਜੀਤ ਸ਼ਰਮਾ ਸੁਰਜੀਤ ਸ਼ਰਮਾ ਆਦਿ ਹਾਜ਼ਰ ਸਨ।

# ਜ਼ੋਨ ਪੱਧਰੀ ਸਕੂਲੀ ਖੇਡਾਂ ਵਿੱਚ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਬਖੋਰਾਂ ਕਲਾ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



ਲਹਿਰਾਗਾਗਾ, 18 ਅਗਸਤ (ਰਾਮੇਸ਼ਵਰ ਸ਼ਰਮਾ/ਖੁਸ਼ਵਿੰਦਰ ਸ਼ਰਮਾ ):ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਖੋਰਾ ਕਲਾਂ ਦੇ ਵਿਦਿਆਰਥੀਆਂ ਨੇ ਨੈਸ਼ਨਲ ਸਟਾਇਲ ਕਬੱਡੀ ਅੰਡਰ 17 ਵਿੱਚ ਲੜਕੀਆਂ ਨੇ 12 - ਗੋਲਡ ਮੈਡਲ ਜਿੱਤੇ , ਰੱਸਾ ਕੱਸੀ ਅੰਡਰ 17 ਲੜਕਿਆਂ ਨੇ 10- ਗੋਲਡ ਮੈਡਲ ਜਿੱਤੇ, ਜੂਡੋ ਅੰਡਰ 17 ਵਿੱਚ ਲੜਕਿਆਂ ਨੇ2- ਗੋਲਡ ਮੈਡਲ ਜਿੱਤੇ, ਐਥਲੈਟਿਕਸ ਅੰਡਰ 17 ਲੜਕੀਆਂ ਨੇ 1- ਹਾਈ ਜੰਪ ਗੋਲਡ ਮੈਡਲ ਅਤੇ 1- ਤੀਹਰੀ ਛਾਲ ਗੋਲਡ ਮੈਡਲ, ਵਾਕ 3000 ਮੀਟਰ ਗੋਲਡ ਮੈਡਲ, 1500 ਮੀਟਰ ਰੇਸ ਵਿੱਚ ਗੋਲਡ ਮੈਡਲ ਜਿੱਤੇ , ਅਤੇ ਐਥਲੈਟਿਕਸ ਅੰਡਰ 17 ਲੜਕੇ 1500 ਮੀਟਰ ਰੇਸ ਗੋਲਡ ਮੈਡਲ, ਸਰਕਲ ਕਬੱਡੀ ਅੰਡਰ 14 ਲੜਕੇ 14- ਸਿਲਵਰ ਮੈਡਲ ,ਕ੍ਰਿਕਟ ਅੰਡਰ 19 ਲੜਕੇ16- ਸਿਲਵਰ* ਮੈਡਲ ,ਐਥਲੈਟਿਕਸ ਅੰਡਰ 17 ਲੜਕੇ ਜੈਵਲਿਨ ਥਰੋ 1- ਸਿਲਵਰ ਮੈਡਲ ਅਤੇ ਬੈਡਮਿੰਟਨ ਅੰਡਰ 17 ਲੜਕੀਆਂ 2- ਬਰਾਉਨ ਮੈਡਲ ਹਾਸਿਲ ਕੀਤੇ । ਸਮੁੱਚੇ ਜੋਨ ਲਹਿਲ ਕਲਾਂ ਦੇ ਵਿੱਚ ਬਖੋਰਾ ਕਲਾਂ ਦੇ ਸਕੂਲ ਦੇ ਖਿਡਾਰੀਆਂ ਨੇ ਸਭ ਤੋਂ ਵੱਧ ਮੈਡਲ ਜਿੱਤੇ।ਇੰਨਾ ਵਿਦਿਆਰਥੀਆਂ ਨੇ ਖੇਡਾਂ ਵਿੱਚ ਮੱਲਾਂ ਮਾਰ ਕੇ ਸਕੂਲ ਇੰਚਾਰਜ ਸ਼੍ਰੀ ਕਿਰਨਪਾਲ ਸਿੰਘ ਜੀ ਟੀਮ ਇੰਚਾਰਜ ਸ੍ਰੀ ਮਨਿੰਦਰ ਸਿੰਘ ਡੀਪੀਈ ਅਤੇ ਲੈਕਚਰਾਰ ਸਰੀਰਿਕ ਸਿੱਖਿਆ ਸ਼੍ਰੀ ਹਰਸ਼ਮਿੰਦਰ ਸਿੰਘ ਜੀ ਦਾ ਨਾਮ ਅਤੇ ਆਪਣੇ ਅਧਿਆਪਕਾਂ ਦਾ ਨਾਮ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਅਤੇ ਸਮੁੱਚੇ ਸਕੂਲ ਅਤੇ ਪਿੰਡ ਦਾ ਨਾਮ ਰੋਸ਼ਨ ਕੀਤਾ।

# ਜ਼ਿਲ੍ਹੇ ਵਿੱਚ ਲੁਟੇਰਿਆਂ ਦਾ ਕਹਿਰ, ਸਬਜ਼ੀ ਵਿਕਰੇਤਾ ਤੋਂ ਹਜ਼ਾਰਾਂ ਦੀ ਨਕਦੀ ਲੁੱਟੀ, ਕਾਰ ਦੀ ਕੀਤੀ ਭੰਨ੍ਹਤੋੜ

ਬਠਿੰਡਾ, 18 ਅਗਸਤ (ਦੀਪਕ ਸ਼ਰਮਾ):ਜ਼ਿਲ੍ਹੇ ਵਿੱਚ ਲੁੱਟਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਲਗਾਤਾਰ ਵੱਧ ਰਹੀਆਂ ਹਨ। ਇਸ ਕਾਰਨ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ।ਇਨ੍ਹਾਂ ਮਾਮਲਿਆਂ ਵਿੱਚ ਕਥਿਤ ਲੁਟੇਰਿਆਂ ਵੱਲੋਂ ਸਬਜ਼ੀ ਵਿਕਰੇਤਾ ਦੀ ਕਾਰ ਦੀ ਭੰਨ ਤੋੜ ਕਰਕੇ ਨਕਦੀ ਲੁੱਟ ਲਈ ਗਈ। ਇਸੇ ਤਰ੍ਹਾਂ ਥਾਣਾ ਦਿਆਲਪੁਰਾ ਦੀ ਅਤੇ ਥਰਮਲ ਦੀ ਪੁਲਿਸ ਨੇ ਮੋਟਰਸਾਈਕਲ ਚੋਰੀ ਦੇ ਪਰਚੇ ਦਰਜ ਕੀਤੇ ਹਨ। ਥਰਮਲ ਪੁਲਿਸ ਵੱਲੋਂ ਕਥਿਤ ਕਥਿਤ ਦੋਸ਼ੀ ਗ੍ਰਿਫਤਾਰ ਕਰਕੇ ਮੋਟਰਸਾਈਕਲ ਬਰਾਮਦ ਕਰ ਲਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਨੰਨ੍ਹੀ ਛਾਂ ਚੌਂਕ ਨਜ਼ਦੀਕ ਲੁਟੇਰਿਆਂ ਵੱਲੋਂ ਸ਼ਬਜੀ ਵੇਚਣ ਵਾਲੇ ਵਿਅਕਤੀਆਂ ਦੀ ਕਾਰ ਘੇਰ ਕੇ ਜਿੱਥੇ ਕਾਰ ਦੀ ਭੰਨਤੋੜ ਕਰ ਦਿੱਤੀ ਉਨ੍ਹਾਂ ਤੋਂ ਹਜ਼ਾਰਾਂ ਦੀ ਨਗਦੀ ਲੁੱਟ ਕੇ ਫਰਾਰ ਹੋ ਗਏ। ਇਸ ਸਬੰਧੀ ਥਾਣਾ ਕੈਨਾਲ ਕਲੋਨੀ ਸਹਾਇਕ ਥਾਣੇਦਾਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਮਨਦੀਪ ਸਿੰਘ ਵਾਸੀ ਘੁੱਦਾ ਨੇ ਚਾਰ ਨਾਮੂਲਮ ਵਿਅਕਤੀਆਂ ਖਿਲਾਫ਼ ਸ਼ਕਾਇਤ ਦਰਜ ਕਰਵਾਈ ਹੈ।ਪੀੜਤ ਅਨੁਸਾਰ ਉਹ ਲੰਘੇ ਐਤਵਾਰ ਸਵੇਰ ਸ਼ਬਜੀ ਵੇਚਣ ਜਾ ਰਹੇ ਸਨ, ਜਦ ਉਹ ਨੰਨ੍ਹੀ ਛਾਂ ਚੌਂਕ ਕੋਲ ਪਹੁੰਚੇ ਤਾਂ ਉਥੇ ਚਾਰ ਵਿਅਕਤੀਆਂ ਵੱਲੋਂ ਉਨ੍ਹਾਂ ਦੀ ਕਾਰ ਘੇਰ ਕੇ ਭੰਨਤੋੜ ਕੀਤੀ ਅਤੇ ਉਨ੍ਹਾਂ ਤੋਂ 4 ਹਜ਼ਾਰ ਰੁਪਏ ਦੀ ਨਗਦੀ ਖੋਹ ਕੇ ਫਰਾਰ ਹੋ ਗਏ।ਪੁਲਿਸ ਨੇ ਉਕਤ ਚਾਰ ਨਾਮੂਲਮ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ।ਜਿਕਰਯੋਗ ਹੈ ਕਿ ਕੁੱਝ ਦਿਨ ਪਹਿਲਾ ਵੀ ਗੱਡੀ ਸਵਾਰ ਲੁਟੇਰਿਆਂ ਨੇ ਨਵਵਿਆਹਤਾਂ ਦੀ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਲੁੱਟ ਕਰ ਲਈ ਸੀ।ਪੁਲਿਸ ਨੇ ਹਾਲੇ ਉਸ ਮਾਮਲੇ ਨੂੰ ਹੱਲ ਨਹੀਂ ਕੀਤਾ ਸੀ ਕਿ ਇਕ ਹੋਰ ਵਾਰਦਾਤ ਵਾਪਰ ਗਈ।ਪੁਲਿਸ ਦੀ ਢਿੱਲੀ ਕਾਰਗੁਜਾਰੀ ਕਾਰਨ ਲੋਕਾਂ 'ਚ ਡਰ ਤੇ ਸਹਿਮ ਦਾ ਮਹੌਲ ਪਾਇਆ ਜਾ ਰਿਹਾ ਹੈ।ਲੋਕਾਂ ਮੰਗ ਕੀਤੀ ਹੈ ਕਿ ਸਵੇਰੇ ਪੁਲਿਸ ਵੱਲੋਂ ਇਸ ਇਲਾਕੇ 'ਚ ਗਸ਼ਤ ਵਧਾਈ ਜਾਵੇ।ਇਸੇ ਤਰ੍ਹਾਂ ਥਾਣਾ ਦਿਆਲਪੁਰਾ ਦੀ ਪੁਲਿਸ ਨੇ ਪਿੰਡ ਭਗਤਾ ਭਾਈਕਾ ਵਿਖੇ ਇਕ ਮੋਟਰਸਾਈਕਲ ਚੋਰੀ ਕਰਨ ਵਾਲੇ ਨਾਮੂਲਮ ਵਿਅਕਤੀ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਮੁਨੀਸ਼ ਕੁਮਾਰ ਵਾਸੀ ਬੁਰਜ਼ ਖਰੋੜ ਨੇ ਨਾਮੂਲਮ ਵਿਅਕਤੀ ਖਿਲਾਫ਼ ਸ਼ਕਾਇਤ ਦਰਜ ਕਰਵਾਈ ਹੈ ਕਿ ਉਹ ਕਿਸੇ ਕੰਮ ਲਈ ਭਗਤਾ ਭਾਈ ਕਾ ਵਿਖੇ ਗਿਆ ਸੀ, ਜਿੱਥੇ ਕੋਈ ਵਿਅਕਤੀ ਉਸ ਦਾ ਮੋਟਰਸਾਈਕਲ ਚੋਰੀ ਕਰਕੇ ਲੈ ਗਿਆ।ਪੁਲਿਸ ਨੇ ਮੁਦਈ ਦੇ ਬਿਆਨਾਂ 'ਤੇ ਨਾਮੂਲਮ ਵਿਅਕਤੀ ਵਿਰੁੱਧ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।ਇੱਕ ਹੋਰ ਮਾਮਲੇ ਵਿੱਚ ਥਾਣਾ ਥਰਮਲ ਦੀ ਪੁਲਿਸ ਨੇ ਨੈਸ਼ਨਲ ਕਲੋਨੀ 'ਚ ਇਕ ਮੋਟਰਸਾਈਕਲ ਚੋਰ ਨੂੰ ਗ੍ਰਿਫਤਾਰ ਕਰਕੇ ਉਸ ਤੋਂ ਚੋਰੀ ਦਾ ਮੋਟਰਸਾਈਕਲ ਬਰਾਮਦ ਕੀਤਾਹੈ।ਸਬ ਇੰਸਪੈਕਟਰ ਕੌਰ ਸਿੰਘ ਨੇ ਦੱਸਿਆ ਕਿ ਵਿਸ਼ਾਲ ਕੁਮਾਰ ਵਾਸੀ ਨੈਸ਼ਨਲ ਕਲੋਨੀ ਦਾ ਮੋਟਰਸਾਈਕਲ ਲੰਘੇ ਐਤਵਾਰ ਸਿਵਮ ਵਾਸੀ ਦਸਮੇਸ਼ ਐਵੀਨਿਊ ਮਜੀਠਾ ਰੋਡ ਅੰਮ੍ਰਿਤਸਰ ਨੇ ਚੋਰੀ ਕਰ ਲਿਆ। ਸ਼ਿਕਾਇਤ ਮਿਲਣ 'ਤੇ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਹੋਇਆਂ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਮੋਟਰਸਾਈਕਲ ਬਰਾਮਦ ਕਰ ਲਿਆ ਹੈ।

# ਪਿੰਡ ਕੁੱਕੜ ਵਿਖੇ ਹੋਣ ਜਾ ਰਹੀ ਮਹਾਂ ਪੰਚਾਇਤ ਵਿੱਚ ਬਲਾਕ ਦਿੜਬਾ ਵਿੱਚੋਂ ਸੈਂਕੜੇ ਕਿਸਾਨਾਂ ਵੱਲੋਂ ਕੀਤੀ ਜਾਵੇਗੀ ਸ਼ਮੂਲੀਅਤ:ਦਿਲਬਾਗ ਹਰੀਗੜ੍ਹ

ਕੌਹਰੀਆਂ,18 ਅਗਸਤ (ਅਵਤਾਰ ਸਿੰਘ ਜਟਾਣਾ): ਭਾਰਤੀ ਕਿਸਾਨ ਯੂਨੀਅਨ ਏਕਤਾ (ਆਜ਼ਾਦ) ਬਲਾਕ ਦਿੜ੍ਹਬਾ ਦੀ ਮੀਟਿੰਗ ਗੁਰਦੁਆਰਾ ਭਜਨਸਰ ਸਾਹਿਬ ਹਰੀਗੜ੍ਹ ਵਿਖੇ ਸਤਪਾਲ ਸਿੰਘ ਹਰੀਗੜ ਅਤੇ ਜਗਦੀਪ ਸਿੰਘ ਕੌਹਰੀਆਂ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਬਲਾਕ ਆਗੂ ,ਪਿੰਡ ਇਕਾਈ ਅਹੁਦੇਦਾਰ ,ਅਤੇ ਮੈਂਬਰ ਸਾਹਿਬਾਨ ਸ਼ਾਮਿਲ ਹੋਏ। ਪੰਜਾਬ ਸਰਕਾਰ ਨੇ ਲੈਂਡ ਪੋਲਿੰਗ ਸਕੀਮ ਵਿੱਚ ਕਾਰਪੋਰੇਟ ਦੇ ਹੱਕਾਂ ਵਿੱਚ ਭੁਗਤ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਮੌਜੂਦਾ ਸਰਕਾਰ ਵੀ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਸਰਕਾਰ ਹੈ ,ਪ੍ਰੰਤੂ ਲੋਕ ਤਾਕਤ ਅਤੇ ਜਥੇਬੰਦੀਆਂ ਦੇ ਵਿਰੋਧ ਕਾਰਨ ਇਹਨਾਂ ਨੂੰ ਇਹ ਨੀਤੀ ਵਾਪਸ ਲੈਣੀ ਪਈ। ਸੂਬਾਈ ਆਗੂ ਦਿਲਬਾਗ ਸਿੰਘ ਹਰੀਗੜ੍ਹ ਨੇ ਸੰਬੋਧਨ ਕਰਦੇ ਹੋਏ ਕਿਹਾ ਕੇ. ਐਮ.ਐਮ ਦੇ ਸੱਦੇ ਤੇ ਆਉਣ ਵਾਲੀ 20 ਤਰੀਕ ਨੂੰ ਜਲੰਧਰ ਦੇ ਅਧੀਨ ਪੈਂਦੇ ਪਿੰਡ ਕੁੱਕੜ ਵਿਖੇ ਹੋਣ ਜਾ ਰਹੀ ਮਹਾ ਪੰਚਾਇਤ ਵਿੱਚ ਬਲਾਕ ਦਿੜਬਾ ਵਿੱਚੋਂ ਸੈਂਕੜੇ ਕਿਸਾਨ, ਮਜ਼ਦੂਰ, ਨੌਜਵਾਨ, ਤੇ ਬੀਬੀਆਂ, ਭੈਣਾਂ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਨਗੀਆਂ, ਕਿਉਂਕਿ ਬੇਸ਼ੱਕ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਪੋਲਸੀ ਨੂੰ ਵਾਪਸ ਲੈਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਪ੍ਰੰਤੂ ਪੋਲਸੀ ਅੰਦਰੂਨੀ ਖਾਤੇ ਜਿਉਂ ਦੀ ਤਿਉਂ ਸਟੈਂਡ ਕਰਦੀ ਹੈ। ਲੈਂਡ ਪੋਲਿੰਗ ਪੋਲਸੀ ਨੂੰ ਮੁੱਢੋਂ ਰੱਦ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਸਰਕਾਰ ਇਸ ਨੂੰ ਮੁੱਢੋਂ ਹੀ ਰੱਦ ਕਰੇ ਅਤੇ ਇਸ ਦੇ ਨਾਲ ਹੀ ਬਿਜਲੀ ਐਕਟ 2025 ਜਿਸ ਅਧੀਨ ਬਿਜਲੀ ਬੋਰਡ ਨੂੰ ਨਿਜੀ ਹੱਥਾਂ ਵਿੱਚ ਦਿੱਤਾ ਜਾਣਾ ਹੈ। ਉਸ ਖਿਲਾਫ ਮਤਾ ਪਾਸ ਕਰਕੇ ਇਸ ਨੂੰ ਵੀ ਮੂਢੋਂ ਰੱਦ ਕੀਤਾ ਜਾਵੇ ਅਤੇ ਇਸ ਤੋਂ ਇਲਾਵਾ ਸ਼ੰਭੂ ਖਨੌਰੀ ਬਾਰਡਰ ਤੇ ਕਿਸਾਨੀ ਸੰਘਰਸ਼ਾਂ ਦੌਰਾਨ ਹੋਏ ਨੁਕਸਾਨ ਦਾ ਮੁਆਵਜ਼ਾ ਅਤੇ ਹੜ੍ਹਾਂ ਨਾਲ ਪੰਜਾਬ ਅੰਦਰ ਹੋਏ ਨੁਕਸਾਨ ਦੇ ਮੁਆਵਜ਼ੇ ਦੀ ਭਰਪਾਈ ਵੀ ਸਰਕਾਰ ਜਲਦੀ ਤੋਂ ਜਲਦੀ ਕਰੇ। ਇਸ ਤੋਂ ਇਲਾਵਾ ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਚਿੱਪਾਂ ਵਾਲੇ ਮੀਟਰ ਜਬਰੀ ਲਗਾਉਣੇ ਬੰਦ ਕੀਤੇ ਜਾਣ ਅਤੇ ਪਹਿਲਾਂ ਵਾਲੇ ਮੀਟਰ ਹੀ ਨਵੇਂ ਕਨੈਕਸ਼ਨ 'ਤੇ ਲਗਾਏ ਜਾਣ। ਧੱਕੇ ਨਾਲ ਕਿਸੇ ਦੇ ਵੀ ਨਵੇਂ ਚਿੱਪ ਵਾਲੇ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ। ਇਸ ਤੋਂ ਇਲਾਵਾ ਲੋਕਾਂ ਨੂੰ ਆਉਣ ਵਾਲੀ 20 ਤਰੀਕ ਨੂੰ ਕੁੱਕੜ ਪਿੰਡ ਜ਼ਿਲ੍ਹਾ ਜਲੰਧਰ ਵਿਖੇ ਮਹਾ ਪੰਚਾਇਤ ਵਿੱਚ ਲੋਕਾਂ ਨੂੰ ਵੱਧ ਚੜ ਕੇ ਹਿੱਸਾ ਲੈਣ ਦੀ ਬੇਨਤੀ ਕੀਤੀ ਜਾਂਦੀ ਹੈ। ਇਸ ਮੌਕੇ ਮੰਗਾ ਸਿੰਘ ਸਾਦੀ ਹਰੀ ਚਮਕੌਰ ਸਿੰਘ ਸਾਦੀ ਹਰੀ, ਗੁਰਚਰਨ ਸਿੰਘ ਖੇਤਲਾ ਬਘੇਲ ਸਿੰਘ ਦਿੜਬਾ,ਬਲਵਿੰਦਰ ਸਿੰਘ ਹਰੀਗੜ੍ਹ ,ਨਿਰਮਲ ਸਿੰਘ ,ਜਸਪ੍ਰੀਤ ਸਿੰਘ ਹਰੀਗੜ੍ਹ ,ਬਿਕਰਜੀਤ ਸਿੰਘ ਕੌਹਰੀਆਂ ,ਜਗਮੀਤ ਸਿੰਘ ਕੌਹਰੀਆਂ ,ਹੈਪੀ ਕੌਹਰੀਆਂ ਰਣਧੀਰ ਸਿੰਘ ਬਘਰੋਲ, ਦਲਵਾਰਾ ਸਿੰਘ ਖੇਤਲਾ ਗੁਰਮੇਲ ਸਿੰਘ ਕੈਂਪਰ ,ਸ਼ੇਰ ਸਿੰਘ ਤੂਰਬੰਨਜਾਰਾ,ਸਤਿਗੁਰ ਸਿੰਘ ,ਆਦੀ ਕਿਸਾਨ ਹਾਜ਼ਰ ਸਨ ।



# ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰੀ ਮੀਟਿੰਗ ਦਾ ਕੀਤਾ ਗਿਆ ਆਯੋਜਨ



ਬਰੇਟਾ, 18 ਅਗਸਤ ( ਨਰਿੰਦਰ ਬਾਂਸਲ, ਵਿਨੋਦ ਸਿੰਗਲਾ ): ਸਥਾਨਕ ਪੈਨਸ਼ਨਰਜ਼ ਵੈਲਫੇਅਰ ਐਸ਼ੋਸ਼ੀਏਸਨ ਦੀ ਮਹੀਨਾਵਾਰੀ ਮੀਟਿੰਗ ਪਬਲਿਕ ਧਮਸ਼ਾਲਾ ਵਿਖੇ ਹੋਈ। ਸਕੱਤਰ ਜਨਰਲ ਕ੍ਰਿਸ਼ਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਦੀ ਪ੍ਰਧਾਨਗੀ ਮੇਲਾ ਸਿੰਘ ਮੰਡੇਰ ਪ੍ਰਧਾਨ ਅਤੇ ਕ੍ਰਿਸ਼ਨ ਗੋਇਲ ਦੁਆਰਾ ਕੀਤੀ ਗਈ। ਸਕੱਤਰ ਕ੍ਰਿਸ਼ਨ ਸਿੰਘ ਨੇ ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਅਗਸਤ ਮਹੀਨੇ ਦੇ ਇਤਿਹਾਸਕ ਦਿਨਾਂ ਦਾ ਜਿਕਰ ਕੀਤਾ। ਜੌਹਰੀ ਲਾਲ ਮੀਤ ਪ੍ਰਧਾਨ ਨੇ ਸਾਰਿਆਂ ਨੂੰ ਜੀਅ ਆਇਆਂ ਕਿਹਾ। ਉਨਾਂ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਪੈਂਸ਼ਨਰਾਂ ਦੀਆਂ ਮੰਗਾਂ ਸੰਬੰਧੀ ਵਾਰ ਵਾਰ ਮੀਟਿੰਗ ਕਰਨ ਤੋਂ ਮੁਕਰ ਜਾਣਾ ਜਾਂ ਮੰਗਾ ਵੱਲ ਕੋਈ ਧਿਆਨ ਨਾ ਦੇਣਾ ਸਰਕਾਰਾਂ ਦੀ ਨਿਖੇਧੀ ਭਰਿਆ ਵਰਤਾਰਾ ਹੈ।ਡਾ ਭਵਾਨੀ ਸ਼ੰਕਰ ਗਰਗ ਨੇ ਬੁੱਢੀ ਉਮਰੇ ਸਿਹਤ ਦਾ ਧਿਆਨ ਕਿਵੇਂ ਰੱਖਿਆ ਜਾਵੇ, ਵਿਸ਼ੇ ਬਾਰੇ ਗੱਲਬਾਤ ਕੀਤੀ। ਦਸੌਂਧਾ ਸਿੰਘ ਬਹਾਦਰਪੁਰ ਨੇ ਜਥੇਬੰਧਕ ਨੁਕਤਿਆਂ ਦੀ ਸ਼ਾਂਝ ਪਾਈ।ਖਜ਼ਾਨਚੀ ਗੁਲਜਾਰ ਸਿੰਘ ਨੇ ਐਸ਼ੋਸ਼ੀਏਸ਼ਨ ਦੀ ਵਿੱਤੀ ਹਾਲਤ ਬਾਰੇ ਗੱਲ ਕਰਦਿਆਂ ਮੰਗ ਕੀਤੀ ਕਿ ਜਿਨਾਂ ਮੈਂਬਰਾ ਵੱਲ ਬਕਾਇਆ ਖੜਾ ਹੈ ਉਹ ਇਸ ਮਹੀਨੇ ਦੇ ਅੰਤ ਤੱਕ ਜਮਾਂ ਕਰਵਾਉਣ ਦੀ ਬੇਨਤੀ ਕੀਤੀ ।ਮਾਸਟਰ ਮਿਲਖ ਰਾਜ ਸ਼ਰਮਾਂ ਨੇ ਆਪਣੀਆਂ ਕਵਿਤਾਵਾਂ ਨਾਲ ਹਾਜ਼ਰੀ ਲਗਵਾਈ। ਸੱਤਪਾਲ ਸ਼ਰਮਾਂ ਨੇ ਮੈਂਬਰਾਂ ਦੀ ਹਾਜਰੀ ਵਧਾਉਣ ਦੇ ਨੁਕਤਿਆਂ ਦੀ ਗੱਲ ਦੱਸੀ।ਸਰਦੂਲ ਚਹਿਲ ਨੇ ਜਥੇਬੰਦੀ ਦੀ ਮੈਂਬਰਸ਼ਿਪ ਵਿੱਚ ਵਾਧਾ ਕਰਨ ਬਾਰੇ ਵਿਚਾਰਾਂ ਕੀਤੀਆਂ। ਇਸ ਮਹੀਨੇ ਜਨਮ ਦਿਨ ਵਾਲੇ ਮੈਂਬਰਾਂ ਭਵਾਨੀ ਗਰਗ,ਕਮਲੇਸ਼,ਸਰੋਜ, ਖੇਮ ਚੰਦ,ਸ਼ੁਰੇਸ਼ ਸਿੰਘ ਸੰਘਰੇੜੀ,ਰਾਜ ਕੁਮਾਰ ਆਦਿ ਦਾ ਜਨਮ ਦਿਨ ਮਨਾਇਆ ਗਿਆ।ਸਾਰਿਆਂ ਨੇ ਵਧਾਈਆਂ ਪੇਸ਼ ਕੀਤੀਆਂ।ਅਖੀਰ ਪ੍ਰਧਾਨ ਮੇਲਾ ਸਿੰਘ ਨੇ ਸਾਰਿਆਂ ਦਾ ਧੰਨਬਾਦ ਕੀਤਾ। ਸੰਬੋਧਨ ਕਰਨ ਵਾਲਿਆਂ 'ਚ ਜਰਨੈਲ ਸਿੰਘ ਚੌਹਾਨ, ਟੇਕ ਦਾਸ,ਅਸ਼ੋਕ ਸ਼ਰਮਾਂ,ਮਾਸਟਰ ਸ਼ਾਮ ਲਾਲ, ਰਾਜਿੰਦਰ ਮਲੂਕਾ, ਸੰਤ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

# ਧਾਮ ਸ਼੍ਰੀ ਨੈਣਾ ਦੇਵੀ ਵਿਖੇ ਬਣੀ ਰਾਮਪੁਰੇ ਵਾਲਿਆਂ ਦੀ ਧਰਮਸ਼ਾਲਾ ਦੀ ਬਿਲਡਿੰਗ ਡਿੱਗੀ

ਬਠਿੰਡਾ, 18 ਅਗਸਤ (ਇੰਦਰਪਾਲ ਬਾਂਸਲ):ਜੈ ਸ਼ਕਤੀ ਭੰਡਾਰਾ ਸੋਸਾਇਟੀ( ਰਜਿ.) ਰਾਮਪੁਰਾ ਫੂਲ ਵੱਲੋਂ ਧਾਮ ਸ਼੍ਰੀ ਨੈਣਾ ਦੇਵੀ ਵਿਖੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਬਣੀ ਰਾਮਪੁਰੇ ਵਾਲਿਆਂ ਦੀ ਧਰਮਸ਼ਾਲਾ ਦੀ ਬਿਲਡਿੰਗ ਡਿੱਗੀ ਪਈ ਹੈ। ਭੰਡਾਰਾ ਸੁਸਾਇਟੀ ਦੇ ਪ੍ਰਧਾਨ ਅਜੀਤ ਪਾਲ ਟੈਨੀ ਜੋੜਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਧਾਮ ਸ਼੍ਰੀ ਨੈਣਾ ਦੀ ਵੀ ਵਿਖੇ ਹੋ ਰਹੀਆਂ ਭਾਰੀਆਂ ਬਰਸਾਤਾਂ ਕਾਰਨ ਧਰਮਸ਼ਾਲਾ ਦਾ ਇੱਕ ਪਾਸੇ ਦੀ ਬਿਲਡਿੰਗ ਡਿੱਗ ਪਈ ਹੈ, ਜਿਸਦਾ ਭਰੀ ਨੁਕਸਾਨ ਹੋ ਗਿਆ ਹੈ ਬਿਲਡਿੰਗ ਦੁਬਾਰਾ ਤਿਆਰ ਕਰਨ ਲਈ ਲੱਖਾਂ ਰੁਪਏ ਦਾ ਖਰਚਾ ਹੈ। ਜੈ ਸ਼ਕਤੀ ਭੰਡਾਰਾ ਸੁਸਾਇਟੀ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸ਼ਹਿਰ ਦੀਆਂ ਧਾਰਮਿਕ ,ਸਮਾਜਿਕ ਵਪਾਰਿਕ, ਸੰਸਥਾਵਾਂ ਅਤੇ ਵੱਖ-ਵੱਖ ਜਥੇਬੰਦੀਆਂ ਤੇ ਸ਼ਹਿਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਜੈ ਸ਼ਕਤੀ ਭੰਡਾਰਾ ਸੁਸਾਇਟੀ ਨੂੰ ਵੱਧ ਤੋਂ ਵੱਧ ਦਾਨ ਦੇ ਕੇ ਸੰਸਥਾ ਦਾ ਸਹਿਯੋਗ ਕੀਤਾ ਜਾਵੇ।

# ਸਰਕਾਰੀ ਮਿਡਲ ਸਕੂਲ ਬੋਪੁਰ ਵਿਚ ਆਜ਼ਾਦੀ ਦਿਵਸੇ ਨੂੰ ਸਮਰਪਿਤ ਸਭਿਆਚਾਰਕ ਪ੍ਰੋਗਰਾਮ ਕਰਵਾਇਆ



ਖਨੌਰੀ, 18 ਅਗਸਤ (ਓਮਪ੍ਰਕਾਸ਼ ਮੁਆਲ): ਨਜ਼ਦੀਕੀ ਪਿੰਡ ਬੋਪੁਰ ਦੇ ਸਰਕਾਰੀ ਮਿਡਲ ਸਕੂਲ ਵਿੱਚ ਡਾ. ਭੀਮ ਰਾਓ ਅੰਬੇਡਕਰ ਲੋਕ ਭਲਾਈ ਕਲੱਬ ਦੇ ਸਹਿਯੋਗ ਨਾਲ ਸੰਤ ਬਾਬਾ ਜਗਦੀਸ਼ ਜੀ ਮੰਡਵੀ ਵਾਲਿਆਂ ਦੀ ਅਗਵਾਈ ਹੇਠਾਂ ਸਮੂਹ ਗ੍ਰਾਮ ਪੰਚਾਇਤ ਦੀ ਹਾਜ਼ਰੀ ਵਿੱਚ ਆਜ਼ਾਦੀ ਦਿਵਸ ਮਨਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਗਿਆਨ ਸਾਗਰ ਆਈ. ਟੀ. ਆਈ ਦੇ ਪ੍ਰਿੰਸੀਪਲ ਅਮਨ ਬੋਧ ਜੀ ਵਿਸ਼ੇਸ਼ ਤੋਰ ਤੇ ਪਹੁੰਚੇ । ਇਸ ਮੌਕੇ ਬੱਚਿਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਦਿਆਂ ਗਿੱਧਾ, ਭੰਗੜਾ, ਨਾਟਕ, ਸਕਿਟ, ਕਵਿਤਾ ਅਤੇ ਹੋਰ ਦੇਸ਼ ਭਗਤੀ ਗੀਤਾਂ ਨਾਲ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ। ਇਸ ਸਮੇਂ ਸੰਤ ਬਾਬਾ ਜਗਦੀਸ਼ ਜੀ, ਸਰਪੰਚ ਅਤੇ ਗ੍ਰਾਮ ਪੰਚਾਇਤ ਮੈਂਬਰਾਂ ਵੱਲੋਂ ਸਮੂਹਿਕ ਤੌਰ ਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਪ੍ਰਿੰਸੀਪਲ ਅਮਨ ਬੋਧ ਜੀ ਵੱਲੋਂ ਆਜਾਦੀ ਦਿਵਸੇ ਦੀ ਮਹੱਤਤਾ, ਸਿੱਖਿਆ ਅਤੇ ਸਮਾਜਿਕ ਬੁਰਾਈਆਂ ਖਿਲਾਫ ਜਾਗਰੂਕਤਾ ਭਰਪੂਰ ਭਾਸ਼ਣ ਦਿੱਤਾ । ਇਸ ਮੌਕੇ ਉਨ੍ਹਾਂ ਵੱਲੋਂ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ 25 ਦਰਜਨ ਕਾਪੀਆਂ ਨਾਲ ਸਨਮਾਨਿਤ ਕੀਤਾ ਗਿਆ। ਵਿਸ਼ੇਸ਼ ਮਹਿਮਾਨ ਪ੍ਰਿੰਸੀਪਲ ਅਮਨ ਬੋਧ ਜੀ, ਸਕੂਲ ਮੁੱਖੀ ਤਰਸੇਮ ਸਿੰਘ, ਸਕੂਲ ਸਟਾਫ, ਸਰਪੰਚ ਬਿੰਦਰ ਸਿੰਘ ਅਤੇ ਪੰਚਾਇਤ ਮੈਂਬਰਾਂ ਦਾ ਵਿਸ਼ੇਸ਼ ਸਨਮਾਨ ਸੰਤ ਬਾਬਾ ਜਗਦੀਸ਼ ਦਾਸ ਜੀ, ਡਾ. ਅੰਬੇਡਕਰ ਲੋਕ ਭਲਾਈ ਕਲੱਬ ਅਤੇ ਸਕੂਲ ਪ੍ਰਬੰਧਕ ਕਮੇਟੀ ਦੁਆਰਾ ਕੀਤਾ ਗਿਆ। ਇਸ ਸੱਭਿਆਚਾਰਕ ਪ੍ਰੋਗਰਾਮ ਲਈ ਬੱਚਿਆਂ ਦੀ ਵਿਸ਼ੇਸ਼ ਤਿਆਰੀ ਮਾਸਟਰ ਤਰਸੇਮ ਸਿੰਘ, ਮੈਡਮ ਜੂਬੀ ਸਿੰਗਲਾ, ਅੰਜਲੀ ਰਾਣੀ, ਮੰਜੂ ਰਾਣੀ, ਕਿਰਨ ਰਾਣੀ ਆਦਿ ਦੁਆਰਾ ਕਰਵਾਈ ਗਈ।

# ਗਿਆਨੀ ਹਰਪ੍ਰੀਤ ਸਿੰਘ ਦੀ ਦਿੱਲੀ ਵਾਲਿਆਂ ਨਾਲ ਯਾਰੀ : ਵਿਨਰਜੀਤ ਸਿੰਘ ਗੋਲਡੀ



ਲੌਂਗੋਵਾਲ,18ਅਗਸਤ ( ਭਗਵੰਤ ਸ਼ਰਮਾ ): ਪੰਜਾਬ ਸਰਕਾਰ ਨੇ ਪੰਜ ਮੈਂਬਰੀ ਕਮੇਟੀ ਦੇ ਅਧਾਰਿਤ ਬਣੇ ਅਕਾਲੀ ਦਲ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਬਰਸੀ ਸਮਾਗਮ ਲੌਂਗੋਵਾਲ ਅਨਾਜ ਮੰਡੀ ਵਿੱਚ ਮਨਾਉਣ ਦੀ ਪ੍ਰਮੀਸ਼ਨ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਇਸ ਧੜੇ ਨੂੰ ਆਮ ਆਦਮੀ ਪਾਰਟੀ ਦੀ ਸਰਪ੍ਰਸਤੀ ਹਾਸਲ ਹੈ।ਇਹ ਗੱਲ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਨੇ ਅੱਜ ਇੱਥੇ ਸ਼ਹੀਦ ਭਾਈ ਮਨੀ ਸਿੰਘ ਖਾਲਸਾ ਕਾਲਜ ਵਿਖੇ ਬਰਸੀ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕਹੀ।ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਦਿੱਲੀ ਵਾਲਿਆਂ ਨਾਲ ਯਾਰੀ ਹੋਣ ਦੀਆਂ ਜੋ ਗੱਲਾਂ ਕਰਦੇ ਸਨ ਉਹ ਅੱਜ ਸੱਚ ਸਾਬਤ ਹੋ ਗਈਆਂ ਹਨ, ਕਿਉਂਕਿ ਪਿਛਲੇ ਸਮੇਂ ਦੌਰਾਨ ਵਾਰ-ਵਾਰ ਮੰਗ ਕਰਨ 'ਤੇ ਵੀ ਕੈਪਟਨ ਅਤੇ 'ਆਪ' ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਸੰਤ ਜੀ ਦੀ ਬਰਸੀ ਆਨਾਜ ਮੰਡੀ ਵਿੱਚ ਮਨਾਉਣ ਦੀ ਆਗਿਆ ਨਹੀਂ ਦਿੱਤੀ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕੈਂਬੋਵਾਲ ਰੋਡ 'ਤੇ ਸਥਿਤ ਭਾਈ ਮਨੀ ਸਿੰਘ ਖਾਲਸਾ ਕਾਲਜ ਵਿੱਚ ਸੰਤਾਂ ਦੀ ਬਰਸੀ ਵੱਡੇ ਪੱਧਰ 'ਤੇ ਮਨਾਏਗਾ,ਜਿਸ ਸਬੰਧੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਗੋਲਡੀ ਨੇ ਕਿਹਾ ਕਿ ਸੰਤ ਲੌਂਗੋਵਾਲ ਦੀ ਕਰਮਭੂਮੀ ਗੁਰਦੁਆਰਾ ਕੈਂਬੋਵਾਲ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਉਣ ਤੋਂ ਜਵਾਬ ਦੇਣਾ ਅਤਿਨਿੰਦਣਯੋਗ ਹੈ।ਕਿਉਂਕਿ ਗੁਰੂ ਘਰ ਸਭ ਦੇ ਸਾਂਝੇ ਹੁੰਦੇ ਹਨ। ਇਸ ਮੌਕੇ ਸਾਬਕਾ ਮੰਤਰੀ ਬਲਦੇਵ ਸਿੰਘ ਮਾਨ, ਸਰਪੰਚ ਸੁਖਵਿੰਦਰ ਸਿੰਘ ਮੱਦੀ, ਗੁਰਮੀਤ ਸਿੰਘ ਲੱਲੀ ਕੌਂਸਲਰ,ਜਸਵੀਰ ਸਿੰਘ ਜੱਸੀ, ਬਿੰਦਰ ਸਿੰਘ ਠੇਕੇਦਾਰ,ਬਿੰਦਰ ਸਿੰਘ ਵਡਿਆਣੀ,ਹਾਕਮ ਸਿੰਘ,ਬਾਬਾ ਕੁਲਵੰਤ ਸਿੰਘ ਕਾਂਤੀ,ਨਿਰਮਲ ਸਿੰਘ ਲਖਮੀਰਵਾਲਾ,ਜਗਸੀਰ ਸਿੰਘ ਗਾਂਧੀ,ਕੁਲਦੀਪ ਸਿੰਘ,ਭੁਪਿੰਦਰ ਸਿੰਘ,ਸ਼ੀਸ਼ਪਾਲ ਸਿੰਘ ਜੈਲਦਾਰ,ਰਾਜਵੀਰ ਸਿੰਘ ਗੋਲਡੀ,ਕਰਮ ਸਿੰਘ ਘੁੱਕ,ਜਗਸੀਰ ਬਬਲਾ, ਜਗਰੂਪ ਸਿੰਘ ਆਦਿ ਹਾਜ਼ਰ ਸਨ।

# ਖੋਖਰ ਤੋਂ ਨੰਗਲਾ ਸੜ੍ਹਕ ਨੂੰ ਪਹਿਲ ਦੇ ਆਧਾਰ 'ਤੇ ਬਣਵਾ ਕੇ ਲੋਕਾਂ ਦੀ ਮੰਗ ਨੂੰ ਪੂਰਾ ਕੀਤਾ ਜਾਵੇਗਾ : ਹਰਪਾਲ ਸਿੰਘ ਚੀਮਾ



ਲ਼ਹਿਰਾਗਾਗਾ, 18 ਅਗਸਤ (ਗੁਰਦੀਪ ਸਿੰਘ): ਪਿੰਡ ਖੋਖਰ ਤੋਂ ਨੰਗਲਾ ਸੜ੍ਹਕ ਨੂੰ ਪਹਿਲ ਦੇ ਆਧਾਰ 'ਤੇ ਬਣਵਾ ਕੇ ਇਲਾਕੇ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਵਿੱਤ ਮੰਤਰੀ ਸ੍. ਹਰਪਾਲ ਸਿੰਘ ਚੀਮਾ ਨੇ ਡਾ ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ ਖਾਈ/ ਲਹਿਰਾਗਾਗਾ ਵਿੱਚ ਇੱਕ ਸਮਾਰੋਹ ਦੌਰਾਨ ਸਕੂਲ ਦੇ ਐਮ.ਡੀ. ਪ੍ਰਵੀਨ ਖੋਖਰ, ਪ੍ਰਧਾਨ ਲੱਕੀ ਖੋਖਰ ਅਤੇ ਐਡਵੋਕੇਟ ਅਨਿਰੁੱਧ ਕੌਸ਼ਲ ਵੱਲੋਂ ਰੱਖੀ ਇਸ ਮੰਗ ਦੇ ਜਵਾਬ ਵਿੱਚ ਕੀਤਾ । ਸਕੂਲ ਪ੍ਰਬੰਧਕਾਂ ਨੇ ਵਿੱਤ ਮੰਤਰੀ ਅੱਗੇ ਇਹ ਮੰਗ ਰੱਖਦਿਆਂ ਦੱਸਿਆ ਕਿ ਇਸ ਸੜ੍ਹਕ ਦੇ ਬਣਨ ਨਾਲ ਨਾ ਸਿਰਫ਼ ਇੰਨਾਂ ਦੋਵੇਂ ਪਿੰਡਾਂ ਦੇ ਲੋਕਾਂ ਨੂੰ ਫਾਇਦਾ ਹੋਵੇਗਾ, ਸਗੋਂ ਇਲਾਕੇ ਦੇ ਪਿੰਡ ਗੰਢੂਆਂ, ਭੈਣੀ, ਜਖੇਪਲ, ਸੰਗਤਪੂਰਾ, ਲਦਾਲ, ਹਰਿਆਊ, ਡਸਕਾ ਆਦਿ ਦੇ ਪਿੰਡਾਂ ਨੂੰ ਦਿੜ੍ਹਬਾ ਆਉਣ-ਜਾਣ ਲਈ ਘੱਟ ਦੂਰੀ ਤੈਅ ਕਰਨੀ ਪਵੇਗੀ । ਜ਼ਿਕਰਯੋਗ ਗੱਲ ਇਹ ਹੈ ਕਿ ਇੰਨਾਂ ਪਿੰਡਾਂ ਦਾ ਵਿਧਾਨ ਸਭਾ ਹਲਕਾ ਦਿੜ੍ਹਬਾ ਪੈਂਦਾ ਹੈ, ਹੁਣ ਇੰਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਜਾਂ ਤਾਂ ਛਾਜ਼ਲੀ ਹੋ ਕੇ ਜਾਣਾ ਪੈਂਦਾ ਹੈ ਜਾਂ ਫਿਰ ਲਹਿਰਾ ਹੋ ਕੇ ਜਾਣਾ ਪੈਂਦਾ ਹੈ , ਜਿਸ ਨਾਲ ਕਾਫ਼ੀ ਲੰਮਾ ਰਸਤਾ ਤੈਅ ਕਰਨਾ ਪੈਂਦਾ ਹੈ । ਵਿੱਤ ਮੰਤਰੀ ਸ੍. ਚੀਮਾਂ ਨੇ ਦੱਸਿਆ ਕਿ ਇਹ ਸੜ੍ਹਕ ਨਬਾਰਡ 31 ਅਧੀਨ ਇਹ ਸੜ੍ਹਕ ਦਾ ਐਸਟੀਮੇਟ ਬਣਾ ਕੇ ਭੇਜਿਆ ਜਾ ਚੁੱਕਾ ਹੈ ਤੇ ਜਲਦੀ ਹੀ ਇਸਨੂੰ ਪਾਸ ਕਰਵਾ ਕੇ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ । ਸਕੂਲ ਪ੍ਰਬੰਧਕਾਂ ਨੇ ਵਿੱਤ ਮੰਤਰੀ ਦਾ ਪਿੰਡ ਵਿੱਚ ਗਰਿੱਡ, ਵਾਟਰ ਵਰਕਸ ਮਨਜ਼ੂਰ ਕਰਵਾਉਣ ਦੇ ਤੇ ਪਿੰਡ ਦੇ ਵਿਕਾਸ ਲਈ ਦਿਲ ਖੋਲ੍ਹ ਕੇ ਗਰਾਂਟਾ ਦੇਣ ਦੇ ਨਾਲ-ਰੇਲਵੇ ਸਟੇਸ਼ਨ ਗੋਬਿੰਦਗੜ੍ਹ ਖੋਖਰ 'ਤੇ ਯਾਤਰੀਆਂ ਗੱਡੀਆਂ ਦਾ ਮੁੜ ਠਹਿਰਾਓ ਕਰਵਾਉਣ ਲਈ ਧੰਨਵਾਦ ਵੀ ਕੀਤਾ ।

# ਨਸ਼ਿਆਂ ਵਿਰੁੱਧ ਜੰਗ: ਬਠਿੰਡਾ ਪੁਲਿਸ ਨੇ ਹਾਟਸਪੌਟ ਇਲਾਕਿਆਂ 'ਚ ਕੀਤੀ ਵੱਡੀ ਕਾਰਵਾਈ

ਬਠਿੰਡਾ, 18 ਅਗਸਤ (ਦੀਪਕ ਸ਼ਰਮਾ):ਸੋਮਵਾਰ ਦਿਨ ਚੜਦੇ ਸਾਰ ਹੀ ਬਠਿੰਡਾ ਪੁਲਿਸ ਨੇ ਨਸ਼ਿਆਂ ਦੀ ਖਰੀਦ ਵੇਚ ਲਈ ਬਦਨਾਮ ਇਲਾਕਿਆਂ ਵਿੱਚ ਸਰਚ ਅਭਿਆਨ ਚਲਾਇਆ। ਇਸ ਦੌਰਾਨ ਥਾਣਾ ਨੇਹੀਆਂਵਾਲਾ ਅਧੀਨ ਪੈਂਦੇ ਪਿੰਡ ਹਰਰਾਏਪੁਰ ਵਿਖੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਨਸ਼ੀਲਾ ਪਦਾਰਥ ਵੀ ਬਰਾਮਦ ਕੀਤਾ ਗਿਆ ਹੈ। ਜਿਸ ਅਧਾਰ ਤੇ ਉਕਤ ਵਿਅਕਤੀ ਦੇ ਖਿਲਾਫ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਹ ਸਰਚ ਅਭਿਆਨ ਡੀਆਈਜੀ ਬਠਿੰਡਾ ਰੇਂਜ ਹਰਜੀਤ ਸਿੰਘ ਅਤੇ ਐਸਐਸਪੀ ਅਮਨੀਤ ਕੌਂਡਲ ਦੀ ਅਗਵਾਈ ਵਿੱਚ ਚਲਾਇਆ ਗਿਆ। ਇਸ ਤਲਾਸ਼ੀ ਅਭਿਆਨ ਵਿੱਚ ਪੁਲਿਸ ਦੇ ਉੱਚ ਅਧਿਕਾਰੀਆਂ ਸਮੇਤ ਸੈਂਕੜਿਆਂ ਦੀ ਗਿਣਤੀ ਵਿੱਚ ਪੁਲਿਸ ਮੁਲਾਜ਼ਮਾਂ ਨੇ ਹਿੱਸਾ ਲਿਆ ਅਤੇ ਪੂਰੇ ਇਲਾਕੇ ਦਾ ਚੱਪਾ ਚੱਪਾ ਛਾਨਿਆ।ਜ਼ਿਕਰ ਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਬਠਿੰਡਾ ਪੁਲਿਸ ਨੇ ਨਸ਼ਾ ਤਸਕਰਾਂ ਖਿਲਾਫ ਸਖ਼ਤ ਮੁਹਿੰਮ ਚਲਾਈ ਹੋਈ ਹੈ। ਸੋਮਵਾਰ ਨੂੰ ਕੀਤੇ ਗਏ ਆਪਰੇਸ਼ਨ ਦੌਰਾਨ ਪੁਲਿਸ ਨੇ ਡੀਆਈਜੀ ਬਠਿੰਡਾ ਰੇਂਜ ਹਰਜੀਤ ਸਿੰਘ ਅਤੇ ਐਸਐਸਪੀ ਅਮਨੀਤ ਕੌਂਡਲ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਨਸ਼ਿਆਂ ਲਈ ਮਸ਼ਹੂਰ ਹੌਟਸਪੌਟ ਇਲਾਕਿਆਂ ਵਿੱਚ ਤਲਾਸ਼ੀ ਅਭਿਆਨ ਚਲਾਇਆ।ਇਸ ਸਰਚ ਅਭਿਆਨ ਦਾ ਮੁੱਖ ਉਦੇਸ਼ ਜ਼ਿਲ੍ਹੇ ਵਿੱਚ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣਾ ਅਤੇ ਨਸ਼ਾ ਤਸਕਰਾਂ ਤੇ ਲਗਾਮ ਕੱਸਣਾ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਬਠਿੰਡਾ ਪੁਲਿਸ ਇੱਕ ਸੁਰੱਖਿਅਤ ਅਤੇ ਨਸ਼ਾ ਮੁਕਤ ਸਮਾਜ ਬਣਾਉਣ ਲਈ ਵਚਨਬੱਧ ਹੈ। ਡੀਆਈ ਜੀ ਨੇ ਕਿਹਾ ਕਿ ਇਸ ਮੁਹਿੰਮ ਦਾ ਮਕਸਦ ਜਿੱਥੇ ਨਸ਼ਾ ਤਸਕਰਾਂ 'ਤੇ ਲਗਾਮ ਕਸਣਾ ਹੈ। ਉੱਥੇ ਹੀ ਲੋਕਾਂ ਨੂੰ ਵੀ ਜਾਗਰੂਕ ਕਰਨਾ ਹੈ। ਉਹਨਾਂ ਕਿਹਾ ਕਿ ਨੌਜਵਾਨ ਵਰਗ ਬੇਰੁਜ਼ਗਾਰੀ ਅਤੇ ਜਾਗਰੂਕਤਾ ਦੀ ਕਮੀ ਕਾਰਨ ਨਸ਼ਿਆਂ ਵੱਲ ਧੱਕੇ ਜਾ ਰਹੇ ਹਨ। ਪੁਲਿਸ ਦਾ ਮਕਸਦ ਹੈ ਕਿ ਇਸ ਤਰ੍ਹਾਂ ਦੇ ਨੌਜਵਾਨਾਂ ਨੂੰ ਸਹੀ ਰਾਹ ਤੇ ਪਾਇਆ ਜਾਵੇ ਅਤੇ ਉਨਾਂ ਨੂੰ ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨਾਂ ਤੋਂ ਜਾਣੂ ਕਰਵਾਇਆ ਜਾਵੇ।ਇਸ ਮੌਕੇ ਐਸਐਸਪੀ ਅਮਨੀਤ ਕੌਂਡਲ ਨੇ ਦੱਸਿਆ ਕਿ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਨਸ਼ਿਆਂ ਨੂੰ ਰੋਕਣ ਲਈ ਲਗਾਤਾਰ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਦੱਸਿਆ ਕਿ ਅੱਜ ਦੀ ਕਾਰਵਾਈ ਦੌਰਾਨ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ ਹੈ। ਉਕਤ ਵਿਅਕਤੀ ਦੇ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਪੁਲਿਸ ਨੇ ਆਮ ਲੋਕਾਂ ਨੂੰ ਵੀ ਇਸ ਲੜਾਈ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।



# ਮਨੀਸ਼ ਸਿਸੋਦੀਆ ਦੇ ਖ਼ਿਲਾਫ ਕਾਰਵਾਈ ਕਰੇ ਚੋਣ ਕਮਿਸ਼ਨ: ਗੋਲਡੀ ਖੰਗੂੜਾ

ਧੂਰੀ, 18 ਅਗਸਤ (ਰਾਜੇਸ਼ਵਰ ਪਿੰਟੂ, ਅਮਨ ਗਰਗ): ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਖਿਲਾਫ ਕਾਰਵਾਈ ਕਰੇ ਜੋ ਪੰਜਾਬ 'ਚ ਵੱਖ-ਵੱਖ ਭਾਈਚਾਰਿਆਂ ਵਿਚਾਲੇ ਹਿੰਸਾ ਭੜਕਾਉਣ ਦਾ ਯਤਨ ਕਰ ਰਹੇ ਹਨ ਤੇ ਉਹਨਾਂ ਨੇ ਭ੍ਰਿਸ਼ਟਾਚਾਰ ਕੇਸ ਵਿਚ ਸਿਸੋਦੀਆ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਉਹ ਲਗਾਤਾਰ ਭੜਕਾਊ ਭਾਸ਼ਣ ਦੇ ਰਹੇ ਹਨ।ਵੀਡੀਓ ਜਨਤਕ ਹੈ ਤੇ ਜਿਸ ਵਿਚ ਉਹ ਆਪ ਵਰਕਰਾਂ ਨੂੰ ਝੂਠ ਬੋਲਣ, ਝੂਠੇ ਵਾਅਦੇ ਕਰਨ, ਵੋਟਰਾਂ ਨੂੰ ਭਰਮਾਉਣ ਅਤੇ 2027 ਦੀਆਂ ਚੋਣਾਂ ਜਿੱਤਣ ਵਾਸਤੇ ਹਿੰਸਾ ਤੱਕ ਕਰਨ ਵਾਸਤੇ ਆਖ ਰਹੇ ਹਨ. ਉਨ੍ਹਾਂਕਿਹਾ ਕਿ ਇਹ ਇਸ ਗੱਲ ਦਾ ਸਬੂਤ ਹੈ ਕਿ ਆਪ ਸੂਬੇ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤੇ ਇਸ ਲਈ ਚੋਣ ਕਮਿਸ਼ਨ ਨੂੰ ਉਹਨਾਂ ਖਿਲਾਫ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।ਉਹਨਾਂ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਸਿਸੋਦੀਆ ਦੇ ਖਿਲਾਫ ਫੌਜਦਾਰੀ ਕੇਸ ਦਰਜ ਕਰਨ ਦੇ ਹੁਕਮ ਦੇਣ ਕਿਉਂਕਿ ਆਪ ਸਰਕਾਰ ਵੱਲੋਂ ਦਿੱਲੀ ਦੇ ਆਗੂ ਖਿਲਾਫ ਕੋਈ ਕਾਰਵਾਈ ਕਰਨ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਵੀ ਉਹਨਾਂ ਸਰੋਤਿਆਂ ਵਿਚ ਸ਼ਾਮਲ ਸਨ ਜਦੋਂ ਸਿਸੋਦੀਆ ਨੇ ਇਹ ਟਿੱਪਣੀਆਂ ਕੀਤੀਆਂ। ਉਹਨਾਂ ਕਿਹਾ ਕਿ ਚੋਣ ਕਮਿਸ਼ਨ ਨੂੰ ਸਿਸੋਦੀਆ ਦੀ ਜ਼ਮਾਨਤ ਰੱਦ ਕਰਨ ਦੀ ਸਿਫਾਰਸ਼ ਕਰਨੀ ਚਾਹੀਦੀ ਹੈ ਕਿਉਂਕਿ ਉਹ ਇਸਦੀ ਦੁਰਵਰਤੋਂ ਵੋਟਰਾਂ ਨੂੰ ਰਿਸ਼ਵਤ ਦੇ ਕੇ ਭ੍ਰਿਸ਼ਟਾਚਾਰ ਕਰਨ ਵਾਸਤੇ ਕਰ ਰਹੇ ਹਨ ਜਦੋਂਕਿ ਪਹਿਲਾਂ ਹੀ ਉਹ ਇਸ ਦੋਸ਼ ਵਿਚ ਕੇਸ ਦਾ ਸਾਹਮਣਾ ਕਰ ਰਹੇ ਹਨ।



# ਟੈਕਨੀਕਲ ਸਰਵਿਸ ਯੂਨੀਅਨ ਡਵੀਜਨ ਭਗਤਾ ਭਾਈਕਾ ਦੀ ਹੋਈ ਚੋਣ

ਭਗਤਾ ਭਾਈ ਕਾ, 18 ਅਗਸਤ (ਸਵਰਨ ਸਿੰਘ ਭਗਤਾ): ਟੈਕਨੀਕਲ ਸਰਵਿਸ ਯੂਨੀਅਨ ਡਵੀਜਨ ਭਗਤਾ ਭਾਈਕਾ ਦੀ ਚੋਣ ਅੰਗਰੇਜ ਸਿੰਘ ਸਰਕਲ ਸੱਕਤਰ,ਸਰਕਲ ਮੀਤ ਪ੍ਰਧਾਨ ਗੁਰਮੀਤ ਸਿੰਘ ਅਤੇ ਬਲਜੀਤ ਸਿੰਘ ਸਰਕਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ,ਜਿਸ ਦੌਰਾਨ ਨਵੀ ਡਵੀਜਨ ਕਮੇਟੀ ਦੀ ਚੋਣ ਕੀਤੀ ਗਈ।ਇਸ ਮੌਕੇ ਪ੍ਰਧਾਨ ਲਖਵਿੰਦਰ ਸਿੰਘ,ਜਰਨਲ ਸੱਕਤਰ ਕਮਲਦੀਪ ਸਿੰਘ,ਮੀਤ ਪ੍ਰਧਾਨ ਹਰਜਿੰਦਰ ਸਿੰਘ,ਸਹਿਇਕ ਸਕੱਤਰ ਕੁਲਦੀਪ ਸਿੰਘ, ਕੈਸ਼ੀਅਰ ਗੁਰਮੇਲ ਸਿੰਘ, ਸਹਾਇਕ ਕੈਸ਼ੀਅਰ ਵਿਨੋਦ ਸਿੰਘ ਖਾਲਸਾ ਸਰਬਸੰਮਤੀ ਨਾਲ ਚੁਣੇ ਗਏ।ਜਿਸ ਵਿੱਚ ਸਬ ਡਵੀਜ਼ਨ ਪ੍ਰਧਾਨ ਰਵਿੰਦਰ ਸਿੰਘ,ਸਬ ਡਵੀਜ਼ਨ ਪ੍ਰਧਾਨ ਗੁਰਪਾਲ ਸਿੰਘ ਨਥਾਣਾ,ਸਬ ਡਵੀਜ਼ਨ ਸੱਕਤਰ ਪਰਮਪ੍ਰੀਤ ਸ਼ਰਮਾ ਭਾਈਰੂਪਾ, ਜਸਕਰਨ ਸਿੰਘ ਮੀਤ ਪ੍ਰਧਾਨ, ਕਲਵਿੰਦਰ ਸਿੰਘ ਸੱਕਤਰ,ਰਾਜੇਸ਼ ਕੁਮਾਰ ਸੱਕਤਰ,ਸੁਖਪਾਲ ਸਿੰਘ ਮੀਤ ਪ੍ਰਧਾਨ,ਜਸਵੀਰ ਸਿੰਘ ਸੱਕਤਰ, ਹਰਮਨ ਸਿੰਘ ਕੈਸ਼ੀਆਰ ਸ਼ਾਮਲ ਹੋਏ।ਇਸ ਸਬੰਧੀ ਸਰਕਲ ਪ੍ਰਧਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਾਰ ਦਿਨ ਦੀ ਸਮੂਹਿਕ ਛੁੱਟੀ ਪਾਸ ਹੋ ਗਈ ਹੈ ਅਤੇ ਮੰਗਾਂ ਦੇ ਨੋਟੀਫਿਕੇਸ਼ਨ 2/9/2025 ਤੋ ਬਾਅਦ ਜਾਰੀ ਹੋਣਗੇ।ਇਸ ਮੌਕੇ ਹੋਰ ਬਿਜਲੀ ਕਰਮਚਾਰੀ ਹਾਜ਼ਰ ਸਨ।



# ਪੰਜਾਬ ਦੇ ਲੋਕ ਸਰਕਾਰ ਦੀਆਂ ਨੀਤੀਆਂ ਤੋਂ ਜਾਣੂੰ ਹੋ ਚੁੱਕੇ ਹਨ: ਸਤਨਾਮ ਸਿੰਘ ਸੱਤਾ, ਜਗਦੇਵ ਗਾਗਾ



ਦਿੜ੍ਹਬਾ ਮੰਡੀ, 18 ਅਗਸਤ (ਸੁਖਵਿੰਦਰ ਸਿੰਘ ਵਿਰਕ): ਪੰਜਾਬ ਦੇ ਲੋਕ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਅਤੇ ਇਹਨਾਂ ਦੀਆਂ ਗੁੰਮਰਾਹਕੁੰਨ ਨੀਤੀਆਂ ਬਾਰੇ ਜਾਣੂੰ ਹੋ ਚੁੱਕੇ ਹਨ, ਜਿਸ ਕਰਕੇ ਲੋਕ ਇਹਨਾਂ ਨੂੰ ਨਕਾਰ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੀ ਪੀ ਸੀ ਸੀ ਕਮੇਟੀ ਮੈਂਬਰ ਸਤਨਾਮ ਸਿੰਘ ਸੱਤਾ ਨੇ ਕੀਤਾ।ਉਹਨਾ ਹਲਕਾ ਦਿੜ੍ਹਬਾ ਤੋਂ ਕਰੀਬ ਸੈਂਕੜੇ ਤੋਂ ਵੱਧ ਵੱਖ-ਵੱਖ ਸਿਆਸੀ ਪਾਰਟੀਆਂ ਦੇ ਵਿਅਕਤੀਆਂ ਨੂੰ ਸਾਬਕਾ ਮੰਤਰੀ ਸ੍ਰੀ ਵਿਜੇਇੰਦਰ ਸਿੰਗਲਾ ਪਾਸ ਸੰਗਰੂਰ ਵਿਖੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਕਰਵਾਉਣ ਤੋਂ ਪਹਿਲਾਂ ਦਿੜ੍ਹਬਾ ਵਿਖੇ ਕਰ ਰਹੇ ਸਨ। ਉਹਨਾਂ ਦਾਅਵਾ ਕੀਤਾ ਕਿ ਦਿੜ੍ਹਬਾ ਹਲਕੇ ਦੇ ਵੱਖ- ਵੱਖ ਪਿੰਡਾਂ ਵਿੱਚੋਂ ਸੈਕੜੇ ਤੋਂ ਵੱਧ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ ਹਨ । ਸਤਨਾਮ ਸੱਤਾ ਅਤੇ ਜਗਦੇਵ ਗਾਗਾ ਜਨਰਲ ਸਕੱਤਰ ਆਲ ਇੰਡੀਆ ਯੂਥ ਕਾਂਗਰਸ ਪਾਰਟੀ ਦੀ ਪ੍ਰੇਰਨਾ ਸਦਕਾ ਸ਼੍ਰੀ ਵਿਜੈਇੰਦਰ ਸਿੰਗਲਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਸੱਤਾ ਤੇ ਜਗਦੇਵ ਗਾਗਾ ਨੇ ਅੱਗੇ ਕਿਹਾ ਕਿ ਅਸੀਂ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਦੇ ਫੈਸਲੇ ਦਾ ਸਨਮਾਨ ਕਰਦੇ ਹਾਂ ਅਤੇ ਵਿਸ਼ਵਾਸ ਦਿਵਾਉਂਦੇ ਹਾਂ ਕਿ ਕਾਂਗਰਸ ਸਰਕਾਰ ਬਣਨ ਤੇ ਉਹਨਾਂ ਦਾ ਮਾਣ ਸਤਿਕਾਰ ਬਹਾਲ ਰੱਖਿਆ ਜਾਵੇਗਾ।ਇਸ ਮੌਕੇ ਬਲਾਕ ਪ੍ਰਧਾਨ ਗੋਗੀ ਖੋਪੜਾ,ਬੂਟਾ ਸਿੰਘ ਭੰਗੂ ਬਲਾਕ ਪ੍ਰਧਾਨ ਦਿੜ੍ਹਬਾ-2,ਜੱਸੀ ਨੰਬਰਦਾਰ ਦਿੜ੍ਹਬਾ,ਦਾਰੀ ਨੰਬਰਦਾਰ ਦਿੜ੍ਹਬਾ,ਭੁਪਿੰਦਰ ਸਿੰਘ ਗਾਗਾ ਮੰਡਲ ਪ੍ਰਧਾਨ,ਜਗਤਾਰ ਸਿੰਘ ਸਾਬਕਾਸਰਪੰਚ ਖੇਤਲਾ,ਸਰਬਜੀਤ ਖੁਰਮੀ ਗੰਢੂਆਂ ਮੰਡਲ ਪ੍ਰਧਾਨ,ਆਦਿ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



## ਸੰਤ ਲੌਂਗੋਵਾਲ ਦੀ ਬਰਸੀ 'ਤੇ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ ਜਾਵੇਗੀ 'ਪੰਜਾਬੀਪੁਣਾ-ਜਗਾਓ ਪੰਜਾਬ ਬਚਾਓ' ਮੁਹਿੰਮ ਦੀ ਸ਼ੁਰੂਆਤ: ਪ੍ਰੋ. ਚੰਦੂਮਾਜਰਾ



ਦੇਵੀਗੜ੍ਹ , 18 ਅਗਸਤ (ਗੁਰਜੀਤ ਸਿੰਘ ਢੋਟ): ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ 'ਤੇ 'ਪੰਜਾਬੀਪੁਣਾ ਜਗਾਉ-ਪੰਜਾਬ ਬਚਾਉ' ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਵਿਚ ਪੰਜਾਬ ਦੇ ਦਿੱਲੀ ਵੱਲੋਂ ਖੋਹੇ ਜਾ ਰਹੇ ਹੱਕਾਂ ਨੂੰ ਦਿਵਾਉਣ ਅਤੇ ਪੰਜਾਬੀਆਂ ਦਿੱਲੀ ਵਾਲਿਆਂ ਵੱਲੋਂ ਕੀਤੀ ਜਾ ਰਹੀ ਲੁੱਟ ਖਸੁੱਟ ਰੋਕਣ ਅਤੇ ਪੰਜਾਬੀਆਂ ਨਾਲ ਕੀਤੇ ਜਾ ਰਹੇ ਧੋਖੇ ਦੇ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਆਰਥਿਕ ਪੱਖੋਂ ਸਮਾਜਿਕ ਪੱਖੋਂ ਰਾਜਨੀਤਿਕ ਪੱਖੋਂ ਬਹੁਤ ਬੁਰੀ ਤਰ੍ਹਾਂ ਤਬਾਹ ਹੋ ਚੁੱਕਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਡੈਮਾਂ 'ਤੇ ਸੀ.ਆਈ.ਐਸ.ਐਫ ਬਿਠਾ ਦਿੱਤੀ ਗਈ ਹੈ। ਬੀ.ਬੀ.ਐਮ.ਬੀ. ਵਿਚ ਸਥਾਈ ਮੈਂਬਰਸ਼ਿਪ ਖੋਹਣ ਤੋਂ ਲੈ ਕੇ ਬੀ.ਐਸ.ਐਫ. ਨੂੰ 50 ਕਿਲੋਮੀਟਰ ਦਾ ਏਰੀਆ ਸੌਂਪਣ 'ਤੇ ਕੋਈ ਅਵਾਜ਼ ਨਹੀਂ ਉਠਾਈ ਗਈ। ਪ੍ਰਧਾਨ ਮੰਤਰੀ ਗ੍ਰਾਮਣ ਸੜ੍ਹਕ ਯੋਗਨਾ ਵਿਚ ਪੰਜਾਬ ਵਿਚ ਵੱਲੋਂ ਆਪਣਾ ਹਿੱਸਾ ਨਾ ਪਾ ਕੇ 800 ਕਰੋੜ ਖਰਚ ਕਰਨ ਤੋਂ ਰਹਿ ਗਿਆ, 7 ਹਜ਼ਾਰ ਕਰੋੜ ਰੁਪਏ ਆਰ.ਡੀ.ਐਫ. ਦੇ ਦਿੱਲੀ ਵਾਲੇ ਦੱਬੀ ਬੈਠੇ ਆਦਿ ਨੂੰ ਲੈ ਕੇ ਪੰਜਾਬੀਆਂ ਨੂੰ ਜਗਾਇਆ ਜਾਵੇਗਾ ਅਤੇ ਪੰਜਾਬ ਦੀ ਜਿਹੜੀ ਲੈਂਡ ਪੂਲਿੰਗ ਵਰਗੀਆਂ ਸਕੀਮਾਂ ਲਿਆ ਕੇ ਪੰਜਾਬ ਨੂੰ ਕੰਗਾਲ ਅਤੇ ਭੂਮੀਹੀਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਦਾ ਵੀ ਪਰਦਾਫਾਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਉਨ੍ਹਾਂ ਵੱਲੋਂ ਸਰਕਾਰ ਵਿਚ ਹੁੰਦੇ ਹੋਏ ਲੈਂਡ ਐਕੁਏਜੇਸ਼ਨ ਬਿਲ ਦਾ ਵਿਰੋਧ ਕੀਤਾ ਗਿਆ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਹੁਣ ਦੁਸ਼ਣਬਾਜ਼ੀਆਂ ਦਾ ਸਮਾਂ ਨਹੀਂ ਹੈ ਇਸ ਲਈ ਸੁਖਬੀਰ ਸਿੰਘ ਬਾਦਲ ਨੂੰ ਵੀ ਚਾਹੀਦਾ ਹੈ ਕਿ ਉਹ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੀ ਅਗਵਾਈ ਵਾਲੇ ਅਕਾਲੀ ਦਲ ਵਿਚ ਆ ਕੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਸੰਘਰਸ਼ ਕਰਨ, ਕਿਉਂਕਿ ਜੇਕਰ ਇਹ ਸਮਾਂ ਵੀ ਦੂਸ਼ਣਬਾਜ਼ੀ ਵਿਚ ਲੰਘਾ ਦਿੱਤਾ ਤਾਂ ਫੇਰ ਪੰਥਕ ਸ਼ਕਤੀ ਨੂੰ ਇੱਕ ਜੁੱਟ ਕਰਕੇ ਪੰਜਾਬ ਦੇ ਹਿੱਤਾਂ ਦੀ ਰਾਖੀ ਦਾ ਸਮਾਂ ਵੀ ਲੰਘ ਜਾਵੇਗਾ। ਇਸ ਮੌਕੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਮੈਂਬਰ ਜਰਨੈਲ ਸਿੰਘ ਕਰਤਾਰਪੁਰ, ਭੁਪਿੰਦਰ ਸਿੰਘ ਸੇਖੂਪੁਰ, ਜਗਜੀਤ ਸਿੰਘ ਕੋਹਲੀ, ਪਰਮਿੰਦਰ ਸਿੰਘ ਚੱਪੜ, ਗੁਰਵਿੰਦਰ ਸਿੰਘ ਰਾਮਪੁਰ, ਗੁਰਚਰਨ ਸਿੰਘ ਕੋਲੀ, ਗੁਰਜੀਤ ਸਿੰਘ ਉੱਪਲੀ, ਦਰਬਾਰਾ ਸਿੰਘ ਰੰਧਾਵਾ, ਮਨਦੀਪ ਸਿੰਘ ਤਰਖਾਣ ਮਾਜਰਾ ਅਤੇ ਦੇਸ ਰਾਜ ਅਸਰਪੁਰ ਵਿਸ਼ੇਸ ਤੌਰ 'ਤੇ ਸ਼ਾਮਲ ਸਨ।

## ਮੈਣ ਸਕੂਲ 'ਚ ਆਜ਼ਾਦੀ ਦਿਹਾੜਾ ਮਨਾਇਆ



ਪਟਿਆਲਾ, 18 ਅਗਸਤ (ਚ.ਨ.ਸ.): ਸਕੂਲ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ ਅਨੁਸਾਰ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਮੈਣ ਵਿਖੇ ਆਜ਼ਾਦੀ ਦਿਵਸ ਮਨਾਇਆ ਗਿਆ। ਇਸ ਮੌਕੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਪਿੰਡ ਮੈਣ ਦੇ ਸਰਪੰਚ ਐਡਵੋਕੇਟ ਅਵਤਾਰ ਸਿੰਘ ਨੇ ਨਿਭਾਈ। ਇਸ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ, ਕਵਿਤਾਵਾਂ, ਭਾਸ਼ਣ ਆਦਿ ਪੇਸ਼ ਕੀਤੇ। ਇਸ ਮੌਕੇ ਦੇਸ਼ ਭਗਤੀ ਨੂੰ ਸਮਰਪਿਤ ਚਿੱਤਰਕਾਰੀ ਮੁਕਾਬਲੇ ਵੀ ਕਰਵਾਏ ਗਏ। ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡਣ ਦੀ ਰਸਮ ਅਵਤਾਰ ਸਿੰਘ ਸਰਪੰਚ, ਮਨੀਸ਼ਾ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ, ਪੂਰਨ ਸਿੰਘ ਸੈਂਟਰ ਹੈੱਡ ਟੀਚਰ, ਪੰਚਾਇਤ ਮੈਂਬਰ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਅਦਾ ਕੀਤੀ। ਇਸ ਮੌਕੇ ਪੂਰਨ ਸਿੰਘ ਸੈਂਟਰ ਹੈੱਡ ਟੀਚਰ ਵੱਲੋਂ ਮਾਪਿਆਂ ਨੂੰ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਅਧਿਆਪਕਾਂ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ, ਗ੍ਰਾਮ ਪੰਚਾਇਤ ਤੋਂ ਇਲਾਵਾ ਸੁਨੀਤਾ ਰਾਣੀ, ਜਸਪ੍ਰੀਤ ਸਿੰਘ, ਸ਼ੈਲਜਾ ਜ਼ਖ਼ਮੀ, ਸੁਰਿੰਦਰ ਕੌਰ, ਅਵਤਾਰ ਸਿੰਘ ਅਤੇ ਨਰਿੰਦਰ ਕੌਰ ਹਾਜ਼ਰ ਸਨ।

## ਗੁਰਦੁਆਰਾ ਸਾਹਿਬ ਅਗੰਮਗੜ੍ਹ ਬੁੱਢਾ ਦਲ ਨਿਹੰਗ ਸਿੰਘ ਛਾਉਣੀ ਪਿੰਡ ਅਗੌਲ ਵਿਖੇ ਸਾਲਾਨਾ ਜੋੜ ਮੇਲਾ ਮਨਾਇਆ

ਨਾਭਾ, 18 ਅਗਸਤ (ਗੁਰਚਰਨ ਸਿੰਘ ਚੌਧਰੀਮਾਜਰਾ) : ਸ਼੍ਰੋਮਣੀ ਸੇਵਾਰਤਨ ਸ਼੍ਰੋਮਣੀ ਪੰਥਰਤਨ ਸਿੰਘ ਸਾਹਿਬ ਜਥੇਦਾਰ ਬਲਵੀਰ ਸਿੰਘ ਜੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਚੱਕਰਵਰਤੀ ਨਿਹੰਗ ਸਿੰਘ ਪੰਜਾਬ ਭਾਰਤ ਵਿਸ਼ਵ ਦੀ ਸਰਪ੍ਰਸਤੀ ਹੇਠ, ਅਸਥਾਨ ਦੇ ਮੌਜੂਦਾ ਮੁੱਖ ਸੇਵਾਦਾਰ ਜਥੇਦਾਰ ਕੁਲਦੀਪ ਸਿੰਘ ਦੀ ਅਗਵਾਈ ਵਿੱਚ ਭਾਦਰੋਂ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਸਤਿਕਾਰ ਸਹਿਤ ਧੂਮ ਧਾਮ ਨਾਲ ਮਨਾਇਆ ਗਿਆ। ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਮਹਾਨ ਛਤਰ ਛਾਇਆ ਹੇਠ ਕਰਵਾਏ ਗਏ ਸਮਾਗਮ ਮੌਕੇ ਗੁਰਬਾਣੀ ਦੇ ਜਾਪ ਪਾਠ ਉਪਰੰਤ ਪ੍ਰਸਿੱਧ ਕਥਾਵਾਚਕ ਗਿਆਨੀ ਰਾਜਿੰਦਰਪਾਲ ਸਿੰਘ ਨਾਭਾ ਅਤੇ ਜਥੇਦਾਰ ਜਸਮੇਰ ਸਿੰਘ ਚੰਡੀਗੜ੍ਹ



ਦੇ ਢਾਡੀ ਜਥੇ ਵੱਲੋਂ ਕਥਾ ਕੀਰਤਨ ਦੌਰਾਨ ਗੁਰਮਤਿ ਵਿਚਾਰਾਂ ਅਤੇ ਗੁਰ ਇਤਿਹਾਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮਹਾਰਾਣੀ ਪ੍ਰੀਤੀ ਸਿੰਘ ਨਾਭਾ, ਪਰਮਜੀਤ ਸਿੰਘ ਸਹੌਲੀ ਕੌਮੀ ਪ੍ਰਧਾਨ ਸੁਤੰਤਰ ਅਕਾਲੀ ਦਲ ਨੇ ਵੀ ਵਿਚਾਰਾਂ ਦੀ ਸਾਂਝ ਪਾਈ। ਹੋਰਨਾਂ ਤੋਂ ਇਲਾਵਾ ਯੁਵਰਾਜ ਅਭੀਉਦੈ ਪ੍ਰਤਾਪ ਸਿੰਘ ਨਾਭਾ, ਜਥੇਦਾਰ ਕੁਲਦੀਪ ਸਿੰਘ ਸਾਹੀ ਟਿੱਬੀ, ਬਾਬਾ ਦਲਵਾਰਾ ਸਿੰਘ ਬਰੌਗਾ, ਇੰਜ. ਪ੍ਰੇਮ ਸਿੰਘ ਖਾਲਸਾ ਮੁੱਖ ਸੇਵਾਦਾਰ ਸ਼ਹੀਦ ਬਾਬਾ ਸੰਗਤ ਸਿੰਘ ਵੈਲਫੇਅਰ ਟਰੱਸਟ ਸ੍ਰੀ ਫਤਿਹਗੜ੍ਹ, ਬਾਬਾ ਤੇਜਬੀਰ ਸਿੰਘ, ਡਾ. ਗੁਰਪ੍ਰੀਤ ਸਿੰਘ ਭੰਗੂ, ਬਾਬਾ ਦਲਜੀਤ ਸਿੰਘ, ਬਾਬਾ ਅਮਰੀਕ ਸਿੰਘ, ਬਾਬਾ ਮੋਤਾ ਸਿੰਘ ਅਗੌਲ, ਅਮਰਿੰਦਰ ਸਿੰਘ, ਕਾਲਾ ਸਿੰਘ ਖਜਾਨਚੀ, ਬਲਜੀਤ ਸਿੰਘ ਕੈਨੇਡਾ, ਜੱਗਾ ਸਿੰਘ ਦੁਲੱਦੀ, ਗਗਨ ਸਿੰਘ ਲੁਬਾਣਾ, ਲਵਪ੍ਰੀਤ ਸਿੰਘ ਅਤੇ ਹੋਰ ਅਣਗਿਣਤ ਮੋਹਤਬਰ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਲਗਵਾਈ। ਗੁਰ ਕੇ ਲੰਗਰ ਵਿਖੇ ਖੀਰ ਪੂੜਿਆਂ ਦਾ ਅਤੁੱਟ ਵਰਤਾਰਾ ਵਰਤਾਇਆ ਗਿਆ।

### ਸਮਾਜ ਸੇਵਾ ਤੇ ਖੇਡਾਂ ਦੀ ਪ੍ਰੇਰਕ

## ਸੁਰਿੰਦਰ ਆਹਲੂਵਾਲੀਆ ਨੂੰ ਆਜ਼ਾਦੀ ਦਿਹਾੜੇ ਮੌਕੇ ਮਿਲਿਆ ਜ਼ਿਲ੍ਹਾ ਪੱਧਰੀ ਸਨਮਾਨ



ਪਟਿਆਲਾ, 18 ਅਗਸਤ (ਚ.ਨ.ਸ.) : ਆਜ਼ਾਦੀ ਦਿਵਸ ਮੌਕੇ ਪਟਿਆਲਾ ਸਮਾਜ ਸੇਵਿਕਾ ਸੁਰਿੰਦਰ ਆਹਲੂਵਾਲੀਆ ਜੋ ਕਿ 'ਪਟਿਆਲਾ ਗ੍ਰੀਨ ਲੇਡੀ' ਵਜੋਂ ਮਸ਼ਹੂਰ ਹਨ, ਨੂੰ ਉਨ੍ਹਾਂ ਦੀ ਲੰਬੇ ਸਮੇਂ ਤੋਂ ਕੀਤੀ ਸਮਾਜਿਕ ਸੇਵਾ ਅਤੇ ਵਾਤਾਵਰਨ ਦੇ ਖੇਤਰ ਵਿੱਚ ਵਧੀਆ ਯੋਗਦਾਨ ਦੇਣ ਲਈ ਜ਼ਿਲ੍ਹਾ ਪੱਧਰੀ ਐਵਾਰਡ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ ਇਹ ਐਵਾਰਡ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ (ਬਿਜਲੀ ਤੇ ਪਬਲਿਕ ਵਰਕਸ) ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਪਟਿਆਲਾ ਦੇ ਪੋਲੋ ਗਰਾਊਂਡ ਵਿਖੇ ਦਿੱਤਾ ਗਿਆ। ਇਸ ਮੌਕੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਵਿਧਾਇਕ ਅਜੀਤਪਾਲ ਸਿੰਘ ਕੋਹਲੀ ਹੋਰ ਸ਼ਖਸੀਅਤਾਂ ਦੀ ਵੀ ਮੌਜੂਦਗੀ ਰਹੀ, ਜਿਨ੍ਹਾਂ ਨੇ ਸੁਰਿੰਦਰ ਆਹਲੂਵਾਲੀਆ ਦੇ ਯੋਗਦਾਨ ਦੀ ਸਰਾਹਨਾ ਕਰਦੇ ਹੋਏ ਉਨ੍ਹਾਂ ਨੂੰ ਸਨਮਾਨਿਤ ਕੀਤਾ। ਪਿਛਲੇ 15 ਸਾਲਾਂ ਤੋਂ ਸੁਰਿੰਦਰ ਆਹਲੂਵਾਲੀਆ ਨੇ ਵਾਤਾਵਰਨ, ਸਿਹਤ, ਫਿਟਨੈੱਸ, ਸੱਭਿਆਚਾਰ, ਵਿਰਾਸਤ, ਸਫਾਈ ਅਤੇ ਸਮਾਜਿਕ ਜਾਗਰੂਕਤਾ ਦੇ ਖੇਤਰ ਵਿੱਚ ਉਲੇਖਣੀ ਕੰਮ ਕੀਤਾ ਹੈ। ਇਹ ਸਭ ਪ੍ਰਾਪਤੀਆਂ ਸਾਬਤ ਕਰਦੀਆਂ ਹਨ ਕਿ ਸੁਰਿੰਦਰ ਅਹਲੂਵਾਲੀਆ ਪਟਿਆਲਾ ਲਈ ਨਹੀਂ ਸਗੋਂ ਸਾਰੇ ਪੰਜਾਬ ਲਈ ਪ੍ਰੇਰਨਾ ਦਾ ਸਰੋਤ ਹਨ।

## ਘਰ 'ਚੋਂ ਸਮਾਨ ਚੋਰੀ

ਪਟਿਆਲਾ, 18 ਅਗਸਤ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਅਮਿਤ ਮਿੱਤਲ ਵਾਸੀ ਰਤਨ ਨਗਰ ਨੇ ਕਥਿਤ ਦੋਸ਼ੀ ਡੁੰਮਾ ਵਾਸੀ ਸੁਖਰਾਮ ਕਲੋਨੀ ਅਤੇ ਅਣਪਛਾਤੇ ਸਾਥੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਥਿਤ ਦੋਸ਼ੀ ਡੁੰਮਾ ਨੇ ਆਪਣੇ ਅਣਪਛਾਤੇ ਸਾਥੀਆਂ ਨਾਲ ਰਲ ਕੇ ਉਸ ਦੇ ਘਰ ਵਿੱਚੋਂ ਸੋਨੇ/ਚਾਂਦੀ ਦੇ ਗਹਿਣੇ, ਏ.ਟੀ.ਐਮ ਕਾਰਡ ਅਤੇ ਹੋਰ ਜ਼ਰੂਰੀ ਦਸਤਾਵੇਜ਼ ਚੋਰੀ ਕਰ ਲਏ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਪ੍ਰਾਚੀਨ ਮੰਦਰ ਸ੍ਰੀ ਨੈਣਾ ਦੇਵੀ ਐਸ.ਐਸ.ਟੀ.ਨਗਰ ਵਿਖੇ ਮਨਾਇਆ ਕ੍ਰਿਸ਼ਨ ਜਨਮ ਉਤਸਵ



ਪਟਿਆਲਾ, 18 ਅਗਸਤ (ਰੁਪਾਣਾ) : ਮਾਤਾ ਸ਼੍ਰੀ ਨੈਣਾ ਦੇਵੀ ਜੀ.ਐਸ.ਐਸ.ਟੀ.ਨਗਰ ਪਟਿਆਲਾ ਦੇ ਪ੍ਰਾਚੀਨ ਮੰਦਿਰ ਵਿਖੇ ਪ੍ਰਧਾਨ ਸ਼੍ਰੀ ਵਿਮਲ ਸ਼ਰਮਾ ਅਤੇ ਸਕੱਤਰ ਸ਼੍ਰੀ ਰਵੀ ਠਾਕੁਰ ਦੀ ਅਗਵਾਈ ਹੇਠ ਸ਼੍ਰੀ ਕ੍ਰਿਸ਼ਨ ਜੀ ਦਾ ਜਨਮ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰੈੱਸ ਸਕੱਤਰ ਸੋਹਿੰਦਰ ਕਾਂਸਲ ਨੇ ਦੱਸਿਆ ਕਿ ਸ੍ਰੀ ਸੁੰਦਰਕਾਂਡ ਮਹਿਲਾ ਮੰਡਲ ਵੱਲੋਂ ਮੰਦਰ ਵਿੱਚ ਭਜਨ ਕੀਰਤਨ ਕੀਤਾ ਗਿਆ। ਬੀਬੀਆਂ ਨੇ ਭਜਨਾਂ ਦਾ ਖ਼ੂਬ ਆਨੰਦ ਮਾਣਿਆ। ਇਸ ਮੌਕੇ ਛੋਟੇ-ਛੋਟੇ ਬੱਚੇ ਕ੍ਰਿਸ਼ਨ ਅਤੇ ਰਾਧਾ ਦੇ ਪੁਸ਼ਾਕ ਵਿੱਚ ਬਹੁਤ ਹੀ ਸੁੰਦਰ ਲੱਗ ਰਹੇ ਸਨ। ਰਾਤ ਠੀਕ 12 ਵਜੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਪ੍ਰਕਾਸ਼ ਪੁਰਬ ਉਪਰੰਤ ਸ੍ਰੀ ਲੱਡੂ ਗੋਪਾਲ ਜੀ ਨੂੰ ਛਪਣ ਭੋਗ ਲਗਾਏ ਗਏ ਅਤੇ ਪੂਜਾ ਅਰਚਨਾ ਕੀਤੀ ਗਈ। ਉਪਰੰਤ ਆਈਆਂ ਸਾਰੀਆਂ ਸੰਗਤਾਂ ਨੂੰ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਪ੍ਰਾਚੀਨ ਮੰਦਰ ਸ੍ਰੀ ਨੈਣਾ ਦੇਵੀ ਐਸ.ਐਸ.ਟੀ.ਨਗਰ ਪਟਿਆਲਾ ਦੇ ਟਰੱਸਟ ਮੈਂਬਰ ਜਸਪਾਲ ਗੁਪਤਾ ਸੀਨੀਅਰ ਮੀਤ ਪ੍ਰਧਾਨ, ਪੈਟਰਨ ਜੈਭੂਸ਼ਨ ਮਲਿਕ, ਪ੍ਰਿੰਸੀਪਲ ਡਾ.ਅੰਕੁਸ਼ ਕਾਂਸਲ, ਸੀ. ਐਮ. ਪਾਂਧੀ, ਸੁਰੇਸ਼ ਮਿੱਤਲ, ਆਰ. ਕੇ. ਕਾਕੜੀਆ, ਸੁਰੇਸ਼ ਗਰਗ, ਪ੍ਰਵੀਨ ਕੁਮਾਰ ਗੋਇਲ, ਅਤੇ ਪ੍ਰੀਤੀ ਸ਼ਰਮਾ ਤੋਂ ਇਲਾਵਾ ਸੁੰਦਰਕਾਂਡ ਮਹਿਲਾ ਮੰਡਲ ਦੀਆਂ ਕਈ ਬੀਬੀਆਂ ਨੇ ਸ਼ਿਰਕਤ ਕੀਤੀ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

## ਮਾਡਰਨ ਸਕੂਲ ਨੇ ਅੰਡਰ-14 ਜ਼ੋਨਲ ਟੂਰਨਾਮੈਂਟ 'ਚ ਤੀਜਾ ਸਥਾਨ ਪ੍ਰਾਪਤ ਕੀਤਾ



ਪਟਿਆਲਾ, 18 ਅਗਸਤ (ਚ.ਨ.ਸ.): ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਨੇ 11 ਤੋਂ 14 ਅਗਸਤ ਤੱਕ ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਖੇ ਹੋਏ ਅੰਡਰ-14 ਜ਼ੋਨਲ ਟੂਰਨਾਮੈਂਟ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਮੁਕਾਬਲੇ ਵਿੱਚ ਕੁੱਲ 17 ਟੀਮਾਂ ਨੇ ਹਿੱਸਾ ਲਿਆ, ਜਿਸ ਨਾਲ ਇਹ ਇੱਕ ਬਹੁਤ ਹੀ ਚੁਣੌਤੀਪੂਰਨ ਈਵੈਂਟ ਬਣ ਗਿਆ। ਮਾਡਰਨ ਸਕੂਲ ਦੇ ਨੌਜਵਾਨ ਖਿਡਾਰੀਆਂ ਨੇ ਮੈਚਾਂ ਦੌਰਾਨ ਸ਼ਾਨਦਾਰ ਟੀਮ ਵਰਕ, ਹੁਨਰ ਅਤੇ ਦ੍ਰਿੜ੍ਹਤਾ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਉਹ ਟੂਰਨਾਮੈਂਟ ਦੀਆਂ ਚੋਟੀ ਦੀਆਂ ਤਿੰਨ ਟੀਮਾਂ ਵਿੱਚ ਸਥਾਨ ਪ੍ਰਾਪਤ ਕਰਨ ਦੇ ਯੋਗ ਹੋਏ।

## ਪੀ.ਪੀ.ਐਸ. ਨਾਭਾ ਵਿਖੇ ਸ੍ਰੀ ਜੇ.ਕੇ. ਕੇਟ ਮੈਮੋਰੀਅਲ ਆਲ ਇੰਡੀਆ ਇੰਟਰ-ਸਕੂਲ ਗਿਆਨ ਸੰਮੇਲਨ ਦੀ ਸ਼ਾਨਦਾਰ ਸ਼ੁਰੂਆਤ



ਨਾਭਾ, 18 ਅਗਸਤ (ਬਲਜਿੰਦਰ ਮਾਨ/ਗੁਰਚਰਨ ਸਿੰਘ ਚੌਧਰੀਮਾਜਰਾ) : 2-ਰੋਜ਼ਾ ਸ਼੍ਰੀ ਜੇਕੇ ਕੇਟ ਮੈਮੋਰੀਅਲ ਆਲ ਇੰਡੀਆ ਇੰਟਰ-ਸਕੂਲ ਗਿਆਨ ਸੰਮੇਲਨ 12 ਅਗਸਤ, 2025 ਨੂੰ ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ ਸ਼ੁਰੂ ਹੋਇਆ। ਉਦਘਾਟਨੀ ਸਮਾਰੋਹ ਵਿੱਚ ਸ਼੍ਰੀ ਹਿੰਮਤ ਸਿੰਘ ਢਿੱਲੋਂ, ਹੈੱਡਮਾਸਟਰ, ਲਾਰੈਂਸ ਸਕੂਲ, ਸਨਾਵਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਗਿਆਨ ਸੰਮੇਲਨ ਵਿੱਚ ਦੇਸ਼ ਭਰ ਤੋਂ ਚੋਟੀ ਦੇ 21 ਸਕੂਲਾਂ ਨੇ ਭਾਗ ਲਿਆ। ਸੰਮੇਲਨ ਵਿੱਚ ਰਚਨਾਤਮਕਤਾ, ਗਿਆਨ ਅਤੇ ਆਲੋਚਨਾਤਮਕ ਸੋਚ ਦੀ ਪਰਖ ਕਰਨ ਲਈ ਤਿਆਰ ਕੀਤੇ ਗਏ ਸੱਤ ਵਿਭਿੰਨ ਪ੍ਰੋਗਰਾਮ ਸ਼ਾਮਲ ਸਨ-ਅੰਗਰੇਜ਼ੀ ਵਾਦ ਵਿਵਾਦ, ਰਚਨਾਤਮਕ ਲੇਖਣ, ਕੁਇਜ਼, ਕਿਤਾਬ ਸਮੀਖਿਆ, ਮੂਵੀ ਸਮੀਖਿਆ, ਵਾਲ ਮੈਗਜ਼ੀਨ ਅਤੇ ਕਹਾਣੀ ਸੁਣਾਉਣਾ। ਵਿਦਿਆਰਥੀ ਨੂੰ ਸੰਬੋਧਨ ਕਰਦੇ ਹੋਏ ਹਿੰਮਤ ਸਿੰਘ ਨੇ ਉਨ੍ਹਾਂ ਨੂੰ ਜੀਵਨ ਵਿੱਚ ਇੱਕ ਉੱਚ ਉਦੇਸ਼ ਲਈ ਪ੍ਰੇਰਿਤ ਕੀਤਾ। ਡਾ. ਡੀ.ਸੀ. ਸ਼ਰਮਾ, ਹੈੱਡਮਾਸਟਰ, ਪੰਜਾਬ ਪਬਲਿਕ ਸਕੂਲ ਨੇ ਹਿੰਮਤ ਸਿੰਘ ਦਾ ਆਪਣੇ ਰੁਝੇਵੇਂ ਵਾਲੇ ਸ਼ਡਿਊਲ ਵਿੱਚੋਂ ਕੁਝ ਸਮਾਂ ਕੱਢਣ ਲਈ ਧੰਨਵਾਦ ਕੀਤਾ। ਉਦਘਾਟਨੀ ਦਿਨ ਦੇ ਅਖੀਰਲੇ ਹਿੱਸੇ ਵਿੱਚ, ਪ੍ਰਸਿੱਧ ਲੇਖਕ ਡਾ. ਸਕੂਨ ਸਿੰਘ ਨੇ ਮਲਟੀ-ਫਾਰਮੈਟ ਇੰਗਲਿਸ਼ ਡਿਬੇਟ ਅਤੇ ਬੁੱਕ ਰਿਵਿਊ ਮੁਕਾਬਲੇ ਦੇ ਟਰਨਕੋਟ ਰਾਊਂਡ ਦੀ ਪ੍ਰਧਾਨਗੀ ਕੀਤੀ। ਵਿਦਿਆਰਥੀਆਂ ਨੇ ਸ਼ਿਵ ਖੇੜਾ ਦੁਆਰਾ 'ਲਾਈਵ ਵ੍ਹਾਈਲ ਯੂ ਆਰ ਅਲਾਈਵ' ਦੀ ਸਮੀਖਿਆ ਕੀਤੀ। ਇਸ ਦਿਨ ਨੇ ਸੰਮੇਲਨ ਲਈ ਇੱਕ ਪ੍ਰੇਰਨਾਦਾਇਕ ਸੁਰ ਸਥਾਪਤ ਕੀਤੀ, ਜਿਸ ਨਾਲ ਕਈ ਵਿਸ਼ਿਆਂ ਵਿੱਚ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ ਲਈ ਉਤਸੁਕ ਨੌਜਵਾਨ ਮਨ ਇਕੱਠੇ ਹੋਏ। ਡਾ. ਸਕੂਨ ਸਿੰਘ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸੋਚ-ਉਕਸਾਉਣ ਵਾਲੀਆਂ ਮੌਖਿਕ ਪੇਸ਼ਕਾਰੀਆਂ ਲਈ ਪ੍ਰਸ਼ੰਸਾ ਕੀਤੀ। ਸਕੂਲ ਦੇ ਹੈੱਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਮੁੱਖ ਮਹਿਮਾਨ ਅਤੇ ਆਏ ਹੋਏ ਵਿਦਿਆਰਥੀਆਂ ਦਾ ਇਸ ਸਮਾਗਮ ਵਿੱਚ ਹਿੱਸਾ ਲੈਣ ਲਈ ਵਿਸ਼ੇਸ਼ ਧੰਨਵਾਦ ਕੀਤਾ।

## ਸ਼ਰਧਾ ਭਾਵਨਾ ਨਾਲ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਨਾਈ



ਸਮਾਣਾ, 18 ਅਗਸਤ (ਵਿਜੇ ਕੁਮਾਰ) : ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਸਥਾਨਕ ਅਗਰਵਾਲ ਧਰਮਸ਼ਾਲਾ 'ਚ ਮਦਨ ਮਿੱਤਲ ਦੀ ਪ੍ਰਧਾਨਗੀ ਵਿਚ ਆਯੋਜਿਤ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਵਿਧਾਇਕ ਚੇਤਨ ਸਿੰਘ ਜੋੜਾਮਾਜਰਾ ਨੇ ਸ਼ਮੂਲੀਅਤ ਕੀਤੀ, ਵਿਸ਼ੇਸ਼ ਮਹਿਮਾਨ ਵਜੋ ਉਦਯੋਗਪਤੀ ਸੰਜੀਵ ਗੋਇਲ ਅਤੇ ਸਿਕੰਦਰ ਗਰਗ ਸ਼ਾਮਲ ਸਨ। ਇਸ ਮੌਕੇ ਮੁੱਖ ਮਹਿਮਾਨ ਜੌੜਾਮਾਜਰਾ ਨੇ ਅੰਮ੍ਰਿਤਸਰ ਦੇ ਭਗਤਾਂ ਤੋਂ ਤਿਆਰ ਕਰਵਾਈਆਂ ਝਾਂਕੀਆਂ ਦਾ ਉਦਘਾਟਨ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸਮੂਹ ਕਮੇਟੀ ਮੈਂਬਰਾਂ ਤੋਂ ਇਲਾਵਾ ਉਦਯੋਗਪਤੀ ਰਮੇਸ਼ ਗਰਗ, ਆੜਤੀ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਗਰਗ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਾਜਿੰਦਰ ਪ੍ਰਸਾਦ (ਹੈਪੀ), ਸੀਤਾ ਰਾਮ ਗੁਪਤਾ, ਸੁਰਿੰਦਰ ਬਾਂਸਲ , ਵਿਜੇ ਸਿੰਗਲਾ, ਜੀਵਨ ਬਘਰੋਲ, ਪਵਨ ਸ਼ਾਸਤਰੀ, ਪ੍ਰਵੀਨ ਸ਼ਰਮਾ, ਗੁਲਸ਼ਨ ਵਰਮਾ , ਪ੍ਰਮੋਦ ਠੇਕੇਦਾਰ, ਪ੍ਰਦੀਪ ਗੋਇਲ (ਮਿੰਕਾ), ਬੀ.ਕੇ. ਗੁਪਤਾ, ਰਾਜੀਵ ਸਿੰਗਲ ਮੋਨੂ, ਸ਼ਿਵ ਕੁਮਾਰ ਘੱਗਾ, ਸ਼ਸ਼ੀ ਭੂਸ਼ਣ ਸਿੰਗਲਾ ਆਦਿ ਵੀ ਮੌਜੂਦ ਸਨ। ਰਾਤ ਨੂੰ 12 ਵਜੇ ਸ਼੍ਰੀ ਕ੍ਰਿਸ਼ਨ ਜੀ ਦਾ ਜਨਮਦਿਨ ਮੌਕੇ ਕੇਕ ਕੱਟਿਆ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਵਿਧਾਇਕ ਜੌੜਾਮਾਜਰਾ, ਵਿਸ਼ੇਸ਼ ਮਹਿਮਾਨਾਂ ਤੋ ਇਲਾਵਾ ਹੋਰਨਾਂ ਦਾ ਵੀ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ।

## ਪੁਲਿਸ ਵੱਲੋਂ 9 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 18 ਅਗਸਤ (ਚੌਧਰੀਮਾਜਰਾ) : ਥਾਣਾ ਕੋਤਵਾਲੀ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਬਰੋਨੀ ਸਿੰਘ ਵਾਸੀ ਪਿੰਡ ਪ੍ਰੇਮ ਨਗਰ ਬੋੜਾ ਗੇਟ ਨਾਭਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਚਮਕੌਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਮੈਹਸ ਗੇਟ ਨਾਭਾ ਪਾਸ ਮੌਜੂਦ ਸੀ, ਜੋ ਮੁਖਬਰ ਦੀ ਇਤਲਾਹ ਪਰ ਪੁਰਾਣਾ ਕਿਲਾ ਨਾਭਾ ਪਾਸ ਨਾਕਾਬੰਦੀ ਕਰਕੇ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 9 ਬੋਤਲਾ ਸ਼ਰਾਬ ਠੇਕਾ ਦੇਸੀ ਮੋਟਾ ਸੰਤਰਾ ਪੰਜਾਬ ਦੀਆ ਬ੍ਰਾਮਦ ਕੀਤੀਆਂ।

## ਸ੍ਰੀ ਗੋਵਰਧਨ ਗਊਸ਼ਾਲਾ ਵਿਖੇ ਜਨਮ ਅਸ਼ਟਮੀ ਮਨਾਈ

### ਗੁਰਸ਼ਰਨ ਕੌਰ ਰੰਧਾਵਾ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ



ਸਮਾਣਾ, 18 ਅਗਸਤ (ਵਿਜੇ ਕੁਮਾਰ) : ਸ੍ਰੀ ਗੋਵਰਧਨ ਗਊਸ਼ਾਲਾ, ਮਾਤਾ ਬਸੰਤੀ ਜੀ ਦੇ ਮੰਦਿਰ ਦੁਸਹਿਰਾ ਗਰਾਊਂਡ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ, ਜਿਸ ਵਿੱਚ ਗੁਰਸ਼ਰਨ ਕੌਰ ਰੰਧਾਵਾ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਤੇ ਉਨ੍ਹਾਂ ਨੇ ਰੀਬਨ ਕੱਟਕੇ ਇਸਦੀ ਸ਼ੁਰੂਆਤ ਕਰਾਈ। ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ, ਜਿਸ ਵਿੱਚ ਰਾਧਾ ਕ੍ਰਿਸ਼ਨ ਦੀ ਜੋੜੀ ਨੇ ਕ੍ਰਿਸ਼ਨ ਭਗਵਾਨ ਦੇ ਭਜਨਾਂ ਨਾਲ ਆਈ ਹੋਈ ਸੰਗਤ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਜ਼ਿਕਰਯੋਗ ਹੈ ਕਿ ਅਜ਼ਾਦੀ ਤੋਂ ਬਾਅਦ ਪਹਿਲੀ ਵਾਰ ਜਨਮ ਅਸ਼ਟਮੀ ਮਨਾਈ ਗਈ। ਬੀਬੀ ਰੰਧਾਵਾ ਨੇ ਭਗਵਾਨ ਕ੍ਰਿਸ਼ਨ ਜੀ ਅਤੇ ਮਾਤਾ ਬਸੰਤੀ ਜੀ ਦਾ ਅਸ਼ੀਰਵਾਦ ਲਿਆ ਤੇ ਗੋਵਰਧਨ ਗਊਸ਼ਾਲਾ ਦੇ ਸਾਰੇ ਮੈਂਬਰਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਜਨਮਅਸ਼ਟਮੀ ਦੀਆ ਵਧਾਈਆਂ ਵੀ ਦਿੱਤੀਆਂ। ਕਮੇਟੀ ਮੈਂਬਰਾਂ ਵੱਲੋ ਖੀਰ ਤੇ ਕੜੀ ਚਾਵਲ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਐਮ.ਸੀ ਟਿੰਕਾ ਗਾਜੇਵਾਸ, ਬਲਾਕ ਕਾਂਗਰਸ ਦੇ ਪ੍ਰਧਾਨ ਮੰਗਤ ਮਵੀ, ਨਵੀਨ ਸਿੰਗਲਾ, ਵਿਜੈ ਅਗਰਵਾਲ, ਜਸਵਿੰਦਰ ਰੰਧਾਵਾ, ਸੰਜੇ ਬਾਂਸਲ, ਰਿੰਪੀ ਮੇਨਕਾ, ਇੰਦੂ ਬਾਲਾ, ਲੱਤਾ ਬੱਬਰ, ਪੁਸ਼ਪਾ ਰਾਣੀ, ਸੋਨੀਆ ਬੱਬਰ, ਸੋਨੀਆ ਅਨੇਜਾ, ਭਾਵਨਾ ਰਾਣੀ, ਰੇਖਾ ਰਾਣੀ, ਸੀਮਾ, ਰਾਣੀ, ਮੰਜੂ ਰਾਣੀ, ਕਮਲੇਸ਼ , ਪੂੱਜਾ ਗਰਗ , ਪੀ.ਏ ਗੁਰਪ੍ਰੀਤ ਬੈਦਵਾਨ, ਲੱਕੀ ਗਰਗ, ਪ੍ਰਭਜੋਤ ਭਿੰਡਰ, ਵਿਪਨ ਕੁਮਾਰ, ਜਸਵਿੰਦਰ ਕਾਲਾ , ਨਵੀਨ ਬੱਬਰ, ਸੁਨੀਲ ਬੱਬਰ, ਯਤੀਨ ਬੱਬਰ, ਪਾਰਸ ਅਨੇਜਾ, ਮਾਨਵ ਅਨੇਜਾ, ਤੇਜਸ ਜੇਨ, ਅਮਨ ਗਿੱਲ, ਰੋਹਿਤ ਜਿੰਦਲ, ਆਯੁਸ਼ ਸੱਗੂ, ਦੇਸ ਰਾਜ, ਅਜੀਤ ਸ਼ਰਮਾ, ਦੇਸ ਰਾਜ , ਅਦੀਤ ਜੇਨ, ਗੋਲਡੀ ਮਹਿਰਾ, ਬਿੰਦੀ ਜੈਨ, ਸੰਦੀਪ ਸਿੰਗਲਾ ਆਦਿ ਮੈਂਬਰ ਮਜੂਦ ਸਨ।

## ਗਿਆਨਦੀਪ ਮੰਚ ਵੱਲੋਂ ਪੁਸਤਕ 'ਮੁਹੱਬਤ ਜ਼ਿੰਦਾਬਾਦ' ਲੋਕ ਅਰਪਣ



ਪਟਿਆਲਾ, 18 ਅਗਸਤ (ਚ.ਨ.ਸ.) : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸ਼ਾਇਰ ਦਰਸ਼ਨ ਸਿੰਘ 'ਦਰਸ਼ ਪਸਿਆਣਾ' ਦੀ ਪਲੇਠੀ ਕਾਵਿ ਪੁਸਤਕ 'ਮੁਹੱਬਤ ਜ਼ਿੰਦਾਬਾਦ' ਨੂੰ ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਮੰਚ ਦੇ ਪ੍ਰਧਾਨ ਡਾ.ਜੀ.ਐਸ. ਆਨੰਦ ਨੇ ਕੀਤੀ। ਖਚਾ-ਖੱਚ ਭਰੇ ਹਾਲ ਵਿੱਚ ਸਮਾਗਮ ਦਾ ਆਗਾਜ਼ ਕਰਦਿਆਂ ਮੰਚ ਦੇ ਜਨਰਲ ਸਕੱਤਰ ਬਲਬੀਰ ਜਲਾਲਾਬਾਦੀ ਨੇ 'ਦਰਸ਼ ਪਸਿਆਣਾ' ਦੀ ਸਿਰਜਣਾ ਅਤੇ ਪੁਸਤਕ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਮੁੱਖ ਮਹਿਮਾਨ ਵਜੋਂ ਬੋਲਦਿਆਂ ਡਾ ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਇਹ ਪੁਸਤਕ ਗੁਰੂ ਨਾਨਕ ਸਾਹਿਬ ਦੀ ਆਰਤੀ ਵਾਂਗੂੰ ਦੁਨੀਆਂ ਦੇ ਦੱਬੇ ਕੁਚਲੇ ਲੋਕਾਂ ਦਾ ਪੱਖ ਪੂਰਦਿਆਂ ਹੰਕਾਰੀ ਧਿਰ ਦੇ ਮਨਾਂ ਵਿੱਚੋਂ ਹਉਂ ਦੀ ਮੈਲ਼ ਨੂੰ ਕੱਢਣ ਦੀ ਅਹਿਮੀਅਤ ਦੱਸਦੀ ਹੈ। ਪੁਸਤਕ 'ਤੇ ਪੜ੍ਹੇ ਗਏ ਆਪਣੇ ਪੇਪਰ ਵਿੱਚ ਡਾ ਇਕਬਾਲ ਸੋਮੀਆਂ ਨੇ ਕਿਹਾ ਕਿ 'ਮੁਹੱਬਤ ਜ਼ਿੰਦਾਬਾਦ' ਸੱਤਾ ਦੀ ਧੌਂਸ ਅਤੇ ਨਾਕਰਾਤਮਕ ਮਿੱਥਾਂ ਨੂੰ ਤੋੜਨ ਦਾ ਯਤਨ ਕਰਦੀ ਹੈ। ਪੇਪਰ 'ਤੇ ਬਹਿਸ ਦਾ ਆਰੰਭ ਕਰਦਿਆਂ ਡਾ ਅਰਵਿੰਦਰ ਕੌਰ ਕਾਕੜਾ ਨੇ ਪੁਸਤਕ ਨੂੰ ਮਨੁੱਖ ਦੇ ਗਾਉਂਦੇ ਹੋਏ ਆਪੇ ਦੀ ਪੇਸ਼ਕਾਰੀ ਕਿਹਾ। ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ ਜੀ ਐੱਸ ਆਨੰਦ ਦਾ ਤਰਕ ਸੀ ਕਿ ਕਵੀ ਆਪਣੀ ਕਥਾ ਰਾਹੀਂ ਨਫ਼ਰਤ ਦੀ ਅੱਗ ਨੂੰ ਮੁਹੱਬਤ ਦੇ ਪਾਣੀ ਨਾਲ ਬੁਝਾਉਣ ਦੀ ਤਾਕੀਦ ਕਰਦਾ ਹੈ। ਉਪਰੋਕਤ ਤੋਂ ਇਲਾਵਾ ਡਾ.ਸੰਤੋਖ ਸਿੰਘ ਸੁੱਖੀ, ਬਲਜਿੰਦਰ ਸਿੰਘ, ਗੁਰਚਰਨ ਸਿੰਘ 'ਚੰਨ ਪਟਿਆਲਵੀ', ਯਾਦਵਿੰਦਰ ਸਿੰਘ ਸਰਪੰਚ, ਤੇ ਜਰਨੈਲ ਸਿੰਘ ਪੰਚ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਬੱਚੀ ਕਿਰਤਜੋਤ ਕੌਰ ਨੇ ਭਾਵੁਕ ਕਵਿਤਾ ਰਾਹੀਂ ਮੁਹੱਬਤ ਪੇਸ਼ ਕੀਤੀ। ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਨਾਮਵਰ ਕਵੀਆਂ ਵਿੱਚੋਂ ਪਰਵਿੰਦਰ ਸ਼ੋਖ, ਗੁਰਚਰਨ ਪੱਬਾਰਾਲੀ, ਕੁਲਵੰਤ ਸੈਦੋਕੇ, ਰਾਜਬੀਰ ਸਿੰਘ ਮੱਲ੍ਹੀ, ਬਚਨ ਸਿੰਘ ਗੁਰਮ, ਗੁਰਦਰਸ਼ਨ ਸਿੰਘ ਗੁਸੀਲ, ਲਾਲ ਮਿਸਤਰੀ, ਮਨਦੀਪ ਮੈਂਡੀ, ਕਿਰਪਾਲ ਸਿੰਘ ਮੂਣਕ, ਬਜਿੰਦਰ ਠਾਕੁਰ, ਰਾਮ ਸਿੰਘ ਬੰਗ, ਜਗਤਾਰ ਨਿਮਾਣਾ, ਤੇਜਿੰਦਰ ਅਨਜਾਨਾ, ਨਿਰਮਲਾ ਗਰਗ, ਸੰਤ ਸਿੰਘ ਸੋਹਲ, ਹਰੀ ਸਿੰਘ ਚਮਕ, ਗੁਰਪ੍ਰੀਤ ਢਿੱਲੋਂ, ਜਸਵਿੰਦਰ ਖਾਰਾ, ਕੁਲਦੀਪ ਕੌਰ ਧੰਜੂ, ਗੁਰਦੀਪ ਸਿੰਘ ਸੱਗੂ, ਮੰਗਤ ਖਾਨ, ਬਲਵਿੰਦਰ ਭੱਟੀ, ਗੁਰਚਰਨ ਸਿੰਘ ਗੁਣੀਕੇ, ਹਰਦੀਪ ਸੱਭਰਵਾਲ, ਕ੍ਰਿਸ਼ਨ ਧੀਮਾਨ, ਜੱਗਾ ਰੰਗੂਵਾਲ, ਬਲਬੀਰ ਸਿੰਘ ਦਿਲਦਾਰ, ਕ੍ਰਿਸ਼ਨ ਧਿਮਾਨ, ਜਸਵਿੰਦਰ ਕੌਰ, ਅਨੀਤਾ ਪਟਿਆਲਵੀ, ਗੁਰਨਾਮ ਸਿੰਘ, ਜੀ ਕੇ ਮਿਗਲਾਨੀ, ਹਰਜੀਤ ਕੈਂਥ, ਕੁਲਦੀਪ ਜੋਧਪੁਰੀ, ਰਘਬੀਰ ਸਿੰਘ ਮਹਿਮੀ, ਸੱਤਪਾਲ ਮੂਣਕ, ਹਰੀਸ਼ ਪਟਿਆਲਵੀ, ਮਨਮੋਹਣ ਸਿੰਘ ਨਾਭਾ, ਮਹਿੰਦਰ ਸਿੰਘ ਜੱਗੀ, ਸੁਭਾਸ਼ ਮਲਕ, ਸ਼ਾਮ ਸਿੰਘ ਪ੍ਰੇਮ, ਧੰਨਾ ਸਿੰਘ ਖਰੌੜ, ਗੁਰਮੁਖ ਸਿੰਘ ਜਾਗੀ, ਗੋਪਾਲ ਸ਼ਰਮਾ (ਰੰਗਕਰਮੀ) ਤੋਂ ਇਲਾਵਾ ਰਾਜੇਸ਼ਵਰ ਕੁਮਾਰ, ਚਰਨ ਸਿੰਘ, ਰਾਜੇਸ਼ ਕੋਟੀਆ, ਤੇ ਮੁਕੇਸ਼ ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਰਹੀਆਂ। ਪਰਵਾਰ ਵਿੱਚੋਂ ਪਤਨੀ ਸ੍ਰੀਮਤੀ ਗੁਰਮੀਤ ਕੌਰ ਬੱਚੇ ਮਨਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਦਿਲਪ੍ਰੀਤ ਕੌਰ ਸਮੇਤ ਹੋਰ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ।

## ਚੋਰੀ ਕੀਤੇ ਮੋਟਰਸਾਈਕਲ ਸਮੇਤ ਕਾਬੂ

ਸਮਾਣਾ, 18 ਅਗਸਤ (ਵਿਜੇ ਕੁਮਾਰ): ਸਿਟੀ ਪੁਲਿਸ ਨੇ ਪਿਛਲੇ ਦਿਨੀਂ ਚੋਰੀ ਹੋਏ ਇੱਕ ਮੋਟਰਸਾਈਕਲ ਸਮੇਤ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਹਰਵਿੰਦਰ ਸਿੰਘ ਪੁੱਤਰ ਅਜਾਇਬ ਸਿੰਘ ਵਾਸੀ ਪਿੰਡ ਅਤਾਲਾਂ, ਥਾਣਾ ਘੱਗਾ ਵਜੋਂ ਹੋਈ ਹੈ। ਮਾਮਲੇ ਦੇ ਜਾਂਚ ਅਧਿਕਾਰੀ, ਸਿਟੀ ਪੁਲਿਸ ਦੇ ਏਐਸਆਈ ਪੂਰਨ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਨਗਰ, ਮਲਕਾਣਾ ਪੱਤੀ, ਸਮਾਣਾ ਦੇ ਵਸਨੀਕ ਸ਼ੁਭਮ ਕੁਮਾਰ ਨੇ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਕਿ 12 ਅਗਸਤ ਦੀ ਦੁਪਹਿਰ ਨੂੰ ਉਹ ਅੰਬੇਡਕਰ ਚੌਕ ਸਥਿਤ ਇੱਕ ਬੈਂਕ ਦੇ ਬਾਹਰ ਆਪਣਾ ਮੋਟਰਸਾਈਕਲ ਖੜ੍ਹਾ ਕਰਕੇ ਅੰਦਰ ਗਿਆ ਸੀ, ਪਰ ਵਾਪਸ ਆਉਣ 'ਤੇ ਮੋਟਰਸਾਈਕਲ ਗਾਇਬ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਉਕਤ ਨੌਜਵਾਨ ਨੇ ਮੋਟਰਸਾਈਕਲ ਚੋਰੀ ਕਰ ਲਿਆ ਸੀ, ਜਿਸ ਨੂੰ ਹੁਣ ਪੁਲਿਸ ਨੇ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ ਹੈ। ਅਧਿਕਾਰੀ ਮੁਤਾਬਕ ਨਸ਼ੇ ਦਾ ਆਦੀ ਉਕਤ ਨੌਜਵਾਨ 'ਤੇ ਪਹਿਲਾਂ ਵੀ ਮੋਟਰਸਾਈਕਲ ਚੋਰੀ ਦਾ ਮਾਮਲਾ ਦਰਜ ਹੈ ਮੁਲਜ਼ਮ ਨੂੰ ਮਾਣਯੋਗ ਅਦਾਲਤ ਚ ਪੇਸ਼ ਕਰ ਪੁੱਛਗਿੱਛ ਲਈ ਰਿਮਾਂਡ 'ਤੇ ਲੈ ਕੇ ਕਾਰਵਾਈ ਕੀਤੀ ਜਾਵੇਗੀ।

## ਵਾਤਾਵਰਨ ਸ਼ੁੱਧ ਰੱਖਣ ਲਈ ਬੂਟੇ ਲਗਾਏ



ਬਾਦਸ਼ਾਹਪੁਰ, 18 ਅਗਸਤ (ਰਿਸ਼ੀਪਾਲ ਗੁਪਤਾ) : ਆਜ਼ਾਦੀ ਦਿਵਸ ਦੇ ਮੌਕੇ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਜੈ ਪ੍ਰਕਾਸ਼ ਚੌਂਕੀ ਇੰਚਾਰਜ ਬਾਦਸ਼ਾਹਪੁਰ ਅਤੇ ਸ਼ਾਮ ਲਾਲ ਬਾਦਸ਼ਾਹਪੁਰ ਨੇ ਦਿਨੋਂ ਦਿਨ ਵਿਗੜ ਰਹੇ ਵਾਤਾਵਰਨ ਪ੍ਰਤੀ ਆਪਣੀ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਅੱਜ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਂਦੇ ਚਾਹੀਦੇ ਹਨ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਾਫ਼ ਹਵਾ 'ਚ ਸਾਹ ਲੈ ਸਕਣ। ਉਨ੍ਹਾਂ ਕਿਹਾ ਕਿ ਸਿਰਫ਼ ਪੌਦੇ ਲਗਾ ਦੇਣਾ ਹੀ ਕਾਫ਼ੀ ਨਹੀਂ ਹੁੰਦਾ ਸਗੋਂ ਪੌਦੇ ਨੂੰ ਦਰਖ਼ਤ ਬਣਨ ਤੱਕ ਉਸਦੀ ਦੇਖਭਾਲ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਵੱਲੋਂ ਵੀ ਲਗਾਏ ਗਏ ਪੌਦਿਆਂ ਦੀ ਤਨਦੇਹੀ ਨਾਲ ਦੇਖਭਾਲ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਨਾਹਰ ਸਿੰਘ, ਸੋਹਨ ਸਿੰਘ, ਕੁਲਦੀਪ ਸਿੰਘ ਠਾਕੁਰ, ਮਖਣ ਸਿੰਘ, ਮਨੀ ਬਾਦਸ਼ਾਹਪੁਰ, ਗੁਰਬਖਸ਼ ਸਿੰਘ ਤੇ ਸੁਰਿੰਦਰ ਕੁਮਾਰ ਆਦਿ ਹਾਜ਼ਰ ਸਨ।

## ਨਸ਼ਿਆਂ ਵਿਰੁੱਧ ਔਰਤਾਂ ਅਤੇ ਲੜਕੀਆਂ ਦਾ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ: ਬਾਜਵਾ




ਪਟਿਆਲਾ, 18 ਅਗਸਤ (ਰੁਪਾਣਾ) : ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਅਤੇ ਉੱਚ ਅਧਿਕਾਰੀਆਂ ਦੀ ਸਰਪ੍ਰਸਤੀ ਹੇਠ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ। ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਰਿਟਾਇਰ ਐਸ ਡੀ ਓ ਵਿਨੇ ਸ਼ਰਮਾ, ਰੁਦਰਪ੍ਰਤਾਪ ਸਿੰਘ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ, ਹਰਪ੍ਰੀਤ ਸਿੰਘ, ਕਰਮਜੀਤ ਕੌਰ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸੁਖਜਿੰਦਰ ਸਿੰਘ ਬਾਜਵਾ ਅਤੇ ਪਰਮਿੰਦਰ ਭਲਵਾਨ ਨੇ ਕਿਹਾ ਕਿ ਔਰਤਾਂ ਅਤੇ ਲੜਕੀਆਂ ਵੱਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ, ਉਹਨਾਂ ਕਿਹਾ ਕਿ ਨਸ਼ੇ ਕਰਨ ਵਾਲਾ ਹਰ ਵਿਅਕਤੀ ਸ਼ੁਰੂ ਵਿੱਚ ਆਪਣੇ ਆਪ ਨੂੰ ਲੁਕਾਉਂਦਾ ਹੈ , ਫਿਰ ਉਸਦਾ ਪਰਿਵਾਰ ਵੀ ਇਸ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ। ਕਿਉਂਕਿ ਉਹ ਜਾਣਦੇ ਹਨ ਕਿ ਨਸ਼ਾ ਲੈਣ ਵਾਲੇ ਨੂੰ ਲੋਕ ਨਫਰਤ ਕਰਦੇ ਹਨ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਨਸ਼ਾ ਕਰਨ ਵਾਲਿਆਂ ਨੂੰ ਨਫਰਤ ਨਾ ਕਰੀਏ, ਸਗੋਂ ਉਨ੍ਹਾਂ ਦੀ ਨਸ਼ਾ ਛੱਡਣ ਵਿੱਚ ਮੱਦਦ ਕਰੀਏ । ਇਸ ਮੌਕੇ ਨਸ਼ਿਆਂ ਦੀਆਂ ਵੱਖ-ਵੱਖ ਕਿਸਮਾਂ, ਨਸ਼ਾ ਲੱਗਣ ਦੇ ਕਾਰਨ ਵੱਖ-ਵੱਖ ਨਸ਼ੀਲੇ ਪਦਾਰਥਾਂ ਦੇ ਸਰੀਰ ਉਪਰ ਪੈਣ ਵਾਲੇ ਪ੍ਰਭਾਵਾਂ ਅਤੇ ਇਹਨਾਂ ਤੋਂ ਛੁਟਕਾਰੇ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਹਨਾਂ ਕਿਹਾ ਕਿ ਜਿਹੜੇ ਵਿਅਕਤੀ ਨਸ਼ਿਆਂ ਦੀ ਵਰਤੋਂ ਦੇ ਆਦੀ ਹੋ ਚੁੱਕੇ ਹਨ। ਯੂਥ ਆਗੂ ਰੁਦਰਪ੍ਰਤਾਪ ਸਿੰਘ ਵੱਲੋਂ ਡਰੱਗ ਫਰੀ ਵਰਲੱਡ ਕੈਲੀਫੋਰਨੀਆ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਿਤਾਬਾਂ ਵੰਡੀਆਂ ਗਈਆਂ।

ਖ਼ਾਲਸਾ ਪ੍ਰਚਾਰ ਮਿਸ਼ਨ ਪਟਿਆਲਾ ਵੱਲੋਂ ਚੌਥਾ ਮਹਾਨ
21 ਰੋਜ਼ਾ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ
**19 ਅਗਸਤ 2025 ਦਿਨ ਮੰਗਲਵਾਰ**
**ਗੁ: ਸਾਹਿਬ ਗੁਰ ਸ਼ਬਦ ਪ੍ਰਕਾਸ਼,**
**ਜੌੜੀਆਂ ਭੱਠੀਆਂ ਪਟਿਆਲਾ**
ਵਿਖੇ ਸ਼ਾਮ 7 ਤੋਂ 9 ਵਜੇ ਤੱਕ ਹੋਵੇਗਾ।



# ਪਟਿਆਲਾ-ਆਸ/ਪਾਸ



## ਅੰਮ੍ਰਿਤਧਾਰੀ ਸਰਪੰਚ ਨੂੰ ਸ੍ਰੀ ਸਾਹਿਬ ਪਹਿਨ ਕੇ ਰਾਸ਼ਟਰੀ ਸਮਾਗਮ 'ਚ ਸ਼ਾਮਿਲ ਹੋਣ ਤੋਂ ਰੋਕਣ ਵਾਲਿਆਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇ : ਪ੍ਰੋਫੈਸਰ ਬਡੂੰਗਰ



ਪਟਿਆਲਾ, 18 ਅਗਸਤ (ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਪਟਿਆਲਾ ਦੇ ਨਾਭਾ ਅਧੀਨ ਪੈਂਦੇ ਪਿੰਡ ਕਾਲਸਨਾ ਦੇ ਅੰਮ੍ਰਿਤਧਾਰੀ ਸਰਪੰਚ ਗੁਰਧਿਆਨ ਸਿੰਘ ਨੂੰ ਸ਼੍ਰੀ ਸਾਹਿਬ ਪਹਿਨ ਕੇ ਦਿੱਲੀ ਦੇ ਲਾਲ ਕਿਲੇ ਵਿੱਚ ਆਜ਼ਾਦੀ ਦਿਵਸ ਦੇ ਰਾਸ਼ਟਰੀ ਸਮਾਗਮ ਵਿੱਚ ਸ਼ਾਮਿਲ ਨਾ ਹੋਣ ਦਿੱਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ । ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਨਾਭਾ ਦੇ ਪਿੰਡ ਕਾਲਸਨਾ ਦੀ ਪੰਚਾਇਤ ਦੀ ਸਵੱਛ ਭਾਰਤ ਮੁਹਿੰਮ ਤਹਿਤ ਚੋਣ ਹੋਈ ਸੀ ਤੇ ਕੇਂਦਰੀ ਜਲ ਸ਼ਕਤੀ ਮੰਤਰੀ ਵੱਲੋਂ ਪਿੰਡ ਦੀ ਪੰਚਾਇਤ ਨੂੰ ਪ੍ਰਧਾਨ ਮੰਤਰੀ ਦੇ ਸਮਾਗਮ ਵਿੱਚ ਸ਼ਾਮਿਲ ਹੋ ਕੇ ਸਨਮਾਨਤ ਕਰਨ ਲਈ ਸੱਦਾ ਦਿੱਤਾ ਗਿਆ ਸੀ, ਪਰੰਤੂ ਅੰਮ੍ਰਿਤਧਾਰੀ ਸਰਪੰਚ ਗੁਰਧਿਆਨ ਸਿੰਘ ਨੂੰ ਸ਼੍ਰੀ ਸਾਹਿਬ ਉਤਾਰ ਕੇ ਰਾਸ਼ਟਰੀ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਕਿਹਾ ਗਿਆ, ਜਦਕਿ ਸਰਪੰਚ ਗੁਰਧਿਆਨ ਸਿੰਘ ਨੇ ਸ਼੍ਰੀ ਸਾਹਿਬ ਉਤਾਰ ਕੇ ਸਮਾਗਮ ਵਿੱਚ ਜਾਣ ਤੋਂ ਮਨਾ ਕਰ ਦਿੱਤਾ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਬਹੁਤ ਹੀ ਅਫਸੋਸ ਦੀ ਗੱਲ ਹੈ ਕਿ ਆਪਣੇ ਹੀ ਦੇਸ਼ ਵਿੱਚ ਅਜਿਹੀਆਂ ਕਾਰਵਾਈਆਂ ਗੁਰਸਿੱਖ ਵਿਅਕਤੀਆਂ ਨਾਲ ਹੋ ਰਹੀਆਂ ਹਨ, ਉਹਨਾਂ ਕਿਹਾ ਕਿ ਇਸ ਮਾਮਲੇ ਵਿੱਚ ਸ਼ਾਮਿਲ ਵਿਅਕਤੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਅੱਗੇ ਤੋਂ ਗੁਰਸਿੱਖ ਵਿਅਕਤੀਆਂ ਨਾਲ ਅਜਿਹੀਆਂ ਕਿਸੇ ਵੀ ਪ੍ਰਕਾਰ ਦੀਆਂ ਕਾਰਵਾਈਆਂ ਨਾ ਹੋ ਸਕਣ। ਉਹਨਾਂ ਕਿਹਾ ਕਿ ਦੇਸ਼ ਭਰ ਵਿੱਚ ਕਿਤੇ ਨਾ ਕਿਤੇ ਅਜਿਹੀਆਂ ਘਟਨਾਵਾਂ ਨਿਤ ਦਿਨ ਵਾਪਰਦੀਆਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਤੇ ਵਿਦਿਆਰਥੀਆਂ ਨੂੰ ਵੀ ਪ੍ਰੀਖਿਆ ਕੇਂਦਰਾਂ ਵਿੱਚ ਕੜਾ ਉਤਾਰ ਕੇ ਜਾਣ ਲਈ ਕਿਹਾ ਜਾਂਦਾ ਹੈ, ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਅੰਮ੍ਰਿਤਧਾਰੀ ਸਿੱਖਾਂ ਦੇ ਪੰਜ ਕਕਾਰਾਂ ਨੂੰ ਲੈ ਕੇ ਵਿਸ਼ੇਸ਼ ਤੌਰ 'ਤੇ ਹੁਕਮ ਜਾਰੀ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਸਿੱਖਾਂ ਨੂੰ ਇਨ੍ਹਾਂ ਪਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ

## ਨਸ਼ਿਆਂ ਵਿਰੁੱਧ ਵੱਡੀ ਕਾਰਵਾਈ, 'ਕਾਰਡਨ ਐਂਡ ਸਰਚ ਆਪ੍ਰੇਸ਼ਨ' ਦੌਰਾਨ ਦੋ ਸ਼ੱਕੀ ਕਾਬੂ



ਮਲੇਰਕੋਟਲਾ, 18 ਅਗਸਤ (ਚ.ਨ.ਸ.) : ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ 'ਨਸ਼ਿਆਂ ਵਿਰੁੱਧ ਯੁੱਧ' ਮੁਹਿੰਮ ਤਹਿਤ ਮਾਲੇਰਕੋਟਲਾ ਜ਼ਿਲ੍ਹੇ ਵਿੱਚ ਪੁਲਿਸ ਵੱਲੋਂ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਵੱਡੀ ਕਾਰਵਾਈ ਅੰਜਾਮ ਦਿੱਤੀ ਗਈ। ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੀ ਨਿਗਰਾਨੀ ਹੇਠ, ਕਪਤਾਨ ਪੁਲਿਸ ਇਨਵੈਸਟੀਗੇਸ਼ਨ ਸਤਪਾਲ ਸ਼ਰਮਾ ਅਤੇ ਕਪਤਾਨ ਪੁਲਿਸ ਹੈਡਕੁਆਟਰ ਗੁਰਸ਼ਰਨਜੀਤ ਸਿੰਘ ਦੀ ਦੇਖ-ਰੇਖ ਹੇਠ ਸਬ ਡਿਵਿਜ਼ਨ ਅਹਿਮਦਗੜ੍ਹ ਅਤੇ ਮਾਲੇਰਕੋਟਲਾ ਵਿੱਚ ਭਾਰੀ ਪੁਲਿਸ ਫੋਰਸ ਸਮੇਤ 'ਕਾਰਡਨ ਐਂਡ ਸਰਚ ਆਪਰੇਸ਼ਨ' ਚਲਾਇਆ ਗਿਆ। ਇਸ ਸਰਚ ਆਪਰੇਸ਼ਨ ਅਭਿਆਨ ਦੌਰਾਨ ਨਸ਼ਿਆਂ ਦੀ ਤਸਕਰੀ ਦੇ ਦੋਸ਼ਾਂ ਵਿੱਚ ਸ਼ਾਮਲ ਵਿਅਕਤੀਆਂ, ਜ਼ਮਾਨਤ 'ਤੇ ਛੁੱਟੇ ਦੋਸ਼ੀਆਂ ਅਤੇ ਸ਼ੱਕੀ ਸਮੱਗਲਰਾਂ ਦੇ ਘਰਾਂ ਵਿੱਚ ਸਖ਼ਤ ਚੈਕਿੰਗ ਅਤੇ ਰੇਡ ਕੀਤੇ ਗਏ। ਵਿਸ਼ੇਸ਼ ਤੌਰ 'ਤੇ ਮੁਹੱਲਾ ਭੂਮਸੀ ਵਿੱਚ ਆਮ ਜਨਤਾ ਦੇ ਸਹਿਯੋਗ ਨਾਲ ਗਹਿਰਾਈ ਵਾਲੀ ਚੈਕਿੰਗ ਕੀਤੀ ਗਈ। ਇਸ ਕਾਰਵਾਈ ਦੌਰਾਨ 02 ਸ਼ੱਕੀ ਵਿਅਕਤੀਆਂ ਨੂੰ ਕਾਬੂ ਕਰਕੇ ਰਾਊਂਡ ਅੱਪ ਕੀਤਾ ਗਿਆ ਹੈ ਜਿਨ੍ਹਾਂ ਤੋਂ ਡੂੰਘੀ ਪੁੱਛਗਿੱਛ ਕੀਤੀ ਜਾ ਰਹੀ ਹੈ। ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਨੇ ਦੱਸਿਆ ਕਿ ਇਹ ਕਾਰਵਾਈ ਨਸ਼ਿਆਂ ਦੀ ਤਸਕਰੀ ਨੂੰ ਰੋਕਣ, ਮਾੜੇ ਅਨਸਰਾਂ 'ਤੇ ਨਿਗਰਾਨੀ ਕਰਨ ਅਤੇ ਆਮ ਪਬਲਿਕ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਪੁਲਿਸ ਦੀਆਂ ਅਜਿਹੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਰਹਿਣਗੀਆਂ, ਤਾਂ ਜੋ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਦਾ ਮਿਸ਼ਨ ਸਫਲ ਹੋ ਸਕੇ। ਇਸ ਮੌਕੇ ਮਾਲੇਰਕੋਟਲਾ ਨਿਵਾਸੀਆਂ ਵੱਲੋਂ ਪੁਲਿਸ ਦੇ ਕੰਮ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਲੋਕਾਂ ਨੇ ਭਰੋਸਾ ਜਤਾਇਆ ਕਿ ਉਹ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਹਰ ਸੰਭਵ ਸਹਿਯੋਗ ਦੇਣਗੇ।

## ਬੰਮਣਾ ਪੱਤੀ ਸਮਾਣਾ ਦੇ ਨੌਜਵਾਨਾਂ ਨੇ ਖ਼ੂਨਦਾਨ ਕੈਂਪ ਲਗਾਇਆ

### ਖ਼ੂਨਦਾਨ ਮਨੁੱਖ ਲਈ ਇੱਕ ਸਰਵਉੱਤਮ ਦਾਨ : ਸੰਦੀਪ ਸਿੰਗਲਾ



ਸਮਾਣਾ, 18 ਅਗਸਤ (ਜਵੰਦਾ) : ਸਮਾਣਾ ਦੇ ਮੁਹੱਲਾ ਬੰਮਣਾ ਪੱਤੀ ਦੇ ਨੌਜਵਾਨਾਂ ਵੱਲੋਂ ਸਮਾਜ ਭਲਾਈ ਕਾਰਜਾਂ 'ਚ ਵਾਧਾ ਕਰਦੇ ਹੋਏ ਸਥਾਨਕ ਸ਼੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬ ਕਾਂਗਰਸ ਦੇ ਸਪੋਕਸਮੈਨ ਸੰਦੀਪ ਸਿੰਗਲਾ ਨੇ ਨੌਜਵਾਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਨੌਜਵਾਨਾਂ ਵਾਂਗ ਹਰੇਕ ਵਿਅਕਤੀ ਨੂੰ ਸਮਾਜ ਭਲਾਈ ਦੇ ਕੰਮਾਂ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮਨੁੱਖਤਾ ਲਈ ਖ਼ੂਨਦਾਨ ਤੋਂ ਵੱਡੀ ਹੋਰ ਕੋਈ ਸੇਵਾ ਨਹੀਂ ਹੋ ਸਕਦੀ। ਕੈਂਪ ਦੌਰਾਨ ਜੌਹਰੀ ਹਸਪਤਾਲ ਦੀ ਬਲੱਡ ਬੈਂਕ ਟੀਮ ਵੱਲੋਂ 60 ਯੂਨਿਟ ਖ਼ੂਨ ਇਕੱਤ੍ਰਿਤ ਕੀਤਾ ਗਿਆ। ਇਸ ਮੌਕੇ ਰਮਨ ਛੰਨਾ, ਗੱਗੀ, ਯੋਧਾ, ਵਰਿੰਦਰ ਲੂੰਬਾ, ਮਾਨ ਮਵੀ, ਡਾ ਹਰਪ੍ਰੀਤ ਹੈਪੀ, ਹੈਪੀ ਕਲਵਾਣੂ, ਕੇ ਪੀ ਸ਼ਰਮਾ, ਡਾ ਹਰਮਨ ਸਿਕੰਦਰ ਘੰਗਰੋਲੀ ਆਦਿ ਵਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਨ ਉਪਰੰਤ ਖ਼ੂਨਦਾਨੀਆਂ ਨੂੰ ਯਾਦਗਾਰੀ ਚਿੰਨ ਅਤੇ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਗਏ।

## ਨਿਗਮ ਇੰਸਪੈਕਟਰ ਵਿਸ਼ਾਲ ਵਰਮਾ ਆਜ਼ਾਦੀ ਦਿਵਸ ਮੌਕੇ ਵਿਸ਼ੇਸ਼ ਸਨਮਾਨ ਨਾਲ ਸਨਮਾਨਤ

### ➢ਨਿਗਮ ਕਮਿਸ਼ਨਰ ਪਰਮਵੀਰ ਸਿੰਘ ਤੇ ਮੇਅਰ ਕੁੰਦਨ ਗੋਗੀਆ ਨੇ ਪਿੱਠ ਥਾਪੜੀ



ਪਟਿਆਲਾ, 18 ਅਗਸਤ (ਰੁਪਾਣਾ) ਨਗਰ ਨਿਗਮ ਵਿਖੇ 79ਵੇਂ ਆਜ਼ਾਦੀ ਦਿਵਸ ਮੌਕੇ ਵੱਖ-ਵੱਖ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸ਼ਹਿਰ ਵਿੱਚ ਸਵੱਛਤਾ, ਨਾਜਾਇਜ਼ ਕਬਜ਼ੇ ਹਟਾਉਣ, ਦਫ਼ਤਰੀ ਕੰਮ ਕਾਜ ਦੌਰਾਨ ਚੰਗਾ ਪ੍ਰਦਰਸ਼ਨ ਅਤੇ ਕਾਨੂੰਨੀ ਕਾਰਵਾਈਆਂ ਨੂੰ ਇਮਾਨਦਾਰੀ ਅਤੇ ਨਿਡਰਤਾ ਨਾਲ ਅੰਜਾਮ ਦੇਣ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਗਰ ਨਿਗਮ ਇੰਸਪੈਕਟਰ ਵਿਸ਼ਾਲ ਵਰਮਾ ਨੂੰ ਲੈਂਡ ਐਂਡ ਐਡਵਰਟਾਈਜਮੈਂਟ ਵਿੱਚ ਉਨ੍ਹਾਂ ਦੀ ਵਿਸ਼ੇਸ਼ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਦੱਸਣਯੋਗ ਹੈ ਕਿ ਇੰਸਪੈਕਟਰ ਵਿਸ਼ਾਲ ਵਰਮਾ ਨੇ ਪਿਛਲੇ ਸਮੇਂ ਵਿੱਚ ਰਜਿੰਦਰਾ ਹਸਪਤਾਲ, ਸਰਹਿੰਦ ਰੋਡ, ਰਾਘੋ ਮਾਜਰਾ ਅਤੇ ਭੁਪਿੰਦਰਾ ਰੋਡ ਸਮੇਤ ਕਈ ਥਾਵਾਂ 'ਤੇ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਦੀ ਕਾਰਵਾਈ ਦੀ ਅਗਵਾਈ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਨਿਗਮ ਟੀਮ ਅਤੇ ਪੁਲਿਸ ਨਾਲ ਮਿਲ ਕੇ ਸ਼ਹਿਰ ਵਿੱਚ ਟ੍ਰੈਫਿਕ ਅਤੇ ਸਫਾਈ ਪ੍ਰਬੰਧ ਨੂੰ ਸੁਚਾਰੂ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਨਿਗਮ ਕਮਿਸ਼ਨਰ ਪਰਮਵੀਰ ਸਿੰਘ ਅਤੇ ਮੇਅਰ ਕੁੰਦਨ ਗੋਗੀਆ ਨੇ ਮੁਲਾਜ਼ਮਾਂ ਦੀ ਪਿੱਠ ਥਾਪੜਦਿਆਂ ਕਿਹਾ ਕਿ ਉਨ੍ਹਾਂ ਦੀ ਇਮਾਨਦਾਰ ਅਤੇ ਜ਼ਿੰਮੇਵਾਰ ਸੇਵਾ ਕਾਰਨ ਪਟਿਆਲਾ ਨਿਗਮ ਦੀ ਛਵੀ ਲੋਕਾਂ ਵਿੱਚ ਹੋਰ ਮਜ਼ਬੂਤ ਹੋਈ ਹੈ।

## ਕਾਰ ਦੀ ਟੱਕਰ ਨਾਲ ਅਣਪਛਾਤੇ ਵਿਅਕਤੀ ਦੀ ਮੌਤ

ਸਮਾਣਾ, 18 ਅਗਸਤ (ਵਿਜੇ ਕੁਮਾਰ) : ਸਮਾਣਾ-ਪਾਤੜਾਂ ਸੜਕ 'ਤੇ ਪਿੰਡ ਬੂਟਾ ਸਿੰਘ ਵਾਲਾ ਚੌਕ ਘੱਗਾ ਨੇੜੇ ਇੱਕ ਅਣਪਛਾਤੀ ਕਾਰ ਦੀ ਟੱਕਰ ਨਾਲ ਇੱਕ 32 ਸਾਲਾ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ। ਵਿਅਕਤੀ ਪੈਦਲ ਜਾ ਰਿਹਾ ਸੀ। ਉਸ ਦੀ ਲਾਸ਼ ਨੂੰ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ, ਜਦੋਂਕਿ ਡਰਾਈਵਰ ਕਾਰ ਸਮੇਤ ਮੌਕੇ ਤੋਂ ਫਰਾਰ ਹੋ ਗਿਆ। ਘੱਗਾ ਪੁਲਿਸ ਦੇ ਏਐਸਆਈ ਖੇਮ ਚੰਦ, ਜੋ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ, ਨੇ ਦੱਸਿਆ ਕਿ ਇਹ ਹਾਦਸਾ ਅੱਧੀ ਰਾਤ ਨੂੰ ਹੋਇਆ। ਜ਼ਖਮੀ ਵਿਅਕਤੀ ਨੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਦਿੱਤਾ। ਉਸ ਦੀ ਪਛਾਣ ਲਈ ਲਾਸ਼ ਨੂੰ 72 ਘੰਟਿਆਂ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰਖਵਾਇਆ ਗਿਆ ਹੈ ਅਤੇ ਪੁਲਿਸ ਕੰਟਰੋਲ ਰੂਮ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਪੁਲਿਸ ਅਧਿਕਾਰੀ ਅਨੁਸਾਰ, ਪੁਲਿਸ ਨੇ ਅਣਪਛਾਤੇ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਆਜ਼ਾਦੀ ਦਿਵਸ ਮੌਕੇ ਪੌਦੇ ਲਗਾਏ



ਸਮਾਣਾ, 18 ਅਗਸਤ (ਵਿਜੇ ਕੁਮਾਰ) : ਬੇਗਮਪੁਰਾ ਫਰੰਟ ਵੱਲੋਂ ਗੁਰਦੀਪ ਸਿੰਘ ਨੰਬਰਦਾਰ ਦੀ ਅਗਵਾਈ ਵਿੱਚ ਆਜ਼ਾਦੀ ਦਿਹਾੜੇ ਨੂੰ ਸਮਰਪਿਤ ਫ਼ਲਦਾਰ ਬੂਟੇ ਲਗਾਏ ਗਏ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਸਾਥੀ ਦੀ ਡਿਊਟੀ ਲਗਾਈ ਗਈ। ਨੰਬਰਦਾਰ ਨੇ ਕਿਹਾ ਕਿ ਅੱਜ ਵਾਤਾਵਰਨ ਨੂੰ ਸ਼ੁੱਧ ਕਰਨ ਲਈ ਪੌਦੇ ਲਗਾਉਣ ਦੀ ਲੋੜ ਹੈ।

## ਡੀ.ਐਸ.ਪੀ. ਫਤਿਹ ਸਿੰਘ ਬਰਾੜ ਦੀ ਅਗਵਾਈ ਹੇਠ ਪੁਲਿਸ ਨੇ ਪਿੰਡ ਮੁਰਾਦਪੁਰਾ 'ਚ ਕੀਤੀ ਰੇਡ

### 55 ਲੱਖ ਦੀ ਜਾਇਦਾਦ ਜ਼ਬਤ ਕਰਕੇ ਚਿਪਕਾਏ ਪੋਸਟਰ



ਸਮਾਣਾ, 18 ਅਗਸਤ (ਵਿਜੇ ਕੁਮਾਰ) : ਡੀਐਸਪੀ ਫਤਿਹ ਸਿੰਘ ਬਰਾੜ ਦੀ ਅਗਵਾਈ ਹੇਠ ਸਮਾਣਾ ਪੁਲਿਸ ਨੇ ਕਾਸੋ ਆਪ੍ਰੇਸ਼ਨ ਤਹਿਤ ਸਬ-ਡਿਵੀਜ਼ਨ ਸਮਾਣਾ ਵਿੱਚ ਨਸ਼ਿਆਂ ਲਈ ਹੌਟਸਪੌਟ ਵਜੋਂ ਜਾਣੇ ਜਾਂਦੇ ਪਿੰਡ ਮੁਰਾਦਪੁਰਾ ਵਿੱਚ ਛਾਪਾ ਮਾਰਿਆ ਅਤੇ ਘਰ-ਘਰ ਦੀ ਤਲਾਸ਼ੀ ਲਈ, ਪਰ ਕਿਸੇ ਵੀ ਘਰੋਂ ਕੋਈ ਸ਼ੱਕੀ ਨਸ਼ਾ ਬਰਾਮਦ ਨਹੀਂ ਹੋਇਆ। ਦੁਪਹਿਰ ਵੇਲੇ ਕੀਤੇ ਗਏ ਇਸ ਆਪ੍ਰੇਸ਼ਨ ਵਿੱਚ ਸਿਟੀ ਪੁਲਿਸ ਦੇ ਐਸਐਚਓ ਇੰਸਪੈਕਟਰ ਜਸਪ੍ਰੀਤ ਸਿੰਘ, ਮਵੀ ਕਲਾਂ ਪੁਲਿਸ ਇੰਚਾਰਜ ਹਰਦੀਪ ਸਿੰਘ ਸਮੇਤ ਵੱਖ-ਵੱਖ ਪੁਲਿਸ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਦੇ ਜਵਾਨ ਸ਼ਾਮਲ ਹੋਏ। ਡੀਐਸਪੀ ਫਤਿਹ ਸਿੰਘ ਬਰਾੜ ਨੇ ਦੱਸਿਆ ਕਿ ਸ਼ੱਕੀ ਵਿਅਕਤੀਆਂ ਦੇ ਘਰਾਂ ਦੀ ਤਲਾਸ਼ੀ ਲਈ ਗਈ ਹੈ ਅਤੇ ਐਨਡੀਪੀਐਸ ਐਕਟ ਤਹਿਤ ਵੱਖ-ਵੱਖ ਮਾਮਲਿਆਂ ਦੇ ਮੁਲਜ਼ਮ ਜਸਵੀਰ ਸਿੰਘ ਅਤੇ ਬਲਬੀਰ ਸਿੰਘ ਮਾਹੀ ਦੀ ਪਿੰਡ ਵਿੱਚ ਸਥਿਤ 55 ਲੱਖ ਰੁਪਏ ਦੀ ਜਾਇਦਾਦ ਜ਼ਬਤ ਕਰਕੇ ਉਨ੍ਹਾਂ ਦੇ ਪੋਸਟਰ ਚਿਪਕਾਏ ਗਏ ਹਨ। ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ੇ ਦਾ ਗੋਰਖ ਧੰਦਾ ਬੰਦ ਕਰਨ, ਮਿਹਨਤ ਨਾਲ ਕੰਮ ਕਰਕੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰਨ ਅਤੇ ਚੰਗੇ ਭਵਿੱਖ ਲਈ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਦੀ ਅਪੀਲ ਕੀਤੀ। ਇਸ ਤਲਾਸ਼ੀ ਮੁਹਿੰਮ ਦੌਰਾਨ ਪਿੰਡ ਦੇ ਜ਼ਿਆਦਾਤਰ ਘਰ ਖਾਲੀ ਪਾਏ ਗਏ ਅਤੇ ਕਾਫੀ ਘਰਾਂ ਨੂੰ ਤਾਲੇ ਲੱਗੇ ਦੇਖੇ ਗਏ।

## ਅਮਰੀਕ ਸਿੰਘ ਬੰਗੜ 'ਆਪ' ਮਾਲਵਾ ਈਸਟ ਜ਼ੋਨ ਦੇ ਸੂਬਾ ਸਕੱਤਰ ਨਿਯੁਕਤ



ਪਟਿਆਲਾ, 18 ਅਗਸਤ (ਰੁਪਾਣਾ) : ਆਮ ਆਦਮੀ ਪਾਰਟੀ (ਆਪ) ਨੇ ਸੀਨੀਅਰ ਆਗੂ ਅਮਰੀਕ ਸਿੰਘ ਬੰਗੜ ਨੂੰ ਪਾਰਟੀ ਦਾ ਮਾਲਵਾ ਜ਼ੋਨ ਦਾ ਸੂਬਾ ਸਕੱਤਰ ਨਿਯੁਕਤ ਕੀਤਾ ਹੈ। ਅਮਰੀਕ ਸਿੰਘ ਬੰਗੜ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ ਪੰਜਾਬ (ਰਜਿ.) ਦੇ ਬਤੌਰ 23 ਸਾਲ ਸੂਬਾ ਪ੍ਰਧਾਨ, ਨੈਸ਼ਨਲ ਕੰਨਫਡਰੇਸ਼ਨ ਆਫ ਦਲਿਤ ਆਰਗੇਨਾਈਜੇਸ਼ਨ (ਨੈਕਡੋਰ) ਦੇ 2016 ਤੋਂ ਨੈਸ਼ਨਲ ਕੋਰ ਕਮੇਟੀ ਮੈਂਬਰ ਤੇ ਸੂਬਾ ਪ੍ਰਧਾਨ, ਆਲ ਇੰਡੀਆ ਅੰਬੇਡਕਰ ਮਹਾਸਭਾ ਦਾ 2006 ਤੋਂ ਕੌਮੀ ਸਕੱਤਰ ਜਨਰਲ ਦੇ ਤੌਰ 'ਤੇ ਸੇਵਾ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਵਾਅਦਾ ਨਾ ਤੋੜੋ ਅਭਿਆਨ ਦੇ ਮੈਂਬਰ, ਸੈਂਟਰ ਫਾਰ ਆਲਟਰਨੇਟਿਵ ਦਲਿਤ ਮੀਡੀਆ ਦੀ ਸੇਵਾ ਵੀ ਨਿਭਾਅ ਚੁੱਕੇ ਹਨ। 25 ਅਗਸਤ 2020 ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਅਤੇ 2021 ਵਿਚ ਪਾਰਟੀ ਨੇ ਐਸ.ਸੀ. ਵਿੰਗ ਪੰਜਾਬ ਦਾ ਮੀਤ ਪ੍ਰਧਾਨ ਦੀ ਨਿਯੁਕਤ ਕਰ ਦਿੱਤਾ ਜਿਸ ਮਗਰੋਂ ਨਵੰਬਰ ਵਿਚ ਪਾਰਟੀ ਨੇ ਐਸ.ਸੀ. ਵਿੰਗ ਦੇ ਪੰਜਾਬ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ। ਮਾਰਚ 2024 ਵਿਚ ਪਾਰਟੀ ਨੇ ਮੇਨ ਵਿੰਗ ਦੇ ਸੰਯੁਕਤ ਸਕੱਤਰ ਤੇ ਐਸ.ਸੀ. ਵਿੰਗ ਦੀ ਸੂਬਾ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਤੇ ਹੁਣ ਪਾਰਟੀ ਨੇ ਫਿਰ ਮਾਲਵਾ ਈਸਟ ਜ਼ੋਨ ਦੀ ਬਤੌਰ ਸੂਬਾ ਸਕੱਤਰ ਐਸ.ਸੀ.ਵਿੰਗ ਦੀ ਜ਼ਿੰਮੇਵਾਰੀ ਨਾਲ ਨਿਵਾਜਿਆ ਹੈ।

## ਪਿੰਡ ਰੋਹਟਾ ਵਿਖੇ ਕਰਵਾਇਆ ਕੁਸ਼ਤੀ ਦੰਗਲ ਯਾਦਗਾਰੀ ਹੋ ਨਿਬੜਿਆ

### ਇੱਕ ਲੱਖ ਦੀ ਝੰਡੀ ਦੀ ਕੁਸ਼ਤੀ ਰੋਹਿਤ ਦਿੱਲੀ ਨੇ ਜਿੱਤੀ



ਨਾਭਾ, 18 ਅਗਸਤ (ਬਲਜਿੰਦਰ ਮਾਨ) : ਨਾਭਾ ਬਲਾਕ ਦੇ ਪਿੰਡ ਰੋਹਟਾ ਵਿਖੇ ਨੌਮੀ ਦਾ ਮੇਲਾ ਗੁੱਗਾ ਮਾੜੀ 'ਤੇ ਸਲਾਨਾ ਸਮਾਗਮ ਕਰਵਾਏ ਗਏ। ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਅਤੇ ਪੰਚਾਇਤ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਵਿਸ਼ਾਲ ਕੁਸ਼ਤੀ ਦੰਗਲ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਨਾਮੀ ਪਹਿਲਵਾਨਾਂ ਨੇ ਸ਼ਿਰਕਤ ਕੀਤੀ। ਇੱਕ ਲੱਖ ਦੀ ਵੱਡੀ ਝੰਡੀ ਦੀ ਕੁਸ਼ਤੀ ਰੋਹਿਤ ਦਿੱਲੀ ਨੇ ਰਿੰਕੂ ਚੰਡੀਗੜ ਨੂੰ ਹਰਾ ਕੇ ਜਿੱਤੀ ਤੇ ਬਾਕੀ ਜੇਤੂ ਭਲਵਾਨਾਂ ਨੂੰ ਵੀ ਵੱਡੇ ਇਨਾਮਾਂ ਨਾਲ ਨਿਵਾਜਿਆ। ਇਸ ਮੌਕੇ ਪ੍ਰਬੰਧਕ ਸਰਪੰਚ ਲਖਵਿੰਦਰ ਸਿੰਘ ਲੱਖੀ, ਜਗਤਾਰ ਸਿੰਘ ਨੰਬਰਦਾਰ, ਮੈਨੇਜਰ ਅਮਰੀਕ ਸਿੰਘ, ਜਥੇਦਾਰ ਸਰਬਜੀਤ ਸਿੰਘ ਪੰਚ,ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਖੱਟੜਾ,ਤਜਿੰਦਰ ਸਿੰਘ, ਮਨਜਿੰਦਰ ਸਿੰਘ,ਬਲਵਿੰਦਰ ਸਿੰਘ,ਰਣਜੀਤ ਸਿੰਘ ਪ੍ਰਧਾਨ, ਸਵਰਨ ਸਿੰਘ,ਗੁਰਪ੍ਰੀਤ ਗੁਰੀ, ,ਸੁਖਦੇਵ ਸਿੰਘ ਸੇਖੋਂ, ਬੁੱਧੂ ਸਿੰਘ ਰੋਹਟੀ ਖਾਸ ਅਤੇ ਖੇਡ ਪ੍ਰੇਮੀ ਵੱਡੀ ਗਿਣਤੀ 'ਚ ਮੌਜੂਦ ਰਹੇ।



ਪਬਲਿਕ ਕਾਲਜ 'ਚ ਆਯੋਜਿਤ ਸਮਾਗਮ ਦੌਰਾਨ ਸਮਾਜ ਪ੍ਰਤੀ ਸੇਵਾਵਾਂ ਨੂੰ ਵੇਖਦਿਆਂ 79ਵੇਂ ਆਜ਼ਾਦੀ ਦਿਹਾੜੇ ਮੌਕੇ ਰੋਟਰੀ ਕਲੱਬ ਸਮਾਣਾ ਦੇ ਪ੍ਰਧਾਨ ਅਰੁਣ ਬਾਂਸਲ ਤੇ ਕਲੱਬ ਅਹੁਦੇਦਾਰਾਂ ਦਾ ਸਨਮਾਨ ਕਰਦੇ ਹੋਏ ਐਸ. ਡੀ.ਐਮ. ਰਿਚਾ ਗੋਇਲ ਤੇ ਹੋਰ।

(ਫੋਟੋ ਤੇ ਵੇਰਵਾ : ਵਿਜੇ ਕੁਮਾਰ ਸਮਾਣਾ)

## ਪੰਜਾਬੀ ਯੂਨੀਵਰਸਿਟੀ ਮੁਲਾਜ਼ਮ ਤਨਖਾਹਾਂ ਤੋਂ ਵਾਂਝੇ

### ਪੰਜਾਬ ਸਰਕਾਰ ਨੇ ਨਹੀਂ ਭੇਜੀ ਗ੍ਰਾਂਟ



ਪਟਿਆਲਾ, 18 ਅਗਸਤ (ਰੁਪਾਣਾ) : ਸਿੱਖਿਆ ਦੇ ਖੇਤਰ ਵਿੱਚ ਆਪਣਾ ਅਹਿਮ ਯੋਗਦਾਨ ਪਾਉਣ ਵਾਲੀ ਪੰਜਾਬੀ ਯੂਨੀਵਰਸਿਟੀ ਦਾ ਭਵਿੱਖ ਖ਼ਤਰੇ ਵਿਚ ਘਿਰ ਗਿਆ ਹੈ। ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਾਅਵਿਆਂ ਦੀ ਪੋਲ ਖੁਲਦੀ ਨਜ਼ਰ ਆ ਰਹੀ ਹੈ। ਅਗਸਤ ਮਹੀਨੇ ਦਾ ਅੱਧ ਸਮਾਂ ਗੁਜ਼ਰਨ ਉਪਰੰਤ ਵੀ ਪੰਜਾਬ ਸਰਕਾਰ ਵੱਲੋਂ ਤਨਖਾਹਾਂ ਲਈ ਬਜਟ ਵਿੱਚ ਪਾਸ ਕੀਤੀ ਗ੍ਰਾਂਟ ਯੂਨੀਵਰਸਿਟੀ ਨੂੰ ਨਹੀਂ ਭੇਜੀ ਗਈ। ਰੋਸ ਵਜੋਂ ਪਿਛਲੇ ਕਈ ਦਿਨਾਂ ਤੋਂ ਯੂਨੀਵਰਸਿਟੀ ਕਰਮਚਾਰੀ ਸੰਘ ਦੇ ਆਗੂਆਂ ਰਾਜਿੰਦਰ ਸਿੰਘ ਬਾਗੜੀਆਂ, ਗੁਰਜੀਤ ਸਿੰਘ ਗੋਪਾਲਪੁਰੀ , ਪ੍ਰਕਾਸ਼ ਸਿੰਘ ਧਾਲੀਵਾਲ, ਜਗਤਾਰ ਸਿੰਘ, ਸ਼ਰਨਦੀਪ ਕੌਰ, ਤੇਜਿੰਦਰ ਸਿੰਘ ਵਲੋਂ ਰਜਿਸਟਰਾਰ ਦਫ਼ਤਰ ਵਿਖੇ ਤਨਖਾਹਾਂ ਜਾਰੀ ਕਰਾਉਣ ਨੂੰ ਲੈ ਕੇ ਧਰਨਾ ਲਗਾਇਆ ਹੋਇਆ ਹੈ। ਆਗੂਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪੰਜਾਬੀ ਯੂਨੀਵਰਸਿਟੀ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਯੂਨੀਵਰਸਿਟੀ ਦੇ ਸਿਰ 150 ਕਰੋੜ ਰੁਪਏ ਦਾ ਕਰਜ਼ਾ ਸਿੱਖਿਆ ਦੇ ਮੰਦਰ ਉਪਰ ਸਵਾਲੀਆ ਨਿਸ਼ਾਨ ਹੈ। ਇਲਾਕੇ ਦੇ ਗ਼ਰੀਬ ਵਿਦਿਆਰਥੀਆਂ ਲਈ ਮਸੀਹੇ ਦੇ ਤੌਰ 'ਤੇ ਕੰਮ ਕਰ ਰਹੀ ਪੰਜਾਬੀ ਯੂਨੀਵਰਸਿਟੀ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਦੀ ਵਿਸ਼ੇਸ਼ ਲੋੜ ਹੈ। ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਯੂਨੀਵਰਸਿਟੀ ਕਰਮਚਾਰੀ ਸੰਘ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬੀ ਯੂਨੀਵਰਸਿਟੀ ਆਉਣ ਵਾਲੇ ਸਰਕਾਰੀ ਮੰਤਰੀਆਂ, ਅਹੁਦੇਦਾਰਾਂ ਦਾ ਕਾਲੀਆਂ ਝੰਡੀਆਂ ਦਿੱਖਾ ਕੇ ਬਾਈਕਾਟ ਕੀਤਾ ਜਾਵੇਗਾ। ਜੇਕਰ ਜਲਦ ਪੰਜਾਬ ਸਰਕਾਰ ਨੇ ਗ੍ਰਾਂਟ ਯੂਨੀਵਰਸਿਟੀ ਨੂੰ ਨਾਂ ਭੇਜੀ ਤਾਂ ਯੂਨੀਵਰਸਿਟੀ ਦੇ ਸਾਰੇ ਸੰਗਠਨਾਂ ਨਾਲ ਮਿਲ ਕੇ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ, ਜਿਸ ਦੀ ਜ਼ਿਮੇਵਾਰੀ ਪੰਜਾਬ ਸਰਕਾਰ ਦੇ ਅਧਿਕਾਰੀਆਂ ਦੀ ਹੋਵੇਗੀ।

## ਘੇਰ ਕੇ ਕੀਤੀ ਕੁੱਟਮਾਰ, ਮਾਮਲਾ ਦਰਜ

ਪਟਿਆਲਾ, 18 ਅਗਸਤ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਪਾਰਥ ਭੱਲਾ ਪੁੱਤਰ ਮੋਹਿਤ ਕੁਮਾਰ ਵਾਸੀ ਜੋਤੀ ਰਾਮ ਸਟਰੀਟ ਕੱਚਾ ਆਰੀਆ ਸਮਾਜ ਪਟਿਆਲਾ ਨੇ ਕਥਿਤ ਦੋਸ਼ੀਆਂ ਦਿਵਾਰਕ, ਜਤਿਨ ਪੁੱਤਰਾਨ ਬੰਟੀ, ਵੀਸ਼ੂ ਵਾਸੀ ਬੈਕਸਾਇਡ ਕਾਲੀ ਮਾਤਾ ਮੰਦਰ ਪਟਿਆਲਾ, ਅੰਸ਼ ਅਤੇ 8/10 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀਆਂ ਨੇ ਉਸ ਅਤੇ ਉਸਦੇ ਦੋਸਤ ਸ਼ਿਵਮ ਦੀ ਪੁਰਾਣੀ ਪ੍ਰੈਸ ਰੋਡ ਨੇੜੇ ਪਲੇਵੇਜ ਸਕੂਲ ਪਾਸ ਘੇਰ ਕੇ ਕੁੱਟਮਾਰ ਕੀਤੀ, ਜੋ ਕਕਿਤ ਦੋਸ਼ੀ ਦਿਵਾਕਰ ਨੇ ਉਸ 'ਤੇ ਕਿਰਚ ਦਾ ਵਾਰ ਕੀਤਾ ਅਤੇ ਦੋਸ਼ੀ ਵੀਸ਼ੂ ਨੇ ਉਸ ਦੇ ਦੋਸਤ ਸ਼ਿਵਮ ਪਰ ਕਿਰਚ ਦਾ ਵਾਰ ਕੀਤਾ ਅਤੇ ਜਾਨੋ ਮਾਰਨ ਦੀਆਂ ਧਮਕੀਆਂ ਦੇ ਕੇ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਨੇ ਧਾਰਾ 118(1), 115(2), 126(2), 351(3), 191(3), 190 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਪਿੰਡ ਨੈਣ ਕਲਾਂ ਵਿਖੇ ਗੁੱਗਾ ਨੌਮੀ ਉਤਸਵ ਸ਼ਰਧਾ ਨਾਲ ਮਨਾਇਆ

### ਹਜ਼ਾਰਾਂ ਸ਼ਰਧਾਲੂਆਂ ਨੇ ਮੇਲੇ 'ਚ ਹਾਜ਼ਰੀ ਭਰੀ



ਭੁਨਰਹੇੜੀ, 18 ਅਗਸਤ (ਗੁਰਜੀਤ ਸਿੰਘ ਢੋਟ) : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਨੈਣ ਕਲਾਂ ਵਿਖੇ ਗੁੱਗਾ ਨੌਮੀ ਉਤਸਵ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੇਲੇ ਵਿੱਚ ਵੱਡੀ ਗਿਣਤੀ 'ਚ ਸੰਗਤਾਂ ਨੇ ਹਿਮਾਚਲ, ਦਿੱਲੀ , ਹਰਿਆਣਾ, ਰਾਜਸਥਾਨ ਅਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪਹੁੰਚ ਕੇ ਦਰਬਾਰ ਵਿੱਚ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਗੁੱਗਾ ਮਾੜੀ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਥਾਵਾਂ ਤੇ ਲੰਗਰ ਤੇ ਪਾਰਕਿੰਗ ਦੀ ਵਿਵਸਥਾ ਵੀ ਸੁਚਾਰੂ ਢੰਗ ਨਾਲ ਕੀਤੀ ਗਈ ਅਤੇ ਇਸ ਦੌਰਾਨ ਜਿੱਥੇ ਕਿ ਭਗਤ ਕਰਨੈਲ ਸਿੰਘ ਰਾਣਾ ਵੱਲੋਂ ਆਈਆਂ ਹੋਈਆਂ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ ਗਿਆ ਉੱਥੇ ਹੀ ਉਹਨਾਂ ਕਿਹਾ ਹੈ ਕਿ ਇਸ ਦਰਬਾਰ ਵਿੱਚ ਹਜ਼ਾਰਾਂ ਸ਼ਰਧਾਲੂ ਕ੍ਰਿਸ਼ਨ ਜਨਮ ਅਸ਼ਟਮੀ ਵਾਲੇ ਦਿਨ ਪਹੁੰਚਦੇ ਹਨ ਅਤੇ ਗੁੱਗਾ ਨੌਮੀ ਵਾਲੇ ਦਿਨ ਵੀ ਬਹੁਤ ਵੱਡਾ ਮੇਲਾ ਭਰਦਾ ਹੈ ਅਤੇ ਕਬੱਡੀ ਖੇਡ ਮੇਲੇ ਵੀ ਕਰਵਾਏ ਜਾਂਦੇ ਹਨ, ਜਿਸ ਦੀ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਚਰਚਾ ਹੁੰਦੀ ਹੈ ਅਤੇ ਇਹ ਇਤਿਹਾਸਿਕ ਨਗਰੀ ਹੈ ਜਿੱਥੇ ਕਿ ਸ਼ਾਕਸ਼ਾਤ ਗੁੱਗਾ ਜਾਹਰ ਪੀਰ ਜੀ ਖੁਦ ਆਪਣੇ ਘੋੜੇ 'ਤੇ ਸਵਾਰ ਹੋ ਕੇ ਇੱਥੇ ਆਏ ਸਨ। ਇਸ ਸਥਾਨ ਤੇ ਹਜ਼ਾਰਾਂ ਸ਼ਰਧਾਲੂਆਂ ਦੀਆਂ ਮਨੋਕਾਮਨਾ ਪੂਰੀਆਂ ਹੁੰਦੀਆਂ ਹਨ ਤੇ ਉਹ ਆਪਣੀ ਸੁੱਖਣਾ ਦੇਣ ਲਈ ਇਸ ਮੇਲੇ ਵਿੱਚ ਸ਼ਾਮਲ ਹੁੰਦੇ ਹਨ।

## ਦੇਸੀ ਸ਼ਰਾਬ ਸਮੇਤ ਮੋਟਰਸਾਈਕਲ ਸਵਾਰ ਕਾਬੂ

ਸਮਾਣਾ, 18 ਅਗਸਤ (ਵਿਜੇ ਕੁਮਾਰ) : ਮਵੀਕਲਾਂ ਪੁਲਿਸ ਨੇ ਹਰਿਆਣਾ ਮਾਰਕਾ ਦੇਸੀ ਸ਼ਰਾਬ ਵੇਚਣ ਲਈ ਖੜ੍ਹੇ ਇੱਕ ਮੋਟਰਸਾਈਕਲ ਸਵਾਰ ਨੂੰ ਸ਼ਰਾਬ ਦੀਆਂ 12 ਬੋਤਲਾਂ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਸੁਖਬੀਰ ਸਿੰਘ ਪੁੱਤਰ ਸਿੰਦਰ ਸਿੰਘ ਵਾਸੀ ਪਿੰਡ ਸਹਿਜਪੁਰ ਖੁਰਦ ਵਜੋਂ ਹੋਈ। ਮਵੀ ਕਲਾਂ ਪੁਲਿਸ ਇੰਚਾਰਜ ਹਰਦੀਪ ਸਿੰਘ ਨੇ ਦੱਸਿਆ ਕਿ ਹੈੱਡ ਕਾਂਸਟੇਬਲ ਸਾਹਿਬ ਸਿੰਘ ਨੂੰ ਪੁਲਿਸ ਪਾਰਟੀ ਸਮੇਤ ਬੱਸ ਅੱਡਾ ਪਿੰਡ ਮਵੀ ਕਲਾਂ ਨਜ਼ਦੀਕ ਗਸ਼ਤ ਦੌਰਾਨ ਸੂਚਨਾ ਮਿਲੀ ਕਿ ਹਰਿਆਣਾ ਤੋਂ ਸ਼ਰਾਬ ਲਿਆ ਕੇ ਪੰਜਾਬ ਵਿੱਚ ਵੇਚਣ ਦਾ ਆਦੀ ਮੁਲਜ਼ਮ ਹੁਣ ਵੀ ਮੋਟਰਸਾਈਕਲ ਲੈ ਕੇ ਮਵੀ ਕਲਾਂ ਪਿੰਡ ਦੇ ਥੜ੍ਹੇ ਨਜ਼ਦੀਕ ਸ਼ਰਾਬ ਵੇਚਣ ਲਈ ਖੜ੍ਹਾ ਹੈ। ਉਨ੍ਹਾਂ ਨੇ ਪੁਲਿਸ ਪਾਰਟੀ ਸਮੇਤ ਰੇਡ ਦੌਰਾਨ ਹਰਿਆਣਾ ਮਾਰਕਾ ਸ਼ਰਾਬ ਦੀਆਂ 12 ਬੋਤਲਾਂ ਬਰਾਮਦ ਹੋਣ 'ਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਿਸ ਅਧਿਕਾਰੀ ਅਨੁਸਾਰ ਮੁਲਜ਼ਮ 'ਤੇ ਪਹਿਲਾਂ ਵੀ ਐਕਸਾਈਜ਼ ਐਕਟ ਦੇ ਮਾਮਲੇ ਦਰਜ ਹਨ। ਉਸ ਨੂੰ ਮਾਣਯੋਗ ਅਦਾਲਤ ਦੇ ਹੁਕਮਾਂ 'ਤੇ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

## ਅਰਾਈਮਾਜਰਾ ਵੱਲੋਂ ਪਿੰਡ ਬੰਨਵਾਲਾ ਵਾਲਾ 'ਚ ਕਾਂਗਰਸ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ



ਪਾਤੜਾਂ, 18 ਅਗਸਤ (ਹਰਮਿੰਦਰ ਕਰਤਾਰਪੁਰ): ਕਾਂਗਰਸ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਕਾਂਗਰਸੀ ਆਗੂਆਂ ਅਤੇ ਵਰਕਰਾਂ ਨਾਲ ਤਾਲ ਮੇਲ ਕਰਦਿਆ ਮੀਟਿੰਗਾਂ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ। ਕਾਂਗਰਸ ਦੇ ਸੀਨੀਅਰ ਆਗੂ ਨਛੱਤਰ ਸਿੰਘ ਅਰਾਈ ਮਾਜਰਾ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਪ੍ਰਿਤਪਾਲ ਸਿੰਘ ਬਿੱਟੂ ਸ਼ਾਹਪੁਰ, ਹਰਦੀਪ ਸਿੰਘ ਕੁਲਾਰਾਂ, ਸਾਬਕਾ ਚੇਅਰਮੈਨ ਜੈ ਪ੍ਰਤਾਪ ਸਿੰਘ ਡੇਜ਼ੀ ਕਾਹਲੋ ਅਤੇ ਨਗਰ ਕੌਂਸਲ ਪਾਤੜਾਂ ਦੇ ਸਾਬਕਾ ਪ੍ਰਧਾਨ ਨਰਿੰਦਰ ਸਿੰਗਲਾ, ਰਣਜੀਤ ਅਰੋੜਾ ਬਿੱਲਾ ਸਾਬਕਾ ਸਕੱਤਰ ਕਾਂਗਰਸ ਕਮੇਟੀ ਪੰਜਾਬ ਵਲੋਂ ਹਲਕਾ ਸ਼ੁਤਰਾਣਾ 'ਚ ਕਾਂਗਰਸ ਨੂੰ ਮਜ਼ਬੂਤ ਕਰਨ ਅਤੇ ਕਾਂਗਰਸ ਦੀਆਂ ਲੋਕ ਪੱਖੀ ਨੀਤੀਆਂ ਹਰ ਘਰ ਤੱਕ ਪਹੁੰਚਾਉਣ ਲਈ ਆਰੰਭੀ ਗਈ ਮੁਹਿੰਮ ਤਹਿਤ ਬੀਤੇ ਕੱਲ ਪਿੰਡ ਬੰਨਵਾਲਾ ਵਿੱਚ ਕਾਂਗਰਸੀ ਆਗੂ ਲਾਭ ਸਿੰਘ ਦੇ ਘਰ ਕਾਂਗਰਸੀ ਆਗੂਆਂ ਅਤੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਕਾਂਗਰਸੀ ਆਗੂ ਨਛੱਤਰ ਸਿੰਘ ਅਰਾਈ ਮਾਜਰਾ ਨੇ ਕਿਹਾ ਕਿ 2027 ਵਿੱਚ ਕਾਂਗਰਸ ਦੀ ਲੋਕ ਪੱਖੀ ਸਰਕਾਰ ਸੂਬੇ ਵਿੱਚ ਬਣਨ ਜਾ ਰਹੀ ਹੈ, ਜਿਸ ਨੂੰ ਲੈ ਕੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਜਪਾ ਵੱਲੋਂ ਵੋਟ ਚੋਰੀ ਰਾਹੀਂ ਜਿੱਤੀਆਂ ਜਾਣ ਵਾਲੀਆਂ ਚੋਣਾਂ ਦਾ ਪੰਜਾਬ ਦੇ ਲੋਕ ਡੱਟ ਕੇ ਵਿਰੋਧ ਕਰਨਗੇ। ਇਸ ਮੌਕੇ ਮਾਲਕ ਸਿੰਘ ਦੁਤਾਲ ਸਾਬਕਾ ਸਰਪੰਚ,ਗਗਨਦੀਪ ਸਿੰਘ ਮਨਜੀਤ ਸਿੰਘ ਜਗਮੇਲ ਸਿੰਘ ਬਾਬਾ, ਇੰਦਰ ਸਿੰਘ,ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ,ਗੁਰਪ੍ਰੀਤ ਸਿੰਘ , ਪ੍ਰਤਾਪ ਸਿੰਘ, ਗੁਰਪ੍ਰੀਤ ਸਿੰਘ ਮਵੀ,ਹਰਜਿੰਦਰ ਘੱਗਾ ਸ਼ੇਖਰ ਸ਼ਰਮਾ, ਹੈਪੀ ਮਵੀ, ਗੁਰਮੁੱਖ ਸਿੰਘ ਅਰਾਈਂ ਮਾਜਰਾ ਪ੍ਰਮੁੱਖ ਤੌਰ 'ਤੇ ਹਜ਼ਾਰ ਸਨ।

## ਮਾਤਾ ਗੁਜਰੀ ਸਕੂਲ ਦੇ ਵਿਦਿਆਰਥੀ ਨੇ ਰਾਜ ਪੱਧਰੀ ਤਾਇਕਵਾਂਡੋ ਮੁਕਾਬਲੇ 'ਚ ਜਿੱਤਿਆ ਸਿਲਵਰ ਮੈਡਲ



ਦੇਵੀਗੜ੍ਹ, 18 ਅਗਸਤ (ਗੁਰਜੀਤ ਸਿੰਘ ਢੋਟ) : ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇ ਬਾਰਵੀਂ ਜਮਾਤ ਦੇ ਵਿਦਿਆਰਥੀ ਸ਼ਾਨਵੀਰ ਸਿੰਘ ਨੇ ਰਾਜ ਪੱਧਰੀ ਤਾਇਕਵਾਂਡੋ 2025 ਮੁਕਾਬਲੇ ਵਿੱਚ ਅੰਡਰ-19 ਸ਼੍ਰੇਣੀ ਵਿੱਚ ਦੂਜਾ ਸਥਾਨ ਹਾਸਲ ਕਰਦੇ ਹੋਏ ਸਿਲਵਰ ਮੈਡਲ ਜਿੱਤ ਕੇ ਆਪਣੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮਾਤਾ ਗੁਜਰੀ ਸਕੂਲ ਦੇਵੀਗੜ੍ਹ ਦੇ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ ਨੇ ਕਿਹਾ ਕਿ ਇਹ ਮੁਕਾਬਲਾ 16 ਅਗਸਤ 2025 ਨੂੰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਜਲੰਧਰ ਵਿਖੇ ਆਯੋਜਿਤ ਕੀਤਾ ਗਿਆ ਸੀ। ਇਸ ਰਾਜ ਪੱਧਰੀ ਟੂਰਨਾਮੈਂਟ ਵਿੱਚ ਪੰਜਾਬ ਦੇ ਵੱਖ-ਵੱਖ ਸਕੂਲਾਂ ਅਤੇ ਅਕੈਡਮੀਆਂ ਤੋਂ ਆਏ ਵਿਦਿਆਰਥੀਆਂ ਨੇ ਭਾਗ ਲਿਆ। ਸ਼ਾਨਵੀਰ ਸਿੰਘ ਦੀ ਇਸ ਕਾਮਯਾਬੀ ਦੇ ਪਿੱਛੇ ਉਸ ਦੀ ਮਿਹਨਤ, ਦ੍ਰਿੜ ਨਿਸ਼ਚਾ ਅਤੇ ਕੋਚ ਹਰਦੀਪ ਕੁਮਾਰ ਦੀ ਮਿਹਨਤ ਸ਼ਾਮਿਲ ਹੈ। ਸਕੂਲ ਦੇ ਨਿਰਦੇਸ਼ਕ ਭੁਪਿੰਦਰ ਸਿੰਘ, ਪ੍ਰਧਾਨ ਰਵਿੰਦਰ ਕੌਰ, ਪ੍ਰਿੰਸੀਪਲ ਮਮਤਾ ਮੱਕੜ ਅਤੇ ਤਾਇਕਵਾਂਡੋ ਕੋਚ ਹਰਦੀਪ ਕੁਮਾਰ ਨੇ ਸ਼ਾਨਵੀਰ ਸਿੰਘ ਨੂੰ ਇਨ੍ਹਾਂ ਉਪਲੱਬਧੀਆਂ ਲਈ ਵਧਾਈਆਂ ਦਿੱਤੀਆਂ ।

## ਬ੍ਰਿਟਿਸ਼ ਸਕੂਲ ਦੀ ਵਿਦਿਆਰਥਣ ਪ੍ਰਣਵੀ ਗੋਇਲ ਨੇ ਐਥਲੈਟਿਕ ਮੀਟ 'ਚ ਸਮਾਣਾ ਦਾ ਨਾਮ ਕੀਤਾ ਰੌਸ਼ਨ



ਸਮਾਣਾ, 18 ਅਗਸਤ (ਜਵੰਦਾ/ ਸੁਖਜਿੰਦਰ ਕੁਲਾਰਾਂ) : ਦੀ ਬ੍ਰਿਟਿਸ਼ ਕੋ ਐਡ ਹਾਈ ਸਕੂਲ ਪਟਿਆਲਾ ਦੀ ਵਿਦਿਆਰਥਣ ਪ੍ਰਣਵੀ ਗੋਇਲ ਸਮਾਣਾ ਨੇ ਐਥਲੈਟਿਕ ਮੀਟ ਨਾਰਦਨ ਰੀਜਨ ਵਿੱਚ ਸਿਲਵਰ ਅਤੇ ਕਾਂਸੀ ਦਾ ਮੈਡਲ ਜਿੱਤ ਕੇ ਸਮਾਣਾ ਸ਼ਹਿਰ ਦਾ ਨਾਮ ਰੋਸ਼ਨ ਕਰਨ ਤੇ ਸ਼ਹਿਰ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਸਪੋਰਟਸ ਪ੍ਰੇਮੀਆਂ ਵੱਲੋਂ ਜੀਵਨ ਗੋਇਲ (ਨਾਗਰੇ ਵਾਲੇ) ਪਰਿਵਾਰ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਤੇ ਪ੍ਰਣਵੀ ਗੋਇਲ ਨੂੰ ਸਪੋਰਟਸ ਕਲੱਬਾਂ ਵੱਲੋਂ ਸਨਮਾਨਿਤ ਕੀਤਾ ਜਾ ਰਿਹਾ ਹੈ। ਸੀ ਆਈ ਐਸ ਸੀ ਈ ਵੱਲੋਂ ਪੰਜਾਬ ਭਰ ਦੇ ਸਕੂਲਾਂ ਦੇ ਖੇਡ ਮੁਕਾਬਲੇ ਬੀਬੀ ਸੁਰਿੰਦਰ ਕੌਰ ਬਾਦਲ ਮਾਲਵਾ ਹਾਈ ਸਕੂਲ ਗਿੱਦੜਬਾਹਾ ਵਿਖੇ ਕਰਵਾਏ ਗਏ, ਜਿਸ ਵਿੱਚ ਬ੍ਰਿਟਿਸ਼ ਕੋ ਐਡ ਹਾਈ ਸਕੂਲ ਪਟਿਆਲਾ ਦੀ ਨੌਵੀਂ ਕਲਾਸ ਦੀ ਵਿਦਿਆਰਥਣ ਨੇ ਅੰਡਰ 17 ਦੀਆਂ ਦੌੜਾਂ ਵਿੱਚ 200 ਮੀਟਰ ਦੀ ਰੇਸ ਵਿੱਚ ਸਿਲਵਰ ਮੈਡਲ ਅਤੇ 400 ਮੀਟਰ ਦੀਆਂ ਦੌੜਾਂ ਵਿੱਚ ਕਾਂਸੀ ਦਾ ਪਦਕ ਜਿੱਤ ਕੇ ਸੀ ਆਈ ਐਸ ਸੀ ਈ ਵੱਲੋਂ ਕਰਨਾਟਕਾ ਵਿੱਚ ਖੇਡੇ ਜਾਣ ਵਾਲੀਆਂ ਨੈਸ਼ਨਲ ਲੇਵਲ ਦੀਆਂ ਖੇਡਾਂ ਵਿੱਚ ਆਪਣੀ ਜਗ੍ਹਾ ਬਣਾ ਲਈ ਹੈ 2 ਮੈਡਲ ਜਿੱਤਣ ਤੋਂ ਬਾਅਦ ਸਮਾਣਾ ਵਿਖੇ ਪਹੁੰਚਣ 'ਤੇ ਪ੍ਰਣਵੀ ਗੋਇਲ ਦਾ ਸ਼ਹਿਰ ਨਿਵਾਸੀਆਂ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਣਵੀ ਗੋਇਲ ਨੇ ਦੱਸਿਆ ਕਿ ਉਸ ਨੇ ਇਹ ਮੈਡਲ ਜਿੱਤਣ ਅਤੇ ਨੈਸ਼ਨਲ ਲੇਵਲ 'ਤੇ ਪਹੁੰਚਣ ਲਈ ਬਹੁਤ ਮਿਹਨਤ ਕੀਤੀ ਹੈ ਤੇ ਅੱਜ ਉਸ ਦੀ ਮਿਹਨਤ ਰੰਗ ਲਿਆਈ ਹੈ । ਉਹਨਾਂ ਦੇ ਪਿਤਾ ਮੋਹਿਤ ਗੋਇਲ ਅਤੇ ਦਾਦਾ ਜੀਵਨ ਗੋਇਲ ਅਤੇ ਉਹਨਾਂ ਦੀ ਮਾਤਾ ਦਾ ਪੂਰਾ ਸਾਥ ਦਿੱਤੇ ਜਾਣ ਤੋਂ ਬਾਅਦ ਉਹਨਾਂ ਦੇ ਸਕੂਲ ਦੇ ਕੋਚ ਅਨਿਲ ਕੁਮਾਰ ਅਤੇ ਸਮਾਣਾ ਦੇ ਪਵਨਦੀਪ ਸਿੰਘ ਦੇ ਤਜਰਬੇ ਅਤੇ ਸਖਤ ਮਿਹਨਤ ਨਾਲ ਉਸ ਨੂੰ ਅੱਜ ਇਹ ਮੁਕਾਮ ਮਿਲਿਆ ਹੈ।